Golden State Realty
JASSI GILL Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Harmit S Toor
Bay East Brokers, Inc.
BEB BAY EAST BROKERS
Help you Buy, Sell & Loans:
◆ Residential & Commercial Property
◆ Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Fifth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 26, Issue 4; January 25, 2024 20451 N. Plum Grove Rd., Palatine, IL 60074 Ph:847-359-0746, Fax:847-705-9388


## ਅਮਰੀਕਾ 'ਚ ਆਇਆ ਟਰੰਪ ਰਾਜ

**ਵਾਸ਼ਿੰਗਟਨ:** ਡੋਨਲਡ ਟਰੰਪ ਨੇ ਇਕ ਵਾਰ ਮੁੜ ਦੁਨੀਆ ਦੇ ਸਭ ਤੋਂ ਤਾਕਤਵਰ ਦੇਸ਼ ਦੀ ਸੱਤਾ ਸੰਭਾਲ ਲਈ ਹੈ। ਉਨ੍ਹਾਂ ਨੇ ਸੋਮਵਾਰ ਨੂੰ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਲਈ। ਸਹੁੰ ਚੁੱਕਣ ਤੋਂ ਬਾਅਦ ਉਨ੍ਹਾਂ ਨੂੰ ਤੋਪਾਂ ਦੀ ਸਲਾਮੀ ਦਿੱਤੀ ਗਈ। ਜੇਡੀ ਵੈਂਸ ਨੇ ਉਪ-ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕੀ ਹੈ। ਸਹੁੰ ਚੁੱਕਣ ਤੋਂ ਬਾਅਦ ਟਰੰਪ ਨੇ ਕਿਹਾ ਕਿ ਅਮਰੀਕਾ ਦਾ ਸੁਨਹਿਰਾ ਯੁਗ ਸ਼ੁਰੂ ਹੋ ਗਿਆ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਰੰਪ ਨੂੰ ਵਧਾਈ ਦਿੱਤੀ ਹੈ। ਇਕ ਵਾਰ ਚੋਣ ਹਾਰਨ ਤੋਂ ਬਾਅਦ ਵਾਪਸੀ ਕਰਨ ਵਾਲੇ ਟਰੰਪ ਅਮਰੀਕਾ ਦੇ ਦੂਜੇ ਰਾਸ਼ਟਰਪਤੀ ਹਨ। ਇਨ੍ਹਾਂ ਤੋਂ ਪਹਿਲਾਂ ਸਿਰਫ਼ ਇਕ ਰਾਸ਼ਟਰਪਤੀ ਗਰੋਵਰ ਕਲੀਵਲੈਂਡ ਅਮਰੀਕਾ ਦੇ 22ਵੇਂ ਅਤੇ 24ਵੇਂ ਰਾਸ਼ਟਰਪਤੀ ਰਹੇ ਸਨ। ਭਾਰਤੀ ਸਮੇਂ ਮੁਤਾਬਕ, ਰਾਤ ਲਗਪਗ 10.30 ਵਜੇ ਟਰੰਪ ਨੇ ਯੂਐੱਸ ਕੈਪੀਟਲ ਦੇ ਅੰਦਰ ਬਾਈਬਲ 'ਤੇ ਹੱਥ ਰੱਖ ਕੇ ਸਹੁੰ ਚੁੱਕੀ। ਚੀਫ ਜਸਟਿਸ ਜਾਨ ਰਾਬਰਟਸ ਨੇ ਉਨ੍ਹਾਂ ਨੂੰ ਸਹੁੰ ਦਿਵਾਈ। ਟਰੰਪ ਤੋਂ ਪਹਿਲਾਂ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਸਹੁੰ ਚੁੱਕੀ। ਇਸ ਮੌਕੇ ਜੇਡੀ ਦੀ ਭਾਰਤੀ ਮੂਲ ਦੀ ਪਤਨੀ ਊਸ਼ਾ ਵੀ ਮੌਜੂਦ ਸਨ। ਕੜਾਕੇ ਦੀ ਠੰਢ ਕਾਰਨ ਇਸ ਵਾਰ ਸਹੁੰ ਚੁੱਕ ਸਮਾਗਮ ਯੂਐੱਸ ਕੈਪੀਟਲ ਦੇ ਅੰਦਰ ਕੈਪੀਟਲ ਰੋਟੁੰਡਾ (ਹਾਲ) 'ਚ ਕਰਵਾਇਆ ਗਿਆ। ਸਹੁੰ ਚੁੱਕਣ ਤੋਂ ਬਾਅਦ ਟਰੰਪ ਨੇ ਕਿਹਾ ਕਿ ਸਾਡੀ ਨੀਤੀ ਅਮਰੀਕਾ ਫਸਟ ਦੀ ਹੋਵੇਗੀ। ਤਬਦੀਲੀ ਦੀ ਅੱਜ ਤੋਂ ਸ਼ੁਰੂਆਤ ਹੋਵੇਗੀ। ਉਨ੍ਹਾਂ ਨੇ ਭ੍ਰਿਸ਼ਟਾਚਾਰ, ਮਹਿੰਗਾਈ ਖ਼ਤਮ ਕਰਨ ਦਾ ਵਾਅਦਾ ਕੀਤਾ ਤੇ ਕਿਹਾ ਕਿ ਅਮਰੀਕਾ 'ਚ ਹੁਣ ਤੇਜ਼ੀ ਨਾਲ ਤਬਦੀਲੀ ਹੋਵੇਗੀ। ਚੋਣ ਮੁਹਿੰਮ ਦੌਰਾਨ ਖ਼ੁਦ 'ਤੇ ਹੋਏ ਹਮਲੇ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਮੇਰੀ ਜ਼ਿੰਦਗੀ ਅਮਰੀਕਾ ਨੂੰ ਮਹਾਨ ਬਣਾਉਣ ਲਈ ਬਚੀ ਹੈ। ਹੁਣ ਅਸੀਂ ਘੁਸਪੈਠ ਨਹੀਂ ਹੋਣ ਦਿਆਂਗੇ। ਨਾਜਾਇਜ਼ ਪਰਵਾਸੀਆਂ ਨੂੰ ਉਥੇ ਛੱਡ ਕੇ ਆਵਾਂਗੇ ਜਿੱਥੋਂ ਉਹ ਆਏ ਸਨ। ਸਹੁੰ ਚੁੱਕਣ ਤੋਂ ਪਹਿਲਾਂ ਟਰੰਪ ਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਟਰੰਪ ਵ੍ਹਾਈਟ ਹਾਊਸ ਪੁੱਜੇ ਸਨ, ਜਿੱਥੇ ਬਾਇਡਨ ਤੇ ਪਹਿਲੀ ਮਹਿਲਾ ਜਿਲ ਬਾਇਡਨ ਨੇ ਹੱਥ ਮਿਲਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਤੋਂ ਪਹਿਲਾਂ ਟਰੰਪ ਵਾਸ਼ਿੰਗਟਨ ਦੇ ਸੇਂਟ ਜਾਂਸ ਪੀਪਤ ਚਰਚ ਗਏ।

### ਭਾਰਤ ਨੇ ਭੇਜਿਆ ਵਧਾਈ ਸੰਦੇਸ਼



### ਬਾਇਡਨ ਪ੍ਰਸ਼ਾਸਨ ਦੇ ਵਿਨਾਸ਼ਕਾਰੀ ਆਦੇਸ਼ ਰੱਦ ਕਰਨਗੇ ਟਰੰਪ

ਟਰੰਪ ਨੇ ਕਿਹਾ ਕਿ ਰਾਸ਼ਟਰਪਤੀ ਦੇ ਰੂਪ 'ਚ ਅਹੁਦਾ ਸੰਭਾਲਣ ਦੇ ਕੁਝ ਹੀ ਘੰਟਿਆਂ ਦੇ ਅੰਦਰ ਉਹ ਬਾਇਡਨ ਪ੍ਰਸ਼ਾਸਨ ਵਲੋਂ ਜਾਰੀ ਕੀਤੇ ਦਰਜਨਾਂ ਵਿਨਾਸ਼ਕਾਰੀ ਕਾਰਜਕਾਰੀ ਆਦੇਸ਼ਾਂ ਨੂੰ ਰੱਦ ਕਰ ਦੇਣਗੇ। ਟਰੰਪ ਨੇ ਕਿਹਾ ਕਿ ਅਹੁਦਾ ਸੰਬਾਲਣ ਤੋਂ ਕੁਝ ਹੀ ਘੰਟਿਆਂ ਦੇ ਅੰਦਰ, ਉਹ ਲਗਪਗ 100 ਕਾਰਜਕਾਰੀ ਆਦੇਸ਼ਾਂ 'ਤੇ ਦਸਤਖਤ ਕਰਨਗੇ।

(ਬਾਕੀ ਸਫ਼ਾ 6 'ਤੇ)

## ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਮੈਂਬਰਸ਼ਿਪ ਭਰਤੀ ਸ਼ੁਰੂ

### ਨਾਰਾਜ਼ ਧੜੇ ਵਲੋਂ ਇਤਰਾਜ਼; ਧਾਮੀ ਅਤੇ ਵਡਾਲਾ ਸਿੰਘ ਸਾਹਿਬ ਨੂੰ ਮਿਲੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਸੋਮਵਾਰ ਤੋਂ ਪਾਰਟੀ ਦੀ ਮੈਂਬਰਸ਼ਿਪ ਮੁਹਿੰਮ ਸ਼ੁਰੂ ਹੋ ਗਈ ਹੈ। ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਪਾਰਟੀ ਦੇ ਚੰਡੀਗੜ੍ਹ ਸਥਿਤ ਦਫ਼ਤਰ ਤੋਂ ਭਰਤੀ ਮੁਹਿੰਮ ਦੀ ਸ਼ੁਰੂਆਤ ਕੀਤੀ। ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਜੱਦੀ ਪਿੰਡ ਬਾਦਲ ਵਿਖੇ ਬਕਾਇਦਾ ਦਸ ਰੁਪਏ ਦੀ ਪਹਿਲੀ ਪਰਚੀ ਕਟਵਾ ਕੇ ਮੈਂਬਰਸ਼ਿਪ ਹਾਸਲ ਕੀਤੀ। ਪਾਰਟੀ ਨੇ 25 ਲੱਖ ਮੈਂਬਰਸ਼ਿਪ ਕਰਨ ਦਾ ਟੀਚਾ ਰੱਖਿਆ ਹੈ।

ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਅੱਜ ਪਾਰਟੀ ਦੇ ਪਾਰਲੀਮਾਨੀ ਬੋਰਡ ਦੀ ਮੀਟਿੰਗ ਹੋਈ। ਇਸੀ ਦੌਰਾਨ ਭੂੰਦੜ ਨੇ ਭਰਤੀ ਮੁਹਿੰਮ ਸ਼ੁਰੂ ਕਰਵਾਈ ਅਤੇ ਸੀਨੀਅਰ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਸੁੱਚਾ ਸਿੰਘ ਲੰਗਾਹ ਨੂੰ ਮੈਂਬਰਸ਼ਿਪ ਪਰਚੀਆਂ ਸੌਂਪੀਆਂ। ਪਾਰਟੀ ਵਰਕਰਾਂ, ਆਗੂਆਂ ਵਲੋਂ ਮੈਂਬਰਸ਼ਿਪ ਲਈ ਪਰਚੀਆਂ (ਕਾਪੀਆਂ) ਇਕੱਤਰ ਕਰ ਰਹੇ ਹਨ। ਭੂੰਦੜ ਨੇ ਦੱਸਿਆ ਕਿ ਭਰਤੀ ਮੁਹਿੰਮ ਨੂੰ ਵੱਡਾ ਹੁੰਗਾਰਾ ਮਿਲ ਰਿਹਾ ਹੈ ਤੇ ਮੁਹਾਲੀ, ਪਟਿਆਲਾ, ਸੰਗਰੂਰ ਅਤੇ ਫਰੀਦਕੋਟ ਤੇ ਹੋਰ ਥਾਵਾਂ ਤੇ ਪਰਚੀਆਂ ਲੈ ਰਹੇ ਹਨ।

ਪਿੰਡ ਬਾਦਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਹਿਲੇ ਹੀ ਦਿਨ ਭਰਤੀ ਪ੍ਰਤੀ ਚੰਗਾ ਹੁੰਗਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਇਕੱਲੇ ਲੰਬੀ ਹਲਕੇ ਤੋਂ 40 ਹਜ਼ਾਰ ਮੈਂਬਰ ਭਰਤੀ ਕੀਤੇ ਜਾਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਮੈਨੂੰ



ਵਿਸ਼ਵਾਸ ਹੈ ਕਿ ਭਰਤੀ ਮੁਹਿੰਮ ਦੌਰਾਨ 50 ਲੱਖ ਤੋਂ ਜ਼ਿਆਦਾ ਮੈਂਬਰ ਭਰਤੀ ਕਰ ਲਵਾਂਗੇ। ਇਸੇ ਤਰ੍ਹਾਂ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ 10 ਰੁਪਏ ਦੀ ਫੀਸ ਨਾਲ ਕੋਈ ਵੀ ਵਿਅਕਤੀ ਮੈਂਬਰਸ਼ਿਪ ਲੈ ਸਕਦਾ ਹੈ।

ਉਨ੍ਹਾਂ ਕਿਹਾ ਕਿ ਪਾਰਟੀ ਦੇ ਪਾਰਲੀਮਾਨੀ ਬੋਰਡ ਦੀ ਅੱਜ ਮੀਟਿੰਗ ਹੋਈ, ਜਿਸ ਵਿਚ ਫੈਸਲਾ ਲਿਆ ਗਿਆ ਕਿ ਮੁੱਖ ਚੋਣ ਅਫਸਰ ਗੁਲਜ਼ਾਰ ਸਿੰਘ ਰਣੀਕੇ ਭਰਤੀ ਵਾਸਤੇ ਨਿਯੁਕਤ ਕੀਤੇ ਗਏ ਆਬਜ਼ਰਵਰਾਂ ਦੇ ਨਾਲ ਰਲ ਕੇ ਸਾਰੀ ਮੁਹਿੰਮ ਦੀ ਨਿਗਰਾਨੀ ਕਰਨਗੇ। ਇਸ ਮੌਕੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਭਰਤੀ 20 ਫਰਵਰੀ ਤੱਕ ਜਾਰੀ ਰਹੇਗੀ ਅਤੇ ਪਾਰਟੀ ਦੇ ਪ੍ਰਧਾਨ ਦੇ ਅਹੁਦੇ ਲਈ ਚੋਣ 1 ਮਾਰਚ ਨੂੰ ਹੋਵੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਇਸ ਮੌਕੇ ਸੁਖਬੀਰ ਨੇ ਇੱਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 'ਚ ਸਿੱਖ ਸੰਗਤਾਂ ਨੇ ਇਹ ਮੈਸੇਜ ਬਹੁਤ ਸਾਫ ਤੌਰ'ਤੇ ਦੇ ਦਿੱਤਾ ਹੈ ਕਿ ਜੋ ਵੀ ਤਾਕਤਾਂ ਸਿੱਖ ਧਰਮ ਦੇ ਮਸ਼ਿਆਂ 'ਚ ਦਖ਼ਲ ਅੰਦਾਜ਼ੀ ਕਰਨਗੀਆਂ ਉਨ੍ਹਾਂ ਨੂੰ ਸਿੱਖ ਸੰਗਤਾਂ ਮੂੰਹ ਨਹੀਂ ਲਾਉਣਗੀਆਂ। ਉਨ੍ਹਾਂ ਦਾਦੂਵਾਲ ਦਾ ਨਾਮ ਲੈ ਕੇ ਕਿਹਾ ਕਿ ਅਜਿਹੇ ਲੋਕ ਏਜੰਸੀਆਂ ਦੇ ਬੰਦੇ ਹਨ ਅਤੇ ਇਸੇ ਕਰ ਕੇ ਸਿੱਖ ਸੰਗਤਾਂ ਨੇ ਉਨ੍ਹਾਂ ਨੂੰ ਮੂੰਹ ਨਹੀਂ ਲਾਇਆ।

(ਬਾਕੀ ਸਫ਼ਾ 6 'ਤੇ)


GOLDEN STATE REALITY
"Realtor You Can Trust" CRE Group Inc.
* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ: 916-612-5773
Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com

Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਪੀ.ਸੀ.ਏ. ਫਰਿਜ਼ਨੋ ਵੱਲੋਂ ਲਾਸ ਏਂਜਲਸ ਲਈ ਖਾਲਸਾ ਏਡ ਨੂੰ 11,000 ਡਾਲਰ ਦੀ ਰਾਸ਼ੀ ਭੇਟ

**ਫਰਿਜ਼ਨੋ:** ਲੰਘੇ ਐਤਵਾਰ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ.ਸੀ.ਏ.) ਫਰਿਜ਼ਨੋ ਦੇ ਮੈਂਬਰਾਂ ਦੀ ਇਕੱਤਰਤਾ ਇੰਡੀਅਨ ਕਬਾਬ ਪੈਲੇਸ ਰੈਸਟੋਰੈਂਟ ਵਿਖੇ ਹੋਈ, ਜਿੱਥੇ ਐਸੋਸੀਏਸ਼ਨ ਦੇ ਮੈਂਬਰਾਂ ਨੇ ਲਾਸ ਏਂਜਲਸ 'ਚ ਲੱਗੀ ਅੱਗ ਨਾਲ ਹੋਏ ਨੁਕਸਾਨ ਦੇ ਪੀੜਤਾਂ ਦੀ ਮਦਦ ਲਈ 11,000 ਡਾਲਰ ਦਾ ਚੈੱਕ ਖਾਲਸਾ ਏਡ ਨੂੰ ਭੇਟ ਕੀਤਾ। ਇਸ ਮੌਕੇ ਖਾਲਸਾ ਏਡ ਦੇ ਬਾਨੀ ਰਵੀ ਸਿੰਘ ਖਾਲਸਾ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਇਸ ਮੌਕੇ ਪੀ.ਸੀ.ਏ. ਮੈਂਬਰ ਸ. ਸੁਖਬੀਰ ਸਿੰਘ ਭੰਡਾਲ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਤੇ ਸੰਸਥਾ ਦੇ ਮੈਂਬਰਾਂ ਨਾਲ ਜਾਣ-ਪਛਾਣ ਕਰਵਾਈ। ਪੀ.ਸੀ.ਏ. ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਰਵੀ ਸਿੰਘ ਖ਼ਾਲਸਾ ਨੂੰ ਐਸੋਸੀਏਸ਼ਨ ਦੇ ਕੰਮਾਂ ਤੋਂ ਜਾਣੂ ਕਰਵਾਇਆ।




ਇਸ ਮੌਕੇ ਰਵੀ ਸਿੰਘ ਖ਼ਾਲਸਾ ਨੇ ਪੀ.ਸੀ.ਏ. ਦਾ ਮਦਦ ਲਈ ਧੰਨਵਾਦ ਕੀਤਾ, ਅਤੇ ਕਿਹਾ ਕਿ ਅਸੀਂ ਤੁਹਾਡੇ ਵਰਗੇ ਸੱਜਣਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਦੇ ਉਪਦੇਸ਼ 'ਤੇ ਚੱਲਦਿਆਂ ਮਨੁੱਖਤਾ ਦੀ ਸੇਵਾ ਕਰਦੇ ਆ ਰਹੇ ਹਾਂ। ਉਨ੍ਹਾਂ ਕਿਹਾ ਕਿ ਦੁਨੀਆ ਵਿਚ ਕਿੱਧਰੇ ਵੀ ਕੋਈ ਮੁਸੀਬਤ ਬਣੇ, ਖਾਲਸਾ ਏਡ ਬਿਨਾ ਕਿਸੇ ਧਰਮ, ਜਾਤ, ਰੰਗ ਨਸਲ ਦੇ ਭੇਦਭਾਵ ਤੋਂ, ਮੋਢਾ ਡਾਹ ਕੇ ਖੜ੍ਹਦੀ ਆ ਰਹੀ ਹੈ, ਇਹ ਸਭ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਸੰਭਵ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਨੂੰ ਪਹਿਲ ਦਿੰਦੇ ਹਾਂ, ਪਰ ਸਾਡਾ ਧਰਮ ਸਾਨੂੰ ਮਨੁੱਖਤਾ ਦੀ ਸੇਵਾ, ਸਿਖਾਉਂਦਾ ਹੈ, ਜਿਸ ਲਈ ਅਸੀਂ ਦੁਨੀਆ ਦੇ ਹਰ ਹਿੱਸੇ ਵਿਚ ਪਹੁੰਚਦੇ ਹਾਂ। ਅਸੀਂ ਪਾਰਦਰਸ਼ਤਾ ਨਾਲ ਕੰਮ ਕਰ ਰਹੇ ਹਾਂ, ਜੇ ਕਿਸੇ ਨੂੰ ਕੋਈ ਸਵਾਲ ਹੋਵੇ, ਅਸੀਂ ਲੋਕਾਂ ਨੂੰ ਜਵਾਬਦੇਹ ਹਾਂ। ਇਸ ਮੌਕੇ ਪੀ.ਸੀ.ਏ. ਨੇ ਮੀਡੀਆ ਦਾ ਧੰਨਵਾਦ ਕੀਤਾ ਅਤੇ ਰਵੀ ਸਿੰਘ ਖ਼ਾਲਸਾ ਅਤੇ ਖਾਲਸਾ ਏਡ ਦੀਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ।

*-ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ*

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ
ਸੰਪਰਕ ਕਰੋ: 847-359-0746
To Advertise in Punjab Times:
Please Contact: 847-359-0746

Homeopathicvibes
Harminder Singh Gill
Homeopathic Consultant and Practitioner
D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.



# ਅਮੋਲਕ ਸਿੰਘ ਗਾਖ਼ਲ ਤੇ ਇੰਦਰਜੀਤ ਕੌਰ ਗਾਖ਼ਲ ਨੇ ਮਨਾਈ ਵਿਆਹ ਦੀ 39ਵੀਂ ਵਰ੍ਹੇਗੰਢ

*ਅਮਰੀਕਾ ਦੇ ਕਾਮਯਾਬ ਬਿਜ਼ਨਸਮੈਨ, ਗਾਖਲ ਗਰੁੱਪ ਯੂ.ਐੱਸ.ਏ. ਦੇ ਚੇਅਰਮੈਨ, ਉੱਘੇ ਖੇਡ ਤੇ ਸੱਭਿਆਚਾਰਕ ਪ੍ਰਮੋਟਰ ਅਤੇ ਉੱਘੇ ਸਮਾਜ ਸੇਵੀ ਸ. ਅਮੋਲਕ ਸਿੰਘ ਗਾਖਲ ਤੇ ਇੰਦਰਜੀਤ ਕੌਰ ਗਾਖਲ ਨੇ ਆਪਣੇ ਵਿਆਹ ਦੀ 39ਵੀਂ ਵਰ੍ਹੇਗੰਢ ਬਹੁਤ ਹੀ ਖੁਸ਼ੀ ਭਰੇ ਮਾਹੌਲ 'ਚ ਮਨਾਈ।*

*ਸ. ਗਾਖਲ ਨੇ ਇਸ ਖੁਸ਼ੀ ਦੇ ਮੌਕੇ ਕਿਹਾ ਕਿ ਸਮਾਜ ਵਿਚ ਉਹ ਹੀ ਲੋਕ ਕਾਮਯਾਬੀ ਨਾਲ ਵਿਚਰ ਸਕਦੇ ਹਨ ਜਿਨ੍ਹਾਂ ਦੇ ਜੀਵਨ ਸਾਥੀ ਉੱਚੀ ਤੇ ਸੁੱਚੀ ਸੋਚ ਵਾਲੇ ਹੋਣ। ਇਸ ਲਈ ਉਹ ਆਪਣੇ ਆਪ ਨੂੰ ਭਾਗਾਂ ਵਾਲੇ ਸਮਝਦੇ ਹਨ ਕਿ ਉਨ੍ਹਾਂ ਦੀ ਪਤਨੀ ਇੰਦਰਜੀਤ ਕੌਰ ਗਾਖਲ ਨੇ ਕਦੇ ਵੀ ਉਨ੍ਹਾਂ ਨੂੰ ਸਮਾਜ ਸੇਵੀ ਕਾਰਜ ਕਰਨ ਤੋਂ ਨਹੀਂ ਰੋਕਿਆ ਸਗੋਂ ਆਪ ਅੱਗੇ ਹੋ ਕੇ ਸਾਥ ਦਿੱਤਾ ਹੈ। ਇਸ ਮੌਕੇ 'ਪੰਜਾਬ ਟਾਈਮਜ਼' ਅਤੇ ਇਸ ਦੀ ਸਾਰੀ ਸਲਾਹਕਾਰ ਕਮੇਟੀ, ਸ. ਗਾਖਲ ਦੇ ਨਜ਼ਦੀਕੀ ਐੱਸ.ਅਸ਼ੋਕ ਭੌਰਾ ਅਤੇ ਗਾਖਲ ਪਰਿਵਾਰ ਦੇ ਸਨੇਹੀਆਂ ਨੇ ਸ. ਅਮੋਲਕ ਸਿੰਘ ਗਾਖਲ ਤੇ ਇੰਦਰਜੀਤ ਕੌਰ ਗਾਖਲ ਨੂੰ ਵਿਆਹ ਦੀ ਵਰ੍ਹੇਗੰਢ ਦੀਆਂ ਵਧਾਈਆਂ ਦਿੱਤੀਆਂ ਅਤੇ ਦੋਵਾਂ ਜੀਆਂ ਦੀ ਲੰਮੇ ਤੇ ਤੰਦਰੁਸਤੀ ਭਰੇ ਜੀਵਨ ਦੀ ਅਰਦਾਸ ਕੀਤੀ।*

*ਇੱਥੇ ਦੱਸਣਯੋਗ ਹੈ ਕਿ ਸ. ਅਮੋਲਕ ਸਿੰਘ ਗਾਖਲ ਵਲੋਂ ਆਪਣੀ ਕਿਰਤ ਕਮਾਈ ਵਿਚੋਂ ਹਮੇਸ਼ਾ ਹੀ ਦਸਵੰਦ ਕੱਢਿਆ ਜਾਂਦਾ ਹੈ। ਉਹ ਖੇਡਾਂ, ਸੱਭਿਆਚਾਰ ਅਤੇ ਸਮਾਜ ਸਮੇਤ ਹਰ ਖੇਤਰ ਵਿਚ ਲੋੜਵੰਦਾਂ ਦੀ ਸਹਾਇਤਾ ਕਰਦੇ ਰਹਿੰਦੇ ਹਨ ਅਤੇ ਇਸਦੇ ਨਾਲ ਹੀ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਵਿਚ ਵੀ ਲੰਗਰਾਂ ਵਿਚ ਰਸਦ ਦੀ ਸੇਵਾ ਕਰਦੇ ਰਹਿੰਦੇ ਹਨ।*



*ਅਮੋਲਕ ਸਿੰਘ ਗਾਖਲ ਆਪਣੀ ਪਤਨੀ ਇੰਦਰਜੀਤ ਕੌਰ ਗਾਖਲ ਨਾਲ।*

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997



T B F
THE BAINS FIRM
Manpreet S. Bains
Personal Injury and Wrongful Death Attorneys
Case Results*
$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results
Offices in San Francisco and Union City



WILLIAM E. WEISS
Of Counsel
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

Singh Tax & Accounting Services LLC.
SINGH AUTO & HOME INSURANCE
Individual & Business Tax related Services
ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।
* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।
Ph: 248-982-2036
Office Locations
Michigan: 36167 Ford Rd.Westland, MI 48185
Minnesota: 6043 Hudson Rd, Suite#399A Woodbury, Minnesota 55125
Email: STS2021@SinghTaxServices.com; www.SinghTaxServices.com



Mohan Singh MST
IRS Enrolled agent, Insurance Agent- Casualty & Property
Notary Public



Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
• Jumbo Loans
• Self Employed and with a work permit
• Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# Matrimonials

## ਲੜਕੇ ਦੀ ਲੋੜ ਹੈ

Jat Sikh family is looking for a suitable match for their beautiful daughter 38, 5'4". She has done her Bachelor of Commerce and Charted Accountant degree from India. Currently she is working as Finance Manager for Amazon in Seattle. She belongs to a well settled family in Mohali. Her Father is running his own business in Punjab. She is deeply rooted in strong family values. She has L1 Visa and her Green Card application is in progress. She moved to the USA in 2022. If interested please contact Darshan Dhillon at dhillondans@gmail.com, Phone: (360) 961-4387.

3-6

Jat Sikh parents invite matrimonial alliance for their US born daughter 39, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Contact 669-946-5891

2-5

Jat Sikh family seeks a comparable match from a progressive family for their 1991 born, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago. Please contact with details at surjitkaur1937@outlook.com or 224-422-4773.

## ਲੜਕੀ ਦੀ ਲੋੜ ਹੈ

ਅਮਰੀਕਾ ਸਿਟੀਜ਼ਨ ਜੱਟ ਸਿੱਖ, ਆਪਣੀ ਟਰੱਕਿੰਗ ਕੰਪਨੀ ਉਮਰ 42 ਸਾਲ, 5'11" ਤਲਾਕਸ਼ੁਦਾ (ਕੋਈ ਬੱਚਾ ਨਹੀਂ) ਲਈ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਜਾਂ ਕੈਨੇਡਾ ਰਹਿੰਦੀ (ਬਿਨਾਂ ਬੱਚਾ) ਜੀਵਨ-ਸਾਥਣ ਦੀ ਲੋੜ ਹੈ। ਚਾਹਵਾਨ ਫੋਨ ਨੰਬਰ 323-723-8324 'ਤੇ ਸੰਪਰਕ ਕਰ ਸਕਦੇ ਹਨ।

2-05

ਅਮਰੀਕਾ ਵਿਚ ਵੈੱਲ ਸੈਟਲਡ ਗੁਰਸਿੱਖ ਪਰਿਵਾਰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ 1987 ਬੌਰਨ ਕੱਦ 5'11" ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ ਵੈੱਲ ਸੈਟਲਡ ਸਾਨ ਫਰਾਂਸਿਸਕੋ, ਬੇ ਏਰੀਆ, ਕੈਲੀਫੋਰਨੀਆ (ਅਮਰੀਕਾ) ਵਿਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੋਹਣੀ, ਵੈਸ਼ਨੂੰ ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ +1 510-281-7065 ਜਾਂ ਫਿਰ ਵਟਸਐਪ ਨੰਬਰ +91 98993-79442 'ਤੇ ਫੋਨ ਕਰ ਸਕਦੇ ਹੋ ਜਾਂ ਫਿਰ ਆਪਣੇ ਵੇਰਵੇ ਈਮੇਲ: cjsingh55@gmail.com 'ਤੇ ਭੇਜ ਸਕਦੇ ਹੋ।

2-05

Arora family seeks a compatible match for their 33 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133(whatsapp) or Email at: tejveeraroras@gmail.com

1-04

Looking for Suitable Ramgarhia Sikh Dhiman match in USA/CANADA for our well settled boy (US Citizen), July 1994 born in Ludhiana 5'4" , residing in Michigan (Canton). Bachelors degree holder and currently working as a Embedded Software Engineer. please call us at : +17343532316

52-03

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ
Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment
Serving Since 1973



Gurdip Singh Sandhu
Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India
Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA

# 121 ਕਿਸਾਨਾਂ ਦਾ ਮਰਨ ਵਰਤ ਸਮਾਪਤ

**ਖਨੌਰੀ (ਸੰਗਰੂਰ):** ਜਨਵਰੀ-ਖਨੌਰੀ ਸਰਹੱਦ 'ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਸਮਰਥਨ 'ਚ ਸੁਖਜੀਤ ਸਿੰਘ ਹਰਦੋਝੰਡੇ ਦੀ ਅਗਵਾਈ ਹੇਠ ਪਿਛਲੇ 5 ਦਿਨਾਂ ਤੋਂ ਚੱਲਿਆ ਆ ਰਿਹਾ 121 ਕਿਸਾਨਾਂ ਦਾ ਮਰਨ ਵਰਤ ਖ਼ਤਮ ਹੋ ਗਿਆ ਹੈ, ਇਨ੍ਹਾਂ ਦਾ ਮਰਨ ਵਰਤ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਤੇ ਕਿਸਾਨ ਮਜ਼ਦੂਰ ਮੋਰਚੇ ਦੀ ਖਨੌਰੀ ਸਰਹੱਦ 'ਤੇ ਹੋਈ ਮੀਟਿੰਗ 'ਚ ਲਏ ਗਏ ਫ਼ੈਸਲੇ ਉਪਰੰਤ · ਕਿਸਾਨ ਆਗੂਆਂ ਕਾਕਾ ਸਿੰਘ ਕੋਟੜਾ, ਇੰਦਰਜੀਤ ਸਿੰਘ ਕੋਟਬੁੱਢਾ, ਲਖਵਿੰਦਰ ਸਿੰਘ ਔਲਖ, ਗੁਰਵਿੰਦਰ ਸਿੰਘ ਭੰਗੂ ਤੋਂ ਇਲਾਵਾ ਡੀ.ਆਈ.ਜੀ. ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ ਆਦਿ ਨੇ ਜੂਸ ਪਿਆ ਕੇ ਤੁੜਵਾਇਆ।

ਇਸੇ ਤਰ੍ਹਾਂ ਖਨੌਰੀ ਸਰਹੱਦ 'ਤੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਸਮੇਤ ਦੇਰ ਕਿਸਾਨੀ ਮੰਗਾਂ ਲਈ ਪਿਛਲੇ 55 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਜਗਜੀਤ ਸਿੰਘ ਡੱਲੇਵਾਲ ਨੇ ਬੀਤੀ ਰਾਤ ਕੇਂਦਰ ਸਰਕਾਰ ਵਲੋਂ ਪਿਛਲੇ ਸਾਲ ਦੀ ਰੁਕੀ ਹੋਈ ਗੱਲਬਾਤ ਤੇ ਦੁਬਾਰਾ ਚਰਚਾ ਕੀਤੇ ਜਾਣ ਲਈ 14 ਵਰਵਰੀ ਨੂੰ ਬੁਲਾਈ ਗਈ ਮੀਟਿੰਗ ਦਾ ਸੱਦਾ। ਪ੍ਰਵਾਨ ਕੀਤੇ ਜਾਣ ਮੌਕੇ ਬਣੀ ਸਹਿਮਤੀ ਤਹਿਤ ਬੀਤੀ ਅੱਧੀ ਰਾਤ ਤੋਂ ਬਾਅਦ ਡਾਕਟਰਾਂ ਦੀ ਟੀਮ ਵਲੋਂ ਉਨ੍ਹਾਂ ਦਾ ਇਲਾਜ ਸ਼ੁਰੂ ਕਰਕੇ ਗੁਲੂਕੋਜ਼ ਲਗਾਇਆ ਗਿਆ। ਜਦਕਿ ਡੱਲੇਵਾਲ ਵਲੋਂ ਰੱਖਿਆ ਗਿਆ ਮਰਨ ਵਰਤ ਪਹਿਲਾਂ ਵਾਂਗ ਹੀ ਜਾਰੀ ਹੈ।

ਜ਼ਿਕਰਯੋਗ ਹੈ ਕਿ ਸ. ਡੱਲੇਵਾਲ ਨੇ ਬੀਤੀ ਰਾਤ ਹੀ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਸਾਹਮਣੇ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਐਮ.ਐਸ.ਪੀ. ਦੀ ਗਾਰੰਟੀ ਲਈ ਕਾਨੂੰਨ ਬਣਨ ਤੱਕ ਆਪਣਾ ਮਰਨ, ਵਰਤ ਜਾਰੀ ਰੱਖਣਗੇ, ਜਿਸ ਉਪਰੰਤ ਰਾਤ ਕਰੀਬ 1 ਵਜੇ 8 ਮਾਹਿਰਾਂ ਤੇ ਸੀਨੀਅਰ ਡਾਕਟਰਾਂ ਦਾ ਪੈਨਲ ਮੋਰਚੇ 'ਤੇ ਪਹੁੰਚਿਆ, ਜਿਨ੍ਹਾਂ ਜਗਜੀਤ ਸਿੰਘ ਡੱਲੇਵਾਲ ਨੂੰ ਡਾਕਟਰੀ ਸਹਾਇਤਾ ਮੁਹੱਈਆ ਕਰਵਾਉਣੀ ਸ਼ੁਰੂ ਕਰ ਦਿੱਤੀ।



ਕਿਸਾਨ ਆਗੂਆਂ ਨੇ ਸਪੱਸ਼ਟ ਕੀਤਾ ਕਿ ਜਗਜੀਤ ਸਿੰਘ ਡੱਲੇਵਾਲ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਹੋਣ ਤੱਕ ਮਰਨ ਵਰਤ ਜਾਰੀ ਰੱਖਣਗੇ ਤੇ ਮੈਡੀਕਲ ਸਹਾਇਤਾ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਲੈਣਗੇ। ਕਿਸਾਨ। ਆਗੂਆਂ ਨੇ ਕਿਹਾ ਕਿ 23 ਫਰਵਰੀ 2024 ਨੂੰ ਕਿਸਾਨ ਅੰਦੋਲਨ 2 ਦੇ ਸਮਰਥਨ 'ਚ ਹਿਸਾਰ ਦੇ ਖੇੜੀ ਚੌਪਟਾ 'ਤੇ ਇਕੱਠੇ ਹੋਏ ਹਜ਼ਾਰਾਂ ਕਿਸਾਨਾਂ ਤੇ ਹਰਿਆਣਾ ਪੁਲਿਸ ਵਲੋਂ ਬੇਰਹਿਮੀ ਨਾਲ ਕਾਰਵਾਈ ਕੀਤੀ ਗਈ ਸੀ, ਜਿਸ 'ਚ ਕਈ ਕਿਸਾਨ ਜ਼ਖ਼ਮੀ ਹੋਏ ਤੇ ਕਈ ਕਿਸਾਨਾਂ 'ਤੇ ਝੂਠੇ ਕੇਸ ਦਰਜ ਕੀਤੇ ਗਏ ਸਨ, ਪਰ ਉਸ ਸਮੇਂ ਸਥਾਨਕ ਪੱਧਰ 'ਤੇ ਹੋਏ ਸਮਝੌਤੇ ਤਹਿਤ ਪ੍ਰਸ਼ਾਸਨ ਨੇ ਕੇਸ ਰੱਦ ਕਰਨ ਦਾ ਵਾਅਦਾ ਕੀਤਾ ਸੀ, ਪਰ 3-4 ਦਿਨ ਪਹਿਲਾਂ ਕਿਸਾਨਾਂ ਨੂੰ ਮੁੜ ਨੋਟਿਸ ਭੇਜੇ ਜਾ ਰਹੇ ਹਨ।

ਕਿਸਾਨ ਆਗੂਆਂ ਨੇ ਕਿਹਾ ਕਿ ਅੰਦੋਲਨ ਨਾਲ ਸਬੰਧਿਤ ਕੇਸਾਂ ਨੂੰ ਰੱਦ ਕਰਵਾਉਣਾ ਦੋਵਾਂ ਮੋਰਚਿਆਂ ਦੀ ਜ਼ਿੰਮੇਵਾਰੀ ਹੈ ਤੇ ਇਸ ਮੁੱਦੇ 'ਤੇ ਵੀ ਕੇਂਦਰ ਸਰਕਾਰ ਨਾਲ ਮੀਟਿੰਗ 'ਚ ਗੱਲਬਾਤ ਕੀਤੀ ਜਾਵੇਗੀ। ਿ

ਕਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਚੰਡੀਗੜ੍ਹ ਵਿਖੇ 14 ਫਰਵਰੀ ਨੂੰ ਬੁਲਾਈ ਗਈ ਮੀਟਿੰਗ ਕਾਰਨ 21 ਜਨਵਰੀ ਨੂੰ ਸ਼ੰਭੂ ਬਾਰਡਰ ਤੋਂ ਦਿੱਲੀ ਕੂਚ ਤੇ 26 ਜਨਵਰੀ ਦੇ ਟਰੈਕਟਰ ਮਾਰਚ ਦੇ ਪਹਿਲਾਂ ਤੋਂ ਐਲਾਨੇ ਹੋਏ ਪ੍ਰੋਗਰਾਮਾਂ ਸਬੰਧੀ ਜਲਦ ਹੀ ਦੋਵਾਂ ਮੋਰਚਿਆਂ ਦੀ ਮੀਟਿੰਗ ਕਰਕੇ ਅਗਲੇ ਫੈਸਲੇ ਲਏ ਜਾਣਗੇ।

## ਕਿਸਾਨ ਕਿਸੇ ਸਾਜ਼ਿਸ਼ ਦਾ ਸ਼ਿਕਾਰ ਨਾ ਬਣਨ: ਡਾ. ਸਵੈਮਾਨ ਸਿੰਘ

**ਖਨੌਰੀ:** ਇੱਥੇ ਜਾਰੀ ਕਿਸਾਨ ਅੰਦੋਲਨ 'ਚ ਡਾ. ਸਵੈਮਾਨ ਸਿੰਘ ਦੀ ਟੀਮ ਪਿਛਲੇ 55 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਦੇਖਭਾਲ ਕਰ ਰਹੀ ਹੈ। ਡਾ. ਸਵੈਮਾਨ ਸਿੰਘ ਨੇ ਕੇਂਦਰ ਤੇ ਕਿਸਾਨ ਜਥੇਬੰਦੀਆਂ ਵਿਚਕਾਰ 14 ਫਰਵਰੀ ਨੂੰ ਚੰਡੀਗੜ੍ਹ ਵਿਖੇ ਹੋਣ ਵਾਲੀ ਪ੍ਰਸਤਾਵਿਤ ਮੀਟਿੰਗ ਤੋਂ ਬਾਅਦ ਡੱਲੇਵਾਲ ਨੂੰ ਮੈਡੀਕਲ ਸਹੂਲਤਾਂ ਲੈਣ ਲਈ ਰਾਜ਼ੀ ਕਰਨ ਦੇ ਸੰਬੰਧ 'ਚ ਇਕ ਸੰਦੇਸ਼ ਜਾਰੀ ਕਰਕੇ ਕਿਸਾਨਾਂ ਨੂੰ ਸਰਕਾਰ ਦੀਆਂ ਚਾਲਾਂ 'ਚ ਨਾ ਆਉਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਹ ਕਿਹੜਾ ਡਾਕਟਰ ਹੈ, ਜਿਸ ਨੇ ਇਹ ਗੱਲ ਕਹੀ ਹੈ ਕਿ ਮੈਡੀਕਲ ਇਲਾਜ ਦੇ ਸਹਾਰੇ ਜਗਜੀਤ ਸਿੰਘ ਡੱਲੇਵਾਲ ਨੂੰ 14 ਫਰਵਰੀ ਤੱਕ ਜ਼ਿੰਦਾ ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਸਾਜ਼ਿਸ਼ ਦਾ ਸ਼ਿਕਾਰ ਨਾ ਬਣਨ ਕਿਉਂਕਿ ਕੋਈ ਵੀ ਵਿਅਕਤੀ ਦਵਾਈਆਂ ਨਾਲ ਜ਼ਿੰਦਾ ਨਹੀਂ ਰਹਿ ਸਕਦਾ। ਉਨ੍ਹਾਂ ਕਿਹਾ ਕਿ ਅਗਰ ਸਰਕਾਰ ਵਾਕਈ ਹੀ ਇਸ ਮਾਮਲੇ ਨੂੰ ਲੈ ਕੇ ਗੰਭੀਰ ਹੈ ਤਾਂ 14 ਫਰਵਰੀ ਦਾ ਇੰਤਜ਼ਾਰ ਕਿਉਂ ਕੀਤਾ ਜਾ ਰਿਹਾ ਹੈ ਤੇ ਇਹ ਮੀਟਿੰਗ ਇਕ ਦੋ ਦਿਨਾਂ 'ਚ ਕਿਉਂ ਨਹੀਂ ਕੀਤੀ ਜਾ ਰਹੀ।



# ਐੱਚ.ਐੱਸ.ਜੀ.ਐੱਮ.ਸੀ. ਚੋਣਾਂ: ਝੀਂਡਾ ਧੜਾ ਜਿੱਤਿਆ, ਦਾਦੂਵਾਲ ਹਾਰੇ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ (ਐੱਚਐੱਸਜੀਐਮਸੀ) ਦੀਆਂ ਕਰੀਬ 11 ਸਾਲ ਬਾਅਦ ਹੋਈਆਂ ਚੋਣਾਂ ਵਿਚ ਜਗਦੀਸ਼ ਸਿੰਘ ਝੀਂਡਾ ਦੇ ਧੜੇ ਦਾ ਦਬਦਬਾ ਰਿਹਾ। ਬਲਜੀਤ ਸਿੰਘ ਦਾਦੂਵਾਲ ਇਸ ਚੋਣ ਵਿਚ ਹਾਰ ਗਏ ਜਦਕਿ ਦੀਦਾਰ ਸਿੰਘ ਨਲਵੀ ਬਹੁਤ ਘੱਟ ਵੋਟਾਂ ਨਾਲ ਚੋਣ ਜਿੱਤ ਸਕੇ ਹਨ। ਬਲਦੇਵ ਸਿੰਘ ਕਾਇਮਪੁਰੀ ਨੇ ਹਾਲਾਂਕਿ ਖ਼ੁਦ ਚੋਣ ਨਹੀਂ ਲੜੀ ਪਰ ਉਨ੍ਹਾਂ ਦੇ ਧੜੇ ਦੇ ਕੁਝ ਮੈਂਬਰਾਂ ਨੇ ਹੀ ਕਮੇਟੀ ਦੀ ਚੋਣ ਵਿਚ ਜਿੱਤ ਦਰਜ ਕਰਵਾਈ ਹੈ। ਹਰਿਆਣਾ ਸਿੱਖ ਏਕਤਾ ਦਲ ਨੇ ਸੂਬੇ ਦੇ 40 ਵਾਰਡਾਂ ਵਿਚ ਹੋਈਆਂ ਚੋਣਾਂ ਵਿਚ ਸੱਤ ਉਮੀਦਵਾਰਾਂ ਨੂੰ ਆਪਣਾ ਸਮਰਥਨ ਦਿੱਤਾ ਸੀ, ਜਿਸ ਵਿਚੋਂ ਪੰਜ ਦੀ ਜਿੱਤ ਹੋਈ ਹੈ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਚੋਣਾਂ ਵਿਚ ਐਤਵਾਰ ਨੂੰ ਸਵੇਰੇ ਅੱਠ ਵਜੇ ਵੋਟਿੰਗ ਆਰਤੀ ਹੋਈ, ਜੋ ਕਿ ਸ਼ਾਮ ਪੰਜ ਵਜੇ ਤੱਕ ਚੱਲੀ। ਸੂਬੇ ਦੇ ਸਾਰੇ 22 ਜ਼ਿਲ੍ਹਿਆਂ ਨੂੰ 40 ਵਾਰਡਾਂ ਵਿਚ ਵੰਡਿਆ ਗਿਆ ਸੀ। 40 ਮੈਂਬਰਾਂ ਦੀ ਚੋਣ ਤੋਂ ਬਾਅਦ ਇਨ੍ਹਾਂ ਵਿਚੋਂ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਸਣੇ ਵੱਖ-ਵੱਖ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ। ਹੁਣ ਤੱਕ ਪਹਿਲਾ ਐਸਜੀਪੀਸੀ ਤਹਿਤ ਹਰਿਆਣਾ ਤੋਂ ਮੈਂਬਰ ਚੁਣੇ ਜਾਂਦੇ ਸਨ। ਇਹ ਪਹਿਲਾ ਮੌਕਾ ਹੈ ਜਦੋਂ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਆਜ਼ਾਦ ਚੋਣਾਂ ਹੋਈਆਂ ਹਨ। ਕਮੇਟੀ ਦੀ ਚੋਣ ਵਿਚ 69.37 ਫ਼ੀਸਦੀ ਵੋਟਿੰਗ ਹੋਈ ਹੈ। ਸਭ ਤੋਂ ਵੱਧ 78.56 ਫ਼ੀਸਦੀ ਵੋਟਿੰਗ ਡਬਵਾਲੀ ਵਿਚ ਹੋਈ। ਇਸ ਚੋਣ ਵਿਚ ਚਾਰ ਪ੍ਰਮੁੱਖ ਸਿੱਖ ਆਗੂਆਂ ਬਲਜੀਤ ਸਿੰਘ ਦਾਦੂਵਾਲ, ਜਗਦੀਸ਼ ਸਿੰਘ ਝੀਂਡਾ, ਬਲਦੇਵ ਸਿੰਘ ਕਾਇਮਪੁਰੀ ਅਤੇ ਦੀਦਾਰ ਸਿੰਘ ਨਲਵੀ ਧੜਿਆਂ ਦੀ ਸਾਖ ਦਾਅ 'ਤੇ ਲੱਗੀ ਹੋਈ ਸੀ। ਦਾਦੂਵਾਲ ਦੀ ਟੀਮ ਨੇ ਸ਼੍ਰੋਮਣੀ ਅਕਾਲੀ ਦਲ (ਹਰਿਆਣਾ) ਆਜ਼ਾਦ ਦੇ ਬੈਨਰ ਹੇਠ ਚੋਣ ਲੜੀ ਜਦਕਿ ਝੀਂਡਾ ਦੀ ਟੀਮ ਨੇ ਪੰਥਕ ਦਲ (ਝੀਂਡਾ) ਦੇ ਬੈਨਰ ਹੇਠ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ। ਕਾਇਮਪੁਰੀ ਦੀ ਟੀਮ ਨੇ ਹਰਿਆਣਾ ਸਿੱਖ ਪੰਥਕ ਦਲ ਦੇ ਬੈਨਰ ਹੇਠ ਤਾਲ ਠੋਕੀ ਸੀ ਜਦਕਿ ਦੀਦਾਰ ਸਿੰਘ ਨਲਵੀ ਦੇ ਉਮੀਦਵਾਰ ਸਿੱਖ ਸਿੱਖ ਸਮਾਜ ਸੰਸਥਾ ਦੇ ਉਮੀਦਵਾਰਾਂ ਵਜੋਂ ਮੈਦਾਨ ਵਿਚ ਉਤਰੇ ਸਨ। ਕਾਲਾਂਵਲੀ ਦੇ ਵਾਰਡ 35 ਤੋਂ ਚੋਣ ਲੜਨ ਵਾਲੇ ਬਲਜੀਤ ਸਿੰਘ ਦਾਦੂਵਾਲ ਦੀ ਹਾਰ 'ਤੇ ਸਿੱਖ ਸੰਗਤ ਹੈਰਾਨੀ ਵਿਚ ਹੈ। ਉਨ੍ਹਾਂ ਦੀ 1771 ਵੋਟਾਂ ਨਾਲ ਹਾਰ ਹੋਈ ਹੈ। ਉਨ੍ਹਾਂ ਨੂੰ ਹਰਾਉਣ ਵਾਲੇ ਐਡਵੋਕੇਟ ਬਿੰਦਰ ਸਿੰਘ ਖ਼ਾਲਸਾ ਦੀ ਉਮਰ ਸਿਰਫ਼ 28 ਸਾਲ ਹੈ। ਖ਼ਾਲਸਾ ਨੂੰ 4814 ਵੋਟਾਂ ਮਿਲੀਆਂ ਹਨ ਜਦਕਿ ਦਾਦੂਵਾਲ ਨੂੰ 3147 ਵੋਟਾਂ ਮਿਲੀਆਂ।

ਸ਼ਾਹਬਾਦ ਦੇ ਵਾਰਡ 13 ਤੋਂ ਦੀਦਾਰ ਸਿੰਘ ਨਲਵੀ ਸਿਰਫ਼ 200 ਵੋਟਾਂ ਨਾਲ ਹੀ ਚੋਣ ਜਿੱਤ ਸਕੇ ਜਦਕਿ ਵਾਰਡ 18 ਤੋਂ ਝੀਂਡਾ ਚੋਣ ਜਿੱਤੇ। ਝੀਂਡਾ ਆਪਣੇ ਜ਼ਿਆਦਾਤਰ ਉਮੀਦਵਾਰਾਂ ਨੂੰ ਚੋਣ ਜਿਤਾਉਣ ਵਿਚ ਕਾਮਯਾਬ ਰਹੇ। ਹਰਿਆਣਾ ਸਿੱਖ ਏਕਤਾ ਦਲ ਦੇ ਮੈਂਬਰ ਪ੍ਰਿਤਪਾਲ ਸਿੰਘ ਪੰਨੂ ਮੁਤਾਬਕ ਉਨ੍ਹਾਂ ਦੇ ਸੱਤ ਵਿਚੋਂ ਪੰਜ ਉਮੀਦਵਾਰ ਚੋਣ ਜਿੱਤੇ ਹਨ। ਇੱਧਰ, ਬਿਲਾਸਪੁਰ ਵਾਰਡ 10 ਤੋਂ ਬਲਦੇਵ ਸਿੰਘ ਕਾਇਮਪੁਰੀ 247 ਵੋਟਾਂ ਨਾਲ ਚੋਣ ਜਿੱਤੇ। 40 ਵਾਰਡਾਂ ਵਿਚੋਂ ਸਭ ਤੋਂ ਵੱਧ ਸਿਰਸਾ ਜ਼ਿਲ੍ਹੇ ਵਿਚ ਨੌਂ ਵਾਰਡ ਸਨ। ਚੋਣ ਮੈਦਾਨ ਵਿਚ 164 ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ ਹੋਇਆ। ਇਨ੍ਹਾਂ ਤੋਂ ਇਲਾਵਾ ਨੌਂ ਮੈਂਬਰ ਨਾਮਜ਼ਦ ਕੀਤੇ ਜਾਣਗੇ।





ਜਗਦੀਸ਼ ਸਿੰਘ ਝੀਂਡਾ

ਬਲਜੀਤ ਸਿੰਘ ਦਾਦੂਵਾਲ

# ਸ਼ਰਾਬ ਲਈ ਪੈਸੇ ਨਾ ਦੇਣ ਕਾਰਨ ਚਾਕੂ ਮਾਰ ਕੇ ਕਤਲ

**ਫਤਿਹਗੜ੍ਹ ਸਾਹਿਬ :** ਪਿੰਡ ਭਗੜਾਣਾ ਵਿਖੇ ਹੋਰ ਸ਼ਰਾਬ ਪੀਣ ਲਈ ਪੈਸੇ ਨਾ ਦੇਣ 'ਤੇ ਇਕ ਵਿਅਕਤੀ ਨੇ ਆਪਣੇ ਸਾਥੀ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ। ਜਾਣਕਾਰੀ ਅਨੁਸਾਰ ਜ਼ਰੀਨਾ ਪਤਨੀ ਰਜਿੰਦਰ ਕੁਮਾਰ ਵਾਸੀ ਮਿਰਚ ਮੰਡੀ ਰਾਜਪੁਰਾ, ਹਾਲ ਵਾਸੀ ਪਿੰਡ ਭਗੜਾਣਾ ਨੇ ਥਾਣਾ ਬਡਾਲੀ ਆਲਾ ਸਿੰਘ ਪੁਲਿਸ ਕੋਲ ਸ਼ਿਕਾਇਤ ਕੀਤੀ ਕਿ ਉਸ ਦਾ ਵਿਆਹ ਲਗਪਗ 22 ਸਾਲ ਪਹਿਲਾਂ ਹੋਇਆ ਸੀ।



ਉਸ ਦੇ ਚਾਰ ਬੱਚੇ ਪੈਦਾ ਹੋਏ, ਜਿਨ੍ਹਾਂ ਦੀ ਪੈਦਾ ਹੋਣ ਤੋਂ ਬਾਅਦ ਮੌਤ ਹੋ ਗਈ ਸੀ। ਇਸ ਲਈ ਉਸ ਨੇ ਆਪਣੇ ਭਰਾ ਦੀ ਕੁੜੀ ਨੂੰ ਗੋਦ ਲੈ ਲਿਆ ਸੀ ਜਿਸ ਦੀ ਉਮਰ ਮੌਜੂਦਾ ਸਮੇਂ 9 ਸਾਲ ਹੈ। ਜ਼ਰੀਨਾ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਸਮੇਤ ਤੁਰ-ਫਿਰ ਕੇ ਕਬਾੜ ਦਾ ਕੰਮ ਕਰਦੀ ਹੈ ਅਤੇ ਉਨ੍ਹਾਂ ਦੇ ਪਿੰਡ ਇੱਕ ਹੋਰ ਵਿਅਕਤੀ ਤੁਰਦਾ-ਫਿਰਦਾ ਰਹਿੰਦਾ ਹੈ, ਜਿਸ ਨੂੰ ਲੋਕ ਸੁਲਤਾਨ ਕਹਿੰਦੇ ਹਨ। ਉਸ ਦਾ ਪਤੀ ਰਜਿੰਦਰ ਕੁਮਾਰ ਸ਼ਰਾਬ ਪੀਣ ਦਾ ਆਦੀ ਸੀ ਅਤੇ ਬੁੱਧਵਾਰ ਨੂੰ ਲਗਪਗ 3 ਵਜੇ ਸੁਲਤਾਨ ਨਾਲ ਬੈਠਾ ਸ਼ਰਾਬ ਪੀ ਰਿਹਾ ਸੀ ਅਤੇ ਉਹ ਵੀ ਉੱਥੇ ਮੌਜੂਦ ਸੀ। ਜਦੋਂ ਸ਼ਰਾਬ ਦੀ ਬੋਤਲ ਖ਼ਤਮ ਹੋ ਗਈ, ਤਾਂ ਸੁਲਤਾਨ ਹੋਰ ਸ਼ਰਾਬ ਪੀਣ ਦੀ ਜ਼ਿੱਦ ਕਰਨ ਲੱਗਾ ਤੇ ਉਸ ਦੇ ਪਤੀ ਤੋਂ ਸ਼ਰਾਬ ਲਿਆਉਣ ਲਈ 200 ਰੁਪਏ ਦੀ ਮੰਗ ਕਰਨ ਲੱਗਾ।

ਜਦੋਂ ਉਸ ਦੇ ਪਤੀ ਨੇ ਹੋਰ ਸ਼ਰਾਬ ਲਿਆਉਣ ਅਤੇ ਪੈਸੇ ਦੇਣ ਤੋਂ ਸੁਲਤਾਨ ਨੂੰ ਨਾਂਹ ਕਰ ਦਿੱਤੀ, ਤਾਂ ਸੁਲਤਾਨ ਗੁੱਸੇ ਵਿਚ ਆ ਕੇ ਗਾਲੀ-ਗਲੋਚ ਕਰਨ ਲੱਗ ਪਿਆ ਅਤੇ ਝਗੜਾ ਕਰਨ ਲੱਗ ਪਿਆ। ਸੁਲਤਾਨ ਨੇ ਆਪਣੇ ਪੈਂਟ ਦੀ ਜੇਬ ਵਿੱਚੋਂ ਚਾਕੂ ਕੱਢ ਕੇ ਕਈ ਵਾਰ ਕੀਤੇ। ਜਦੋਂ ਉਸ ਨੂੰ ਰੌਲਾ ਪਾਇਆ ਤਾਂ ਲੋਕ ਇਕੱਠੇ ਹੋਣ ਲੱਗੇ ਸੁਲਤਾਨ ਮੌਕੇ ਤੋਂ ਚਾਕੂ ਸਮੇਤ ਭੱਜ ਗਿਆ।

ਜ਼ਰੀਨਾ ਨੇ ਦੱਸਿਆ ਕਿ ਉੱਥੇ ਇਕੱਠੇ ਹੋਏ ਲੋਕਾਂ ਵਿਚ ਕਿਸੇ ਨੇ 108 ਨੰਬਰ ਐਂਬੂਲੈਂਸ ਨੂੰ ਫੋਨ ਕਰ ਦਿੱਤਾ ਤੇ ਲੋਕਾਂ ਦੀ ਮਦਦ ਨਾਲ ਰਜਿੰਦਰ ਕੁਮਾਰ ਨੂੰ ਐਂਬੂਲੈਂਸ ਵਿਚ ਪਾ ਕੇ ਉਸ ਦਾ ਇਲਾਜ ਕਰਾਉਣ ਲਈ ਉਹ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਜਾ ਰਹੇ ਸੀ, ਤਾਂ ਰਸਤੇ ਵਿਚ ਰਜਿੰਦਰ ਕੁਮਾਰ ਦੀ ਮੌਤ ਹੋ ਗਈ। ਡੀਐੱਸਪੀ ਰਾਜ ਕੁਮਾਰ ਅਤੇ ਥਾਣਾ ਬਡਾਲੀ ਆਲਾ ਸਿੰਘ ਦੇ ਐਸਐਚਓ ਆਕਾਸ਼ ਦੱਤ ਨੇ ਇਸ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਜ਼ਰੀਨਾ ਦੇ ਬਿਆਨ 'ਤੇ ਸੁਲਤਾਨ ਖਿਲਾਫ਼ ਕਤਲ ਦਾ ਮਾਮਲਾ ਦਰਜ ਕਰਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਮਾਘੀ ਮੇਲੇ 'ਤੇ ਛੋਟੇ ਕੱਦ ਦਾ ਹਿਮਾਚਲੀ ਘੋੜਾ ਵੀ ਬਣਿਆ ਖਿੱਚ ਦਾ ਕੇਂਦਰ

ਮਾਘੀ ਮੇਲੇ ਤੇ ਲੱਗੀ ਪਸ਼ੂ ਮੰਡੀ 'ਚ ਛੋਟੇ ਕੱਦ ਦਾ ਹਿਮਾਚਲੀ ਨਸਲ ਦਾ ਘੋੜਾ ਵੀ ਖਿੱਚ ਦਾ ਕੇਂਦਰ ਬਣਿਆ ਰਿਹਾ। ਇਸ ਘੋੜੇ ਨੂੰ ਦੇਖਣ ਲਈ ਬਹੁਤ ਲੋਕ ਆ ਰਹੇ ਹਨ। ਸਟੈਂਡ ਮਾਲਕ ਸੁਖਜਿੰਦਰ ਸਿੰਘ ਬਰਾੜ ਵਾਸੀ ਪਿੰਡ ਉਦੇਕਰਨ ਨੇ ਦੱਸਿਆ ਕਿ ਇਹ ਛੋਟਾ ਘੋੜਾ ਹੈ। ਇਸ ਦੀ ਉਚਾਈ ਛੋਟੀ ਰਹਿੰਦੀ ਹੈ। ਇਹ ਸਵਾਰੀ ਲਈ ਬੱਚਿਆਂ ਲਈ ਵਿਸ਼ੇਸ਼ ਤੌਰ 'ਤੇ ਲਾਭਦਾਇਕ ਹੈ। ਇਸ ਦੀ ਕੀਮਤ ਸਾਢੇ ਤਿੰਨ ਲੱਖ ਰੁਪਏ ਹੈ। ਇਹ ਘੋੜਾ ਪੰਜ ਸਾਲ ਦਾ ਹੈ। ਇਸ 'ਤੇ ਬੱਚੇ ਸਵਾਰੀ ਕਰਦੇ ਹਨ ਅਤੇ ਖ਼ਾਸ ਗੱਲ ਇਹ ਹੈ ਕਿ ਇਹ ਘੋੜੇ ਸ਼ਾਂਤ ਸੁਭਾਅ ਦੇ ਹਨ। ਉਸ ਨੇ ਦੱਸਿਆ ਕਿ ਮੇਰੇ ਪਿੰਡ ਦੇ ਬੱਚੇ ਮੋਬਾਈਲ ਗੇਮਾਂ ਛੱਡ ਕੇ ਇਸ ਘੋੜੇ 'ਤੇ ਸਵਾਰੀ ਸਿੱਖ ਰਹੇ ਹਨ। ਇਸੇ ਤਰ੍ਹਾਂ ਸਿੰਧੀ ਨਸਲ ਦੇ ਘੋੜੇ ਵੀ ਮੇਲੇ ਵਿੱਚ ਵੱਖਰੇ ਤੌਰ 'ਤੇ ਦੇਖਣ ਨੂੰ ਮਿਲੇ।

ਰਾਜਸਥਾਨ ਤੋਂ ਰਾਜਸਥਾਨੀ ਮਾਰਵਾੜੀ ਨਸਲ ਦੇ ਘੋੜੇ ਵੀ ਲਿਆਂਦੇ ਗਏ। ਸਿੰਧੀ ਨਸਲ ਦੇ ਘੋੜੇ ਦੇ ਮਾਲਕ ਨੇ ਦੱਸਿਆ ਕਿ ਹਰਿਆਣਾ ਦੇ ਕੁਰੂਕਸ਼ੇਤਰ ਵਿੱਚ ਮਿਲਕ ਟਿਥ ਮੁਕਾਬਲਾ ਹੋਇਆ ਸੀ ਜਿਸ ਵਿੱਚ ਉਨ੍ਹਾਂ ਦਾ ਘੋੜਾ ਚੈਂਪੀਅਨ ਬਣਿਆ। ਇਸੇ ਲਈ ਅਸੀਂ ਇਸ ਨੂੰ ਚੈਂਪੀਅਨ ਵੀ ਕਹਿੰਦੇ ਹਾਂ। ਫਤਿਹਗੜ੍ਹ ਸਾਹਿਬ ਦੇ ਸਟੱਡ ਮਾਲਕ ਹੈਰੀ ਨੇ ਦੱਸਿਆ ਕਿ ਉਨ੍ਹਾਂ ਕੋਲ ਨੁਕਰਾ ਨਸਲ ਦੇ ਘੋੜੇ ਪੰਜਾਬ ਦੇ ਹਨ। ਉਸ ਕੋਲ ਸੰਜੂ ਮਾਨ ਬਿਹਾਰ ਨਸਲ ਦੇ ਘੋੜੇ ਵੀ ਹਨ। ਕਰੋੜਾ ਜਾਨਵਰ ਖਰੀਦਣ ਲਈ ਲੋਕ ਦੂਰ-ਦੂਰ ਤੋਂ ਆ ਰਹੇ ਹਨ।

*ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥*
*ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥*

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ ਪ੍ਰਕਾਸ਼ ਪੂਰਬ ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 648ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ) ਵਿਖੇ ਹਰ ਸਾਲ ਦੀ ਤਰ੍ਹਾਂ 14, 15 ਅਤੇ 16 ਫਰਵਰੀ 2025 ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ, ਪੂਰੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ:



## ਸਮਾਗਮ ਦਾ ਵੇਰਵਾ

**14 ਫਰਵਰੀ 2025, ਸ਼ੁਕਰਵਾਰ**

**ਆਰੰਭ ਸ੍ਰੀ ਅਖੰਡ ਪਾਠ ਸਾਹਿਬ**

*ਸਵੇਰੇ 10 ਵਜੇ*

**16 ਫਰਵਰੀ 2025, ਐਤਵਾਰ**

**ਭੋਗ ਸ੍ਰੀ ਅਖੰਡ ਪਾਠ ਸਾਹਿਬ**

*ਸਵੇਰੇ 10 ਵਜੇ*

* ਭਾਈ ਭੁਪਿੰਦਰ ਸਿੰਘ ਜੀ ਦਾ ਹਜ਼ੂਰੀ ਰਾਗੀ ਜਥਾ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰੇਗਾ।
* ਹੈੱਡ ਗ੍ਰੰਥੀ ਭਾਈ ਦਿਲਾਵਰ ਸਿੰਘ ਜੀ ਕਥਾ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਝਾਤ ਪਾਉਣਗੇ।

*ਗੁਰੂ ਕਾ ਲੰਗਰ ਅਤੁੱਟ ਵਰਤੇਗਾ।*

**ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ)**

**12200 E. 131st., Street Fishers, IN 46037-6621**

**Cell: 317-792-7121 Ph: 317-773-8446**

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਜੰਗਬੰਦੀ ਤੋਂ ਬਾਅਦ ਇਜ਼ਰਾਈਲ ਵਲੋਂ 90 ਫਿਲਸਤੀਨੀ ਰਿਹਾਅ

**ਰਾਮੱਲ੍ਹਾ (ਵੈਸਟ ਬੈਂਕ):** ਇਜ਼ਰਾਈਲ ਤੇ ਹਮਾਸ ਵਿਚਕਾਰ ਪਿਛਲੇ 15 ਮਹੀਨਿਆਂ ਤੋਂ ਚੱਲ ਰਿਹਾ ਯੁੱਧ ਐਤਵਾਰ 19 ਜਨਵਰੀ ਨੂੰ ਖ਼ਤਮ



ਹੋ ਗਿਆ ਹੈ। ਇਜ਼ਰਾਈਲ ਨੇ ਜੰਗਬੰਦੀ ਦੇ ਪਹਿਲੇ ਦਿਨ 90 ਫਿਲਸਤੀਨੀ ਕੈਦੀਆਂ ਨੂੰ ਰਿਹਾਅ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਹਮਾਸ ਨੇ ਇਜ਼ਰਾਈਲ ਦੀਆਂ 3 ਮਹਿਲਾ ਬੰਧਕਾਂ ਨੂੰ ਵੀ ਰਿਹਾਅ ਕਰ ਦਿੱਤਾ ਸੀ। ਬੰਧਕਾਂ 'ਚ ਰੋਮੀ ਗੋਨੇਨ, ਐਮਿਲੀ ਦਮਰੀ ਤੇ ਡੋਰੋਨ ਸਟਾਈਨਬੇਚਰ ਸ਼ਾਮਿਲ ਹਨ।

ਟਾਈਮਜ਼ ਆਫ਼ ਇਜ਼ਰਾਈਲ ਦੀ ਰਿਪੋਰਟ ਅਨੁਸਾਰ ਤਿੰਨ ਬੰਧਕਾਂ ਨੂੰ ਰੈੱਡ ਕਰਾਸ ਦੀ ਮਦਦ ਨਾਲ ਇਜ਼ਰਾਈਲ ਵਾਪਸ ਲਿਆਂਦਾ ਗਿਆ। ਬੰਧਕਾਂ ਦੀ ਵਾਪਸੀ 'ਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਹੈ ਕਿ ਪੂਰਾ ਦੇਸ਼ ਤੁਹਾਨੂੰ ਗਲੇ ਲਗਾ ਰਿਹਾ ਹੈ। ਰਿਹਾਈ ਤੋਂ ਬਾਅਦ ਲੋਕਾਂ ਨੇ ਫਿਲਸਤੀਨ ਤੇ ਇਜ਼ਰਾਈਲ ਦੋਵਾਂ 'ਚ ਜਸ਼ਨ ਮਨਾਇਆ। ਜੰਗਬੰਦੀ ਦੇ ਐਲਾਨ ਤੋਂ ਬਾਅਦ ਇਜ਼ਰਾਈਲ ਦੀ ਸਖ਼ਤ ਨਾਕਾਬੰਦੀ ਵਿਚਕਾਰ 600 ਤੋਂ ਵੱਧ ਟਰੱਕ ਮਨੁੱਖੀ ਸਹਾਇਤਾ ਲੈ ਕੇ ਗਾਜ਼ਾ ਪਹੁੰਚੇ।

ਫਿਲਸਤੀਨੀ ਨਾਗਰਿਕ ਜੰਗ ਪ੍ਰਭਾਵਿਤ ਇਲਾਕਿਆਂ ਤੋਂ ਆਪਣੇ ਘਰਾਂ ਦੀ ਜਾਂਚ ਕਰਨ ਤੇ ਆਪਣੇ ਰਿਸ਼ਤੇਦਾਰਾਂ ਨੂੰ ਦਫ਼ਨਾਉਣ ਲਈ ਵਾਪਸ ਆ ਰਹੇ ਹਨ।

# ਨੀਰਜ ਚੋਪੜਾ ਅਤੇ ਹਿਮਾਨੀ ਵਿਆਹ ਦੇ ਬੰਧਨ 'ਚ ਬੱਝੇ

**ਜਲੰਧਰ:** ਉਲੰਪਿਕ 'ਚੋਂ ਦੋ ਤਗਮੇ ਜਿੱਤਣ ਵਾਲੇ ਗੋਲਡਨ ਬੁਆਏ ਨੀਰਜ ਚੋਪੜਾ ਨੇ ਲਾਅਨ ਟੈਨਿਸ ਖਿਡਾਰਨ ਹਿਮਾਨੀ ਮੋਰ ਨਾਲ ਵਿਆਹ ਕਰ ਲਿਆ ਹੈ। ਇਸ ਦੀ ਜਾਣਕਾਰੀ ਨੀਰਜ ਚੋਪੜਾ ਵਲੋਂ ਸ਼ੋਸ਼ਲ ਮੀਡੀਆ 'ਤੇ ਦਿੱਤੀ ਗਈ। ਇਸ ਵਿਆਹ ਦੇ ਸੰਬੰਧ 'ਚ ਹਿਮਾਨੀ ਦੀ ਮਾਤਾ ਨੇ ਕਈ ਯਾਦਾਂ



ਸਾਂਝੀਆਂ ਕੀਤੀਆਂ। ਹਿਮਾਨੀ ਸੋਨੀਪਤ ਦੇ ਪਿੰਡ ਲੜਸੌਲੀ ਦੀ ਰਹਿਣ ਵਾਲੀ ਹੈ ਤੇ ਇਹ ਵਿਆਹ ਦੋਵਾਂ ਪਰਿਵਾਰਾਂ ਦੀ ਸਹਿਮਤੀ ਨਾਲ ਹੋਇਆ ਹੈ। ਦੋਵੇਂ ਪਰਿਵਾਰ ਇਕ ਦੂਜੇ ਨੂੰ ਪਿਛਲੇ 7-8 ਸਾਲ ਤੋਂ ਜਾਣਦੇ ਸਨ। 'ਤੇ ਇਸੇ ਕਰਕੇ ਨੀਰਜ ਤੇ ਹਿਮਾਨੀ ਵੀ ਇਕ ਦੂਜੇ ਨੂੰ ਪਹਿਲਾਂ ਤੋਂ ਜਾਣਦੇ ਸਨ। ਹਿਮਾਨੀ ਦੀ ਮਾਂ ਨੇ ਦੱਸਿਆ ਕਿ 14 ਤੋਂ 16 ਜਨਵਰੀ ਤੱਕ ਵਿਆਹ ਦੀਆਂ ਸਾਰੀਆਂ ਰਸਮਾਂ ਪੂਰੀਆਂ ਹੋ ਗਈਆਂ ਸਨ ਤੇ ਹਿਮਾਚਲ 'ਚ ਇਹ ਵਿਆਹ ਸਮਾਗਮ ਕੀਤਾ ਗਿਆ। ਉਸ ਨੇ ਦੱਸਿਆ ਕਿ ਹਿਮਾਨੀ ਇਸ ਵੇਲੇ ਯੂ.ਐਸ.ਏ. 'ਚ ਪੜ੍ਹਾਈ ਕਰ ਰਹੀ ਹੈ ਤੇ ਨੌਕਰੀ ਵੀ ਉੱਥੇ ਕਰ ਰਹੀ ਹੈ। ਆਲ ਇੰਡੀਆ ਟੈਨਿਸ ਮਹਾਂਸੰਘ ਦੀ ਵੈਬਸਾਈਟ ਅਨੁਸਾਰ 2018 'ਚ ਹਿਮਾਨੀ ਨੇ ਸਰਬੋਤਮ ਰਾਸ਼ਟਰੀ ਰੈਂਕਿੰਗ ਸਿੰਗਲ 'ਚ 42 ਤੇ ਡਬਲਜ਼ 'ਚ 27 ਸੀ।

# ਸਿੰਗਾਪੁਰ ਨੇ ਅਨੂਪ ਸ਼੍ਰੀਧਰ ਨੂੰ ਕੋਚ ਨਿਯੁਕਤ ਕੀਤਾ

**ਸਿੰਗਾਪੁਰ:** ਭਾਰਤ ਦੇ ਸਾਬਕਾ ਬੈਡਮਿੰਟਨ ਖਿਡਾਰੀ ਅਨੂਪ ਸ਼੍ਰੀਧਰ ਨੂੰ ਸਿੰਗਾਪੁਰ ਬੈਡਮਿੰਟਨ ਐਸੋਸੀਏਸ਼ਨ (ਐਸ.ਬੀ .ਏ.) ਨੇ ਸਿੰਗਲ ਕੋਚ ਨਿਯੁਕਤ ਕੀਤਾ ਹੈ। ਸ਼੍ਰੀਧਰ ਨੇ ਦੇਣ ਲਈ ਏਸ਼ਿਆਈ ਚੈਂਪੀਅਨਸ਼ਿਪ 'ਚ ਕਾਂਸੇ ਦਾ ਤਗ਼ਮਾ ਹਾਸਿਲ ਕੀਤਾ ਸੀ।




ਹਾਲਾਂਕਿ ਦੱਖਣੀ ਕੋਰੀਆ ਦੇ ਕਿਮ ਜੀ ਹਿਉਣ ਐਸ.ਬੀ.ਏ. ਦੇ ਪੁਰਸ਼ ਤੇ ਮਹਿਲਾ ਟੀਮ ਦੇ ਮੁੱਖ ਕੋਚ ਬਣੇ ਰਹਿਣਗੇ।ਐਸ.ਬੀ.ਏ. ਦੇ ਉਪ ਪ੍ਰਧਾਨ ਪ੍ਰੋ. ਡੇਵਿਡ ਟੈਨ ਨੇ ਕਿਹਾ ਕਿ ਅਜੇ ਉਨ੍ਹਾਂ ਦੇ ਸ਼ੁਰੂਆਤ ਕਰਨ ਦੀ ਤਰੀਕ ਤੈਅ ਨਹੀਂ ਹੈ, ਕਿਉਂਕਿ ਇਹ ਉਨ੍ਹਾਂ ਦੇ ਕੰਮ ਲਈ ਵੀਜ਼ਾ ਮਨਜ਼ੂਰੀ 'ਤੇ ਨਿਰਭਰ ਰਹੇਗੀ। ਉਨ੍ਹਾਂ ਕਿਹਾ ਕਿ ਅਸੀਂ ਨਿਸ਼ਚਿਤ ਰੂਪ ਨਾਲ ਚਾਹੁੰਦੇ ਹਾਂ ਕਿ ਸ਼੍ਰੀਧਰ ਜਲਦ ਤੋਂ ਜਲਦ ਟੀਮ ਨਾਲ ਜੁੜ ਜਾਣ।

# ਝੀਂਡਾ ਨੇ ਦਿੱਤਾ ਹਰਿਆਣਾ ਕਮੇਟੀ ਤੋਂ ਅਸਤੀਫ਼ਾ

ਚੰਡੀਗੜ੍ਹ: ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀਆਂ ਚੋਣਾਂ 'ਚ ਬਹੁਮਤ ਨਾ ਮਿਲਣ ਮਗਰੋਂ ਜਗਜੀਸ਼ ਸਿੰਘ ਝੀਂਡਾ ਨੇ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਰਾਜਪਾਲ ਹਰਿਆਣਾ ਨੂੰ ਦਿੱਤੇ ਅਸਤੀਫ਼ੇ 'ਚ ਕਿਹਾ ਹੈ ਕਿ ਆਪਣੇ ਧੜੇ ਨੂੰ ਬਹੁਮਤ ਨਾ ਮਿਲਣ ਤੇ ਹਾਰ ਦਾ ਸਿਹਰਾ ਆਪਣੇ ਸਿਰ ਲੈਂਦੇ ਹਨ। ਇਨ੍ਹਾਂ ਚੋਣਾਂ 'ਚ ਹਰਿਆਣਾ ਸਿੱਖ ਪੰਥਕ ਦਲ ਨੂੰ 6, ਸਿੱਖ ਸਮਾਜ ਸੰਸਥਾਂ ਨੂੰ 3, ਜਗਜੀਸ਼ ਸਿੰਘ ਝੀਂਡਾ ਦੇ ਗਰੁੱਪ ਨੂੰ 9 ਤੇ 22 ਅਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ।

# ਰਿਸੈਪਸ਼ਨ 'ਚ ਪਤਨੀ ਨਾਲ ਪੁੱਜੇ ਅੰਬਾਨੀ

ਡੋਨਲਡ ਟਰੰਪ ਦੇ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਰਿਲਾਇੰਸ ਇੰਡਸਟਰੀ ਦੇ ਚੇਅਰਮੈਨ ਮੁਕੇਸ਼ ਅੰਬਾਨੀ ਤੇ ਰਿਲਾਇੰਸ ਫਾਊਂਡੇਸ਼ਨ ਦੀ ਸੰਸਥਾਪਕ ਤੇ ਚੇਅਰਮੈਨ ਨੀਤਾ ਅੰਬਾਨੀ ਐਤਵਾਰ



ਨੂੰ ਵਾਸ਼ਿੰਗਟਨ 'ਚ ਹੋਈ ਰਿਸੈਪਸ਼ਨ 'ਚ ਸ਼ਾਮਲ ਹੋਏ। ਸੋਮਵਾਰ ਨੂੰ ਦੋਵਾਂ ਦੀਆਂ ਤਸਵੀਰਾਂ ਸ਼ੇਅਰ ਕੀਤੀਆਂ ਗਈਆਂ। ਇਸ ਪ੍ਰੋਗਰਾਮ 'ਚ ਮੁਕੇਸ਼ ਨੇ ਬਲੈਕ ਸੂਟ ਪਾਇਆ ਹੋਇਆ ਸੀ, ਉੱਥੇ ਨੀਤਾ ਅੰਬਾਨੀ ਸਵਦੇਸ਼ੀ ਰਵਾਇਤੀ ਕਾਂਚੀਪੁਰਮ ਸਿਲਕ ਸਾੜੀ 'ਚ ਸਨ।

*(ਪਹਿਲੇ ਸਫ਼ੇ ਦੀ ਬਾਕੀ)*

# ਜੈਸ਼ੰਕਰ ਟਰੰਪ ਲਈ ਮੋਦੀ ਦਾ ਪੱਤਰ ਲੈ ਕੇ ਪਹੁੰਚੇ

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਐਸ ਸੈਕਰ ਡੋਨਾਲਡ ਟਰੰਪ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਕ ਪੱਤਰ ਲੈ ਕੇ ਪਹੁੰਚੇ ਹਨ। ਸੂਤਰਾਂ ਨੇ ਕਿਹਾ ਕਿ ਜੈਸ਼ੰਕਰ ਰਾਸ਼ਟਰਪਤੀ ਟਰੰਪ ਦੇ ਸਹੁੰ ਚੁੱਕ ਸਮਾਗਮ 'ਚ ਪ੍ਰਧਾਨ ਮੰਤਰੀ ਮੋਦੀ ਦੇ ਵਿਸ਼ੇਸ਼ ਦੂਤ ਦੇ ਰੂਪ 'ਚ ਗਏ ਹਨ। ਰਾਸ਼ਟਰਪਤੀ ਦੇ ਸਹੁੰ ਚੁੱਕ ਸਮਾਗਮ 'ਚ ਵਿਦੇਸ਼ ਮੰਤਰੀ ਦੀ ਹਾਜ਼ਰੀ ਭਾਰਤ ਦੀ ਇਕ ਸਾਧਾਰਨ ਰਵਾਇਤ ਦੇ ਮੁਤਾਬਕ ਹੈ, ਜਿਸ ਤਹਿਤ ਉਹ ਰਾਸ਼ਟਰ ਮੁਖੀਆਂ ਤੇ ਸ਼ਾਸਨ ਮੁਖੀਆਂ ਦੇ ਸਹੁੰ ਚੁੱਕ ਸਮਾਗਮ 'ਚ ਹਿੱਸਾ ਲੈਣ ਲਈ ਵਿਸ਼ੇਸ਼ ਦੂਤ ਭੇਜਦਾ ਹੈ। ਸੂਤਰਾਂ ਨੇ ਪਿਛਲੀਆਂ ਮਿਸਾਲਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਰੱਖਿਆ ਮੰਤਰੀ ਰਾਜਨਾਥ ਸਿੰਘ ਮਈ 2023 'ਚ ਨਾਇਜੀਰੀਆ ਦੇ ਰਾਸ਼ਟਰਪਤੀ ਦੇ ਸਹੁੰ ਚੁੱਕ ਸਮਾਗਮ 'ਚ ਸ਼ਾਮਲ ਹੋਏ ਸਨ, ਜਦਕਿ ਤਤਕਾਲੀ ਪ੍ਰਿਥਵੀ ਵਿਗਿਆਨ ਮੰਤਰੀ ਕਿਰਨ ਰਿਜਿਜੂ ਨਵੰਬਰ 2023 'ਚ ਮਾਲਦੀਵ ਦੇ ਰਾਸ਼ਟਰਪਤੀ ਦੇ ਸਹੁੰ ਚੁੱਕ ਸਮਾਗਮ 'ਚ ਸ਼ਾਮਲ ਹੋਏ ਸਨ। ਸੂਤਰਾਂ ਨੇ ਕਿਹਾ ਕਿ ਸੜਕ ਤੇ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਪਿਛਲੇ ਸਾਲ ਜੁਲਾਈ 'ਚ ਈਰਾਨੀ ਰਾਸ਼ਟਰਪਤੀ ਦੇ ਸਹੁੰ ਚੁੱਕ ਸਮਾਗਮ 'ਚ ਸ਼ਾਮਲ ਹੋਏ ਸਨ ਤੇ ਵਿਦੇਸ਼ ਰਾਜ ਮੰਤਰੀ ਪਵਿੱਤਰਾ ਮਾਰਗੇਰਿਟਾ ਅਕਤੂਬਰ 2024 'ਚ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਤੇ ਮੈਕਸੀਕੋ ਦੇ ਰਾਸ਼ਟਰਪਤੀ ਦੇ ਸਹੁੰ ਚੁੱਕ ਸਮਾਗਮ 'ਚ ਸ਼ਾਮਲ ਹੋਏ ਸਨ।

## ਮੋਦੀ ਦਾ ਪੱਤਰ

'ਮੇਰੇ ਪਿਆਰੇ ਦੋਸਤ ਡੋਨਾਲਡ ਟਰੰਪ ਨੂੰ ਅਮਰੀਕਾ ਦੇ ਰਾਸ਼ਟਰਪਤੀ ਦੇ ਰੂਪ 'ਚ ਸਹੁੰ ਚੁੱਕਣ 'ਤੇ ਵਧਾਈ। ਮੈਂ ਇਕ ਵਾਰ ਮੁੜ ਨਾਲ ਮਿਲ ਕੇ ਕੰਮ ਕਰਨ, ਦੋਵਾਂ ਦੇਸ਼ਾਂ ਨੂੰ ਲਾਭ ਪਹੁੰਚਾਉਣ ਤੇ ਦੁਨੀਆ ਲਈ ਬਿਹਤਰ ਭਵਿੱਖ ਨੂੰ ਆਕਾਰ ਦੇਣ ਲਈ ਉਤਸ਼ਾਹਤ ਹਾਂ। ਸਫਲ ਪ੍ਰੋਗਰਾਮ ਲਈ ਸ਼ੁੱਭ-ਕਾਮਨਾਵਾਂ।'


**-ਨਰਿੰਦਰ ਮੋਦੀ, ਪ੍ਰਧਾਨ ਮੰਤਰੀ**

# ਧਾਮੀ ਅਤੇ ਵਡਾਲਾ ਸਿੰਘ ਸਾਹਿਬ ਨੂੰ ਮਿਲੇ

*(ਪਹਿਲੇ ਸਫ਼ੇ ਦੀ ਬਾਕੀ)*

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਮੀਟਿੰਗ ਹੋਈ। ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਈ ਇਸ ਮੀਟਿੰਗ ਵਿਚ ਦੋ ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਦਲ ਦੀ ਭਰਤੀ, ਡੈਲੀਗੇਟ ਬਣਾਉਣ ਅਤੇ ਮੁੜ ਅਹੁਦੇਦਾਰਾਂ ਦੀ ਚੋਣ ਸਬੰਧੀ ਬਣਾਈ ਗਈ ਸੱਤ ਮੈਂਬਰੀ ਕਮੇਟੀ ਦੀ ਹੋਂਦ ਨੂੰ ਲੈ ਕੇ ਕੀਤੀ ਗਈ ਹੈ। ਮੀਟਿੰਗ ਤੋਂ ਬਾਅਦ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ 2 ਦਸੰਬਰ ਨੂੰ ਜਿਹੜੀ ਸੱਤ ਮੈਂਬਰੀ ਕਮੇਟੀ ਬਣਾਈ ਗਈ ਸੀ, ਉਸ ਨੂੰ ਅੱਖੋਂ ਪਰੋਖੇ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਕੀਤੀ ਜਾ ਰਹੀ ਹੈ।





ਉਨ੍ਹਾਂ ਕਿਹਾ ਕਿ ਇਸ ਭਰਤੀ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ ਜਾਵੇਗਾ। ਜਿਹੜੀ ਵੀ ਭਰਤੀ ਹੋਵੇਗੀ, ਉਹ ਸੱਤ ਮੈਂਬਰੀ ਕਮੇਟੀ ਦੀ ਨਿਗਰਾਨੀ ਹੇਠ ਹੀ ਹੋਵੇਗੀ। ਆਪਸੀ ਵਖਰੇਵਿਆਂ 'ਤੇ ਗੱਲ ਕਰਦਿਆ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਕਿਸੇ ਸਮੇਂ ਸਥਿਤੀ ਇਹੋ ਜਿਹੀ ਬਣ ਜਾਂਦੀ ਹੈ ਕਿ ਆਪਸੀ ਵਖਰੇਵੇ ਪੈਦਾ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਮਾਂ ਆਉਣ ਤੇ ਸਾਰੇ ਵਖਰੇਵੇਂ ਖਤਮ ਹੋ ਸਕਦੇ ਹਨ। ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਏ ਹੁਕਮਨਾਮੇ ਨੂੰ ਹਰੇਕ ਸਿੱਖ ਮੰਨਦਾ ਹੈ ਤੇ ਹਰੇਕ ਨੂੰ ਮੰਨਣਾ ਚਾਹੀਦਾ ਹੈ। ਜੇਕਰ ਹੁਕਮਨਾਮਿਆਂ ਦੀ ਪਾਲਣਾ ਨਹੀਂ ਕਰਾਂਗੇ ਤਾਂ ਉਸ ਨੂੰ ਪੰਥ ਪ੍ਰਵਾਨ ਨਹੀਂ ਕਰੇਗਾ।

## ਚਾਰ ਡੈਲੀਗੇਟ ਜਨਰਲ ਹਾਊਸ ਲਈ ਕੀਤੇ ਜਾਣਗੇ ਨਾਮਜ਼ਦ

ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਜਿਹੜੇ ਵੀ ਮੈਂਬਰ 100 ਮੈਂਬਰਾਂ ਦੀ ਭਰਤੀ ਕਰਨਗੇ, ਉਹ ਸਰਕਲ ਡੈਲੀਗੇਟ ਬਣਨ ਦੇ ਯੋਗ ਹੋਣਗੇ ਅਤੇ ਉਹ ਅੱਗੋਂ ਸਰਕਲ ਜਥੇਦਾਰਾਂ ਦੀ ਚੋਣ ਕਰਨਗੇ।



ਉਨ੍ਹਾਂ ਕਿਹਾ ਕਿ ਜਿਹੜੇ ਵਰਕਰ ਜਾਂ ਆਗੂ 2500 ਮੈਂਬਰਾਂ ਦੀ ਭਰਤੀ ਕਰਨਗੇ, ਉਹ ਜ਼ਿਲ੍ਹਾ ਡੈਲੀਗੇਟ ਬਣਨਗੇ ਅਤੇ ਉਹ ਹੀ ਅੱਗੇ ਜ਼ਿਲ੍ਹਾ ਜਥੇਦਾਰਾਂ ਦੀ ਚੋਣ ਕਰਨਗੇ। ਉਨ੍ਹਾਂ ਨੇ ਦੱਸਿਆ ਕਿ ਹਰ ਹਲਕੇ ਤੋਂ ਚਾਰ ਡੈਲੀਗੇਟ ਜਨਰਲ ਹਾਊਸ ਲਈ ਨਾਮਜ਼ਦ ਕੀਤੇ ਜਾਣਗੇ ਅਤੇ ਉਹ ਪਾਰਟੀ ਪ੍ਰਧਾਨ ਦੀ ਚੋਣ ਕਰਨਗੇ।

## .ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ 'ਚ ਰਹਿ ਰਹੇ ਪਰਵਾਸੀਆਂ ਨੂੰ ਕੱਢਣ ਦੀ ਚੱਲੇਗੀ ਮੁਹਿੰਮ

ਸਹੁੰ ਚੁੱਕਣ ਤੋਂ ਇਕ ਦਿਨ ਪਹਿਲਾਂ ਐਤਵਾਰ ਨੂੰ ਵਾਸ਼ਿੰਗਟਨ ਡੀਸੀ 'ਚ ਸਮਰਥਕਾਂ ਨਾਲ ਖਚਾਖਚ ਭਰੇ ਕੈਪੀਟਲ ਵਨ ਏਰੀਨਾ 'ਚ ਹੋਈ ਜੇਤੂ ਰੈਲੀ 'ਮੇਕ ਅਮੇਰਿਕਾ ਗ੍ਰੇਟ ਅਗੇਨ 'ਚ ਉਨ੍ਹਾਂ ਕਿਹਾ ਕਿ ਬਹੁਤ ਛੇਤੀ ਅਮਰੀਕੀ ਇਤਿਹਾਸ ਦੀ ਸਭ ਤੋਂ ਵੱਡੀ ਜਲਾਵਤਨ ਕਾਰਵਾਈ ਸ਼ੁਰੂ ਕਰ ਕੇ ਨਾਜਾਇਜ਼ ਪਰਵਾਸੀਆਂ ਨੂੰ ਅਮਰੀਕਾ ਤੋਂ ਬਾਹਰ ਕੱਢਿਆ ਜਾਏਗਾ। ਉਨ੍ਹਾਂ ਕਿਹਾ ਕਿ 75 ਦਿਨ ਪਹਿਲਾਂ ਅਸੀਂ ਆਪਣੇ ਦੇਸ਼ ਦੀ ਹੁਣ ਤੱਕ ਦੀ ਸਭ ਤੋਂ ਸ਼ਾਨਦਾਰ ਸਿਆਸੀ ਜਿੱਤ ਹਾਸਲ ਕੀਤੀ ਹੈ। ਮੈਂ ਆਪਣੇ ਦੇਸ਼ ਦੇ ਸਾਹਮਣੇ ਆਉਣ ਵਾਲੇ ਹਰ ਸੰਕਟ ਦਾ ਹੱਲ ਕਰਾਂਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਸੈਫ਼ 'ਤੇ ਹਮਲਾ ਕਰਨ ਵਾਲਾ ਗ੍ਰਿਫ਼ਤਾਰ

## ਬੰਗਲਾਦੇਸ਼ੀ ਨਾਗਰਿਕ ਹੈ ਦੋਸ਼ੀ





**ਮੁੰਬਈ:** ਅਦਾਕਾਰ ਸੈਫ ਅਲੀ ਖਾਨ ਦੇ ਘਰ 'ਚ ਦਾਖ਼ਲ ਹੋ ਕੇ ਉਸ 'ਤੇ ਹਮਲਾ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤੇ ਗਏ ਇਕ 30 ਸਾਲਾ ਵਿਅਕਤੀ ਨੂੰ ਅੱਜ ਅਦਾਲਤ 'ਚ ਪੇਸ਼ ਕੀਤਾ ਗਿਆ। ਜਿਸ ਤੋਂ ਬਾਅਦ ਅਦਾਲਤ ਨੇ ਉਸ ਨੂੰ 5 ਦਿਨਾਂ ਦੀ ਪੁਲਿਸ ਹਿਰਾਸਤ 'ਚ ਭੇਜ ਦਿੱਤਾ।

ਪੁਲਿਸ ਨੇ ਅਦਾਲਤ ਨੂੰ ਦੱਸਿਆ ਕਿ ਮੁਲਜ਼ਮ ਬੰਗਲਾਦੇਸ਼ੀ ਨਾਗਰਿਕ ਹੈ। ਜਿਸ ਦੀ ਪਛਾਣ ਮੁਹੰਮਦ ਸ਼ਰੀਫੁਲ ਇਸਲਾਮ ਸ਼ਹਿਜ਼ਾਦ ਵਜੋਂ ਹੋਈ ਹੈ। ਉਸਨੇ ਆਪਣਾ ਨਾਂਅ ਬਦਲ ਕੇ ਵਜੋਂਏ ਦਾਸ ਰੱਖ ਲਿਆ ਸੀ। ਉਨ੍ਹਾਂ ਦੱਸਿਆ ਕਿ ਉਹ ਬੰਗਲਾਦੇਸ਼ ਤੋਂ ਗੁਪਤ ਰਸਤੇ ਰਾਹੀਂ ਭਾਰਤ ਆਇਆ ਸੀ। ਉਨ੍ਹਾਂ ਕਿਹਾ ਕਿ ਇੱਥੇ ਹੀ ਉਸਦੀ ਮਦਦ ਕਿਸਨੇ ਕੀਤੀ ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ। ਪੁਲਿਸ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਉਨ੍ਹਾਂ ਨੂੰ ਇਹ ਪਤਾ ਲਗਾਉਣ ਦੀ ਲੋੜ ਹੈ ਕਿ ਕੀ ਇਸ ਮਾਮਲੇ ਨਾਲ ਕੋਈ ਅੰਤਰਰਾਸ਼ਟਰੀ ਸਾਜ਼ਿਸ਼ ਜੁੜੀ ਹੋਈ ਹੈ। ਵਧੇਰੇ ਡੂੰਘਾਈ ਨਾਲ ਜਾਂਚ ਲਈ ਪੁਲਿਸ ਨੇ ਅਦਾਲਤ ਤੋਂ ਮੁਲਜ਼ਮ ਦੀ 14 ਦਿਨਾਂ ਦੀ ਹਿਰਾਸਤ ਦੀ ਮੰਗ ਕੀਤੀ ਸੀ। ਇਸ ਦੌਰਾਨ ਦੋਸ਼ੀ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਉਸਦੇ ਵਿਰੁੱਧ ਲਗਾਏ ਗਏ ਦੋਸ਼ ਝੂਠੇ ਹਨ। ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ ਕਿਉਂਕਿ ਪੀੜਤ ਇਕ ਮਸ਼ਹੂਰ ਹਸਤੀ ਹੈ। ਜਦੋਂ ਕਿ ਸਰਕਾਰੀ ਵਕੀਲ ਨੇ ਕਿਹਾ ਕਿ ਦੋਸ਼ੀ ਜਾਣਦਾ ਸੀ ਕਿ ਮਸ਼ਹੂਰ ਹਸਤੀਆਂ ਕਿਸ ਇਲਾਕੇ 'ਚ ਰਹਿੰਦੀਆਂ ਹਨ, ਤੇ ਉੱਥੇ ਸੁਰੱਖਿਆ ਘੇਰਾ ਹੈ। ਇਸ ਦੇ ਬਾਵਜੂਦ, ਉਹ ਅੰਦਰ ਪਹੁੰਚ ਗਿਆ। ਜਿਸਦਾ ਮਤਲਬ ਹੈ ਕਿ ਉਸਨੇ ਇਸ ਦੀ ਯੋਜਨਾ ਬਣਾਈ ਸੀ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਮੌਕੇ ਤੋਂ ਇਕ ਚਾਕੂ ਬਰਾਮਦ ਹੋਇਆ। ਹੈ ਤੇ ਲੀਲਾਵਤੀ ਹਸਪਤਾਲ 'ਚ ਸੈਫ ਦੇ ਸਰੀਰ 'ਚੋਂ ਕੱਢਿਆ ਗਿਆ ਚਾਕੂ ਵੀ ਉਨ੍ਹਾਂ ਬਰਾਮਦ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ 3 ਟੁਕੜਿਆਂ 'ਚ ਟੁੱਟੇ ਚਾਕੂ ਦੇ ਇਕ ਟੁਕੜੇ ਦੀ ਭਾਲ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਉਹ ਬੰਗਲਾਦੇਸ਼ ਤੋਂ ਗੁਪਤ ਰਸਤੇ ਰਾਹੀਂ ਭਾਰਤ ਆਇਆ ਸੀ। ਉਨ੍ਹਾਂ ਕਿਹਾ ਕਿ ਇੱਥੇ ਹੀ ਉਸਦੀ ਮਦਦ ਕਿਸਨੇ ਕੀਤੀ। ਪੁਲਿਸ ਇਸ ਗੱਲ ਦੀ ਜਾਂਚ ਜਿ ਕਰ ਰਹੀ ਹੈ। ਪੁਲਿਸ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਉਨ੍ਹਾਂ ਨੂੰ ਇਹ ਪਤਾ ਲਗਾਉਣ ਦੀ ਲੋੜ ਹੈ ਕਿ ਕੀ ਇਸ ਮਾਮਲੇ ਨਾਲ ਕੋਈ ਅੰਤਰਰਾਸ਼ਟਰੀ ਸਾਜ਼ਿਸ਼ ਜੁੜੀ ਹੋਈ ਹੈ। ਵਧੇਰੇ ਡੂੰਘਾਈ ਨਾਲ ਜਾਂਚ ਲਈ ਪੁਲਿਸ ਨੇ ਅਦਾਲਤ ਤੋਂ ਮੁਲਜ਼ਮ ਦੀ 14 ਦਿਨਾਂ ਦੀ ਹਿਰਾਸਤ ਦੀ ਮੰਗ ਕੀਤੀ ਸੀ। ਇਸ ਦੌਰਾਨ ਦੋਸ਼ੀ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਉਸਦੇ ਵਿਰੁੱਧ ਲਗਾਏ ਗਏ ਦੋਸ਼ ਬੇਬੁਨਿਆਦ ਹਨ।

### ਸੈਫ ਨੂੰ ਹਸਪਤਾਲ 'ਚੋਂ ਮਿਲੀ ਛੁੱਟੀ

ਅਦਾਕਾਰ ਸੈਫ਼ ਅਲੀ ਖਾਨ ਨੂੰ ਪੰਜ ਦਿਨਾਂ ਬਾਅਦ ਲੀਲਾਵਤੀ ਹਸਪਤਾਲ ਵਿਚੋਂ ਛੁੱਟੀ ਮਿਲ ਗਈ ਹੈ। ਉਹ 16 ਜਨਵਰੀ ਨੂੰ ਵੱਡੇ ਤੜਕੇ ਬਾਂਦਰਾ ਵਿਚਲੇ ਆਪਣੇ ਅਪਾਰਟਮੈਂਟ ਵਿਚ ਇਕ ਸ਼ਖਸ ਵਲੋਂ ਚਾਕੂ ਨਾਲ ਕੀਤੇ ਹਮਲੇ ਵਿਚ ਜ਼ਖਮੀ ਹੋ ਗਿਆ ਸੀ। ਚਾਕੂ ਦੇ ਵਾਰ ਇੰਨੇ ਡੂੰਘੇ ਸਨ ਕਿ ਡਾਕਟਰਾਂ ਨੂੰ ਉਸ ਦੀ ਐਮਰਜੈਂਸੀ ਸਰਜਰੀ ਕਰਨੀ ਪਈ। ਡਾਕਟਰਾਂ ਨੇ ਉਸ ਨੂੰ 17 ਜਨਵਰੀ ਨੂੰ ਆਈਸੀਯੂ 'ਚੋਂ ਸਪੈਸ਼ਲ ਰੂਮ ਵਿਚ ਤਬਦੀਲ ਕਰ ਦਿੱਤਾ ਸੀ। ਤੇ ਹੁਣ ਉਸ ਨੂੰ ਘਰ ਭੇਜ ਦਿੱਤਾ ਗਿਆ ਹੈ।

# ਬਲੋਚਿਸਤਾਨ 'ਚ ਘੁਸਪੈਠ ਦੀ ਕੋਸ਼ਿਸ਼ ਦੌਰਾਨ 5 ਅੱਤਵਾਦੀ ਢੇਰ



**ਅੰਮ੍ਰਿਤਸਰ:** ਪਾਕਿਸਤਾਨ-ਅਫ਼ਗਾਨਿਸਤਾਨ ਸਰਹੱਦ 'ਤੇ ਜ਼ੋਬ ਜ਼ਿਲ੍ਹੇ ਦੇ ਸਾਂਬਾਜ਼ਾ ਖੇਤਰ 'ਚ ਘੁਸਪੈਠ ਕਰਨ ਦੀ ਕੋਸ਼ਿਸ਼ ਕਰ ਰਹੇ 5 ਖਵਾਰੀਜ਼ (ਅੱਤਵਾਦੀ) ਸੁਰੱਖਿਆ ਬਲਾਂ ਦੁਆਰਾ ਮਾਰੇ ਗਏ। ਪਾਕਿਸਤਾਨੀ ਫ਼ੌਜ ਦੇ ਮੀਡੀਆ ਵਿੰਗ ਇੰਟਰ ਸਰਵਿਸਿਜ਼ । ਪਬਲਿਕ ਰਿਲੇਸ਼ਨ (ਆਈ. ਐੱਸ. ਪੀ. ਆਰ.) ਦੇ ਅਨੁਸਾਰ ਪਾਕਿ-ਅਫ਼ਗਾਨ ਸਰਹੱਦ ਰਾਹੀਂ ਘੁਸਪੈਠ ਕਰਨ ਦੀ ਕੋਸ਼ਿਸ਼ ਕਰ ਰਹੇ ਅੱਤਵਾਦੀਆਂ ਦੇ ਉਕਤ ਸਮੂਹ 5 ਦੀ ਗਤੀਵਿਧੀ ਬਾਰੇ ਸੁਰੱਖਿਆ ਬਲਾਂ ਨੂੰ 1 ਗੁਪਤ ਜਾਣਕਾਰੀ ਮਿਲਣ 'ਤੇ ਉਨ੍ਹਾਂ ਗੋਲੀਬਾਰੀ ਕਰਕੇ ਘੁਸਪੈਠ ਦੀ ਕੋਸ਼ਿਸ਼ ਨੂੰ 5 ਨਾਕਾਮ ਕਰ ਦਿੱਤਾ।

ਆਈ. ਐੱਸ. ਪੀ. 1 ਆਰ. ਨੇ ਦੋਸ਼ ਲਗਾਇਆ ਕਿ ਪਾਕਿ : ਲਗਾਤਾਰ ਅੰਤਰਿਮ ਅਫ਼ਗਾਨ ਸਰਕਾਰ ਨੂੰ ਸਰਹੱਦ ਦੇ ਆਪਣੇ ਪਾਸੇ ਪ੍ਰਭਾਵਸ਼ਾਲੀ ਸਰਹੱਦੀ ਪ੍ਰਬੰਧਨ ਯਕੀਨੀ ਬਣਾਉਣ ਲਈ ਕਹਿ ਰਿਹਾ ਹੈ। ਇਸ ਦੇ ਬਾਵਜੂਦ ਪਾਕਿਸਤਾਨ ਵਿਰੁੱਧ ਅੱਤਵਾਦ ਦੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਖਵਾਰੀਜ਼ ਲਗਾਤਾਰ ਅਫ਼ਗਾਨ ਧਰਤੀ ਦੀ ਵਰਤੋਂ ਕਰ ਰਹੇ ਹਨ।

# 26 ਜਨਵਰੀ ਦੇ ਮੱਦੇਨਜ਼ਰ ਪੰਜਾਬ ਵਿਚ ਚੌਕਸੀ ਵਧਾਈ

**ਚੰਡੀਗੜ੍ਹ:** ਇਸ ਵਾਰ 26 ਜਨਵਰੀ ਨੂੰ ਗਣਤੰਤਰ ਦਿਵਸ ਦੇ ਮੱਦੇਨਜ਼ਰ ਪੰਜਾਬ ਪੁਲਿਸ ਸੁਰੱਖਿਆ ਕਾਰਨਾਂ ਨੂੰ ਲੈ ਕੇ ਬੇਹੱਦ ਗੰਭੀਰ ਨਜ਼ਰ ਆ ਰਹੀ ਹੈ। ਕੇਂਦਰੀ ਖੁਫੀਆ ਏਜੰਸੀਆਂ ਵੱਲੋਂ ਪੰਜਾਬ ਅੰਦਰ 26 ਜਨਵਰੀ ਮੌਕੇ ਬੰਬ ਧਮਾਕੇ ਕਰਨ ਦਾ ਅਲਰਟ ਜਾਰੀ ਕੀਤਾ ਗਿਆ ਹੈ। ਬੇਸ਼ੱਕ ਇਸ ਤਰ੍ਹਾਂ ਦੇ ਅਲਰਟ ਪਹਿਲਾਂ ਵੀ 15 ਅਗਸਤ ਜਾਂ 26 ਜਨਵਰੀ ਦੇ ਮੌਕਿਆਂ 'ਤੇ ਆਉਂਦੇ ਰਹੇ ਹਨ ਪਰ ਇਸ ਵਾਰ ਪੰਜਾਬ ਪੁਲਿਸ ਇਸ ਅਲਰਟ ਨੂੰ ਲੈ ਕੇ ਬਿਲਕੁੱਲ ਵੀ ਢਿੱਲਮੱਠ ਦਿਖਾਉਣ ਦੇ ਹਾਲਾਤ ਵਿੱਚ ਨਹੀਂ ਹੈ। ਇਸ ਦਾ ਪ੍ਰਮੁੱਖ ਕਾਰਨ ਪੰਜਾਬ ਪੁਲਿਸ ਦੇ ਥਾਣਿਆਂ ਅਤੇ ਚੌਕੀਆਂ ਉੱਪਰ ਲਗਾਤਾਰ ਹੋ ਰਹੇ ਗ੍ਰਨੇਡ ਹਮਲਿਆਂ ਦਾ ਹੋਣਾ ਹੈ



### ਪੁਲਿਸ ਮੁਲਾਜ਼ਮ ਨਹੀਂ ਲੈ ਸਕਣਗੇ ਛੁੱਟੀਆਂ

ਥਾਣਿਆਂ 'ਤੇ ਹਮਲਿਆਂ ਕਾਰਨ ਪੰਜਾਬ ਪੁਲਿਸ ਕੋਈ ਵੀ ਢਿੱਲਮੱਠ ਨਹੀਂ ਦਿਖਾਉਣਾ ਚਾਹੁੰਦੀ। ਉਸ ਵੱਲੋਂ ਕੇਂਦਰੀ ਖੁਫੀਆ ਏਜੰਸੀਆਂ ਰਾਹੀਂ 26 ਜਨਵਰੀ ਦੇ ਮੱਦੇਨਜ਼ਰ ਮਿਲੇ ਬੰਬ ਧਮਾਕਿਆਂ ਦੇ ਅਲਰਟ ਨੂੰ ਪੂਰੀ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਇਹੋ ਕਾਰਨ ਹੈ ਕਿ ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਯਾਦਵ ਵੱਲੋਂ 27 ਜਨਵਰੀ ਤੱਕ ਪੁਲਿਸ ਮੁਲਾਜ਼ਮਾਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਇਸ ਦੇ ਨਾਲ ਹੀ ਸਾਰੇ ਪੁਲਿਸ ਜ਼ਿਲ੍ਹਿਆਂ ਦੇ ਐੱਸਐੱਸਪੀਜ਼ ਨੂੰ ਪੱਤਰ ਜਾਰੀ ਕਰਕੇ ਪੂਰੀ ਤਰ੍ਹਾਂ ਮੁਸਤੈਦ ਰਹਿਣ ਦੇ ਆਦੇਸ਼ ਦਿੱਤੇ ਗਏ ਹਨ।

ਦੱਸਣਯੋਗ ਹੈ ਕਿ ਪਿਛਲੇ ਸਾਲ ਦੇ ਅਖੀਰ ਵਿੱਚ 24 ਨਵੰਬਰ ਨੂੰ ਸ਼ੁਰੂ ਹੋਇਆ ਬੰਬ ਧਮਾਕਿਆਂ ਸਿਲਸਿਲਾ ਇਸ ਨਵੇਂ ਵਰ੍ਹੇ ਦੇ ਪਹਿਲੇ ਮਹੀਨੇ ਤੱਕ ਵੀ ਜਾਰੀ ਹੈ। ਹੁਣ ਤੱਕ ਵੱਖ-ਵੱਖ ਜ਼ਿਲ੍ਹਿਆਂ ਅੰਦਰ ਪੁਲਿਸ ਥਾਣਿਆਂ ਅਤੇ ਚੌਕੀਆਂ ਉੱਪਰ ਕੁੱਲ 9 ਬੰਬ ਧਮਾਕੇ ਹੋ ਚੁੱਕੇ ਹਨ। ਬੱਬਰ ਖਾਲਸਾ ਇੰਟਰਨੈਸ਼ਨਲ ਅਤੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਵੱਲੋਂ ਇਨ੍ਹਾਂ ਬੰਬ ਧਮਾਕਿਆਂ ਦੀ ਜ਼ਿੰਮੇਵਾਰੀ ਲਈ ਜਾਂਦੀ ਰਹੀ ਹੈ। ਪੁਲਿਸ ਥਾਣਿਆਂ ਉੱਪਰ ਇੱਕ ਤੋਂ ਬਾਅਦ ਇੱਕ ਧਮਾਕੇ ਹੋਣ ਨਾਲ ਜਿੱਥੇ ਪੁਲਿਸ ਪ੍ਰਸ਼ਾਸਨ ਦੀ ਕਿਰਕਿਰੀ ਹੋ ਰਹੀ ਹੈ, ਉੱਥੇ ਇਨ੍ਹਾਂ ਧਮਾਕਿਆਂ ਉੱਪਰ ਠੱਲ੍ਹ ਪਾਉਣ ਦੀ ਵੱਡੀ ਚੁਣੌਤੀ ਵੀ ਪੰਜਾਬ ਪੁਲਿਸ ਦੇ ਆਲਾ ਅਧਿਕਾਰੀਆਂ ਸਾਹਮਣੇ ਖੜ੍ਹੀ ਹੋ ਗਈ ਹੈ। ਪੰਜਾਬ ਵਿੱਚ ਵਖ ਵਖ ਸਮਿਆਂ ਤੇ ਹੋਏ ਧਮਾਕਿਆਂ ਤੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਅੱਤਵਾਦੀ ਜਥੇਬੰਦੀਆਂ ਵੱਲੋਂ ਜ਼ਿਆਦਾਤਰ ਧਮਾਕੇ ਸਰਹੱਦੀ ਜ਼ਿਲ੍ਹਿਆਂ ਅੰਦਰ ਹੀ ਕੀਤੇ ਗਏ ਹਨ। ਜ਼ਿਲ੍ਹਾ ਗੁਰਦਾਸਪੁਰ ਦੀ ਗੱਲ ਕਰੀਏ ਤਾਂ ਕੁੱਲ 9 ਧਮਾਕਿਆਂ ਵਿੱਚੋਂ 3 ਧਮਾਕੇ ਬਟਾਲਾ ਅਤੇ ਗੁਰਦਾਸਪੁਰ ਪੁਲਿਸ ਜ਼ਿਲ੍ਹਿਆਂ ਅਧੀਨ ਥਾਣਿਆਂ ਉੱਪਰ ਹੋਏ ਹਨ।

ਪਹਿਲੀ ਘਟਨਾ 12 ਦਸੰਬਰ ਨੂੰ ਬਟਾਲਾ ਦੇ ਥਾਣਾ ਘਣੀਏ-ਕੇ-ਬਾਂਗਰ ਵਿਖੇ ਵਾਪਰੀ। ਇੱਥੇ ਥਾਣਾ ਦੇ ਬਾਹਰ ਹੈਂਡ ਗ੍ਰਨੇਡ ਸੁੱਟਿਆ ਗਿਆ ਪਰ ਚੰਗੀ ਕਿਸਮਤ ਨੂੰ ਇਹ ਗ੍ਰਨੇਡ ਫਟਿਆ ਨਹੀਂ ਪਰ ਇਸ ਘਟਨਾ ਨੇ ਪੁਲਿਸ ਪ੍ਰਸ਼ਾਸਨ ਨੂੰ ਹਿਲਾ ਕੇ ਰੱਖ ਦਿੱਤਾ। ਦੂਜੀ ਘਟਨਾ 18 ਦਸੰਬਰ ਨੂੰ ਗੁਰਦਾਸਪੁਰ ਦੇ ਨੇੜਲੇ ਪਿੰਡ ਬਖਸ਼ੀਵਾਲ ਵਿਖੇ ਵਾਪਰੀ। ਇਥੇ ਰਾਤ 8 ਵਜੇ ਬੰਦ ਪਈ ਪੁਲਿਸ ਚੌਕੀ ਉੱਪਰ ਧਮਾਕਾ। ਹੋਇਆ। ਇਹ ਚੌਕੀ 20 ਦਿਨ ਪਹਿਲਾਂ ਹੀ ਬੰਦ ਕੀਤੀ ਗਈ ਸੀ।

ਪੁਲਿਸ ਥਾਣਾ ਕਲਾਨੌਰ ਅਧੀਨ ਆਉਂਦੀ ਪੁਲਿਸ ਚੌਕੀ ਬਖਸ਼ੀਵਾਲ ਉੱਪਰ ਹੋਏ ਧਮਾਕੇ ਦੀ ਗੂੰਜ ਦੂਰ-ਦੂਰ ਸੁਣਾਈ ਦਿੱਤੀ। ਇਸ ਧਮਾਕੇ ਵਾਲੀ ਆਵਾਜ਼ ਸੁਣਨ ਤੋਂ ਬਾਅਦ ਪੁਲਿਸ ਜ਼ਿਲ੍ਹਾ ਗੁਰਦਾਸਪੁਰ ਦੀ ਨੀਂਦ ਉੱਡ ਗਈ ਹੈ। ਪੁਲਿਸ ਨੂੰ ਇਸ ਧਮਾਕੇ ਵਾਲੀ ਥਾਂ 'ਤੇ ਕੋਈ ਵੀ ਧਮਾਕੇ ਵਾਲੀ ਸਮੱਗਰੀ ਨਹੀਂ ਮਿਲੀ ਅਤੇ ਵੀਰਵਾਰ ਨੂੰ ਪੁਲਿਸ ਚੌਕੀ ਬਖਸ਼ੀਵਾਲ ਜੋ ਫੋਕਲ ਪੁਆਇੰਟ ਵਿੱਚਬਖਸ਼ੀਵਾਲ ਚੌਕੀ 'ਤੇ ਹਮਲੇ ਦੇ ਗੁਨਾਹਗਾਰ ਤਿੰਨ ਅੱਤਵਾਦੀ ਪੀਲੀਭੀਤ 'ਚ ਹੋਏ ਢੇਰ।

ਪੰਜਾਬ ਅੰਦਰ ਪੁਲਿਸ ਥਾਣਿਆਂ ਉੱਪਰ ਹੋਏ ਅਨੇਕਾਂ ਹਮਲਿਆਂ ਨੂੰ ਲੈ ਕੇ ਬੇਸ਼ੱਕ ਪੁਲਿਸ ਪ੍ਰਸ਼ਾਸਨ ਨੂੰ ਤੁਰੰਤ ਕੋਈ ਵੱਡੀ ਸਫਲਤਾ ਹੱਥ ਨਹੀਂ ਲੱਗੀ ਪਰ ਗੁਰਦਾਸਪੁਰ ਦੀ ਬਖਸ਼ੀਵਾਲ ਪੁਲਿਸ ਚੌਂਕੀ ਉੱਪਰ ਹਮਲੇ ਦੇ ਇੱਕ ਹਫਤੇ ਦੇ ਅੰਦਰ ਹੀ ਪੰਜਾਬ ਪੁਲਿਸ ਨੇ ਵੱਡੀ ਸਫਲਤਾ ਹੱਥ ਲੱਗਣ ਦਾ ਦਾਅਵਾ ਕੀਤਾ। ਅਧਿਕਾਰੀਆਂ ਅਨੁਸਾਰ ਬਖਸ਼ੀਵਾਲ ਚੌਕੀ ਉੱਪਰ ਧਮਾਕਾ ਕਰਨ ਵਾਲੇ 3 ਕਥਿਤ ਅੱਤਵਾਦੀਆਂ ਨੂੰ ਪੀਲੀਭੀਤ ਵਿਖੇ ਉੱਤਰ ਪ੍ਰਦੇਸ਼ ਪੁਲਿਸ ਅਤੇ ਪੰਜਾਬ ਪੁਲਿਸ ਦੇ ਸਾਂਝੇ ਅਪਰੇਸ਼ਨ ਦੌਰਾਨ ਇੱਕ ਪੁਲਿਸ ਮੁਕਾਬਲੇ ਦੌਰਾਨ ਮਾਰ ਮੁਕਾਇਆ ਗਿਆ। ਹਾਲਾਂਕਿ ਇਨ੍ਹਾਂ ਨੌਜਵਾਨਾਂ ਦੇ ਵਾਰਸ ਇਨ੍ਹਾਂ ਦੇ ਬੇਗੁਨਾਹ ਹੋਣ ਦਾ ਦਾਅਵਾ ਕਰਦੇ ਰਹੇ।

### ਪੰਜਾਬ 'ਚ ਕਦੋਂ-ਕਦੋਂ ਹੋਏ ਬੰਬ ਧਮਾਕੇ

-24 ਨਵੰਬਰ ਅਜਨਾਲਾ ਪੁਲਿਸ ਥਾਣੇ ਨੂੰ ਆਈਈਡੀ ਰਾਹੀਂ ਉਡਾਉਣ ਦਾ ਯਤਨ।

-26 ਨਵੰਬਰ ਅੰਮ੍ਰਿਤਸਰ ਵਿੱਚ ਹੀ 6 ਮਹੀਨੇ ਤੋਂ ਬੰਦ ਪਈ ਪੁਲਿਸ ਚੌਕੀ ਦੇ ਬਾਹਰ ਹੈਂਡ ਗ੍ਰਨੇਡ ਨਾਲ ਹਮਲਾ।

-2 ਦਸੰਬਰ ਨਵਾਂ ਸ਼ਹਿਰ ਅਧੀਨ ਕਾਠਗੜ੍ਹ ਪੁਲਿਸ ਚੌਕੀ 'ਤੇ ਸੁੱਟਿਆ ਹੈਂਡ ਗ੍ਰਨੇਡ ਜੋ ਫਟਿਆ ਨਹੀਂ।

-4 ਦਸਬੰਰ ਪੁਲਿਸ ਥਾਣਾ ਮਜੀਠਾ ਵਿਖੇ ਰਾਤ ਨੂੰ ਜ਼ੋਰਦਾਰ ਬੰਬ ਧਮਾਕਾ ਜਿਸ ਵਿੱਚ 2 ਪੁਲਿਸ ਮੁਲਾਜ਼ਮ ਜ਼ਖਮੀ ਹੋਏ।

-12 ਦਸੰਬਰ ਬਟਾਲਾ ਦੇ ਥਾਣਾ ਘਣੀਏ-ਕੇ-ਬਾਂਗਰ ਦੇ ਬਾਹਰ ਹੈਂਡ ਗ੍ਰਨੇਡ ਸੁੱਟਿਆ ਜੋ ਫਟਿਆ ਨਹੀਂ।

-17 ਦਸੰਬਰ ਅੰਮ੍ਰਿਤਸਰ ਦੇ ਰਿਹਾਇਸ਼ੀ ਇਲਾਕੇ ਇਸਲਾਮਾਬਾਦ ਵਿਖੇ ਪੁਲਿਸ ਥਾਣੇ ਅੰਦਰ ਸਵੇਰੇ ਕਰੀਬ 3 ਵਜੇ ਬੰਬ ਧਮਾਕਾ।

-18 ਦਸੰਬਰ ਗੁਰਦਾਸਪੁਰ ਦੇ ਪਿੰਡ ਬਖਸ਼ੀਵਾਲ ਵਿਖੇ ਬੰਦ ਪਈ ਪੁਲਿਸ ਚੌਕੀ 'ਤੇ ਧਮਾਕਾ।

-20 ਦਸੰਬਰ ਗੁਰਦਾਸਪੁਰ ਦੇ ਕਸਬਾ ਵਡਾਲਾ ਬਾਂਗਰ ਵਿਖੇ ਬੰਦ ਪਈ ਪੁਲਿਸ ਚੌਕੀ 'ਤੇ ਧਮਾਕਾ।

-9 ਜਨਵਰੀ ਅੰਮ੍ਰਿਤਸਰ ਦੀ ਗੁਮਟਾਲਾ ਪੁਲਿਸ ਚੌਕੀ 'ਤੇ ਗ੍ਰਨੇਡ ਹਮਲਾ।

# ਬਿਹਾਰ 'ਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ 7 ਦੀ ਮੌਤ

## ਸਾਰੀਆਂ ਮੌਤਾਂ ਲੱਗੀਆ ਥਾਣਾ ਖੇਤਰ ਤੋਂ ਹੋਈਆਂ



**ਏਜੰਸੀ:** ਬਿਹਾਰ ਦੇ ਪੱਛਮੀ ਚਪਾਰਨ ਜ਼ਿਲ੍ਹੇ 'ਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਸੱਤ ਲੋਕਾਂ ਦੀ ਮੌਤ ਹੋ ਗਈ, ਜਿਸ ਕਾਰਨ ਪ੍ਰਸ਼ਾਸਨ ਨੂੰ ਜਾਂਚ ਦੇ ਹੁਕਮ ਦਿੱਤੇ ਗਏ। ਇਕ ਪੁਲਸ ਅਧਿਕਾਰੀ ਨੇ ਐਤਵਾਰ ਨੂੰ ਦੱਸਿਆ ਕਿ ਮੌਤਾਂ ਬਾਰੇ ਐਤਵਾਰ ਨੂੰ ਪਤਾ ਲੱਗਾ, ਹਾਲਾਂਕਿ ਪਹਿਲੀ ਮੌਤ ਚਾਰ ਦਿਨ ਪਹਿਲਾਂ ਹੋਈ ਸੀ ਤੇ ਸੱਤਾਂ ਦੀਆਂ ਲਾਸ਼ਾਂ ਦਾ ਪਹਿਲਾਂ ਹੀ ਸਸਕਾਰ ਕਰ ਦਿੱਤਾ ਗਿਆ ਸੀ।

ਜ਼ਿਲ੍ਹਾ ਪੁਲਿਸ ਸੁਪਰਡੈਂਟ ਦਰਿਆ ਸੁਮਨ ਨੇ ਦੱਸਿਆ ਕਿ ਸਾਰੀਆਂ ਮੌਤਾਂ ਲੱਗੀਆ ਥਾਣਾ ਖੇਤਰ ਤੋਂ ਹੋਈਆਂ। ਸਥਾਨਕ ਲੋਕਾਂ ਨੇ ਜ਼ਹਿਰੀਲੀ ਸ਼ਰਾਬ ਨੂੰ ਮੌਤਾਂ ਲਈ ਜ਼ਿੰਮੇਵਾਰ ਠਹਿਰਾਇਆ, ਪਰ ਐਸ.ਪੀ. ਨੇ ਜ਼ੋਰ ਦੇ ਕੇ ਕਿਹਾ ਕਿ ਪਿਛਲੀਆਂ ਦੋ ਮੌਤਾਂ ਦਾ ਕਾਰਨ ਜ਼ਹਿਰੀਲੀ ਸ਼ਰਾਬ ਨਹੀਂ ਸੀ। ਸੁਮਨ ਨੇ ਦੱਸਿਆ ਕਿ ਇਕ ਨੂੰ ਟਰੈਕਟਰ ਨੇ ਟੱਕਰ ਮਾਰ ਦਿੱਤੀ ਸੀ, ਜਦੋਂ ਕਿ ਦੂਜੇ ਨੂੰ ਅਧਰੰਗ ਦਾ ਦੌਰਾ ਪਿਆ ਸੀ।

ਉਨ੍ਹਾਂ ਕਿਹਾ ਕਿ ਪਹਿਲੀ ਮੌਤ 15 ਜਨਵਰੀ ਨੂੰ ਹੋਈ ਸੀ ਹਾਲਾਂਕਿ ਸਾਨੂੰ ਇਸ ਘਟਨਾ ਬਾਰੇ ਅੱਜ ਹੀ ਪਤਾ ਲੱਗਾ।

ਬਾਕੀ ਪੰਜ ਮੌਤਾਂ ਦਾ ਕਾਰਨ ਸਪੱਸ਼ਟ ਨਹੀਂ ਸੀ ਕਿਉਂਕਿ ਪੁਲਿਸ ਨੂੰ ਸੂਚਿਤ ਕੀਤੇ ਜਾਣ ਤੋਂ ਪਹਿਲਾਂ ਹੀ ਸਾਰੀਆਂ ਸੱਤ ਲਾਸ਼ਾਂ ਦਾ ਸਸਕਾਰ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਮੌਤਾਂ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਟੀਮ ਦਾ ਗਠਨ ਕੀਤਾ ਹੈ।

# ਸੁਪਰੀਮ ਕੋਰਟ ਵਲੋਂ ਰਾਹੁਲ ਗਾਂਧੀ ਖ਼ਿਲਾਫ਼ ਚੱਲ ਰਹੀ ਸੁਣਵਾਈ ’ਤੇ ਰੋਕ

**ਨਵੀਂ ਦਿੱਲੀ:** ਲੋਕ ਸਭਾ ‘ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਸੁਪਰੀਮ ਕੋਰਟ ਨੇ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦੇ ਖ਼ਿਲਾਫ਼ ਦਾਖ਼ਲ ਮਾਣਹਾਨੀ ਮਾਮਲੇ ‘ਚ ਹੇਠਲੀ ਅਦਾਲਤ ਦੀ ਕਾਰਵਾਈ ‘ਤੇ ਰੋਕ ਲਗਾ ਦਿੱਤੀ। ਸੁਪਰੀਮ ਕੋਰਟ ਨੇ ਇਸ ਮਾਮਲੇ ‘ਚ ਝਾਰਖੰਡ ਸਰਕਾਰ ਅਤੇ ਪਟੀਸ਼ਨਕਰਤਾ ਨੂੰ ਨੋਟਿਸ ਜਾਰੀ ਕਰਕੇ ਚਾਰ ਹਫ਼ਤੇ ਅੰਦਰ ਜਵਾਬ ਮੰਗਿਆ ਹੈ। ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੇ ਬੈਂਚ ਨੇ ਨੋਟਿਸ ਜਾਰੀ ਕਰਦਿਆਂ ਕਿਹਾ ਕਿ ਅਗਲੇ ਆਦੇਸ਼ ਤੱਕ ਮੁਕੱਦਮੇ ਦੀ ਅੱਗੇ ਦੀ ਕਾਰਵਾਈ ‘ਤੇ ਰੋਕ ਰਹੇਗੀ। ਇਸ ਦੇ ਪਿਛੋਕੜ ‘ਚ ਭਾਜਪਾ 2019 ‘ਚ ਰਾਹੁਲ ਗਾਂਧੀ ਦੇ ਖ਼ਿਲਾਫ਼ ਕੇਸ ਦਰਜ ਕਰਵਾਉਣ ਦਾ ਮਾਮਲਾ ਹੈ। 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਚਾਈਬਾਸਾ ‘ਚ ਆਪਣੇ ਭਾਸ਼ਨ ਦੌਰਾਨ ਰਾਹੁਲ ਗਾਂਧੀ ਨੇ ਕਥਿਤ ਤੌਰ ‘ਤੇ ਅਮਿਤ ਸ਼ਾਹ ਲਈ ‘ਹਤਿਆਰਾ’ ਸ਼ਬਦ ਦੀ ਵਰਤੋਂ ਕੀਤੀ ਸੀ। ਰਾਹੁਲ ਗਾਂਧੀ ਦੀ ਪੈਰਵੀ ਕਰਦਿਆਂ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੇ ਦਲੀਲ ਦਿੰਦਿਆਂ ਕਿਹਾ ਕਿ ਮਾਣਹਾਨੀ ਦੀ। ਸ਼ਿਕਾਇਤ ਕਿਸੇ ਤੀਜੀ ਧਿਰ ਵਲੋਂ ਨਹੀਂ ਕੀਤੀ ਜਾ ਸਕਦੀ। ਰਾਹੁਲ ਗਾਂਧੀ ਨੇ ਝਾਰਖੰਡ ਹਾਈ ਕੋਰਟ ਦੇ ਉਸ ਆਦੇਸ਼ ਨੂੰ ਚੁਣੌਤੀ ਦਿੱਤੀ, ਜਿਸ ‘ਚ ਅਦਾਲਤ ਨੇ ਹੇਠਲੀ ਅਦਾਲਤ ‘ਚ ਰਾਹੁਲ ਗਾਂਧੀ ਦੇ ਖ਼ਿਲਾਫ਼



ਜਾਰੀ ਕਾਰਵਾਈ ਨੂੰ ਰੱਦ ਕਰਨ ਦੀ ਅਪੀਲ ਕਰਨ ਵਾਲੀ ਪਟੀਸ਼ਨ ਖ਼ਾਰਜ ਕਰ ਦਿੱਤੀ ਸੀ।

# ਭਾਈ ਰਾਜੋਆਣਾ ਦੀ ਪਟੀਸ਼ਨ ’ਤੇ 18 ਮਾਰਚ ਤੱਕ ਫ਼ੈਸਲਾ ਲਵੇ ਕੇਂਦਰ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ‘ਚ ਦੋਸ਼ੀ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਪਟੀਸ਼ਨ ‘ਤੇ ਸੁਣਵਾਈ ਕਰਦਿਆਂ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਕੇਂਦਰ ਸਰਕਾਰ ਨੂੰ ਝਾੜ ਪਾਉਂਦਿਆਂ ਕਿਹਾ ਕਿ ਜਾਂ ਤਾਂ ਉਹ (ਕੇਂਦਰ ਸਰਕਾਰ) ਇਸ ਮਾਮਲੇ ‘ਤੇ ਆਪਣਾ ਫ਼ੈਸਲਾ ਸੁਣਾਵੇ ਨਹੀਂ ਤਾਂ ਅਦਾਲਤ ਇਸ ਮਾਮਲੇ ‘ਚ ਮੈਰਿਟ ਦੇ ਆਧਾਰ ‘ਤੇ ਆਪਣਾ ਫੈਸਲਾ ਸੁਣਾਏਗੀ। ਸੁਪਰੀਮ ਕੋਰਟ ਦੀ ਜਸਟਿਸ ਬੀ.ਆਰ. ਗਵੱਈ ਦੀ ਅਗਵਾਈ ਵਾਲੀ ਬੈਂਚ ਨੇ ਸਰਕਾਰ ਨੂੰ 18 ਮਾਰਚ ਤੱਕ ਦੀ ਸਮਾਂ ਹੱਦ ਦਿੰਦਿਆਂ ਕਿਹਾ ਕਿ ਅਦਾਲਤ ਕੇਂਦਰ ਸਰਕਾਰ ਨੂੰ ਆਖਰੀ ਮੌਕਾ ਦੇ ਰਹੀ ਹੈ। ਜੇਕਰ ਕੇਂਦਰ ਸਰਕਾਰ ਫੈਸਲਾ ਨਹੀਂ ਲੈ ਸਕੀ ਤਾਂ ਅਦਾਲਤ ਮੈਰਿਟ ਦੇ ਆਧਾਰ ‘ਤੇ ਸੁਣਵਾਈ ਸ਼ੁਰੂ ਕਰੇਗੀ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਜ਼ਿਕਰ ਕਰਦਿਆਂ ਕਿਹਾ ਰਹਿਮ ਦੀ ਪਟੀਸ਼ਨ ਗ੍ਰਹਿ ਮੰਤਰਾਲੇ ਕੋਲ ਹੀ ਬਕਾਇਆ ਹੈ, ਹਾਲੇ ਰਾਸ਼ਟਰਪਤੀ ਕੋਲ ਨਹੀਂ ਗਈ। ਮਹਿਤਾ ਨੇ ਕਿਹਾ ਕਿ ਇਹ ਇਕ ਮੁੱਖ ਮੰਤਰੀ ਸਮੇਤ 16 ਲੋਕਾਂ ਦੀ ਹੱਤਿਆ ਦਾ ਮਾਮਲਾ ਹੈ। ਸਰਕਾਰ ਹਾਲੇ ਇਸ ਮੁੱਦੇ ‘ਤੇ ਵਿਚਾਰ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਭਾਈ ਰਾਜੋਆਣਾ ਤਕਰੀਬਨ 29 ਸਾਲਾਂ ਤੋਂ ਜੇਲ੍ਹ ‘ਚ ਬੰਦ ਹੈ ਅਤੇ ਉਸਦੀ ਰਹਿਮ ਦੀ ਪਟੀਸ਼ਨ ਵੀ 12 ਸਾਲ ਤੋਂ ਵੱਧ ਸਮੇਂ ਤੋਂ ਕੇਂਦਰ ਸਰਕਾਰ ਕੋਲ ਲੰਬਿਤ ਹੈ। ਜਸਟਿਸ ਬੀ.ਆਰ. ਗਵੱਈ, ਪ੍ਰਸ਼ਾਂਤ ਕੁਮਾਰ ਮਿਸ਼ਰਾ ਅਤੇ ਕੇ.ਵੀ. ਵਿਸ਼ਵਾਨਾਥਨ ਦੀ ਬੈਂਚ ਅੱਗੇ ਭਾਈ ਰਾਜੋਆਣਾ ਦਾ ਪੱਖ ਰੱਖਦਿਆਂ ਵਕੀਲ ਨੇ ਕਿਹਾ ਕਿ ਮੌਤ ਦੀ ਸਜ਼ਾ ਦੇ ਮਾਮਲੇ ‘ਚ ਲੰਬੇ ਸਮੇਂ ਤੱਕ ਦੇਰੀ ਕਰਨਾ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਹੈ। ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਇਹ ਮਾਮਲਾ ਸਾਬਕਾ ਚੀਫ ਜਸਟਿਸ ਐਸ.ਏ. ਬੋਬਡੇ ਦੇ ਸਮੇਂ ਤੋਂ ਚੱਲ ਰਿਹਾ ਹੈ।

ਰਾਜੋਆਣਾ 29 ਸਾਲਾਂ ਤੋਂ ਜੇਲ ‘ਚ ਹੈ, ਹੁਣ ਉਨ੍ਹਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਰੋਹਤਗੀ ਨੇ ਇਹ ਵੀ ਕਿਹਾ ਕਿ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਮਾਮਲੇ ‘ਚ ਮੌਤ ਦੀ ਸਜ਼ਾ ਨੂੰ ਉਮਰਕੈਦ ‘ਚ ਬਦਲਿਆ ਗਿਆ ਸੀ। ਜਸਟਿਸ ਗਵੱਈ ਨੇ ਕਿਹਾ ਕਿ ਮਾਮਲੇ ਨੂੰ 18 ਮਾਰਚ ਨੂੰ ਸੁਣਨਗੇ। ਨਾਲ ਹੀ ਕੇਂਦਰ ਸਰਕਾਰ ਵਲੋਂ ਪੇਸ਼ ਹੋਏ ਸਾਲਿਸਟਰ ਜਨਰਲ ਨੂੰ ਸਖ਼ਤੀ ਨਾਲ ਕਿਹਾ ਕਿ ਅਸੀਂ ਤੁਹਾਨੂੰ ਆਖਰੀ ਮੌਕਾ ਦੇ ਰਹੇ ਹਾਂ ਜਾਂ ਤਾਂ ਤੁਸੀਂ ਫ਼ੈਸਲਾ ਲਓ ਜਾਂ ਅਸੀਂ ਮੈਰਿਟ ਦੇ ਆਧਾਰ ‘ਤੇ ਸੁਣਵਾਈ ਕਰਾਂਗੇ।

# ਪਿਤਾ ਦੀ ਲਾਸ਼ ਦਫ਼ਨਾਉਣ ਲਈ ਪੁੱਤ ਦਾ ਸਰਬਉੱਚ ਅਦਾਲਤ ’ਚ ਆਉਣਾ ਦੁਖਦਾਈ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸੋਮਵਾਰ ਨੂੰ ਇਕ ਮਾਮਲੇ ਦੀ ਸੁਣਵਾਈ ਦੌਰਾਨ ਕਿਹਾ ਹੈ ਕਿ ਇਕ ਪੁੱਤਰ ਨੂੰ ਆਪਣੇ ਪਿਤਾ ਦੀ ਲਾਸ਼ ਨੂੰ ਦਫ਼ਨਾਉਣ ਲਈ ਸੁਪਰੀਮ ਕੋਰਟ ਆਉਣਾ ਪੈਂਦਾ ਹੈ, ਇਹ ਬਹੁਤ ਦੁਖਦਾਈ ਹੈ। ਜਸਟਿਸ ਬੀ.ਵੀ. ਨਾਗਰਤਨ ਤੇ ਜਸਟਿਸ ਸਤੀਸ਼ ਚੰਦਰ ਸ਼ਰਮਾ ਦੀ ਬੈਂਚ ਨੇ ਇਹ ਟਿੱਪਣੀ ਰਮੇਸ਼ ਬਘੇਲ ਨਾਮਕ ਪਟੀਸ਼ਨਕਰਤਾ ਦੀ ਪਟੀਸ਼ਨ ‘ਤੇ ਸੁਣਵਾਈ ਕਰਦੇ ਹੋਏ ਕੀਤੀ।

ਰਮੇਸ਼ ਬਘੇਲ ਨੇ ਛੱਤੀਸਗੜ੍ਹ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ‘ਚ ਚੁਣੌਤੀ ਦਿੱਤੀ ਹੈ। ਦਰਅਸਲ ਹਾਈ ਕੋਰਟ ਨੇ ਰਮੇਸ਼ ਦੇ ਪਿਤਾ, ਜੋ ਕਿ ਇਕ ਈਸਾਈ ਪਾਦਰੀ ਸਨ, ਨੂੰ ਪਿੰਡ ਦੇ ਕਬਰਿਸਤਾਨ ‘ਚ ਦਫ਼ਨਾਉਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਸੁਪਰੀਮ ਕੋਰਟ ਨੇ ਸੁਣਵਾਈ ਦੌਰਾਨ ਕਿਹਾ ਕਿ ਇਕ ਵਿਅਕਤੀ, ਜੋ ਉਸ ਪਿੰਡ ਚ ਰਹਿੰਦਾ ਸੀ, ਉਸ ਦੀ ਵੀ ਮੌਤ ਤੋਂ ਬਾਅਦ ਉਸ ਨੂੰ ਪਿੰਡ ਦੇ ਕਬਰਿਸਤਾਨ ‘ਚ ਦਫ਼ਨਾਉਣ ਦੀ ਇਜਾਜ਼ਤ ਕਿਉਂ ਨਹੀਂ ਦਿੱਤੀ ਜਾ ਰਹੀ ? ਲਾਸ਼ 7 ਜਨਵਰੀ ਤੋਂ ਮੁਰਦਾਘਰ ‘ਚ ਪਈ ਹੈ। ਇਹ ਕਹਿਣਾ ਦੁੱਖ ਦੀ ਗੱਲ ਹੈ ਕਿ ਇਕ ਵਿਅਕਤੀ ਨੂੰ ਆਪਣੇ ਪਿਤਾ ਨੂੰ ਦਫ਼ਨਾਉਣ ਲਈ ਸੁਪਰੀਮ ਕੋਰਟ ਆਉਣਾ ਪੈਂਦਾ ਹੈ।

ਸੁਪਰੀਮ ਕੋਰਟ ਨੇ ਕਿਹਾ ਕਿ ਨਾ ਤਾਂ ਪੰਚਾਇਤ, ਨਾ ਹੀ ਰਾਜ ਸਰਕਾਰ ਤੇ ਨਾ ਹੀ ਹਾਈ ਕੋਰਟ ਇਸ ਸਮੱਸਿਆ ਦਾ ਹੱਲ ਕਰ ਸਕੀ। ਅਸੀਂ ਹਾਈ ਕੋਰਟ ਦੀ ਇਸ ਟਿੱਪਣੀ ਤੋਂ ਵੀ ਹੈਰਾਨ ਹਾਂ ਕਿ ਇਸ ਨਾਲ ਕਾਨੂੰਨ ਵਿਵਸਥਾ ਨੂੰ ਨੁਕਸਾਨ ਪਹੁੰਚਦਾ ਹੈ।

# ਕੈਨੇਡਾ ਗਏ ਤਰਨਤਾਰਨ ਦੇ ਨੌਜਵਾਨ ਦੀ ਮੌਤ


**ਝਬਾਲ:** ਪਿੰਡ ਪੰਡੋਰੀ ਰਣਸਿੰਘ ਤੋਂ ਢਾਈ ਸਾਲ ਪਹਿਲਾ ਉਚੇਰੀ ਸਿੱਖਿਆ ਅਤੇ ਆਪਣਾ ਭਵਿੱਖ ਉੱਜਵਲ ਕਰਨ ਲਈ ਕੈਨੇਡਾ ਦੀ ਧਰਤੀ ਤੇ ਗਏ 24 ਸਾਲਾ ਨੌਜਵਾਨ ਦਾ ਦੇਹਾਂਤ ਹੋ ਗਿਆ। ਨੌਜਵਾਨ ਸਤਪਾਲ ਸਿੰਘ ਦੇ ਦੇਹਾਂਤ ਦੀ ਖਬਰ ਜਿਵੇਂ ਹੀ ਪਿੰਡ ਵਿਚ ਪੁੱਜੀ ਤਾਂ ਸੋਗ ਦੀ ਲਹਿਰ ਦੌੜ ਗਈ। ਹਰ ਕੋਈ ਉਨ੍ਹਾਂ ਦੇ ਘਰ ਅਫਸੋਸ ਕਰਨ ਲਈ ਪਹੁੰਚਣ ਲੱਗਾ। ਮ੍ਰਿਤਕ ਨੌਜਵਾਨ ਸਤਪਾਲ ਸਿੰਘ ਪੁੱਤਰ ਗੁਰਮੀਤ ਸਿੰਘ ਦੇ ਚਾਚਾ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਭਰਾ ਗੁਰਮੀਤ ਸਿੰਘ ਦੀ ਬਹੁਤ ਸਮਾਂ ਪਹਿਲਾਂ ਮੌਤ ਹੋ ਗਈ ਸੀ ਤੇ ਉਸਦੇ ਦੋ ਬੱਚੇ ਇਕ ਲੜਕਾ ਤੇ ਇਕ ਲੜਕੀ ਸਨ। ਜਦੋਂ ਕਿ ਉਸਦਾ ਭਤੀਜਾ ਸਤਪਾਲ ਸਿੰਘ 12ਵੀਂ ਕਰਨ ਤੋਂ ਬਾਅਦ ਕੈਨੇਡਾ



ਦੇ ਵਿਨੀਪੈਗ ਸ਼ਹਿਰ ਵਿਚ ਸਟੱਡੀ ਵੀਜੇ ‘ਤੇ ਚਲਾ ਗਿਆ। 14 ਜਨਵਰੀ ਨੂੰ ਉਨ੍ਹਾਂ ਨੂੰ ਤੜਕਸਾਰ ਫੋਨ ਆਇਆ ਕਿ ਸਤਪਾਲ ਸਿੰਘ ਦੀ ਮੌਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਸਤਪਾਲ ਦੀ ਦੇਹ ਅਜੇ ਵੀ ਕੈਨੇਡਾ ਵਿਚ ਪਈ ਹੈ। ਜਿਸ ਨੂੰ ਕਿ ਭਾਰਤ ਲਿਆਉਣ ਦੇ ਯਤਨ ਚੱਲ ਰਹੇ ਹਨ।

# ਮੱਤੇਵਾੜਾ ਜੰਗਲ ਅਤੇ ਬੁੱਢਾ ਦਰਿਆ ਬਾਰੇ ਜਾਗਰੂਕਤਾ ਕਿਤਾਬਚਾ ਲੋਕ ਅਰਪਣ

**ਲੁਧਿਆਣਾ:** ਪਬਲਿਕ ਐਕਸ਼ਨ ਕਮੇਟੀ (ਪੀ.ਏ.ਸੀ.) ਨੇ ਆਪਣਾ ਨਵਾਂ ਪ੍ਰਕਾਸ਼ਿਤ ਕਿਤਾਬਚਾ, ‘ਮਦਰ ਅਰਥ’ ਰਿਲੀਜ਼ ਕੀਤਾ। ਲੁਧਿਆਣਾ ਦੇ ਮੱਤੇਵਾੜਾ ਜੰਗਲਾਂ, ਸਤਲੁਜ ਦਰਿਆ ਅਤੇ ਬੁੱਢਾ ਦਰਿਆ ‘ਤੇ ਕੇਂਦਰਿਤ ਵੱਖ-ਵੱਖ ਸੰਸਥਾਵਾਂ, ਗੈਰ-ਸਰਕਾਰੀ ਸੰਗਠਨਾਂ ਅਤੇ ਕਮਿਊਨਿਟੀ ਗਰੁੱਪਾਂ ਦੇ ਵਾਤਾਵਰਨ ਐਡਵੋਕੇਟਾਂ ਦੇ ਨਾਲ-ਨਾਲ ਪੀਏਸੀ ਟੀਮ ਦੇ ਮੈਂਬਰਾਂ ਦੇ ਸਹਿਯੋਗੀ ਕੰਮ ਦੁਆਰਾ ਇਹ ਯਤਨ ਸੰਭਵ ਹੋਇਆ ਹੈ। ‘ਮਦਰ ਅਰਥ’ ਸਿਰਲੇਖ ਵਾਲੇ ਕਿਤਾਬਚੇ ਦਾ ਉਦੇਸ਼ ਸਾਡੇ ਵਾਤਾਵਰਨ ਦੇ ਨਾਜ਼ੁਕ ਤੱਤਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ, ਜਿਸ ਵਿੱਚ ਸੰਭਾਲ ਦੀ ਮਹੱਤਤਾ, ਟਿਕਾਊ ਵਰਤੋਂ ਅਤੇ ਸਰੋਤਾਂ ਦੇ ਸਹੀ ਨਿਪਟਾਰੇ ‘ਤੇ ਜ਼ੋਰ ਦਿੱਤਾ ਗਿਆ ਹੈ। ਇਹ ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਵਾਧਾ ਕਰਨ ਬਾਰੇ ਸੂਝ ਪ੍ਰਦਾਨ ਕਰਦਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਪਾਣੀ, ਹਵਾ, ਮਿੱਟੀ, ਰਹਿੰਦ-ਖੂੰਹਦ ਪ੍ਰਬੰਧਨ, ਜਨਤਕ ਸਿਹਤ, ਹਰਿਆਲੀ ਵਿਕਾਸ, ਅਤੇ ਵਾਤਾਵਰਣ ਸੰਬੰਧੀ ਕਾਨੂੰਨਾਂ ਨੂੰ ਲਾਗੂ ਕਰਨ ‘ਤੇ ਧਿਆਨ ਕੇਂਦਰਤ ਕਰੋ। ਕਿਤਾਬਚੇ ਦਾ ਮੁੱਖ ਟੀਚਾ ਵਾਤਾਵਰਣ ਸੰਤੁਲਨ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ, ਇਹ ਯਕੀਨੀ ਬਣਾਉਣਾ ਕਿ ਆਉਣ ਵਾਲੀਆਂ ਪੀੜ੍ਹੀਆਂ ਇੱਕ ਸਿਹਤਮੰਦ, ਹਰਿਆਲੀ ਗ੍ਰਹਿ ਦਾ ਆਨੰਦ ਮਾਣ ਸਕਣ। ਇਹ ਸਮੱਗਰੀ ਲੋਕਾਂ, ਖਾਸ ਤੌਰ ‘ਤੇ ਨੌਜਵਾਨਾਂ ਨੂੰ ਸ਼ਾਮਲ ਕਰਨ ਲਈ ਤਿਆਰ ਕੀਤੀ ਗਈ ਹੈ, ਉਹਨਾਂ ਨੂੰ ਸਾਫ਼-ਸੁਥਰੇ, ਵਧੇਰੇ ਟਿਕਾਊ, ਅਤੇ ਵਾਤਾਵਰਣ-ਅਨੁਕੂਲ ਵਾਤਾਵਰਣ ਲਈ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਦੀ ਹੈ। ਇੱਕ ਸੰਪੂਰਨ ਦ੍ਰਿਸ਼ਟੀਕੋਣ ਦੁਆਰਾ, ਕਿਤਾਬਚਾ ਉਹਨਾਂ ਕੀਮਤੀ ਸਰੋਤਾਂ ਨੂੰ ਸੁਰੱਖਿਅਤ ਕਰਨ ਵਿੱਚ ਸਮੁਦਾਏ ਦੀ ਸਰਗਰਮ ਭਾਗੀਦਾਰੀ ਨੂੰ ਉਤਸ਼ਾਹਿਤ ਕਰਦਾ ਹੈ ਜੋ ਧਰਤੀ ਮਾਤਾ ਨੇ ਸਾਡੇ ਲਈ ਸਥਾਈ ਰੂਪ ਵਿੱਚ ਵਰਤਣ, ਸੰਭਾਲਣ ਅਤੇ ਅਮੀਰ ਬਣਾਉਣ ਲਈ ਪ੍ਰਦਾਨ ਕੀਤੇ ਹਨ।



ਇਸ ਕਿਤਾਬਚੇ ਨੂੰ ਅਧਿਕਾਰਤ ਤੌਰ ‘ਤੇ ਰਾਮਗੜ੍ਹੀਆ ਕਾਉਂਸਿਲ ਆਫ਼ ਐਜੂਕੇਸ਼ਨ ਦੇ ਦੋ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੁਆਰਾ ਲਾਂਚ ਕੀਤਾ ਗਿਆ ਸੀ, ਜੋ ਰਚਨਾਤਮਕਤਾ ਅਤੇ ਵਚਨਬੱਧਤਾ ਨਾਲ ਵਾਤਾਵਰਣ ਸੰਭਾਲ ਦੇ ਸਿਧਾਂਤਾਂ ਨੂੰ ਲਾਗੂ ਕਰਨ ਲਈ ਦੂਜਿਆਂ ਨੂੰ ਉਤਸ਼ਾਹਿਤ ਕਰਦੇ ਹੋਏ ਉਦੇਸ਼ ਦੇ ਦੂਤ ਵਜੋਂ ਕੰਮ ਕਰਨਗੇ। ਇਸ ਸਮਾਗਮ ਦੀ ਪ੍ਰਧਾਨਗੀ ਰਾਮਗੜ੍ਹੀਆ ਗਰੁੱਪ ਆਫ਼ ਕੌਂਸਲ ਦੇ ਚੇਅਰਮੈਨ ਸ: ਰਣਜੋਧ ਸਿੰਘ ਨੇ ਕੀਤੀ ਅਤੇ ਇਸ ਮੌਕੇ ਉੱਘੇ ਵਾਤਾਵਰਣ ਪ੍ਰੇਮੀ ਅਤੇ ਸਮਾਜ ਸੇਵੀ ਹਾਜ਼ਰ ਸਨ। ਵਰਤਮਾਨ ਵਿਚ ਅੰਗਰੇਜ਼ੀ ਵਿੱਚ ਉਪਲਬਧ, ਕਿਤਾਬਚੇ ਦੇ ਪੰਜਾਬੀ ਅਤੇ ਹਿੰਦੀ ਅਨੁਵਾਦ ਤਿਆਰੀ ਦੇ ਅੰਤਿਮ ਪੜਾਅ ਵਿੱਚ ਹਨ ਅਤੇ ਜਲਦੀ ਹੀ ਜਾਰੀ ਕੀਤੇ ਜਾਣਗੇ। ਇਹ ਕਿਤਾਬਚਾ ਸਕੂਲਾਂ-ਕਾਲਜਾਂ ਦੇ




ਵਿਦਿਆਰਥੀਆਂ ਦੇ ਨਾਲ-ਨਾਲ ਹੋਰ ਦਿਲਚਸਪੀ ਰੱਖਣ ਵਾਲਿਆਂ ਨੂੰ ਵੀ ਮੁਫ਼ਤ ਵੰਡਿਆ ਜਾਵੇਗਾ। ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਨਾਲ-ਨਾਲ ਹੋਰ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਲਈ ਚਾਰਜ ਦਾ ਰੁੱਖ। ਕਮੇਟੀ ਦੇ ਕਨਵੀਨਰ ਲੇਖ ਰਾਜ ਨਈਅਰ ਨੇ ਕਿਹਾ ‘ਅਸੀਂ ਉਨ੍ਹਾਂ ਸਾਰੇ ਲੋਕਾਂ ਦਾ ਦਿਲੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਇਸ ਪਹਿਲਕਦਮੀ ਵਿੱਚ ਸਮਰਥਨ ਅਤੇ ਭਰੋਸਾ ਕੀਤਾ ਹੈ ਅਤੇ ਇਸ ਸੰਦੇਸ਼ ਨੂੰ ਫੈਲਾਉਣ ਲਈ ਹੋਰ ਯੋਗਦਾਨ ਦੀ ਉਮੀਦ ਕਰਦੇ ਹਾਂ। ਇਕੱਠੇ ਮਿਲ ਕੇ, ਅਸੀਂ ਆਪਣੇ ਵਾਤਾਵਰਣ ਦੇ ਭਵਿੱਖ ‘ਤੇ ਮਹੱਤਵਪੂਰਨ ਪ੍ਰਭਾਵ ਪਾ ਸਕਦੇ ਹਾਂ।’ ਹੋਰ ਪੁੱਛਗਿੱਛ ਲਈ ਜਾਂ ਆਪਣੀਆਂ ਕਾਪੀਆਂ ਮੁਫ਼ਤ ਪ੍ਰਾਪਤ ਕਰਨ ਲਈ ਕਰਨਲ ਸੀ.ਐਮ ਲਖਨਪਾਲ ਮੈਂਬਰ, ਪੀ.ਏ.ਸੀ. ਮੱਤੇਵਾੜਾ ਜੰਗਲ, ਸਤਲੁਜ ਦਰਿਆ, ਅਤੇ ਬੁੱਢਾ ਦਰਿਆ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ‘ਆਪ’ ਦਿੱਲੀ ’ਚ ਚੌਥੀ ਵਾਰ ਬਹੁਮਤ ਨਾਲ ਸਰਕਾਰ ਬਣਾਵੇਗੀ: ਅਮਨ ਅਰੋੜਾ

**ਲੁਧਿਆਣਾ:** ਲੋਕ ਪੱਖੀ ਨੀਤੀਆਂ ਦੇ ਨਾਲ ਰਾਜਨੀਤੀ ‘ਚ ਵੱਡਾ ਬਦਲਾਅ ਲਿਆਉਣ ਵਾਲੀ ਆਮ ਆਦਮੀ ਪਾਰਟੀ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ‘ਚ ਸ਼ਾਨਦਾਰ ਜਿੱਤ ਦੇ ਨਾਲ ਚੌਥੀ ਵਾਰ ਸਰਕਾਰ ਬਣਾਏਗੀ। ਇਹ ਦਾਅਵਾ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਲੁਧਿਆਣਾ ਦੇ ਗੁਰੂ ਨਾਨਕ ਦੇਵ ਭਵਨ ਵਿਖੇ ਕੌਂਸਲਰਾਂ ਦੇ ਸਹੁੰ ਚੁੱਕ ਸਮਾਗਮ ਤੇ ਮੇਅਰ ਦੀ ਚੋਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਅਮਨ ਅਰੋੜਾ ਨੇ ਕਿਹਾ ਕਿ ਦਿੱਲੀ ਵਿਧਾਨ ਸਭਾ ਚੋਣਾਂ ‘ਚ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵਲੋਂ ਚੱਲੀਆਂ ਜਾ ਰਹੀਆਂ ਚਾਲਾਂ ਪੂਰੀ ਤਰ੍ਹਾਂ ਅਸਫਲ ਹੋਣਗੀਆਂ, ਕਿਉਂਕਿ ਅਪਰਾਧਿਕ ਪ੍ਰਵਿਰਤੀ ਵਾਲੇ ਆਗੂਆਂ ਨੂੰ ਭਾਜਪਾ ਦੀ ਵਾਸ਼ਿੰਗ ਮਸ਼ੀਨ ‘ਚ ਪਾ ਕੇ ਇਮਾਨਦਾਰ ਬਣਾ ਦਿੱਤਾ ਜਾਂਦਾ ਹੈ ਅਤੇ ਵਿਰੋਧੀ ਪਾਰਟੀਆਂ ਦੇ ਇਮਾਨਦਾਰ ਆਗੂ ਵੀ ਉਨ੍ਹਾਂ ਨੂੰ ਬੇਈਮਾਨ ਵਿਖਾਈ ਦਿੰਦੇ ਹਨ। ਅਮਨ ਅਰੋੜਾ ਨੇ



ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ ‘ਚ ਵੱਡੇ ਬਹੁਮਤ ਨਾਲ ਆਪਣੀ ਸਰਕਾਰ ਬਣਾਉਣ ‘ਚ ਸਫਲ ਰਹੇਗੀ। ਅਮਨ ਅਰੋੜਾ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵਲੋਂ ਇਕ ਪੋਸਟ ਰਾਹੀਂ ‘ਆਪ’ ਦੇ ਇਕ ਸਲਾਹਕਾਰ ਲਗਾਏ ਦਿੱਲੀ ਦੇ ਆਗੂ ਨੂੰ ਦਿੱਤੀ ਜੈੱਡ ਸਕਿਓਰਿਟੀ ਦੇ ਲਗਾਏ ਗਏ ਦੋਸ਼ਾਂ ਨੂੰ ਸਿਰੇ ਤੋਂ ਖ਼ਾਰਜ ਕਰਦਿਆਂ ਕਿਹਾ ਕਿ ਮਜੀਠੀਆ ਨੂੰ ‘ਆਪ’ ਦਾ ‘ਫੋਬੀਆ’ ਹੋ ਗਿਆ ਤੇ ਉਨ੍ਹਾਂ ਨੂੰ ਅਕਾਲੀ ਦਲ ਨੂੰ ਉਪਰ ਚੁੱਕਣ ਲਈ ਧਿਆਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਅਮਨ ਅਰੋੜਾ ਨੇ ਲੁਧਿਆਣਾ ਵਾਸੀਆਂ ਨੂੰ ਪਹਿਲੀ ਮਹਿਲਾ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਦੇ ਰੂਪ ‘ਚ ਮਿਲਣ ‘ਤੇ ਵਧਾਈ ਦਿੰਦਿਆਂ ਕਿਹਾ ਕਿ ‘ਆਪ’ ਦੀ ਸਾਰੀ ਸਥਾਨਕ ਲੀਡਰਸ਼ਿੱਪ ਨੇ ‘ਆਪ’ ਦਾ ਮੇਅਰ, ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਬਣਾਉਣ ਲਈ ਪੂਰੀ ਇਕਜੁੱਟਤਾ ਵਿਖਾਉਂਦੇ ਹੋਏ ਕੰਮ ਕੀਤਾ ਹੈ।

# ਕਿਸਾਨ ਆਗੂ 26 ਜਨਵਰੀ ਦੇ ਪ੍ਰੋਗਰਾਮ ’ਤੇ ਕਾਇਮ

*ਕਿਸਾਨ ਮਜ਼ਦੂਰ ਮੋਰਚੇ ਦੇ ਕਨਵੀਨਰ ਸਰਵਣ ਸਿੰਘ ਪੰਧੇਰ ਨੇ ਕੀਤਾ ਐਲਾਨ

* ਡੱਲੇਵਾਲ ਨੂੰ ਮਰਨ ਵਰਤ ਖ਼ਤਮ ਕਰਨ ਦੀ ਅਪੀਲ



**ਰਾਜਪੁਰਾ:** ਕਿਸਾਨੀ ਮੰਗਾਂ ਨੂੰ ਲੈ ਕੇ ਪਿਛਲੇ 11 ਮਹੀਨੇ ਤੋਂ ਸੰਘਰਸ਼ ਕਰ ਰਹੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚੇ ਨੇ ਦਿੱਲੀ ਕੂਚ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਹੈ। ਸੋਮਵਾਰ ਨੂੰ ਕਿਸਾਨ ਮਜ਼ਦੂਰ ਮੋਰਚੇ ਦੇ ਕਨਵੀਨਰ ਸਰਵਣ ਸਿੰਘ ਪੰਧੇਰ ਨੇ ਇਸ ਦਾ ਐਲਾਨ ਕੀਤਾ ਹੈ। ਹਾਲਾਂਕਿ 26 ਮਾਰਚ ਦਾ ਪ੍ਰੋਗਰਾਮ ਜਿਉ ਦਾ ਤਿਓ ਰਹੇਗਾ।

ਇਸ ਦੇ ਨਾਲ ਹੀ ਪੰਧੇਰ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਕਿਸਾਨਾਂ ‘ਚ ਫੁੱਟ ਪਾਉਣ ਦਾ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਕੇਂਦਰ ਨੂੰ 26 ਜਨਵਰੀ ਤੱਕ ਦਾ ਸਮਾਂ ਦੇ ਰਹੇ ਹਨ, ਇਸ ਤੋਂ ਬਾਅਦ ਸੰਘਰਸ਼ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਨੇ ਡੱਲੇਵਾਲ ਨੂੰ ਮਰਨ ਵਰਤ ਖ਼ਤਮ ਕਰਨ ਦੀ ਅਪੀਲੀ ਕੀਤੀ ਹੈ।

ਸ਼ੰਭੂ ਬਾਰਡਰ ‘ਤੇ ਸੋਮਵਾਰ ਨੂੰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਸਰਵਣ ਸਿੰਘ ਪੰਧੇਰ, ਮਨਜੀਤ ਸਿੰਘ ਰਾਏ, ਜਸਵਿੰਦਰ ਸਿੰਘ ਲੌਂਗੋਵਾਲ, ਤੇਜਵੀਰ ਸਿੰਘ ਪੰਜੋਖਰਾ ਨੇ ਕਿਹਾ ਕਿ 21 ਜਨਵਰੀ ਨੂੰ ਸ਼ੰਭੂ ਬਾਰਡਰ ਤੋਂ 101 ਕਿਸਾਨਾਂ ਦੇ ਜਥੇ ਵੱਲੋਂ ਦਿੱਲੀ ਕੂਚ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਫ਼ੈਸਲਾ ਕੇਂਦਰ ਸਰਕਾਰ ਵੱਲੋਂ 14 ਫਰਵਰੀ ਨੂੰ ਸੱਦੀ ਗਈ ਮੀਟਿੰਗ ਦੇ ਮੱਦੇਨਜ਼ਰ ਲਿਆ ਗਿਆ ਹੈ। ਦਿੱਲੀ ਕੂਚ ਦਾ ਪ੍ਰੋਗਰਾਮ 26 ਜਨਵਰੀ ਤੱਕ ਮੁਲਤਵੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਸ ਤੋਂ ਬਾਅਦ ਜੇਕਰ ਸਰਕਾਰ ਨਾ ਮੰਨੀ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਦੱਸਿਆ ਕਿ 26 ਜਨਵਰੀ ਨੂੰ ਦੇਸ਼ ਭਰ ‘ਚ ਟਰੈਕਟਰ ਮਾਰਚ ਦਾ ਪ੍ਰੋਗਰਾਮ ਜਿਓ ਦਾ ਤਿਓਂ ਹੈ।

**ਡੱਲੇਵਾਲ ਦੀ ਸਿਹਤ ’ਚ ਸੁਧਾਰ**

ਖਨੌਰੀ ‘ਚ ਪਟਿਆਲਾ ਦੇ ਐੱਸਐੱਸਪੀ ਡਾ. ਨਾਨਕ ਸਿੰਘ ਨੇ ਦੱਸਿਆ ਕਿ ਪਟਿਆਲਾ ਤੋਂ ਅੱਠ ਮਾਹਰ ਡਾਕਟਰਾਂ ਦੇ ਪੈਨਲ ਵੱਲੋਂ ਡੱਲੇਵਾਲ ਨੂੰ ਲਗਾਤਾਰ ਇਲਾਜ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਡੱਲੇਵਾਲ ਨਾਲ ਖ਼ੁਦ ਮੁਲਾਕਾਤ ਕੀਤੀ ਹੈ ਤਾਂ ਦੋ ਦਿਨ ਦੇ ਇਲਾਜ ਤੋਂ ਬਾਅਦ ਡੱਲੇਵਾਲ ਦੀ ਸਿਹਤ ‘ਚ ਕਾਫ਼ੀ ਸੁਧਾਰ ਦੇਖਣ ਨੂੰ ਮਿਲਿਆ ਹੈ। ਬੀਪੀ ਵੀ ਠੀਕ ਹੈ ਹੈ ਤੇ ਉਹ ਗੱਲਬਾਤ ਵੀ ਹੌਲੀ ਹੌਲੀ ਕਰ ਰਹੇ ਹਨ। ਚਾਰ-ਚਾਰ ਡਾਕਟਰ ਤਿੰਨ ਸ਼ਿਫਟਾਂ ‘ਚ ਉਨ੍ਹਾਂ ਦੀ ਸਿਹਤ ਦੀ ਨਿਗਰਾਨੀ ਕਰ ਰਹੇ ਹਨ। ਉਨ੍ਹਾਂ ਦੇ ਟੈਸਟ ਕੀਤੇ ਗਏ ਹਨ, ਜਿਨ੍ਹਾਂ ਦੀ ਛੇਤੀ ਰਿਪੋਰਟ ਆਉਂਣ ‘ਤੇ ਸਥਿਤੀ ਸਪਸ਼ਟ ਹੋ ਜਾਵੇਗੀ।

## ਕੇਂਦਰ ਦਾ ਸੱਦਾ ਜਿੱਤ ਨਹੀਂ, ਇਕਜੁੱਟ ਰਹਿਣਾ ਪਵੇਗਾ: ਡੱਲੇਵਾਲ



ਇਸੇ ਦੌਰਾਨ ਖਨੌਰੀ ‘ਚ ਮਰਨ ਵਰਤ ‘ਤੇ ਬੈਠੇ ਡੱਲੇਵਾਲ ਨੇ ਵੀਡੀਓ ਸੰਦੇਸ਼ ਜਾਰੀ ਕਰ ਕੇ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਬੈਠਕ ਦੀ ਤਜਵੀਜ਼ ਸਾਡਾ ਜਿੱਤ ਵੱਲ ਕਦਮ ਹੈ, ਜਿੱਤ ਅਜੇ ਦੂਰ ਹੈ। ਉਨ੍ਹਾਂ ਕਿਸਾਨਾਂ ਨੂੰ ਇਕਜੁੱਟ ਰਹਿਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਾਡੀ ਇਕਜੁਟਤਾ ਕਾਰਨ ਹੀ ਕੇਂਦਰ ਸਰਕਾਰ ਆਪਣੀ ਜ਼ਿੱਦ ਤੋਂ ਪਿੱਛੇ ਹਟੀ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਮੋਰਚੇ ਦੇ ਕਿਸਾਨਾਂ ਦੀ ਅਪੀਲ ‘ਤੇ ਹੀ ਉਨ੍ਹਾਂ ਨੇ ਮੈਡੀਕਲ ਸਹੂਲਤ ਲੈਣਾ ਮੰਨਿਆ ਹੈ। ਪੰਧੇਰ ਦੀ ਅਪੀਲ ‘ਤੇ ਉਨ੍ਹਾਂ ਕਿਹਾ ਕਿ ਵਾਹਿਗੁਰੂ ਦੀ ਕਿਰਪਾ ਨਾਲ ਉਹ ਮਜ਼ਬੂਤ ਹਨ। ਉਨ੍ਹਾਂ ਨੂੰ ਅਨਾਜ ਦੀ ਜ਼ਰੂਰਤ ਨਹੀਂ। 14 ਫਰਵਰੀ ਦੀ ਬੈਠਕ ਸਬੰਧੀ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਿਹੋ ਜਿਹੀ ਸਹਤ ਹੋਵੇਗੀ, 7 ਉਸੇ ਸਥਿਤੀ ‘ਚ ਉਹ ਬੈਠਕ ‘ਚ ਸ਼ਾਮਿਲ ਹੋਣ ਦਾ ਯਤਨ ਕਰਨਗੇ।

# ਘਰ ਫੂਕਣ ਦੀ ਵਾਰਦਾਤ ਵਿਰੁੱਧ ਕਾਰਵਾਈ ਹੋਵੇ: ਕਮਿਊਨਿਸਟ ਆਗੂ

### ਘਟਨਾ ਨੂੰ ਅੱਤਵਾਦੀ ਕਾਰਾ ਕਰਾਰ ਦਿੱਤਾ

**ਬਠਿੰਡਾ:** ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂਆਂ ਨੇ 9 ਤੇ 10 ਜਨਵਰੀ ਦੀ ਦਰਮਿਆਨੀ ਰਾਤ ਜ਼ਿਲ੍ਹੇ ਦੇ ਪਿੰਡ ਦਾਨ ਸਿੰਘ ਵਾਲਾ ਦੇ ਕੋਠੇ ਬਾਬਾ ਜੀਵਨ ਸਿੰਘ ਵਿਚ ਸ਼ਰਾਰਤੀ ਅਨਸਰਾਂ ਵੱਲੋਂ ਗਰੀਬਾਂ ‘ਤੇ ਕੀਤੇ ਹਥਿਆਰਬੰਦ ਕਾਤਲਾਨਾ ਹਮਲੇ ਤੇ ਅੱਗ ਲਾ ਕੇ ਸਾੜੇ ਗਏ 8 ਘਰਾਂ ਦੀ ਘਟਨਾ ਨੂੰ ਅੱਤਵਾਦੀ ਕਾਰਾ ਕਰਾਰ ਦਿੱਤਾ ਹੈ। ਖੱਬੇ ਪੱਖੀ ਆਗੂਆਂ ਨੇ ਮੁਲਜਮਾਂ ਖਿਲਾਫ ਦਰਜ ਮੁਕਦਮੇ ਵਿਚ ਸਾਜ਼ਿਸ਼ ਰਚਣ ਦੀ ਧਾਰਾ 120 ਬੀ, ਐਸਸੀ ਐਕਟ, ਰਾਤ ਦੇ ਹਨੇਰੇ ਘਰਾਂ ਵਿਚ ਦਾਖ਼ਲ ਹੋਕੇ ਗੰਭੀਰ ਫੌਜਦਾਰੀ ਜੁਰਮ ਕਰਨ, ਡਾਕਾ ਮਾਰਨ ਅਤੇ ਅੱਤਵਾਦ ਵਿਰੋਧੀ ਕਾਨੂੰਨ ਦੀਆਂ ਧਾਰਾਵਾਂ ਜੋੜਨ ਤੋਂ ਇਲਾਵਾ ਹਰ ਨੁਕਸਾਨੇ ਪਰਿਵਾਰ ਦਾ ਸਰਕਾਰੀ ਖ਼ਰਚੇ ‘ਤੇ ਇਲਾਜ ਤੇ 10-10 ਲੱਖ ਰੁਪੈ ਦਾ ਮੁਆਵਜ਼ਾ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਹੁਣ ਇਸ ਵਾਰਦਾਤ ਨੂੰ ਨਿੱਜੀ ਰੰਜ਼ਿਸ਼ ਹੋਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਹਿਰਾਸਤ ਵਿਚ ਮੁਲਜ਼ਮਾਂ ਦੀਆਂ ਮੀਡੀਆ ਨੂੰ ਇੰਟਰਵਿਊ ਕਰਵਾਈਆਂ ਜਾ ਰਹੀਆਂ ਹਨ ਜੋ ਕਿ ਇਕ ਤਰ੍ਹਾਂ ਨਾਲ ਵੀਆਈਪੀ ਵਤੀਰਾ ਹੈ। ਕਮਿਊਨਿਸਟ ਆਗੂ ਜੋਗਾ ਨੇ ਦੱਸਿਆ ਕਿ ਪੀੜਤਾਂ ਦੇ ਕੇਸ ਨੂੰ ਮਜ਼ਬੂਤ ਕਰਨ ਤੇ ਫਰੀ ਅਦਾਲਤੀ ਪੈਰਵੀ ਲਈ ਸੀਨੀਅਰ ਵਕੀਲ ਸੁਰਜੀਤ ਸਿੰਘ ਸੋਹੀ ਦੀ ਅਗਵਾਈ ‘ਚ ਤਿੰਨ ਮੈਂਬਰੀ ਪੈਨਲ ਬਣਾ ਦਿੱਤਾ ਗਿਆ ਹੈ, ਜਿਸ ਵਿਚ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਰਣਜੀਤ ਸਿੰਘ ਜਲਾਲ ਤੇ ਸਾਬਕਾ ਸਕੱਤਰ ਜਗਮੀਤ ਸਿੰਘ ਸ਼ਾਮਲ ਹਨ। ਇਸ 13 ਮੈਂਬਰੀ ਟੀਮ ਵਿਚ ਕਾਕਾ ਸਿੰਘ ਬਠਿੰਡਾ, ਜਸਵੀਰ ਕੌਰ ਸਰਾਂ, ਬਲਜਿੰਦਰ ਸਿੰਘ ਜੋਗਾਨੰਦ, ਹਰਦੇਵ ਸਿੰਘ, ਚੰਦ ਸਿੰਘ ਬੰਗੀ, ਜਗਦੇਵ ਸਿੰਘ ਜੰਡਾਂ ਵਾਲਾ, ਮਿਠੂ ਸਿੰਘ ਬੀੜ ਤਲਾਬ, ਹਰਬੰਸ ਸਿੰਘ ਜੋਧਪੁਰ ਰੁਮਾਣਾ, ਮਿਠੂ ਸਿੰਘ ਬੰਗੀ ਕਲਾ, ਗੁਰਦੇਵ ਸਿੰਘ ਸਿੱਧੂ ਤੇ ਛਿੰਦਾ ਸਿੰਘ ਆਦਿ ਸ਼ਾਮਲ ਹੋਏ।

# ਇਕ ਲੱਖ ਤੋਂ ਵੱਧ ਦੀ ਡਰੱਗ ਮਨੀ ਤੇ ਕਾਰ ਸਣੇ ਦੋ ਕਾਬੂ



**ਝਬਾਲ:** ਥਾਣਾ ਝਬਾਲ ਦੀ ਪੁਲਿਸ ਨੇ ਇਕ ਲੱਖ ਰੁਪਏ ਤੋਂ ਵੱਧ ਦੀ ਤਰੰਗ ਮਨੀ ਬਰਾਮਦ ਕਰ ਕੇ ਕਾਰ ਸਵਾਰ ਦੋ ਜਣਿਆਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਕਾਬੂ ਕੀਤੇ ਗਏ ਦੋਵੇਂ ਵਿਅਕਤੀ ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਹਨ। ਜਿਨ੍ਹਾਂ ਵਿਰੁੱਧ ਕੇਸ ਦਰਜ ਕਰ ਕੇ ਪੁਲਿਸ ਨੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਐੱਸਐੱਸਪੀ ਅਭਿਮੰਨਿਊ ਰਾਣਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਥਾਣਾ ਝਬਾਲ ਦੇ ਮੁਖੀ ਆਈਪੀਐੱਸ ਅਧਿਕਾਰੀ ਅਸ਼ੋਕ ਮੀਨਾ ਵੱਲੋਂ ਅਪਰਧੀਆਂ ਨੂੰ ਕਾਬੂ ਕਰਨ ਲਈ ਇਲਾਕੇ ‘ਚ ਵੱਖ-ਵੱਖ ਟੀਮਾਂ ਭੇਜੀਆਂ ਸਨ, ਜਿਨ੍ਹਾਂ ਵਿੱਚੋਂ ਇਕ ਟੀਮ ਨੇ ਨਾਕਾਬੰਦੀ ਕਰ ਕੇ ਵਾਹਨਾਂ ਦੀ ਚੈਕਿੰਗ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਪੁਲਿਸ ਨੂੰ ਜਾਣਕਾਰੀ ਮਿਲੀ ਕਿ ਪਿੰਡ ਠੱਠੀ ਨੇੜੇ ਕਾਰ ਨੰਬਰ ਪੀਬੀ05-ਏਐੱਸ -0940 ਵਿਚ ਦੋ ਨੌਜਵਾਨ ਬੈਠ ਹਨ। ਜਿਨ੍ਹਾ ਕੋਲ ਵੱਡੀ ਮਾਤਰਾ ਵਿਚ ਨਕਦੀ ਹੈ ਅਤੇ ਦੋਵੇਂ ਹੀ ਬਾਹਰੀ ਜ਼ਿਲ੍ਹੇ ਦੇ ਲੱਗਦੇ ਹਨ।

ਪੁਲਿਸ ਪਾਰਟੀ ਨੇ ਤੁਰੰਤ ਉਕਤ ਸਵਿਫਟ ਗੱਡੀ ਤੇ ਨੌਜਵਾਨਾਂ ਨੂੰ ਸ਼ੱਕ ਦੇ ਆਧਾਰ ‘ਤੇ ਕਾਬੂ ਕਰ ਲਿਆ। ਜਦੋਂ ਕਾਰ ਦੀ ਤਲਾਸ਼ੀ ਲਈ ਗਈ ਤਾਂ ਉਸ ਵਿੱਚੋਂ ਚਾਰ ਗ੍ਰਾਮ ਹੈਰੋਇਨ ਤੋਂ ਇਲਾਵਾ ਡੈਸ਼ਬੋਰਡ ਵਿਚ ਇੱਕੋ ਲਿਫਾਫਾ ਮਿਲਿਆ, ਜਿਸ ਵਿਚ 1 ਲੱਖ 2 ਹਜ਼ਾਰ 300 ਰੁਪਏ ਦੀ ਨਕਦੀ ਬਰਾਮਦ ਹੋਈ।

ਉਨ੍ਹਾਂ ਦੱਸਿਆ ਕਿ ਮਨਜੀਤ ਸਿੰਘ ਮੀਤਾ ਪੁੱਤਰ ਨਿੰਦਰ ਸਿੰਘ ਵਾਸੀ ਗੱਟੀ ਰਾਜੋਕੇ ਅਤੇ ਸਾਜਨ ਪੁੱਤਰ ਰਾਮੇਸ਼ ਕੁਮਾਰ ਵਾਸੀ ਬਾਰਡਰ ਰੋਡ, ਬਸਤੀ ਆਵਾ ਫਿਰੋਜ਼ਪੁਰ ਵਜੋਂ ਪਛਾਣੇ ਗਏ ਉਕਤ ਨੌਜਵਾਨਾ ਪੈਸਿਆਂ ਬਾਰੇ ਕੋਈ ਤਸੱਲੀ ਬਖਸ਼ਤ ਜਵਾਬ ਨਹੀ ਦੇ ਸਕੇ। ਜਿਸ ਤੋਂ ਸਾਫ ਹੋਇਆ ਕਿ ਇਹ ਲੋਕ ਨਸ਼ੇ ਦਾ ਧੰਦਾ ਕਰਦੇ ਹਨ ਅਤੇ ਡਰੱਗ ਸਪਲਾਈ ਦੇ ਪੈਸੇ ਲੇ ਕੇ ਆਏ ਹਨ। ਉਨ੍ਹਾਂ ਦੱਸਿਆ ਕਿ ਦੋਵਾਂ ਨੂੰ ਐਨਡੀਪੀਐਸ ਐਕਟ ਦੇ ਤਹਿਤ ਨਾਮਜ਼ਦ ਕਰ ਲਿਆ ਗਿਆ ਹੈ ਤੇ ਮੁਲਜ਼ਮਾਂ ਨੂੰ ਅਦਾਲਤ ‘ਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।

# ਅਵਾਰਾ ਕੁੱਤਿਆਂ ਦਾ ਕਹਿਰ ਜਾਰੀ; ਸਰਕਾਰ ਗੂੜ੍ਹੀ ਨੀਂਦ ਸੁੱਤੀ

ਮਨੁੱਖ ਨੂੰ ਧਰਤੀ ‘ਤੇ ਵਸਦੇ ਹਰੇਕ ਜੀਵ-ਜੰਤੂ ਪ੍ਰਤੀ ਨਰਮ ਰਵੱਈਆ ਰੱਖਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਐਨੀਮਲ ਵੈਲਫੇਅਰ ਬੋਰਡ ਵੀ ਇਸੇ ਆਸ ਨਾਲ ਬਣਾਇਆ ਗਿਆ ਸੀ ਕਿ ਕੁੱਤਿਆਂ ਤੇ ਹੋਰ ਜਾਨਵਰਾਂ ਨਾਲ ਠੀਕ ਵਰਤਾਅ ਕੀਤਾ ਜਾਵੇ ਪਰ ਪਿਛਲੇ ਲੰਬੇ ਸਮੇਂ ਤੋਂ ਖ਼ਾਸ ਕਰਕੇ ਕੁੱਤਿਆ ਵਲੋਂ ਇਨਸਾਨਾਂ ਨੂੰ ਬੁਰੀ ਤਰ੍ਹਾਂ ਵੱਢਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਲੰਘੇ ਕੱਲ੍ਹ ਪਟਿਆਲਾ ਦੇ ਨਾਭਾ ‘ਚੋਂ ਆਈ ਖ਼ਬਰ ਨੇ ਵੀ ਸਾਰਿਆਂ ਦੇ ਦਿਲ ਦਹਿਲਾ ਦਿੱਤੇ ਹਨ। ਇੱਥੇ ਇਕ ਨੌ ਸਾਲਾ ਬੱਚੇ ਨੂੰ ਕੁੱਤੇ ਨੋਚ-ਨੋਚ ਕੇ ਖਾ ਗਏ। ਲਾਵਾਰਸ ਕੁੱਤਿਆਂ ਵੱਲੋਂ ਕੀਤੀ ਗਈ ਇਹ ਵਾਰਦਾਤ ਕੋਈ ਨਵੀਂ ਗੱਲ ਨਹੀਂ ਹੈ। ਇਸ ਤੋਂ ਇਲਾਵਾ ਸੂਬੇ ਸਣੇ ਦੇਸ਼ ਦੇ ਦੂਜੇ ਹਿੱਸਿਆਂ ‘ਚ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਪਿਛਲੇ ਹਫ਼ਤੇ ਇਕੱਲੇ ਅੰਮ੍ਰਿਤਸਰ ਵਿਚ ਲਾਵਾਰਸ ਕੁੱਤਿਆਂ ਵੱਲੋਂ ਵੱਢਣ ਦੇ 50 ਤੋਂ ਵੱਧ ਮਾਮਲੇ ਸਾਹਮਣੇ ਆਏ ਸਨ। ਅਜਨਾਲਾ ‘ਚ ਕੁਝ ਸਾਲ ਪਹਿਲਾ 3 ਸਾਲ ਦੇ ਮਾਸੂਮ ਬੱਚੇ ਨੂੰ ਅਵਾਰਾ ਕੁੱਤਿਆ ਨੇ ਨੋਚ-ਨੋਚ ਕੇ ਖਾ ਲਿਆ ਸੀ।



ਇਹ ਸਥਾਨਕ ਪੱਧਰ ਦੇ ਹਾਲਾਤ ਹਨ। ਕੁਝ ਸਮਾਂ ਪਹਿਲਾਂ ਜੀ-20 ਸਿਖਰ ਸੰਮੇਲਨ ਦੀਆਂ ਤਿਆਰੀਆਂ ਵੇਲੇ ਦਿੱਲੀ ਦੀ ਨਗਰ ਨਿਗਮ ਨੂੰ ਕਈ ਥਾਵਾਂ ਤੋਂ ਕੁੱਤਿਆਂ ਨੂੰ ਹਟਾਉਣਾ ਪਿਆ ਸੀ, ਪਰ ‘ਪੀਪਲ ਫਾਰ ਐਨੀਮਲਜ਼’ ਨਾ ਦੀ ਸੰਸਥਾ ਨੇ ਇਸ ਕਾਰਵਾਈ ਖ਼ਿਲਾਫ਼ ਝੰਡਾ ਚੁੱਕ ਲਿਆ ਸੀ। ਕੁੱਤਿਆਂ ਵੱਲੋਂ ਲੋਕਾਂ ਲਈ ਪਰੇਸ਼ਾਨੀਆਂ ਖੜ੍ਹੀਆਂ ਕਰਨ ਤੇ ਹਮਲੇ ਕਰ ਕੇ ਉਨ੍ਹਾਂ ਦੀ ਜਾਨ ਲੈਣ ਦੀਆਂ ਘਟਨਾਵਾਂ ਨੂੰ ਹੁਣ ਗੰਭੀਰਤਾ ਨਾਲ ਹੱਲ ਕਰਨ ਦੀ ਲੋੜ ਹੈ। ਦਰਅਸਲ, ਗਲੀ-ਮੁਹੱਲਿਆਂ ਵਿਚ ਕੁੱਤਿਆਂ ਵੱਲੋਂ ਕੀਤੇ ਜਾਣ ਵਾਲੇ ਜਾਨਲੇਵਾ ਹਮਲੇ ਵਧਦੇ ਜਾ ਰਹੇ ਹਨ। ਝੁੰਡਾਂ ਵਿਚ ਘੁੰਮਣ ਵਾਲੇ ਇਨ੍ਹਾਂ ਕੁੱਤਿਆਂ ਦੀ ਸਾਂਭ-ਸੰਭਾਲ ਤੇ ਇਨ੍ਹਾਂ ਕਾਰਨ ਜ਼ਖ਼ਮੀ ਹੋਏ ਲੋਕਾਂ ਦਾ ਇਲਾਜ ਪ੍ਰਸ਼ਾਸਨ ਤੇ ਸਿਹਤ ਵਿਭਾਗ ਦੀ ਸਭ ਤੋਂ ਅਹਿਮ ਜ਼ਿੰਮੇਵਾਰੀ ਹੈ। ਕੁਝ ਸਮਾਂ ਪਹਿਲਾਂ ਕੁੱਤਿਆ ਦੀ ਨਸਬੰਦੀ ਕਰਨ ਦੀ ਵੀ ਯੋਜਨਾ ਸ਼ੁਰੂ ਕੀਤੀ ਗਈ ਸੀ। ਇਸ ਦਾ ਵੀ ਕੋਈ ਸਟੀਕ ਨਤੀਜਾ ਸਾਹਮਣੇ ਨਹੀਂ ਆ ਸਕਿਆ ਹੈ। ਕੁੱਤਿਆ ਦੇ ਹਮਲਿਆਂ ਤੋਂ ਲੋਕਾਂ ਨੂੰ ਬਚਾਉਣ ਲਈ ਹੁਣ ਕੇਂਦਰੀ ਪੱਧਰ ‘ਤੇ ਇਕ ਨਿਰਪੱਖ ਨੀਤੀ ਘੜਨ ਦੀ ਲੋੜ ਹੈ। ਲੋਕਾਂ ਦੀ ਜਾਨ ਦਾ ਖੌਅ ਬਣੇ ਕੁੱਤਿਆਂ ਦੀ ਨਸਬੰਦੀ ਲਈ ਵੱਡੇ ਪੱਧਰ ‘ਤੇ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਸਥਾਨਕ ਪੱਧਰ ਦੀਆਂ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਗਲੀਆਂ, ਮੁਹੱਲਿਆਂ ਤੇ ਸੜਕਾਂ ‘ਤੇ ਝੁੰਡ ਬਣਾ ਕੇ ਘੁੰਮਣ ਵਾਲੇ ਇਨ੍ਹਾਂ ਕੁੱਤਿਆਂ ਨੂੰ ਨੱਥ ਪਾਈ ਜਾਵੇ। ਕੁੱਤਿਆ ਦੀ ਤਾਦਾਦ ਜ਼ਿਆਦਾਤਰ ਹੱਡਾਰੋੜੀ ਤੇ ਖਾਣ-ਪੀਣ ਵਾਲੀਆਂ ਦੁਕਾਨਾਂ ਲਾਗੇ ਵੇਖਣ ਨੂੰ ਮਿਲਦੀ ਹੈ। ਇਸ ਲਈ ਘੱਟ ਤੋਂ ਘੱਟ ਦੁਕਾਨਦਾਰਾਂ ਨੂੰ ਉਚੇਚਾ ਧਿਆਨ ਰੱਖਣ ਦੀ ਲੋੜ ਹੈ। ਇਹ ਵੀ ਦੇਖਣ ਵਿਚ ਆਇਆ ਹੈ ਕਿ ਕੁੱਤੇ ਅਕਸਰ ਦੋਪਹੀਆ ਵਾਹਨਾਂ ਪਿੱਛੇ ਭੱਜਦੇ ਹਨ ਤੇ ਇਨ੍ਹਾਂ ਤੋਂ ਬਚਣ ਦੌਰਾਨ ਕਈ ਲੋਕ ਹਾਦਸਿਆਂ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਕੁੱਤਿਆ ਦੇ ਵੱਡਣ ਕਾਰਨ ਹੋਣ ਵਾਲੀਆ ਬਿਮਾਰੀਆਂ ਵੀ ਚਿੰਤਾ ਦਾ ਵਿਸ਼ਾ ਹਨ। ਇਸ ਦੇ ਸਹੀ ਸਮੇਂ ਇਲਾਜ ਤੇ ਲੋਕਾਂ ਨੂੰ ਇਸ ਪ੍ਰਤੀ ਜਾਗਰੂਕ ਕਰਨ ਦੀ ਜ਼ਿੰਮੇਵਾਰੀ ਵੀ ਸਰਕਾਰ ਤੇ ਪ੍ਰਸ਼ਾਸਨ ਦੀ ਹੈ। ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਮੁਤਾਬਕ ਕੁੱਤਿਆਂ ਵੱਲੋਂ ਵੱਢੇ ਜਾਣ ਨਾਲ ਹੋਣ ਵਾਲੇ ਰੇਬੀਜ਼ ਕਾਰਨ ਆਲਮੀ ਪੱਧਰ ‘ਤੇ ਹਰ ਸਾਲ ਲਗਪਗ 59 ਹਜ਼ਾਰ ਲੋਕਾਂ ਦੀ ਮੌਤ ਹੋਈ ਹੈ। ਇਸੇ ਕਾਰਨ ਭਾਰਤ ‘ਚ ਹਰ ਸਾਲ ਲਗਪਗ 20565 ਮੌਤਾਂ ਹੁੰਦੀਆਂ ਹਨ। ਇਸ ਲਈ ਸਰਕਾਰ ਨੂੰ ਕੁੱਤਿਆਂ ਦੇ ਖ਼ੌਫ਼ ਤੋਂ ਲੋਕਾਂ ਨੂੰ ਬਚਾਉਣ ਲਈ ਯੋਜਨਾ ਉਲੀਕਣ ਦੀ ਲੋੜ ਹੈ।

ਪੰਜਾਬ ਟਾਈਮਜ਼

*25 ਜਨਵਰੀ, ਸ਼ਨਿਚਰਵਾਰ*

# ਝੁੱਗੀਆਂ ਦੀ ਸਿਆਸਤ

*ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿਚ ਸਿਰਫ ਦਸ ਦਿਨ ਬਚੇ ਹਨ। ਰਾਜਨੀਤਕ ਪਾਰਟੀਆਂ ਦੇ ਧੂੰਆਂਧਾਰ ਪ੍ਰਚਾਰ ਦੇ ਇਹ ਦਿਨ ਨਿੱਤ ਨਵੀਂ ਗਰੰਟੀ ਅਤੇ ਨਵੀਂ ਸਿਆਸਤ ਲੈ ਕੇ ਆ ਰਹੇ ਹਨ। ਸਿਆਸਤ ਅਤੇ ਸਰਕਾਰਾਂ ਚਲਾਉਣ ਵਾਲੀਆਂ ਸਿਆਸੀ ਪਾਰਟੀਆਂ ਦੇ ਆਗੂ ਲੋਕਾਂ ਨੂੰ ਲੁਭਾਉਣ ਲਈ ਰੁਜ਼ਗਾਰ ਦੇ ਮੌਕੇ ਦੇਣ ਦੇ ਵਾਅਦੇ ਕਰ ਰਹੇ ਹਨ, ਬਿਜਲੀ, ਪਾਣੀ, ਦਾਲ, ਫੁਲਕਾ ਮੁਫ਼ਤ ਦੇਣ ਦੇ ਲਾਲਚ ਦੇ ਰਹੇ ਹਨ।*

*ਪਿਛਲੇ ਦਿਨੀਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਝੁੱਗੀਆਂ ਵਾਲਿਆਂ ਨੂੰ ਫਲੈਟਾਂ ਦੀਆਂ ਚਾਬੀਆਂ ਦੇ ਕੇ ਇਸ ਗੱਲ ਦੀ ਵਕਾਲਤ ਕੀਤੀ ਕਿ ਉਨ੍ਹਾਂ ਦੀ ਪਾਰਟੀ ਹੀ ਗ਼ਰੀਬ ਤਬਕੇ ਦੀ ਖ਼ੈਰਖਵਾਹ ਹੈ ਤੇ ਉਨ੍ਹਾਂ ਦੇ ਸਰਕਾਰ ਪ੍ਰਤੀ ਸਾਥ ਦੀ ਤਵੱਕੋ ਕਰਦੀ ਹੈ। ਇਸ ਤੋਂ ਇਲਾਵਾ ਹੋਰ ਪਾਰਟੀਆਂ ਦਾ ਧਿਆਨ ਵੀ ਹੁਣ ਝੁੱਗੀਆਂ ਦੇ ਵੋਟ ਬੈਂਕ ਨੂੰ ਕੈਸ਼ ਕਰਨ ਵਾਲੇ ਪਾਸੇ ਲੱਗਿਆ ਹੋਇਆ ਹੈ। ਝੁੱਗੀਆਂ ਦੇ ਪ੍ਰਧਾਨਾਂ ਨਾਲ ਸਿਆਸੀ ਧਿਰਾਂ ਦੀਆਂ ਮੀਟਿੰਗਾਂ ਹੋ ਰਹੀਆਂ ਹਨ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਹੁਣ ਤੱਕ ਜਥੇਬੰਦੀਆਂ ਦੇ ਮੋਹਤਬਰ ਤਾਂ ਸੁਣੇ ਸੀ, ਝੁੱਗੀਆਂ ਵਾਲਿਆਂ ਦੇ 'ਪ੍ਰਧਾਨ' ਸ਼ਬਦ ਨਵਾਂ ਸਾਹਮਣੇ ਆਇਆ ਹੈ। ਬੇਸ਼ੱਕ ਝੁੱਗੀਆਂ ਦੇ ਇਹ ਪ੍ਰਧਾਨ ਜ਼ਿੰਦਗੀ ਨੂੰ ਸੁਖਾਲਾ ਕਰਨ ਤੇ ਹੱਕੀ ਮੰਗਾਂ ਹਾਸਲ ਕਰਨ ਲਈ ਹੋਂਦ 'ਚ ਆਏ ਹਨ ਪਰ ਸੋਚਣ ਵਾਲੀ ਗੱਲ ਇਹ ਵੀ ਹੈ ਕਿ ਇਸ ਦੀ ਲੋੜ ਕਿਉਂ ਪਈ?*

*ਭਾਰਤ 21ਵੀਂ ਸਦੀ ਤੱਕ ਪਹੁੰਚਦਿਆਂ ਧਨਾਢ ਦੇਸ਼ਾਂ ਦੀ ਕਤਾਰ 'ਚ ਖਲੋਣ ਦਾ ਦਾਅਵਾ ਕਰਦਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਤੇ ਖ਼ਜ਼ਾਨਾ ਮੰਤਰਾਲਾ ਵੀ ਇਸ ਗੱਲ ਦਾ ਦਾਅਵਾ ਕਰਦਾ ਹੈ ਕਿ ਹੁਣ ਲੋਕ ਕਈ ਪੱਖਾਂ ਤੋਂ ਸੌਖਾ ਸਾਹ ਲੈ ਰਹੇ ਹਨ। ਇਹ ਦਾਅਵੇ ਕਿੰਨੇ ਕੁ ਸਹੀ-ਗਲਤ ਹਨ, ਇਸ 'ਤੇ ਕੋਈ ਟਿੱਪਣੀ ਕਰਨ ਦੀ ਲੋੜ ਨਹੀਂ ਹੈ। ਪਰ ਦੇਸ਼ ਦੀਆਂ ਜੋ ਸਿਆਸੀ ਗੱਲਾਂ-ਬਾਤਾਂ ਹਨ, ਉਹ ਕਈ ਚੀਜ਼ਾਂ ਸਪੱਸ਼ਟ ਕਰਨ ਲਈ ਕਾਫ਼ੀ ਹਨ। ਅਸਲ 'ਚ ਸਿਆਸਤ ਜਾਂ ਸਰਕਾਰ ਦੇ ਜੋ ਵੋਟਾਂ ਨੇੜੇ ਦੇ ਮੁੱਦੇ ਹਨ, ਉਨ੍ਹਾਂ ਬਦਲੇ ਵੋਟ ਲੈਣ ਦੀ ਮੰਗ ਹੋਣੀ ਹੀ ਨਹੀਂ ਚਾਹੀਦੀ। ਸਮਾਜਿਕ, ਧਾਰਮਿਕ ਤੇ ਅਰਥਚਾਰੇ ਦੇ ਲਿਹਾਜ਼ ਨਾਲ ਦੇਸ਼ ਦੇ ਨਾਗਰਿਕਾਂ ਦੀਆਂ ਲੋੜਾਂ ਪੂਰੀਆਂ ਕਰਨਾ ਹਰੇਕ ਸਰਕਾਰ ਦਾ ਇਖਲਾਕੀ ਫ਼ਰਜ਼ ਹੈ ਤੇ ਲੋਕਾਂ ਦਾ ਵੀ ਇਹ ਹੱਕ ਹੈ ਕਿ ਉਹ ਆਪਣੀ ਸਰਕਾਰ ਪਾਸੋਂ ਇਨ੍ਹਾਂ ਦੀ ਮੰਗ ਕਰੇ। ਦੇਸ਼ ਦੇ ਨਾਗਰਿਕਾਂ ਨੂੰ ਸੰਵਿਧਾਨ ਨੇ ਬਹੁਤ ਸਾਰੇ ਹੱਕ ਦਿੱਤੇ ਹਨ। ਤੇ ਇਨ੍ਹਾਂ ਦਾ ਤਾਂ ਹੀ ਫ਼ਾਇਦਾ ਹੈ ਜਦੋਂ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਆਸਾਨ ਕਰਨ ਲਈ ਵੋਟਾਂ ਤੱਕ ਦੀ ਉਡੀਕ ਨਾ ਕਰਨੀ ਪਏ। ਪੱਕੀਆਂ, ਸੜਕਾਂ, ਸ਼ੁੱਧ ਹਵਾ ਪਾਣੀ ਤੇ ਸਿਰ 'ਤੇ ਪੱਕੀ ਛੱਤ ਮੁਹੱਈਆ ਕਰਵਾਉਣਾ ਹਰੇਕ ਸਰਕਾਰ ਦਾ ਮੁੱਢਲਾ ਏਜੰਡਾ ਹੋਣਾ ਚਾਹੀਦਾ ਹੈ। ਝੁੱਗੀਆਂ ਵਾਲੇ ਜਾਂ ਆਰਥਿਕ ਪੱਖੋਂ ਤੰਗ ਲੋਕ ਇਕੱਲੇ ਦਿੱਲੀ 'ਚ ਨਹੀਂ ਹਨ, ਸਾਰਾ ਦੇਸ਼ ਇਨ੍ਹਾਂ ਕਮੀਆਂ-ਪੇਸ਼ੀਆਂ ਨਾਲ ਲੜ ਰਿਹਾ ਹੈ।*

*ਇਸ ਬਾਰੇ ਸਰਕਾਰਾਂ ਕੋਲ ਵੀ ਹਰੇਕ ਰਿਪੋਰਟ ਹੈ। ਦੂਜੇ ਪਾਸੇ ਮੀਡੀਆ ਦੀ ਨਜ਼ਰ 'ਚ ਜੋ ਆਉਂਦਾ ਹੈ, ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਸਾਰੇ ਦੇਸ਼ ਦੇ ਸੂਝਵਾਨਾਂ ਨੂੰ ਆਪਣੇ ਪੱਧਰ 'ਤੇ ਵੀ ਇਸ ਗੱਲ ਦਾ ਮੁਲਾਂਕਣ ਕਰਨ ਦੀ ਲੋੜ ਹੈ। ਦੇਸ਼ ਦੇ ਢਾਂਚਾਗਤ ਵਿਕਾਸ ਵਿਚ ਕਿਸੇ ਵੇਲੇ ਪੰਜ ਸਾਲਾ ਯੋਜਨਾਵਾਂ ਦਾ ਅਹਿਮ ਰੋਲ ਰਿਹਾ ਹੈ। ਪਰ ਹੁਣ ਧਿਆਨ ਨੀਤੀਆਂ ਦੀ ਥਾਂ ਕਈ ਮੁਫ਼ਤ ਚੀਜ਼ਾਂ ਵੰਡਣ 'ਤੇ ਜ਼ਿਆਦਾ ਕੇਂਦਰਿਤ ਹੈ। ਜੇ ਜਾਤੀ ਆਧਾਰਿਤ ਮਰਦਮਸ਼ੁਮਾਰੀ ਹੋ ਸਕਦੀ ਹੈ ਤਾਂ ਇਹ ਤੱਥ ਵੀ ਇਕੱਠੇ ਕੀਤੇ ਜਾ ਸਕਦੇ ਹਨ ਕਿ ਦੇਸ਼ ਦੇ ਲੋਕਾਂ ਦਾ ਜੀਵਨ ਪੱਧਰ ਕਿਹੜੇ ਹੀਲਿਆਂ ਨਾਲ ਸੁਧਾਰਿਆ ਜਾ ਸਕਦਾ ਹੈ। ਜੇ ਇਹ ਕੰਮ ਹੋ ਜਾਏ ਤਾਂ ਫਿਰ ਝੁੱਗੀਆਂ ਫਲੈਟ ਬਣਨ 'ਚ ਦੇਰ ਨਹੀਂ ਲਗਾਉਣਗੀਆਂ।*

*ਪਰ ਸਿਆਸਤ ਦੀ ਸਿਤਮਜ਼ਰੀਫੀ ਇਹ ਹੈ ਕਿ ਝੁੱਗੀਆਂ ਦੀ ਇਹ ਫਿਕਰਮੰਦੀ ਮਗਰਮੱਛ ਦੇ ਅੱਥਰੂਆਂ ਵਰਗੀ ਹੈ, ਜੋ ਸਿਰਫ ਇਕ ਦੂਸਰੇ ਉਤੇ ਦੂਸ਼ਣਬਾਜ਼ੀ ਕਰਨ ਤੱਕ ਸੀਮਤ ਹੈ। ਕੇਜਰੀਵਾਲ ਕੇਂਦਰ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਕੇਂਦਰ ਸਰਕਾਰ ਝੁੱਗੀਆਂ ਲਈ ਸਸਤੀ ਜ਼ਮੀਨ ਦੇ ਦੇਵੇ, ਆਮ ਆਦਮੀ ਪਾਰਟੀ ਦੀ ਸਰਕਾਰ ਉਸ ਜ਼ਮੀਨ ਉਤੇ ਫਲੈਟ ਬਣਾ ਕੇ ਝੁੱਗੀਆਂ ਵਾਲਿਆਂ ਨੂੰ ਦੇ ਦੇਵੇਗੀ। ਇਸ ਉੱਤੇ ਪਲਟਵਾਰ ਕਰਦੇ ਹੋਏ ਭਾਰਤੀ ਜਨਤਾ ਪਾਰਟੀ ਨੇ ਕਿਹਾ ਹੈ ਕਿ ਪਹਿਲਾਂ ਦਿੱਤੀ ਗਈ ਸਸਤੀ ਜ਼ਮੀਨ ਉੱਤੇ ਬਣਨ ਵਾਲੇ ਫਲੈਟ ਅਜੇ ਤੱਕ ਕਿਉਂ ਸਿਰੇ ਨਹੀਂ ਚੜ੍ਹ ਸਕੇ?*

*ਆਪਸੀ ਦੂਸ਼ਣਬਾਜ਼ੀ ਦੇ ਤਾਬੜਤੋੜ ਮੁਕਾਬਲੇ ਵਿਚ ਹੋ ਰਹੀਆਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਆਮ ਆਦਮੀ ਪਾਰਟੀ ਲਈ ਸਰਕਾਰ ਬਚਾਉਣ ਦੀ ਵੰਗਾਰ, ਭਾਰਤੀ ਜਨਤਾ ਪਾਰਟੀ ਲਈ ਸਰਕਾਰ ਬਣਾਉਣ ਦੀ ਵੰਗਾਰ, ਅਤੇ ਕਾਂਗਰਸ ਲਈ ਦਿੱਲੀ ਵਿਚ ਆਪਣੀ ਹੋਂਦ ਜਤਾਉਣ ਦੀ ਵੰਗਾਰ ਲੈ ਕੇ ਆਈਆਂ ਹਨ। ਵੇਖਦੇ ਹਾਂ ਊਠ ਕਿਸ ਕਰਵਟ ਬੈਠਦਾ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਦਿੱਲੀ ਵਿਚ ਚਿੱਕੜ?

*'ਆਪ' ਹਾਈਕਮਾਂਡ ਨੇ ਹੁਕਮ ਕਰਿਆ, ਦਿੱਲੀ ਹਾਜ਼ਰ 'ਪੰਜਾਬ ਸਰਕਾਰ' ਹੋਵੇ।*
*ਪਿਛੇ ਅਮਨ-ਕਾਨੂੰਨ ਦਾ 'ਫਿਕਰ' ਛੱਡੋ, 'ਗ਼ਲੀ-ਗ਼ਲੀ' ਵਿਚ ਚੋਣ-ਪ੍ਰਚਾਰ ਹੋਵੇ।*
*'ਸੁਪਨਾ' ਅੱਖਾਂ ਵਿਚ ਕੇਂਦਰੀ ਹਾਕਮਾਂ ਦੇ, ਸੀ.ਐੱਮ ਇੱਥੇ ਵੀ ਫਰਮਾਂਬਰਦਾਰ ਹੋਵੇ।*
*ਨੱਕ ਹੇਠਾਂ ਹੀ ਰਾਜ 'ਕੋਈ ਹੋਰ' ਕਰਦਾ, ਐਸਾ ਸੈਂਟਰ ਨੂੰ ਕਿੱਦਾਂ 'ਦਰਕਾਰ' ਹੋਵੇ।*
*'ਝਾੜੂ-ਪੰਜਾ' ਜੋ 'ਇੰਡੀਆ' ਵਿਚ ਸਾਥੀ, ਪੱਬਾਂ ਭਾਰ ਨੇ ਆਪਸ 'ਚ ਭਿੜਨ ਦੇ ਲਈ।*
*ਅੱਡੀ ਚੋਟੀ ਦਾ 'ਕਮਲ' ਨੇ ਜ਼ੋਰ ਲਾਇਆ, ਚਿੱਕੜ ਲੋੜਦਾ ਦਿੱਲੀ 'ਚ ਖਿੜਨ ਦੇ ਲਈ!*

# ਕਿਸਾਨ ਅੰਦੋਲਨ ਦੀ ਕੀ ਹੋਵੇ ਰਣਨੀਤੀ?

ਕਿਸਾਨ ਅੰਦੋਲਨ ਦੇ ਮੰਚ ਤੋਂ ਲੰਬੇ ਸਮੇਂ ਬਾਅਦ ਇਕ ਚੰਗੀ ਖ਼ਬਰ ਆਈ ਹੈ। 17 ਜਨਵਰੀ ਨੂੰ ਕੇਂਦਰੀ ਖੇਤੀਬਾੜੀ ਮੰਤਰਾਲੇ ਦੇ ਜੁਆਇੰਟ ਸਕੱਤਰ ਪ੍ਰਿਆ ਰੰਜਨ ਦੀ ਅਗਵਾਈ ਵਿਚ ਕੁਝ ਕੇਂਦਰੀ ਅਧਿਕਾਰੀਆਂ ਤੇ ਪੰਜਾਬ ਦੇ ਕੁਝ ਸੀਨੀਅਰ ਪੁਲਿਸ ਅਧਿਕਾਰੀਆਂ ਅਤੇ ਸੇਵਾਮੁਕਤ ਅਧਿਕਾਰੀਆਂ ਨੇ ਖਨੌਰੀ ਦੀ ਸਰਹੱਦ 'ਤੇ ਜਗਜੀਤ ਸਿੰਘ ਡੱਲੇਵਾਲ ਅਤੇ ਹੋਰ ਕਿਸਾਨ ਆਗੂਆਂ ਨਾਲ ਕਿਸਾਨ ਅੰਦੋਲਨ ਦੀਆਂ ਮੰਗਾਂ ਸੰਬੰਧੀ ਲੰਬੀ ਗੱਲਬਾਤ ਕੀਤੀ ਹੈ। ਇਸ ਗੱਲਬਾਤ ਦੇ



**ਸਤਨਾਮ ਸਿੰਘ ਮਾਣਕ**

ਸਿੱਟੇ ਵਜੋਂ ਕੇਂਦਰ ਸਰਕਾਰ ਤੇ ਅੰਦੋਲਨਕਾਰੀ ਕਿਸਾਨ ਸੰਗਠਨਾਂ ਦੇ ਦਰਮਿਆਨ ਫਿਰ ਤੋਂ ਗੱਲਬਾਤ ਦਾ ਰਸਤਾ ਖੁੱਲ੍ਹ ਗਿਆ ਹੈ। ਬਣੀ ਸਹਿਮਤੀ ਦੇ ਅਨੁਸਾਰ ਹੁਣ ਚੰਡੀਗੜ੍ਹ ਵਿਚ 14 ਫਰਵਰੀ ਨੂੰ ਕੇਂਦਰੀ ਸਰਕਾਰ ਦੇ ਅਧਿਕਾਰੀਆਂ ਅਤੇ ਅੰਦੋਲਨਕਾਰੀ ਕਿਸਾਨਾਂ ਦਰਮਿਆਨ ਖੇਤੀ ਫ਼ਸਲਾਂ ਦੇ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਅਤੇ ਹੋਰ ਕਿਸਾਨੀ ਮੰਗਾਂ ਬਾਰੇ ਚੰਡੀਗੜ੍ਹ ਵਿਚ ਗੱਲਬਾਤ ਹੋਵੇਗੀ ਅਤੇ ਇਸ ਗੱਲਬਾਤ ਵਿਚ ਪੰਜਾਬ ਸਰਕਾਰ ਦੇ ਨੁਮਾਇੰਦੇ ਵੀ ਸ਼ਿਰਕਤ ਕਰਨਗੇ। ਇਸ ਦੇ ਸਿੱਟੇ ਵਜੋਂ ਖਨੌਰੀ ਦੀ ਸਰਹੱਦ 'ਤੇ ਪੰਜਾਬ ਅਤੇ ਹਰਿਆਣੇ ਦੇ ਜੋ 121 ਕਿਸਾਨ ਮਰਨ ਵਰਤ 'ਤੇ ਬੈਠੇ ਸਨ, ਉਨ੍ਹਾਂ ਨੇ ਆਪਣਾ ਮਰਨ ਵਰਤ ਸਮਾਪਤ ਕਰ ਦਿੱਤਾ ਹੈ। ਦੂਜੇ ਪਾਸੇ ਪਿਛਲੇ 57 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਉੱਘੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਭਾਵੇਂ ਅਜੇ ਆਪਣਾ ਮਰਨ ਵਰਤ ਸਮਾਪਤ ਨਹੀਂ ਕੀਤਾ, ਪਰ ਉਨ੍ਹਾਂ ਨੇ ਮੈਡੀਕਲ ਸਹਾਇਤਾ ਲੈਣੀ ਸਵਿਕਾਰ ਕਰ ਲਈ ਹੈ ਅਤੇ ਉਨ੍ਹਾਂ ਨੂੰ ਡਰਿੱਪ ਵੀ ਲਗਾ ਦਿੱਤੀ ਗਈ ਹੈ। ਅਸੀਂ ਸਮਝਦੇ ਹਾਂ ਕਿ ਭਾਵੇਂ ਦੇਰ ਨਾਲ ਹੀ ਸਹੀ, ਕੇਂਦਰ ਸਰਕਾਰ ਨੇ ਅੰਦੋਲਨਕਾਰੀ ਕਿਸਾਨ ਸੰਗਠਨਾਂ ਨਾਲ ਮੁੜ ਤੋਂ ਗੱਲਬਾਤ ਦੀ ਪਹਿਲ ਕਰਕੇ ਇਕ ਚੰਗਾ ਕਦਮ ਪੁੱਟਿਆ ਹੈ।

## ਕਿਸਾਨ ਅੰਦੋਲਨ ਦਾ ਪਿਛੋਕੜ

ਅਸੀਂ ਸਾਰੇ ਜਾਣਦੇ ਹਾਂ ਕਿ ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਬਰੂਹਾਂ 'ਤੇ ਕਿਸਾਨ ਅੰਦੋਲਨ ਦਾ ਪਹਿਲਾ ਪੜਾਅ 2020 ਵਿਚ ਆਰੰਭ ਹੋਇਆ ਸੀ ਅਤੇ ਸਾਲ ਤੋਂ ਵੀ ਵੱਧ ਸਮੇਂ ਤੱਕ ਇਹ ਅੰਦੋਲਨ ਚਲਦਾ ਰਿਹਾ ਸੀ। ਗਰਮੀ-ਸਰਦੀ ਅਤੇ ਬਾਰਿਸ਼ਾਂ ਵਿਚ ਕਿਸਾਨ ਨਿਰੰਤਰ ਦਿੱਲੀ ਦੀਆਂ ਸਰਹੱਦਾਂ 'ਤੇ ਬੈਠੇ ਰਹੇ ਸਨ ਅਤੇ ਇਸ ਦੌਰਾਨ 700 ਤੋਂ ਵੱਧ ਕਿਸਾਨਾਂ ਦੀਆਂ ਵੱਖ-ਵੱਖ ਕਾਰਨਾਂ ਕਰਕੇ ਜਾਨਾਂ ਵੀ ਚਲੇ ਗਈਆਂ ਸਨ। ਇਸ ਅੰਦੋਲਨ ਦੌਰਾਨ 26 ਜਨਵਰੀ, 2021 ਨੂੰ ਇਕ ਵੱਡਾ ਘਟਨਾਕ੍ਰਮ ਇਹ ਵੀ ਵਾਪਰਿਆ ਸੀ ਕਿ ਕਿਸਾਨਾਂ ਵਲੋਂ ਉਸ ਦਿਨ ਦਿੱਲੀ ਵਿਚ ਜੋ ਟਰੈਕਟਰ ਮਾਰਚ ਰੱਖਿਆ ਗਿਆ ਸੀ, ਉਸ ਵਿਚ ਸ਼ਿਰਕਤ ਕਰ ਰਹੇ ਕਿਸਾਨ ਸੰਗਠਨਾਂ ਦੇ ਕੁਝ ਆਗੂ ਨਿਰਧਾਰਤ ਮਾਰਗ ਨੂੰ ਛੱਡ ਕੇ ਕਿਸਾਨਾਂ ਨੂੰ ਟਰੈਕਟਰਾਂ ਸਮੇਤ ਲਾਲ ਕਿਲ੍ਹੇ ਵੱਲ ਲੈ ਗਏ ਸਨ ਅਤੇ ਉਨ੍ਹਾਂ ਵਿਚੋਂ ਕੁਝ ਲੋਕਾਂ ਨੇ ਲਾਲ ਕਿਲ੍ਹੇ 'ਤੇ ਝੰਡਾ ਵੀ ਝੁਲਾਅ ਦਿੱਤਾ ਸੀ। ਇਸ ਕਾਰਨ ਪੁਲਿਸ ਅਤੇ ਕਿਸਾਨਾਂ ਵਿਚਕਾਰ ਦਿੱਲੀ ਦੇ ਵੱਖ-ਵੱਖ ਹਿੱਸਿਆਂ ਵਿਚ ਅਨੇਕਾਂ ਝੜਪਾਂ ਵੀ ਹੋਈਆਂ ਅਤੇ ਬਹੁਤ ਸਾਰੇ ਕਿਸਾਨਾਂ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਗਿਆ ਸੀ। ਉਸ ਸਮੇਂ ਇਕ ਤਰ੍ਹਾਂ ਨਾਲ ਅੰਦੋਲਨ ਲੀਹ ਤੋਂ ਲਹਿੰਦਾ ਨਜ਼ਰ ਆਇਆ ਸੀ ਅਤੇ ਸੁਰੱਖਿਆ ਦਲਾਂ ਨੇ ਦਿੱਲੀ ਦੇ ਆਲੇ-ਦੁਆਲੇ ਲੱਗੇ ਧਰਨਿਆਂ ਨੂੰ ਵੀ ਤਾਕਤ ਦੀ ਵਰਤੋਂ ਕਰਕੇ ਉਠਾਉਣ ਦੀ ਕਾਰਵਾਈ ਸ਼ੁਰੂ ਕਰ ਕਰ ਦਿੱਤੀ ਸੀ, ਪਰ ਆਖਰੀ ਪਲਾਂ ਵਿਚ ਉੱਤਰ ਪ੍ਰਦੇਸ਼ ਦੇ ਉਘੇ ਕਿਸਾਨ ਆਗੂ ਰਾਕੇਸ਼ ਟਕੈਤ ਦੀ ਜਜ਼ਬਾਤੀ ਅਪੀਲ ਤੋਂ ਬਾਅਦ ਕਿਸਾਨ ਫਿਰ ਧਰਨਿਆਂ ਵਾਲੀਆਂ ਥਾਵਾਂ ਵਲ ਪਰਤਣੇ ਸ਼ੁਰੂ ਹੋ ਗਏ ਸਨ। ਆਖ਼ਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਅਵਸਰ 'ਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵਲੋਂ ਤਿੰਨ ਖੇਤੀ ਸੰਬੰਧੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਗਿਆ ਸੀ ਅਤੇ ਇਸ ਦੇ ਪ੍ਰਤੀਕਰਮ ਵਜੋਂ ਕੁਝ ਦਿਨਾਂ ਬਾਅਦ ਹੀ ਕਿਸਾਨ ਸੰਗਠਨਾਂ ਨੇ ਦਿੱਲੀ ਦੀਆਂ ਸਰਹੱਦਾਂ 'ਤੇ ਅੰਦੋਲਨ ਸਮਾਪਤ ਕਰ ਦਿੱਤਾ ਸੀ ਅਤੇ ਇਸ ਨੂੰ ਆਪਣੀ ਇਕ ਵੱਡੀ ਜਿੱਤ ਕਰਾਰ ਦਿੱਤਾ ਸੀ। ਪਰ ਉਨ੍ਹਾਂ ਦੀਆਂ ਖੇਤੀ ਜਿਣਸਾਂ ਦੇ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ, ਖੇਤੀ ਕਰਜ਼ਿਆਂ ਦੀ ਸਮਾਪਤੀ ਅਤੇ ਕੁਝ ਹੋਰ ਮੰਗਾਂ ਬਰਕਰਾਰ ਰਹੀਆਂ ਸਨ। ਇਨ੍ਹਾਂ ਮੰਗਾਂ ਦੀ ਪੂਰਤੀ ਲਈ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚੇ ਨੇ ਸਾਂਝੇ ਤੌਰ 'ਤੇ ਪਿਛਲੇ ਸਾਲ 12 ਫਰਵਰੀ, 2024 ਨੂੰ 'ਦਿੱਲੀ ਚਲੋ' ਦੇ ਨਾਅਰੇ ਨਾਲ ਮੁੜ ਅੰਦੋਲਨ ਆਰੰਭ ਕਰ ਦਿੱਤਾ ਸੀ। ਕਿਸਾਨਾਂ 'ਤੇ ਸੁਰੱਖਿਆ ਦਲਾਂ ਨੇ ਅੱਥਰੂ ਗੈਸ ਦੇ ਗੋਲੇ ਛੱਡੇ ਤੇ ਪਾਣੀ ਦੀਆਂ ਬੁਛਾੜਾਂ ਵੀ ਮਾਰੀਆਂ। ਕਿਸਾਨਾਂ ਦਾ ਦੋਸ਼ ਹੈ ਕਿ ਸੁਰੱਖਿਆ ਦਲਾਂ ਨੇ ਉਨ੍ਹਾਂ 'ਤੇ ਗੋਲੀਆਂ ਵੀ ਚਲਾਈਆਂ ਅਤੇ ਇਸ ਕਾਰਨ ਅਨੇਕਾਂ ਕਿਸਾਨ ਜ਼ਖ਼ਮੀ ਹੋਏ ਅਤੇ ਇਕ ਕਿਸਾਨ ਸ਼ੁੱਭਕਰਨ ਸਿੰਘ ਮਾਰਿਆ ਵੀ ਗਿਆ। ਇਸੇ ਦੌਰਾਨ ਫਰਵਰੀ, 2023 ਵਿਚ ਚੰਡੀਗੜ੍ਹ ਵਿਚ ਕਿਸਾਨੀ ਮੰਗਾਂ ਨੂੰ ਲੈ ਕੇ ਕੇਂਦਰ ਸਰਕਾਰ ਦੇ ਮੰਤਰੀਆਂ ਅਤੇ ਅੰਦੋਲਨਕਾਰੀ ਕਿਸਾਨ



ਆਗੂਆਂ ਦਰਮਿਆਨ ਗੱਲਬਾਤ ਦੇ ਕਈ ਦੌਰ ਹੋਏ, ਜਿਨ੍ਹਾਂ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਸ਼ਿਰਕਤ ਕੀਤੀ, ਪਰ ਕਿਸਾਨੀ ਮੰਗਾਂ ਸੰਬੰਧੀ ਕੋਈ ਆਮ ਸਹਿਮਤੀ ਨਾ ਬਣ ਸਕੀ। ਇਨ੍ਹਾਂ ਪੜਾਵਾਂ ਵਿਚੋਂ ਗੁਜ਼ਰਦਾ ਹੋਇਆ ਕਿਸਾਨ ਅੰਦੋਲਨ ਹੁਣ ਕਿਸਾਨਾਂ ਦੇ ਮਰਨ ਵਰਤਾਂ ਤੋਂ ਹੁੰਦਾ ਹੋਇਆ ਕੇਂਦਰ ਤੇ ਕਿਸਾਨ ਸੰਗਠਨਾਂ ਦਰਮਿਆਨ ਗੱਲਬਾਤ ਦੀ ਮੁੜ ਬਣੀ ਸੰਭਾਵਨਾ ਤਕ ਪਹੁੰਚ ਗਿਆ ਹੈ।

## ਪੰਜਾਬ 'ਤੇ ਪ੍ਰਭਾਵ

ਜੇਕਰ 2020 ਤੋਂ ਲੈ ਕੇ 2025 ਤੱਕ ਦੇ ਕਿਸਾਨ ਅੰਦੋਲਨ ਦੇ ਸਾਰੇ ਘਟਨਾਕ੍ਰਮ ਦਾ ਵਿਸ਼ਲੇਸ਼ਣ ਕਰੀਏ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਇਸ ਅੰਦੋਲਨ ਨੇ ਪੰਜਾਬ ਦੇ ਲਗਭਗ ਸਾਰੇ ਵਰਗਾਂ ਨੂੰ ਪ੍ਰਭਾਵਿਤ ਕੀਤਾ ਹੈ। ਬਿਨਾਂਸ਼ੱਕ ਕੇਂਦਰ ਸਰਕਾਰ ਵਲੋਂ ਕਿਸਾਨ ਸੰਗਠਨਾਂ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਕਾਹਲੀ ਵਿਚ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨ ਖੇਤੀ ਅਤੇ ਕਿਸਾਨਾਂ ਦੇ ਹਿੱਤਾਂ ਲਈ ਫਾਇਦੇ ਵਾਲੇ ਨਹੀਂ ਸਨ ਅਤੇ ਇਹ ਖੇਤੀ ਦੇ ਖੇਤਰ ਵਿਚ ਕਾਰਪੋਰੇਟਰਾਂ ਦਾ ਦਖ਼ਲ ਵਧਾਉਣ ਲਈ ਲਿਆਂਦੇ ਗਏ ਸਨ। ਇਨ੍ਹਾਂ ਸੰਬੰਧੀ ਕਿਸਾਨਾਂ ਵਲੋਂ ਵਿਰੋਧ ਕਰਨਾ ਸੁਭਾਵਿਕ ਹੀ ਸੀ। ਪਰ ਇਹ ਅੰਦੋਲਨ ਬਹੁਤ ਲੰਮਾ ਚੱਲਣ ਕਾਰਨ ਅਤੇ ਇਸ ਦੌਰਾਨ ਪੰਜਾਬ ਦੇ ਅੰਦਰ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦੇ ਘਰਾਂ ਦੇ ਬਾਹਰ ਅਤੇ ਟੋਲ ਪਲਾਜ਼ਿਆਂ 'ਤੇ ਕਿਸਾਨਾਂ ਵਲੋਂ ਨਿਰੰਤਰ ਧਰਨੇ ਦੇਣ ਕਾਰਨ, ਵਾਰ-ਵਾਰ ਸੜਕੀ ਅਤੇ ਰੇਲ ਆਵਾਜਾਈ ਬੰਦ ਕਰਨ ਦੇ ਕਿਸਾਨ ਸੰਗਠਨਾਂ ਵਲੋਂ ਸੱਦੇ ਦੇਣ ਕਾਰਨ, ਆਮ ਲੋਕਾਂ ਨੂੰ ਆਵਾਜਾਈ ਦੇ ਸੰਬੰਧ ਵਿਚ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਪੰਜਾਬ ਦੇ ਵਪਾਰੀਆਂ ਅਤੇ ਸਨਅਤਕਾਰਾਂ ਦੇ ਕਾਰੋਬਾਰਾਂ 'ਤੇ ਵੀ ਇਸ ਦਾ ਬਹੁਤ ਬੁਰਾ ਅਸਰ ਪਿਆ। ਇਸ ਤਰ੍ਹਾਂ ਦੀ ਰਾਜਨੀਤਕ ਅਤੇ ਸਮਾਜਿਕ ਅਨਿਸ਼ਚਤਤਾ ਕਾਰਨ ਬਹੁਤ ਸਾਰੀਆਂ ਸਨਅਤਾਂ ਜੰਮੂ, ਉੱਤਰ ਪ੍ਰਦੇਸ਼ ਅਤੇ ਕਈ ਹੋਰ ਰਾਜਾਂ ਵਿਚ ਚਲੇ ਗਈਆਂ।

## ਸਰਕਾਰ ਦਾ ਵਤੀਰਾ

ਕੇਂਦਰ ਸਰਕਾਰ ਵਲੋਂ ਭਾਵੇਂ ਜਗਜੀਤ ਸਿੰਘ ਡੱਲੇਵਾਲ ਤੇ 121 ਹੋਰ ਕਿਸਾਨਾਂ ਵਲੋਂ ਰੱਖੇ ਗਏ ਮਰਨ ਵਰਤਾਂ 'ਤੇ ਸੰਯੁਕਤ ਕਿਸਾਨ ਮੋਰਚੇ ਦੇ ਦੂਜੇ ਧੜੇ ਦੀਆਂ ਟੋਹਾਣਾ ਤੇ ਮੋਗਾ ਦੀਆਂ ਵੱਡੀਆਂ ਰੈਲੀਆਂ ਕਾਰਨ ਅੰਦੋਲਨਕਾਰੀ ਕਿਸਾਨ ਸੰਗਠਨਾਂ ਨੂੰ ਮੁੜ ਗੱਲਬਾਤ ਦੀ ਪੇਸ਼ਕਸ਼ ਕੀਤੀ ਗਈ ਹੈ ਪਰ ਉਸ ਵਲੋਂ ਖੇਤੀ ਜਿਣਸਾਂ ਦੇ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੇਣਾ ਅਜੇ ਵੀ ਦੂਰ ਦੀ ਗੱਲ ਹੈ, ਉਹ ਤਾਂ ਅਜੇ ਵੀ ਖੇਤੀ ਦੇ ਕਾਰੋਬਾਰ ਵਿਚ ਕਾਰਪੋਰੇਟਰਾਂ ਨੂੰ ਲਿਆਉਣ ਲਈ ਯਤਨਸ਼ੀਲ ਹੈ। ਇਸ ਸੰਦਰਭ ਵਿਚ ਹੀ ਉਸ ਵਲੋਂ ਖੇਤੀ ਮੰਡੀਕਰਨ ਬਾਰੇ ਰਾਜਾਂ ਨੂੰ ਇਕ ਹੋਰ ਖਰੜਾ ਭੇਜਿਆ ਗਿਆ ਸੀ, ਜਿਸ ਨੂੰ ਪੰਜਾਬ ਦੇ ਕਿਸਾਨ ਸੰਗਠਨ ਅਤੇ ਪੰਜਾਬ ਸਰਕਾਰ ਸਾਰੇ ਰੱਦ ਕਰ ਚੁੱਕੇ ਹਨ। ਉਂਝ ਵੀ ਇਹ ਪੂਰੇ ਦੇਸ਼ ਦੇ ਕਿਸਾਨਾਂ ਨਾਲ ਸੰਬੰਧਿਤ ਮਸਲਾ ਹੈ। ਇਕੱਲੇ ਪੰਜਾਬ ਦੇ ਕਿਸਾਨਾਂ ਦੇ ਅੰਦੋਲਨ ਨਾਲ ਸਰਕਾਰ ਸਮਰਥਨ ਮੁੱਲਾਂ ਦੀ ਕਾਨੂੰਨੀ ਗਾਰੰਟੀ ਦੇਣ ਲਈ ਤਿਆਰ ਨਹੀਂ ਹੋਵੇਗੀ। ਇਸ ਲਈ ਦੂਜੇ ਰਾਜਾਂ ਦੇ ਕਿਸਾਨ ਸੰਗਠਨਾਂ ਨੂੰ ਵੀ ਸਰਗਰਮ ਹੋਣਾ ਪਵੇਗਾ। ਇਸੇ ਲਈ ਸਾਡੀ ਇਸ ਸੰਬੰਧ ਵਿਚ ਸਪੱਸ਼ਟ ਰਾਇ ਹੈ ਕਿ ਇਹ ਅੰਦੋਲਨ ਅਜੇ ਵੀ ਲੰਮਾ ਸਮਾਂ ਚੱਲ ਸਕਦਾ ਹੈ ਅਤੇ ਇਸ ਦੇ ਪਿਛਲੇ ਕਿਸਾਨ ਅੰਦੋਲਨ ਦੀ ਤਰ੍ਹਾਂ ਹੀ ਕਿਸਾਨਾਂ ਸਮੇਤ ਸਾਰੇ ਵਰਗਾਂ 'ਤੇ ਅਨੇਕਾਂ ਪਹਿਲੂਆਂ ਤੋਂ ਹੋਰ ਵੀ ਉਲਟ ਪ੍ਰਭਾਵ ਵੀ ਪੈ ਸਕਦੇ ਹਨ। ਇਨ੍ਹਾਂ ਸਾਰੇ ਪਹਿਲੂਆਂ ਨੂੰ ਵਿਚਾਰਨ ਲਈ ਪੰਜਾਬ ਦੇ ਸਾਰੇ ਹਿੱਤਧਾਰਕਾਂ ਵਲੋਂ ਇਕ ਮੰਚ 'ਤੇ ਇਕੱਠੇ ਹੋ ਕੇ ਕਿਸਾਨ ਅੰਦੋਲਨ ਦੀ ਰਣਨੀਤੀ ਸੰਬੰਧੀ ਖੁੱਲ੍ਹੇ ਮਨ ਨਾਲ ਵਿਚਾਰ-ਵਟਾਂਦਰਾ ਕਰਨਾ ਜ਼ਰੂਰੀ ਹੈ ਅਤੇ ਕੋਈ ਆਮ ਸਹਿਮਤੀ ਵਾਲੀ ਰਣਨੀਤੀ ਤਿਆਰ ਕਰਨੀ ਸਮੇਂ ਦੀ ਲੋੜ ਹੈ, ਜਿਸ ਨਾਲ ਪੰਜਾਬ ਤੇ ਪੰਜਾਬੀਆਂ ਦਾ ਬਹੁਤਾ ਆਰਥਿਕ ਨੁਕਸਾਨ ਨਾ ਹੋਵੇ ਅਤੇ ਕਿਸਾਨ ਵੀ ਲਗਾਤਾਰ ਸੰਘਰਸ਼ ਕਰਨ ਲਈ ਮਜਬੂਰ ਨਾ ਹੋਣ। ਇਸ ਸੰਦਰਭ ਵਿਚ ਸਾਡਾ ਵਿਚਾਰ ਹੈ ਕਿ ਅੰਦੋਲਨ ਨੂੰ ਪੂਰੀ ਤਰ੍ਹਾਂ ਪੁਰ-ਅਮਨ ਰੱਖਿਆ ਜਾਣਾ ਬੇਹੱਦ ਜ਼ਰੂਰੀ ਹੈ ਅਤੇ ਇਸ ਦੌਰਾਨ ਸੜਕੀ ਅਤੇ ਰੇਲ ਅਵਾਜਾਈ ਨੂੰ ਵਾਰ-ਵਾਰ ਬੰਦ ਕਰਨ ਦੇ ਸੱਦੇ ਨਾ ਦਿੱਤੇ ਜਾਣ ਅਤੇ ਮਰਨ ਵਰਤ ਰੱਖਣ ਵਰਗੇ ਬੇਹੱਦ ਸਖ਼ਤ ਕਦਮਾਂ ਦੀ ਥਾਂ ਕਿਸਾਨ ਜਥਿਆਂ ਵਲੋਂ ਲੋੜ ਅਨੁਸਾਰ ਇਕ-ਇਕ ਦਿਨ ਲਈ ਲੜੀਵਾਰ ਭੁੱਖ ਹੜਤਾਲ ਕਰਨ ਦੇ ਬਦਲ ਨੂੰ ਤਰਜੀਹ ਦੇਣੀ ਚਾਹੀਦੀ ਹੈ। ਪੰਜਾਬ ਸਮੇਤ ਦੇਸ਼ ਭਰ ਦੇ ਹੋਰ ਕਿਸਾਨ ਸੰਗਠਨਾਂ ਅਤੇ ਦੇਸ਼ ਦੀਆਂ ਸਭ ਸਿਆਸੀ ਪਾਰਟੀਆਂ ਨੂੰ ਵੀ ਇਸ ਸੰਬੰਧ ਵਿਚ ਵਿਸ਼ਵਾਸ ਵਿਚ ਲਿਆ ਜਾਣਾ ਚਾਹੀਦਾ ਹੈ। ਖੇਤੀ ਜਿਣਸਾਂ ਦੇ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਸੰਬੰਧੀ ਵੀ ਕਿਸਾਨ ਸੰਗਠਨਾਂ ਦੀ ਪਹੁੰਚ ਤਰਕਸੰਗਤ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਯਕੀਨੀ ਤੌਰ 'ਤੇ ਲਾਭਕਾਰੀ ਭਾਅ ਮਿਲਣੇ ਚਾਹੀਦੇ ਹਨ। ਸਰਕਾਰੀ ਮੰਡੀ ਕਾਇਮ ਰਹਿਣੀ ਚਾਹੀਦੀ ਹੈ, ਖਰੀਦਦਾਰ ਸਰਕਾਰ ਹੋਵੇ ਜਾਂ ਨਿੱਜੀ ਵਪਾਰੀ ਹੋਣ, ਇਸ ਸੰਬੰਧੀ ਉਨ੍ਹਾਂ ਨੂੰ ਕੋਈ ਉਜਰ ਨਹੀਂ ਹੋਣਾ ਚਾਹੀਦਾ।

## ਸੰਭਾਵਿਤ ਸਿੱਟੇ

ਇਸ ਤਰ੍ਹਾਂ ਦੀ ਵਿਸ਼ਾਲ ਲਾਮਬੰਦੀ ਤੇ ਤਰਕਸੰਗਤ ਪਹੁੰਚ ਤੋਂ ਬਿਨਾਂ, ਕਿਸਾਨ, ਖੇਤੀ ਜਿਣਸਾਂ ਦੇ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਅਤੇ ਆਪਣੀਆਂ ਹੋਰ ਮੰਗਾਂ ਦੀ ਪੂਰਤੀ ਨਹੀਂ ਕਰਵਾ ਸਕਦੇ। ਪਰ ਜੇਕਰ ਇਹ ਅੰਦੋਲਨ ਸਿਰਫ਼ ਪੰਜਾਬ ਤਕ ਸੀਮਿਤ ਰਹਿੰਦਾ ਹੈ ਤਾਂ ਕੇਂਦਰ ਸਰਕਾਰ ਨੂੰ ਮੰਗਾਂ ਮੰਨਣ ਲਈ ਮਜਬੂਰ ਨਹੀਂ ਕੀਤਾ ਜਾ ਸਕੇਗਾ। ਇਸ ਦਾ ਲੰਮੇ ਸਮੇਂ ਲਈ ਸਿੱਟਾ ਇਹ ਵੀ ਨਿਕਲ ਸਕਦਾ ਹੈ ਕਿ ਸਿਆਸੀ ਖੇਤਰ ਵਿਚ ਭਾਜਪਾ ਅਤੇ ਕਈ ਹੋਰ ਰਾਜਨੀਤਕ ਤਾਕਤਾਂ ਪੰਜਾਬ ਦੇ ਲੋਕਾਂ ਨੂੰ ਕਿਸਾਨਾਂ ਵਿਰੁੱਧ ਲਾਮਬੰਦ ਕਰਨ ਵਿਚ ਸਫਲ ਹੋ ਜਾਣ ਅਤੇ ਪੰਜਾਬ ਵਿਚ ਹੀ ਕਿਸਾਨ ਆਪਣੇ ਹੱਕਾਂ ਹਿੱਤਾਂ ਲਈ ਲੜਦੇ ਹੋਏ ਸਮਾਜ ਦੇ ਵੱਡੇ ਹਿੱਸਿਆਂ ਤੋਂ ਅਲੱਗ-ਥਲੱਗ ਹੋ ਕੇ ਰਹਿ ਜਾਣ। ਜੇਕਰ ਅਜਿਹੀ ਸਥਿਤੀ ਉਤਪੰਨ ਹੁੰਦੀ ਹੈ ਤਾਂ ਆਉਣ ਵਾਲੇ ਸਮੇਂ ਵਿਚ ਰਾਜਨੀਤਕ ਤੌਰ 'ਤੇ ਵੀ ਇਸ ਦਾ ਪੰਜਾਬ-ਪੱਖੀ ਤਾਕਤਾਂ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਇਸ ਲਈ ਵਿਸ਼ਾਲ ਲਾਮਬੰਦੀ ਤੇ ਲੰਮੇ ਸਮੇਂ ਦੀ ਰਣਨੀਤੀ ਬੇਹੱਦ ਜ਼ਰੂਰੀ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਸਾਡੀ ਇਹ ਰਾਇ ਹੈ ਕਿ ਜੇਕਰ ਕੇਂਦਰ ਸਰਕਾਰ 14 ਫਰਵਰੀ ਨੂੰ ਗੱਲਬਾਤ ਦੇ ਦਿੱਤੇ ਸੱਦੇ ਅਨੁਸਾਰ ਖੁੱਲ੍ਹੇ ਮਨ ਨਾਲ ਅੰਦੋਲਨਕਾਰੀ ਕਿਸਾਨ ਸੰਗਠਨਾਂ ਨਾਲ ਗੱਲਬਾਤ ਲਈ ਅੱਗੇ ਆਉਂਦੀ ਹੈ, ਤਾਂ ਕਿਸਾਨ ਸੰਗਠਨਾਂ ਨੂੰ ਤਰਕਸੰਗਤ ਢੰਗ ਨਾਲ ਆਪਣਾ ਕੇਸ ਮਜ਼ਬੂਤੀ ਨਾਲ ਸਰਕਾਰ ਦੇ ਸਾਹਮਣੇ ਰੱਖਣਾ ਚਾਹੀਦਾ ਹੈ।

-0-

# ਇਹ ਵਿਚਾਰਾਂ ਦੀ ਲੜਾਈ ਹੈ, ਪਰਚਿਆਂ ਦੀ ਨਹੀਂ

***ਟਰੰਪ-ਮਸਕ ਯਾਰਾਨਾ ਉਸ ਰਾਜਨੀਤਕ ਪ੍ਰਬੰਧ ਉੱਪਰ ਕਿਵੇਂ ਅਸਰ-ਅੰਦਾਜ਼ ਹੋ ਰਿਹਾ ਹੈ ਜਿਸ ਨੂੰ ਲੋਕਤੰਤਰ ਕਿਹਾ ਜਾਂਦਾ ਹੈ। ਕੀ ਲੋਕਤੰਤਰ, ਹੁਣ ਲੋਕਤੰਤਰ ਰਹਿ ਵੀ ਗਿਆ ਹੈ? ਇਸਦਾ ਦੁਨੀਆ ਭਰ ਵਿਚ ਘੋਰ ਸੱਜੇਪੱਖੀ ਤਾਕਤਾਂ ਦੇ ਹਾਲੀਆ ਉਭਾਰ ਨਾਲ ਕੀ ਰਿਸ਼ਤਾ ਹੈ, ਇਨ੍ਹਾਂ ਸਵਾਲਾਂ ਦੀ ਚਰਚਾ ਪ੍ਰੋਫੈਸਰ ਅਸ਼ ਨਰਾਇਣ ਰਾਏ ਨੇ ਆਪਣੀ ਇਸ ਟਿੱਪਣੀ ਵਿਚ ਕੀਤੀ ਹੈ, ਜੋ ਕਿ ਇੰਸਟੀਚਿਊਟ ਆਫ ਸੋਸ਼ਲ ਸਾਇੰਸ, ਦਿੱਲੀ ਦੇ ਡਾਇਰੈਕਟਰ ਹਨ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸ ਦਾ ਪੰਜਾਬੀ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। - ਸੰਪਾਦਕ***

ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਦਾ 'ਪਹਿਲਾ ਦੋਸਤ' ਐਲਨ ਮਸਕ ਉਹ ਸ਼ੈਅ ਬਣ ਗਿਆ ਹੈ ਜਿਸ ਨੂੰ 'ਦ ਗਾਰਡੀਅਨ' ਦੇ ਕਾਲਮਨਵੀਸ ਅਲੈਗਜ਼ੈਂਡਰ ਹਰਸਟ ਨੇ 'ਇਕ ਸ਼ਖ਼ਸੀ ਦੁਸ਼ਟ ਰਾਜ' ਕਿਹਾ ਹੈ। ਇਹ ਸਪਸ਼ਟ ਨਹੀਂ ਹੈ ਕਿ ਕੌਣ ਕਿਸ ਦੀ ਦੂਜੇ ਨਾਲ ਜੁੜ ਕੇ ਬਟੋਰੀ ਮਹਿਮਾ ਦਾ ਆਨੰਦ ਲੈ ਰਿਹਾ ਹੈ। ਮਾਗਾ ਰਿਪਬਲਿਕਨ ਪਾਰਟੀ ਦਾ ਅਸਲੀ ਆਗੂ ਤਕਨੀਕੀ ਅਰਬਪਤੀ ਹੈ ਅਤੇ ਉਹ ਟਰੰਪ ਪ੍ਰਸ਼ਾਸਨ ਵਿਚ ਨੰਬਰ ਇਕ ਹੋਵੇਗਾ।

ਬਿਨ-ਚੁਣਿਆ ਧਨਤੰਤਰੀ ਹੁਕਮਰਾਨ 2027 ਤੱਕ ਦੁਨੀਆ ਦਾ ਪਹਿਲਾ ਖਰਬਪਤੀ ਬਣਨ ਦੇ ਰਾਹ 'ਤੇ ਹੈ। ਸ਼ੈਡੋ ਰਾਸ਼ਟਰਪਤੀ ਟਰੰਪ ਲਈ ਇਕ ਵਿਨਾਸ਼ਕਾਰੀ ਮੁਖੀਆ ਸਾਬਤ ਹੋ

**ਮੂਲ: ਪ੍ਰੋਫੈਸਰ ਅਸ਼ ਨਰਾਇਣ ਰਾਏ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਸਕਦਾ ਹੈ। ਉਸ ਨੇ ਇਹ ਦਾਅਵਾ ਕਰ ਕੇ ਜਰਮਨੀ ਅਤੇ ਹੋਰ ਥਾਈਂ ਖਲਬਲੀ ਮਚਾ ਦਿੱਤੀ ਹੈ ਕਿ ਸਿਰਫ਼ ਸੱਜੇ-ਪੱਖੀ ਏਐਫਡੀ (ਘੋਰ-ਪਿਛਾਖੜੀ ਧੜਾ) ਹੀ ਜਰਮਨੀ ਨੂੰ ਬਚਾ ਸਕਦੀ ਹੈ। ਇਸ ਤੋਂ ਪਹਿਲਾਂ ਉਸ ਨੇ ਯੂ.ਕੇ. ਦੀ ਰਿਫਾਰਮ ਪਾਰਟੀ ਅਤੇ ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਸਮੇਤ ਪੂਰੇ ਯੂਰਪ ਦੀਆਂ ਹੋਰ ਇਮੀਗ੍ਰੇਸ਼ਨ ਵਿਰੋਧੀ ਤਾਕਤਾਂ ਦੀ ਪਿੱਠ ਥਾਪੜੀ ਸੀ।

ਟਰੰਪ-ਮਸਕ ਹਕੂਮਤ ਦੇ ਤਹਿਤ ਦੁਨੀਆ ਭਰ ਵਿਚ, ਵਿਚਾਰਾਂ ਅਤੇ ਸੁਤੰਤਰ ਸੋਚ ਦੀ ਲੜਾਈ ਹੋਰ ਬੁਰੀ ਹੋ ਸਕਦੀ ਹੈ। ਨਕਾਰਨ ਕਰਨ ਦਾ ਸੱਭਿਆਚਾਰ ਪਹਿਲਾਂ ਹੀ ਵਿਦਵਤਾ ਦੇ ਸਰੋਤ ਅਤੇ ਸੋਚਵਾਨ ਸੰਸਥਾਵਾਂ ਲਈ ਮੌਤ ਦੀ ਘੰਟੀ ਸਾਬਤ ਹੋਇਆ ਹੈ। ਅਮਰੀਕੀ ਯੂਨੀਵਰਸਿਟੀਆਂ ਹੁਣ ਅਰਬਪਤੀਆਂ ਦੀ ਚਾਟ 'ਤੇ ਲੱਗ ਗਈਆਂ ਹਨ। ਜਿਵੇਂ ਕਿ ਕਾਲਮਨਵੀਸ ਫਰਹਾਦ ਮੰਜੂ 'ਦ ਨਿਊਯਾਰਕ ਟਾਈਮਜ਼' ਵਿਚ ਲਿਖਦਾ ਹੈ, ਜਦੋਂ ਇਕ ਅਰਬਪਤੀ ਆਉਂਦਾ ਹੈ ਤਾਂ 'ਆਈਵਰੀ ਟਾਵਰ ਵਿਚਲੇ ਆਦਮੀ ਪਲੂਟੋਕ੍ਰੇਟ ਨੂੰ ਚੜ੍ਹਨ ਦੇਣ ਲਈ ਆਪਣੇ ਸੁਨਹਿਰੀ ਤਾਲੇ ਹਟਾਉਣ ਦਾ ਵਿਰੋਧ ਨਹੀਂ ਕਰ ਸਕਦੇ।'

ਬਿੱਗ ਤਕਨੀਕ ਅਤੇ ਨਵ-ਸੱਜੇਪੱਖੀਆਂ ਦਾ ਹਮਲਾ ਅਜਿਹਾ ਹੈ ਕਿ ਅਸੀਂ ਇਹ ਵਿਸ਼ਵਾਸ ਕਰਨ ਲੱਗੇ ਹਾਂ ਕਿ ਮਹਾਨ ਵਿਚਾਰ ਖ਼ਤਮ ਹੋ ਰਹੇ ਹਨ ਅਤੇ ਉਨ੍ਹਾਂ ਦੇ ਸਿਰ ਫਿਰ ਗਏ ਹਨ। ਦਰਅਸਲ, ਸਾਡੀ ਔਸਤ ਜਿਹੇ ਦਰਜੇ ਦੀ ਲਿਆਕਤ ਅਤੇ ਸੱਭਿਆਚਾਰਕ-ਬੌਧਿਕ ਦਲਦਲ ਲਈ ਜ਼ਿਆਦਾਤਰ ਜ਼ਿੰਮੇਵਾਰ ਤਕਨਾਲੋਜੀ ਹੀ ਹੈ।

ਜਿਵੇਂ ਕਿ ਬਰਤਾਨਵੀ ਪੱਤਰਕਾਰ ਮਾਰਟਿਨ ਬ੍ਰਾਈਟ ਦਲੀਲ ਦਿੰਦਾ ਹੈ, ਅਣਉਦਾਰਵਾਦੀ ਲੋਕਤੰਤਰਾਂ ਦਾ ਪਤਨ 'ਡੈਮੋਕਰੇਸ਼ਿਪ' (ਡਾ. ਐਡੀਜ਼ਿਸ ਵੱਲੋਂ ਘੜਿਆ ਸ਼ਬਦ ਜੋ ਲੋਕਤੰਤਰੀ ਅਤੇ ਤਾਨਾਸ਼ਾਹ ਪ੍ਰਬੰਧਾਂ ਦਰਮਿਆਨ ਮੌਜੂਦ ਟਕਰਾਅ ਨੂੰ ਪਰਿਭਾਸ਼ਤ ਕਰਦਾ ਹੈ) ਜਾਂ 'ਡੈਮੋਕਰੇਟੂਰਾ' (ਡੈਮੋਕਰੇਟਿਕ ਡਿਕਟੇਟਰਸ਼ਿਪ) ਵਿਚ ਹੋ ਰਿਹਾ ਹੈ। ਇਹ ਸ਼ਾਸਨ ਸੰਸਥਾਵਾਂ ਨੂੰ ਖੋਖਲਾ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਏਨੇ ਡੂੰਘੇ ਜ਼ਖ਼ਮ ਦੇ ਰਹੇ ਹਨ ਕਿ ਉਨ੍ਹਾਂ ਨੂੰ ਭਰਨਾ ਮੁਸ਼ਕਲ ਹੈ। ਪਲੈਟੋ ਨੇ ਭਵਿੱਖਬਾਣੀ ਕੀਤੀ ਸੀ ਕਿ ਲੋਕਤੰਤਰ ਤੋਂ ਜ਼ੁਲਮੀ ਰਾਜ ਉੱਭਰੇਗਾ। ਅੱਜ ਦੁਨੀਆ ਦੇ ਵੱਡੇ ਹਿੱਸਿਆਂ ਵਿਚ ਲੋਕਤੰਤਰ ਸਿਰਫ਼ ਨਾਮ ਦਾ ਹੀ ਰਹਿ ਗਿਆ ਹੈ ਅਤੇ ਉਸ ਦੀ ਥਾਂ ਧਨਤੰਤਰ, ਧਨ ਦੇ ਜ਼ੋਰ ਸੱਤਾ ਨੇ ਲੈ ਲਈ ਹੈ।

ਅਮਰੀਕਾ ਫਸਟ ਦੇ ਪੈਰੋਕਾਰ ਅਤੇ ਬਿੱਗ-ਟੈੱਕ ਬਰਦਰਜ਼ ਅਮਰੀਕਾ ਨੂੰ 'ਸੰਵਿਧਾਨਕ ਗਣਰਾਜ' ਮੰਨਦੇ ਹਨ, ਨਾ ਕਿ ਲੋਕਤੰਤਰ। ਵਿਚਾਰਾਂ ਦੀ ਲੜਾਈ ਪਰਚਿਆਂ/ਦੁਵਰਕੀਆਂ ਦੀ ਲੜਾਈ ਬਣ ਜਾਣ ਦਾ ਡਰ ਹੈ। ਲੋਕਤੰਤਰ ਉਲਟ ਦਿਸ਼ਾ 'ਚ ਜਾ ਰਿਹਾ ਹੈ। ਯੂਰਪ ਵਿਚ ਨਵ-ਸੱਜੇਪੱਖੀ ਅੱਗੇ ਵਧ ਰਹੇ ਹਨ।

ਫ਼ਲਸਤੀਨੀ ਲੋਕ ਅਮਾਨਵੀਕਰਨ ਦੇ ਬੇਮਿਸਾਲ ਦੌਰ ਵਿਚੋਂ ਗੁਜ਼ਰ ਰਹੇ ਹਨ। ਫ਼ਲਸਤੀਨੀ ਲੇਖਕਾ ਅਨਾਦੀਆ ਸ਼ਿਬਲੀ 'ਜ਼ਮੀਨ ਤੋਂ ਬਿਨਾਂ, ਸ਼ਾਂਤੀ ਤੋਂ ਬਿਨਾਂ, ਮਨੁੱਖਤਾ ਤੋਂ ਬਿਨਾਂ ਪੈਦਾ ਹੋਣ ਦੇ ਕੀ ਮਾਇਨੇ ਹਨ' ਦੀ ਗੱਲ ਕਰਦੀ ਹੈ। ਉਹ ਅੱਗੇ ਕਹਿੰਦੀ ਹੈ ਕਿ 'ਬਸਤੀਵਾਦ ਕਿਸੇ ਦੇ ਆਪਣੇ ਇਤਿਹਾਸ ਦੀ ਕਹਾਣੀ ਨੂੰ ਘੜਨ ਲਈ ਲੋੜੀਂਦੇ ਸ਼ਬਦਾਂ ਅਤੇ ਜਾਣਕਾਰੀ ਤੱਕ ਪਹੁੰਚ ਨੂੰ ਰੋਕਦਾ ਹੈ ਕਿਉਂਕਿ ਜੇਤੂ ਉਨ੍ਹਾਂ ਤੱਤਾਂ ਦੇ ਸਾਰੇ ਨਿਸ਼ਾਨ ਮਿਟਾ ਦਿੰਦਾ ਹੈ ਜੋ ਯਾਦਦਾਸ਼ਤ ਨੂੰ ਸਾਂਭ ਕੇ ਰੱਖ ਸਕਦੇ ਸਨ।' ਬਸਤੀਵਾਦ ਨੇ ਬਸਤੀ ਬਣਾਏ ਲੋਕਾਂ ਨਾਲ ਇਹੀ ਕੀਤਾ ਹੈ।

ਚੀਜ਼ਾਂ ਨੂੰ ਦੇਖਣ ਦੇ ਦੋ ਤਰੀਕੇ ਹਨ। ਅਸੀਂ ਹੁਣ ਅਣਗਾਹੇ ਸੱਤਾਮੂਲਕ ਅਤੇ ਗਿਆਨਮੂਲਕ ਖੇਤਰ ਵਿਚ ਹਾਂ। ਕੋਈ ਇਹ ਵੀ ਦਲੀਲ ਦੇ ਸਕਦਾ ਹੈ ਕਿ ਸੋਚਣ ਲਈ ਕਦੇ ਵੀ ਚੰਗਾ ਸਮਾਂ ਨਹੀਂ ਰਿਹਾ। ਸਪੇਨੀ ਦਾਰਸ਼ਨਿਕ ਵਿਕਟਰ ਗੋਮਜ਼ ਪਿਨ ਸਾਨੂੰ ਦੱਸਦਾ ਹੈ ਕਿ ਮਾੜੀ ਸਿੱਖਿਆ ਤੋਂ ਪਹਿਲਾਂ ਅਸੀਂ ਸਾਰੇ ਕਵੀ ਸਾਂ। ਵਿਦਿਆ ਉਸ ਲਈ 'ਗ਼ਲਬੇ ਦਾ ਸਾਧਨ' ਹੈ। ਇਹ ਮਹੱਤਵਪੂਰਨ ਨਾਗਰਿਕਾਂ ਨਾਲੋਂ ਪੈਦਾਵਾਰੀ ਮਸ਼ੀਨ ਦੇ ਪੁਰਜ਼ੇ ਬਣਾਉਣ ਵੱਲ ਵਧੇਰੇ ਸੇਧਤ ਹੈ।

'ਨਿਊਯਾਰਕ ਟਾਈਮਜ਼' ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਲੇਖਕ ਰੌਬਰਟ ਜੋਨਸ ਆਪਣੀ ਕਿਤਾਬ, 'ਦ ਹਿਡਨ ਰੂਟਸ ਆਫ਼ ਵ੍ਹਾਈਟ ਸੁਪ੍ਰੀਮੇਸੀ ਐਂਡ ਦੀ ਪਾਥ ਟੂ ਅ ਸ਼ੇਅਰਡ ਅਮੈਰੀਕਨ ਫਿਊਚਰ', ਵਿਚ ਸਾਨੂੰ ਦੱਸਦਾ ਹੈ ਕਿ ਕਿਵੇਂ ਬਹੁਤ ਲੰਮਾ ਸਮਾਂ ਪਹਿਲਾਂ ਹੀ ਦੇਸੀ ਕਹਾਣੀਆਂ ਮਿਟਾ ਦਿੱਤੀਆਂ ਗਈਆਂ ਸਨ ਅਤੇ ਇਹ ਕਿ ਅਮਰੀਕੀ ਇਤਿਹਾਸ 1776 ਜਾਂ 1619 'ਚ ਸ਼ੁਰੂ ਨਹੀਂ ਹੋਇਆ ਸੀ।

ਤੁਰਕੀ ਦੇ ਨਾਵਲਕਾਰ ਅਤੇ ਕਥਾਕਾਰ ਐਲਿਫ ਸ਼ਫਾਕ ਦਾ ਕਹਿਣਾ ਹੈ ਕਿ ਕਹਾਣੀ ਕਹਿਣ ਦੀ ਕਲਾ 'ਘੇਰੇ ਉੱਤਲੀ ਚੀਜ਼ ਨੂੰ ਕੇਂਦਰ ਵਿਚ ਲਿਆ ਸਕਦੀ ਹੈ', ਜਿਸ ਨਾਲ ਅਦਿੱਖ ਥੋੜ੍ਹਾ ਦ੍ਰਿਸ਼ਮਾਨ ਬਣ ਜਾਂਦਾ ਹੈ। ਸ਼ਫਾਕ ਲਿਖਦਾ ਹੈ ਕਿ ਜਿਸ ਤਰੀਕੇ ਨਾਲ ਇਤਿਹਾਸ ਨੂੰ ਪੜ੍ਹਾਇਆ ਜਾਂਦਾ ਹੈ ਅਤੇ ਅਧਿਕਾਰਕ ਵਜੋਂ ਮਾਨਤਾ-ਪ੍ਰਾਪਤ ਬਣਾਇਆ ਜਾਂਦਾ ਹੈ, ਉਹ ਲਗਭਗ ਹਮੇਸ਼ਾ 'ਉਸਦੀ ਕਹਾਣੀ' (ਹਿਜ਼ ਸਟੋਰੀ) ਹੁੰਦਾ ਹੈ। ਇਸ ਲਈ, ਉਸ ਦੀਆਂ ਬਹੁਤ ਸਾਰੀਆਂ ਲਿਖਤਾਂ 'ਔਰਤਾਂ, ਘੱਟ-ਗਿਣਤੀਆਂ ਜਾਂ ਕਹਾਣੀਆਂ ਬਾਰੇ ਉਹ ਅਣਕਹੀਆਂ ਕਹਾਣੀਆਂ ਹਨ ਜਿਨ੍ਹਾਂ ਨੂੰ ਸਹਿਜੇ ਹੀ ਭੁਲਾ ਦਿੱਤਾ ਗਿਆ ਹੈ।'

ਅਸੀਂ ਅਣਕਹੇ ਹਾਲਾਤਾਂ ਨਾਲ ਨਜਿੱਠ ਰਹੇ ਹਾਂ, ਅਰਥਾਤ, ਉਹ ਐਨੇ ਭਿਆਨਕ ਹਨ ਕਿ ਉਨ੍ਹਾਂ ਦਾ ਨਾਂ ਨਹੀਂ ਲਿਆ ਜਾ ਸਕਦਾ, ਉਹ ਆਮ ਤੌਰ 'ਤੇ ਯੋਜਨਾਬੱਧ ਨਹੀਂ ਹੁੰਦੇ। ਇਹ ਤਰੱਕੀ ਵਿਚ ਵਿਸ਼ਵਾਸ ਦੀ ਘਾਟ ਅਤੇ ਕਲਪਨਾ ਦੀ ਅਸਫ਼ਲਤਾ ਦਾ ਸੰਕੇਤ ਹੁੰਦਾ ਹੈ। ਮੂਰਖ ਦਾ ਮੰਨਣਾ ਹੈ ਕਿ ਦੁਨੀਆ ਦਾ ਸਭ ਤੋਂ ਉੱਚਾ ਪਹਾੜ ਉਸ ਦੁਆਰਾ ਦੇਖੇ ਗਏ ਸਭ ਤੋਂ ਉੱਚੇ ਪਹਾੜ ਜਿੱਡਾ ਹੀ ਹੋਵੇਗਾ। ਅਸੀਂ ਹੁਣ ਅਣਪਛਾਤੇ ਮਾਹੌਲ ਵਿਚ ਹਾਂ।

ਪਰ ਇਤਿਹਾਸ ਸਾਨੂੰ ਆਸ਼ਾਵਾਦੀ ਬਣਾਉਂਦਾ ਹੈ ਕਿਉਂਕਿ ਅਸੀਂ ਇਸਨੂੰ ਪਹਿਲਾਂ ਵੀ ਕਿਸੇ ਨਾ ਕਿਸੇ ਰੂਪ ਵਿਚ ਦੇਖ ਚੁੱਕੇ ਹਾਂ। ਮੂਲਵਾਸੀ ਲੋਕਾਂ ਦੇ ਜਿਉਂਦੇ-ਜਾਗਦੇ ਅਨੁਭਵਾਂ ਅਤੇ ਉਨ੍ਹਾਂ ਦੀ ਗਿਆਨ-ਮੀਮਾਂਸਾ ਤੋਂ ਸਿੱਖਣ ਲਈ ਬੜਾ ਕੁਝ ਹੈ।

ਗਾਂਧੀ ਜਾਣਦਾ ਸੀ ਕਿ ਨਾਂਹ ਕਿਵੇਂ ਕਰਨੀ ਹੈ। ਚੀਨੀ ਪੱਤਰਕਾਰ ਦਾਈ ਕਿੰਗ ਨੇ ਚੀਨ ਵਿਚ 3 ਗੋਰਜਸ ਡੈਮ ਦਾ ਵਿਰੋਧ ਕੀਤਾ। ਉਹ ਕਹਿੰਦੀ ਹੈ, 'ਸਨਮਾਨ ਦੇ ਸਭ ਤੋਂ ਉੱਚੇ ਇਜ਼ਹਾਰ ਨੂੰ ਇਕ 'ਨਹੀਂ' (ਸਿੰਗਲ ਨੋ) ਵਿਚ ਸਮੇਟਿਆ ਜਾ ਸਕਦਾ ਹੈ। ਕੁਝ ਸਾਲ ਪਹਿਲਾਂ, ਜਦੋਂ ਅਸੀਂ ਦੁਨੀਆ ਭਰ ਵਿਚ ਨਾਗਰਿਕਾਂ ਦੀਆਂ ਲਹਿਰਾਂ ਦਾ ਹੜ੍ਹ ਦੇਖਿਆ, ਤਾਂ ਅਸੀਂ ਇਕ ਵੱਡੀ ਨਹੀਂ (ਬਿੱਗ ਨੋ) ਸੁਣੀ - ਕੇਫਾਯਾ (ਅਰਬ ਜਗਤ ਵਿਚ), ਅਤੇ ਯਾ ਬਸਤਾ! ਅਤੇ ਕੂ ਸੇ ਵਾਯਾਨ ਟੋਡੋ! (ਲਾਤੀਨੀ ਅਮਰੀਕਾ 'ਚ)।

ਅੱਜ ਦੁਨੀਆ ਭਰ ਦੀਆਂ ਸਰਕਾਰਾਂ ਇਸ 'ਨਹੀਂ' ਦੀ ਜ਼ੁਬਾਨਬੰਦੀ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਹ ਸਿਰਫ਼ ਹਾਂ ਚਾਹੁੰਦੇ ਹਨ। 'ਨਹੀਂ' ਕਹਿਣਾ ਸ਼ਾਇਦ ਸਭ ਤੋਂ ਔਖਾ ਸ਼ਬਦ ਹੈ। ਪਰ ਇਹ ਅੱਜ ਦਾ ਸਭ ਤੋਂ ਜ਼ਰੂਰੀ ਸ਼ਬਦ ਹੈ। ਸਾਡੇ ਜ਼ਿਆਦਾਤਰ ਜੀਵਨ ਕਾਲ ਵਿਚ ਹਾਂ ਦੀ ਦੌੜ ਜਿੱਤ ਰਹੀ ਹੈ। 'ਨਹੀਂ' ਦੀ ਮਜ਼ਬੂਤ ਵਾਪਸੀ ਦਾ ਸਮਾਂ ਆ ਗਿਆ ਹੈ। 'ਨਹੀਂ' ਕਹਿਣਾ ਸਾਡੀਆਂ ਜ਼ਿੰਦਗੀਆਂ ਅਤੇ ਸਾਡੀਆਂ ਰੂਹਾਂ ਦੀ ਬਿਹਤਰੀਨ ਅਗਵਾਈ ਕਰਨ ਵਾਲਾ ਚਾਨਣ-ਮੁਨਾਰਾ ਹੋ ਸਕਦਾ ਹੈ।

ਦੁੱਖਾਂ ਤੋਂ ਬਚਣ ਦੇ ਦੋ ਤਰੀਕੇ ਹਨ। ਇਕ, ਨਰਕ ਨੂੰ ਸਵੀਕਾਰ ਕਰਨਾ, ਇਸਦਾ ਹਿੱਸਾ ਬਣ



ਜਾਣਾ ਅਤੇ ਹੁਣ ਇਸਨੂੰ ਨਾ ਦੇਖਣਾ। ਦੂਜਾ, ਇਹ ਪਛਾਣਨਾ ਸਿੱਖਣਾ ਕਿ ਨਰਕ ਦੇ ਦਰਮਿਆਨ ਕੌਣ ਅਤੇ ਕੀ ਨਰਕ ਨਹੀਂ ਹਨ, ਅਤੇ ਉਨ੍ਹਾਂ ਨੂੰ ਬਣੇ ਰਹਿਣ ਦੇਣਾ।

ਇਹੀ ਉਹ ਜਗ੍ਹਾ ਹੈ ਜਿੱਥੇ ਕਹਾਣੀ ਆਉਂਦੀ ਹੈ। ਜਿਵੇਂ ਕਿ ਨਾਇਜੀਰੀਅਨ ਲੇਖਿਕਾ ਚਿਮਾਮਾਂਡਾ ਆਦਿਚੀ ਕਹਿੰਦੀ ਹੈ, ਕਹਾਣੀਆਂ ਲੋਕਾਂ ਦੇ ਮਾਣ-ਸਨਮਾਨ ਨੂੰ ਕੁਚਲ ਸਕਦੀਆਂ ਹਨ, ਪਰ ਕਹਾਣੀਆਂ ਉਸ ਕੁਚਲੇ ਹੋਏ ਮਾਣ-ਸਨਮਾਨ ਨੂੰ ਠੀਕ ਵੀ ਕਰ ਸਕਦੀਆਂ ਹਨ।

ਕੋਲੰਬਸ ਸੱਭਿਅਤਾ ਦੇ ਮਿਸ਼ਨ 'ਤੇ ਸੀ। ਸਪੇਨੀ ਰਾਜੇ ਨੂੰ ਉਸਦੀ ਚਿੱਠੀ ਸਵੈ ਦਾ ਪ੍ਰਚਾਰ ਅਤੇ ਪ੍ਰਾਪੇਗੰਡਾ ਸੀ। ਇਹ ਜਾਅਲੀ ਖ਼ਬਰਾਂ ਦਾ 15ਵੀਂ ਸਦੀ ਦਾ ਐਡੀਸ਼ਨ ਸੀ। ਉਸਨੇ ਇਹ ਯਕੀਨੀ ਬਣਾਇਆ ਕਿ ਹਰ ਕੋਈ ਜਾਣਦਾ ਹੋਵੇ ਕਿ ਉਸਨੇ ਕੀ ਕੀਤਾ ਸੀ, ਕਿ ਉਹ ਭਾਰਤ ਦੇ ਟਾਪੂਆਂ 'ਚ ਪਹੁੰਚ ਗਿਆ ਸੀ ਜੋ ਕਿ ਸੱਚ ਨਹੀਂ ਸੀ। ਉਹ ਪਹਿਲੇ ਖੋਜੀ ਵਿਚੋਂ ਇਕ ਦੀ ਬਜਾਏ ਲੁੱਟਮਾਰ ਕਰਨ ਵਾਲੇ ਧਾੜਵੀਆਂ ਵਿਚੋਂ ਪਹਿਲਾ ਸੀ।

ਇਕ ਹੋਰ ਪ੍ਰੇਸ਼ਾਨ ਕਰਨ ਵਾਲੀ ਪ੍ਰਵਿਰਤੀ ਜੋ ਅਸੀਂ ਅੱਜ ਦੇਖਦੇ ਹਾਂ ਉਹ ਹੈ ਮਾਫ਼ੀ ਮੰਗੇ ਜਾਣ ਦੀ ਮੌਤ। ਆਪਣੇ ਮਨ ਨੂੰ ਬਸਤੀਆਨਾ ਪ੍ਰਭਾਵ ਤੋਂ ਮੁਕਤ ਕਰਨਾ ਤਾਉਮਰ ਚੱਲਣ ਵਾਲੀ ਪ੍ਰਕਿਰਿਆ ਹੈ। ਨੈਲਸਨ ਮੰਡੇਲਾ ਨੇ ਇਕ ਪੱਛਮੀ ਪੱਤਰਕਾਰ ਨੂੰ ਕਿਹਾ ਸੀ: 'ਤੁਹਾਡੇ ਸਾਰਿਆਂ ਨਾਲ ਸਮੱਸਿਆ ਇਹ ਹੈ ਕਿ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਦੁਸ਼ਮਣ ਲਾਜ਼ਮੀ ਹੀ ਸਾਡੇ ਦੁਸ਼ਮਣ ਹੋਣ।'

ਬਸਤੀਵਾਦੀ ਤਾਕਤਾਂ ਝੂਠੇ ਸੱਚ ਬੋਲਣ ਵਾਲੀਆਂ ਸਨ। ਇਤਿਹਾਸ ਜੇਤੂਆਂ ਦੁਆਰਾ ਲਿਖਿਆ ਜਾਂਦਾ ਹੈ। ਜਦੋਂ ਹਾਰਨ ਵਾਲੇ ਹੋਣਗੇ ਫੇਰ ਜੇਤੂ ਤਾਂ ਹੋਣਗੇ ਹੀ। ਜਿਵੇਂ ਕਿ ਸਮਾਜਿਕ-ਸੱਭਿਆਚਾਰਕ ਮਾਨਵ-ਵਿਗਿਆਨੀ ਅਰਜੁਨ ਅੱਪਾਦੁਰਾਈ ਕਹਿੰਦਾ ਹੈ, ਬਸਤੀਵਾਦੀਆਂ ਦੁਆਰਾ ਨਿਚੋੜੀ ਗਈ ਸਭ ਤੋਂ ਭਾਰੀ ਕੀਮਤ 'ਕਿਰਤ ਅਤੇ ਵਸੀਲੇ ਨਿਚੋੜਣ ਦੀ ਮੁਦਰਾ ਵਿਚ ਨਹੀਂ ਸੀ, ਸਗੋਂ ਗਿਆਨ ਦੇ ਖੇਤਰ ਵਿਚ ਸੀ। ਯੂਰਪ ਦੇ ਤਰਕ ਦੇ ਸਾਮਰਾਜ ਵਿਚ ਬਸਤੀਆਂ ਦੇ ਗ਼ੁਲਾਮਾਂ ਨੂੰ ਦੂਜਿਆਂ/ਹੋਰਾਂ ਦੇ ਰੂਪ ਵਿਚ ਸ਼੍ਰੇਣੀਬੱਧ ਕੀਤਾ ਗਿਆ ਸੀ।

ਬਸਤੀਵਾਦ ਤੋਂ ਮੁਕਤ ਹੋਈਆਂ ਕੌਮਾਂ ਨੇ ਬਸਤੀਵਾਦੀ ਰਾਜਨੀਤਕ ਰਾਜ ਦੀਆਂ ਜ਼ੰਜੀਰਾਂ ਤਾਂ ਤੋੜ ਦਿੱਤੀਆਂ ਪਰ ਆਪਣੇ ਮਨਾਂ ਨੂੰ ਬਸਤੀਆਨਾ ਗ਼ੁਲਾਮੀ ਦੇ ਸੰਗਲਾਂ ਤੋਂ ਮੁਕਤ ਕਰਨ ਵਿਚ ਅਸਫ਼ਲ ਰਹੇ। ਉਹ ਉਸ ਵਿਚ ਜਕੜੇ ਰਹੇ ਜਿਸਨੂੰ ਅੱਪਾਦੁਰਾਈ 'ਆਧੁਨਿਕੀਕਰਨ ਅਤੇ ਵਿਕਾਸ ਦੀ ਯੂਰਪੀ ਗਿਆਨ-ਮੀਮਾਂਸਾ ਦਾ ਜਾਲ' ਕਹਿੰਦਾ ਹੈ।

ਸਾਹਿਤ ਬਸਤੀਵਾਦੀਆਂ ਲਈ ਗ਼ਲਬੇ ਅਤੇ ਝੂਠ ਦਾ ਹਥਿਆਰ ਬਣ ਗਿਆ। ਪਰ ਸਮੇਂ ਦੇ ਬੀਤਣ ਨਾਲ ਸਾਹਿਤ ਸੰਘਰਸ਼ ਦਾ ਹਥਿਆਰ ਬਣ ਗਿਆ ਹੈ। ਆਖਿਰਕਾਰ, ਰਾਜਨੀਤੀ ਰਾਜਨੀਤੀ ਨੂੰ ਚੌਰਾਹੇ ਵਾਂਗ ਮਿਲਦੀ ਹੈ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਵਿਚ ਹੋਰ ਵੀ ਜ਼ਿਆਦਾ।

ਸਾਡੇ ਕੋਲ ਚੰਗੇ ਅਤੇ ਮਾੜੇ ਕਥਾਕਾਰ ਹਨ। ਚੰਗਾ ਕਥਾਕਾਰ ਉਹੀ ਕਹਾਣੀ ਵਾਰ-ਵਾਰ ਸੁਣਾ ਸਕਦਾ ਹੈ ਅਤੇ ਇਹ ਹਮੇਸ਼ਾ ਤਰੋ-ਤਾਜ਼ਾ ਰਹੇਗੀ। 1967 ਵਿਚ ਰੋਮੂਲੋ ਗਾਲੀਗੋਸ ਪੁਰਸਕਾਰ ਹਾਸਲ ਕਰਦੇ ਹੋਏ ਮਾਰੀਓ ਵਰਗਸ ਲੋਸਾ ਨੇ ਕਿਹਾ ਸੀ, 'ਸਾਹਿਤ ਅੱਗ ਹੈ'। ਉਸਨੇ ਅੱਗੇ ਕਿਹਾ, ਮਹਾਨ ਸਾਹਿਤ ਲਿਖਣਾ ਇਕ ਰਾਜਨੀਤਕ ਰੈਡੀਕਲ ਕੰਮ ਹੈ।

ਪੇਰੂ ਦੇ ਸਮਾਜ-ਵਿਗਿਆਨੀ ਅਨੀਬਲ ਕੁਇਹਾਨੋ ਨੇ ਪੱਛਮੀ ਗ਼ਲਬੇ ਦੀ ਭੂਗੋਲਿਕ, ਰਾਜਨੀਤਕ, ਅਤੇ ਵਿਗਿਆਨਕ ਵਾਸਤਵਿਕ ਹਕੀਕਤ ਬਾਰੇ ਸਾਡੀ ਜਾਣਕਾਰੀ ਅਤੇ ਉਸ ਗਿਆਨ ਦੀ ਪੁਸ਼ਟੀ ਕਰਨ ਦਰਮਿਆਨ ਅੰਤਰ-ਸੰਬੰਧ ਦੇ ਦਾਰਸ਼ਨਿਕ ਵਿਸਤਾਰ ਨੂੰ 'ਸੱਤਾ ਦੇ ਬਸਤੀਵਾਦੀ ਸਾਂਚੇ' ਵਜੋਂ ਬਿਆਨ ਕੀਤਾ ਹੈ। ਯੂਰਪੀ ਬਸਤੀਵਾਦੀਆਂ ਨੇ ਗ਼ਲਬੇ ਦਾ ਇਕ ਅਨੋਖਾ ਤਰੀਕਾ ਲਾਗੂ ਕੀਤਾ ਜਿਸਦੀ ਮੂਲ ਰੂਪ 'ਚ ਟੇਕ ਸਿਰਫ਼ ਦੇਸੀ ਅਬਾਦੀ ਨੂੰ ਹੀ ਨਹੀਂ ਸਗੋਂ ਦੇਸੀ ਗਿਆਨ-ਮੀਮਾਂਸਾ ਅਤੇ ਸੱਭਿਆਚਾਰ ਨੂੰ ਵੀ ਹਾਸ਼ੀਏ 'ਤੇ ਧੱਕਣ, ਅਧੀਨ ਬਣਾਉਣ ਅਤੇ ਉਸਦਾ ਖ਼ਾਤਮਾ ਕਰਨ ਉੱਪਰ ਸੀ।

ਕੁਦਰਤੀ ਪ੍ਰਣਾਲੀਆਂ ਦੇ ਮੁੜ ਉਤਪਾਦਨ ਅਤੇ ਮਨੁੱਖਾਂ ਨੂੰ ਇਕ ਵਿਸ਼ਾਲ ਬ੍ਰਹਿਮੰਡ ਵਿਗਿਆਨ ਦੇ ਅੰਦਰ ਰੱਖਣ ਦੀਆਂ ਦੇਸੀ ਸਥਾਨਕ ਰਵਾਇਤਾਂ ਦੀ ਥਾਂ ਹੌਲੀ-ਹੌਲੀ ਕੁਦਰਤ, ਸੱਭਿਆਚਾਰ ਅਤੇ ਤਰੱਕੀ ਦੇ ਪੱਛਮੀ ਵਿਚਾਰਾਂ ਨੇ ਲੈ ਲਈ, ਇਨ੍ਹਾਂ ਸਭ ਨੂੰ ਈਸਾਈ, ਯੂਰਪੀ ਅਤੇ ਗੋਰਾ ਅਜਾਰੇਦਾਰੀਆਂ ਦੇ ਰੂਪ 'ਚ ਦੇਖਿਆ ਗਿਆ।

ਦੱਖਣੀ ਅਮਰੀਕਾ ਵਿਚ ਕੁਝ ਸਵੈ-ਆਜ਼ਾਦ ਸਿਆਹਫ਼ਾਮ ਲੋਕਾਂ ਨੇ ਆਪਣੇ ਲਈ ਸਥਾਈ ਜਾਂ ਅਰਧ-ਸਥਾਈ ਨਗਰ ਲੁਕਵੀਂਆਂ ਥਾਵਾਂ 'ਚ ਸਥਾਪਤ ਕਰ ਲਏ ਜੋ ਬਾਗ਼-ਬਗੀਚਿਆਂ ਦੇ ਨੇੜੇ ਸਨ, ਇਸ ਅਮਲ ਨੂੰ ਮੈਰੋਨੇਜ ਜਾਂ ਸਿਮੈਰੋਨੇਜ ਕਿਹਾ ਜਾਂਦਾ ਹੈ।

ਇਹ ਬਸਤੀਵਾਦੀ ਪ੍ਰਬੰਧ ਦੇ ਟਾਕਰੇ ਦਾ ਇਕ ਅਮਲ ਸੀ ਜਿਸ ਨਾਲ ਸਿਆਹਫ਼ਾਮ ਗੁਲਾਮ ਭੱਜ ਕੇ ਜੰਗਲਾਂ ਅਤੇ ਪਹਾੜੀਆਂ ਵਿਚ ਜਾ ਲੁਕਦੇ ਸਨ। ਇਸ ਵਿਚ ਉਨ੍ਹਾਂ ਵੱਲੋਂ ਆਪਣਾ ਸੰਦ-ਸੰਦੇੜਾ ਤੋੜ ਦੇਣਾ, ਅਵੱਗਿਆ ਅਤੇ ਬਗ਼ਾਵਤ ਸ਼ਾਮਲ ਸੀ। ਕਈ ਵਾਰ ਬਚ ਕੇ ਨਿਕਲਣਾ ਸਮੂਹਿਕ ਜਾਂ ਅਸਥਾਈ ਹੁੰਦਾ ਸੀ।

ਬਸਤੀਵਾਦ ਦੀ ਜਕੜ ਤੋੜ ਦੇਣ ਦਾ ਭਾਵ ਬਸਤੀਵਾਦ ਤੋਂ ਮੁਕਤ ਹੋਣਾ ਨਹੀਂ ਹੈ। ਬਸਤੀਵਾਦ ਦੀ ਜਕੜ ਦਾ ਟੁੱਟਣਾ ਇਕ ਬਦਲ ਪੇਸ਼ ਕਰਦਾ ਹੈ, ਜਿਸ ਦੀਆਂ ਜੜ੍ਹਾਂ ਕੁਦਰਤ, ਭਾਈਚਾਰੇ ਅਤੇ ਏਕਤਾ ਬਾਰੇ ਦੇਸੀ ਵਿਚਾਰਾਂ ਅਤੇ ਅਭਿਆਸ ਵਿਚ ਹਨ। ਇਸ ਤਰ੍ਹਾਂ ਇਹ ਰਾਸ਼ਟਰੀ-ਰਿਆਸਤਵਾਦ ਅਤੇ ਕਾਰਪੋਰੇਟ ਵਿਸ਼ਵੀਕਰਨ ਦੇ ਦੋਹਰੇ ਜਾਲ ਤੋਂ ਬਚ ਜਾਂਦਾ ਹੈ।

ਗਲੋਬਲ ਨਾਰਥ ਦੀ ਗਿਆਨ-ਸੋਝੀ ਅਜੇ ਵੀ ਗਲੋਬਲ ਸਾਊਥ ਵਿਚ ਵਧ-ਫੁੱਲ ਰਹੀ ਹੈ। ਪਰ ਵਿਦਵਾਨ ਹੁਣ ਉਨ੍ਹਾਂ ਬਿਰਤਾਂਤਾਂ ਨੂੰ ਚੁਣੌਤੀ ਦੇ ਰਹੇ ਹਨ ਅਤੇ ਬਦਲਵੇਂ ਨਮੂਨੇ ਲੈ ਕੇ ਸਾਹਮਣੇ ਆਏ ਹਨ। ਇਨ੍ਹਾਂ ਵਿਚ ਸ਼ੁਮਾਰ ਹਨ ਐਨਰਿਕ ਡਸਲ ਦਾ ਡੀਕੋਲੋਨੀਜ਼ਿੰਗ ਐਥਿਕਸ, ਵਾਲਟਰ ਮਿਗਨੋਲੋ ਅਤੇ ਕੈਥਰੀਨ ਵਾਲਸ਼ ਦੀ ਔਨ ਡੀਕੋਲੋਨੀਏਲਟੀ, ਐਨੀਬਲ ਕੁਜਾਨੋ ਦੀ ਕੋਲੋਨੀਐਲਿਟੀ ਆਫ ਪਾਵਰ, ਸੈਂਡਰਾ ਹਾਰਡਿੰਗ ਦਾ ਹੂਜ਼ ਸਾਇੰਸ? ਹੂਜ਼ ਨਾਲਿਜ਼? ਅਤੇ ਮਾਰੀਸੋਲ ਡੇ ਲਾ ਕੈਡੇਨਾ ਅਤੇ ਮਾਰੀਓ ਬਲੇਜ਼ਰ ਦਾ ਅ ਵਰਲਡ ਆਫ ਮੈਨੀ ਵਰਲਡਜ਼।

ਯੂਰਪੀ ਬਸਤੀਵਾਦ ਇਕ ਸੱਭਿਆਚਾਰਕ ਯੁੱਧ ਵੀ ਸੀ ਜਿਸ ਨਾਲ ਬਸਤੀ ਬਣਾਏ ਰਾਜ ਤਰੱਕੀ ਅਤੇ ਅਮੁੱਕ ਆਰਥਿਕ ਵਿਕਾਸ ਦੇ ਵਿਚਾਰਾਂ 'ਤੇ ਆਧਾਰਤ ਸਮਾਜ ਬਣਾ ਦਿੱਤੇ ਗਏ। ਦੇਸੀ ਲੋਕ ਉਨ੍ਹਾਂ ਸੱਭਿਆਚਾਰ ਯੁੱਧਾਂ ਦੇ ਨਤੀਜਿਆਂ ਦਾ ਸ਼ਿਕਾਰ ਹਨ।

ਆਪਣੀਆਂ ਕਹਾਣੀਆਂ ਸੁਣਾਉਂਦੇ ਹੋਏ, ਬਸਤੀਵਾਦੀ ਰਾਜਾਂ ਨੇ ਗ਼ੁਲਾਮ ਬਣਾਏ ਰਾਜਾਂ ਦੀਆਂ ਕਹਾਣੀਆਂ ਬਾਹਰ ਕੱਢ ਦਿੱਤੀਆਂ, ਨਕਾਰ ਦਿੱਤੀਆਂ ਅਤੇ ਗ਼ਲਤ ਰੂਪ 'ਚ ਪੇਸ਼ ਕੀਤੀਆਂ। ਯਾਦਦਾਸ਼ਤ, ਪਛਾਣ ਦੇ ਨਿਰਮਾਣ ਅਤੇ ਸਮਾਜਿਕ ਏਕਤਾ ਦਾ ਮੂਲ ਹਿੱਸਾ ਹੈ। ਦੇਸੀ ਸੱਭਿਆਚਾਰਾਂ ਵਿਚ ਯਾਦਦਾਸ਼ਤ ਦੀ ਵਰਤੋਂ, ਲੈ-ਦੇ ਕਰਨ ਅਤੇ ਉਨ੍ਹਾਂ ਦੀਆਂ ਕਹਾਣੀਆਂ ਘੜਨ ਲਈ ਕੀਤੀ ਜਾਂਦੀ ਹੈ ਜੋ ਅਗਲੀ ਪੀੜ੍ਹੀ ਨੂੰ ਸੌਂਪੀਆਂ ਜਾਂਦੀਆਂ ਹਨ। ਯਾਦਦਾਸ਼ਤ ਪਛਾਣ, ਸਮੂਹ ਦੀ ਇਕਮੁੱਠਤਾ, ਸੱਤਾ, ਸੱਚ, ਕਦਰਾਂ-ਕੀਮਤਾਂ ਅਤੇ ਮਾਣ-ਸਨਮਾਨ ਨਾਲ ਜੁੜੀ ਹੋਈ ਹੈ।

ਜਿਵੇਂ ਕਿ ਮਾਲੀ ਸਲਤਨਤ ਵਿਚ ਮੈਂਡੇ ਸਮਾਜ ਦੇ ਮੌਖਿਕ ਇਤਿਹਾਸਕਾਰ ਨੇ ਕਿਹਾ ਸੀ: 'ਅਸੀਂ ਬਾਣੀ ਦੇ ਭਾਂਡੇ ਹਾਂ, ਅਸੀਂ ਉਹ ਭੜੋਲੇ ਹਾਂ ਜੋ ਕਈ ਸਦੀਆਂ ਪੁਰਾਣੇ ਭੇਤਾਂ ਨੂੰ ਸਾਂਭੀ ਰੱਖਦੇ ਹਨ...ਸਾਡੇ ਬਿਨਾਂ ਰਾਜਿਆਂ ਦੇ ਨਾਮ ਗੁੰਮਨਾਮੀ 'ਚ ਗੁੰਮ ਹੋ ਜਾਣੇ ਸਨ।'

ਜਿਵੇਂ ਇਕ ਅਫ਼ਰੀਕਨ ਲੇਖਕ ਕਹਿੰਦਾ ਹੈ, ਅਫ਼ਰੀਕਨ ਲੋਕ ਆਪਣਾ ਇਤਿਹਾਸ ਜਾਣਨਾ ਚਾਹੁੰਦੇ ਹਨ ਨਾ ਕਿ ਕਿੰਗ ਹੈਨਰੀ ਅਤੇ ਉਸ ਦੀਆਂ ਛੇ ਪਤਨੀਆਂ ਬਾਰੇ। ਅਫ਼ਰੀਕਾ ਨੂੰ ਘੜਿਆ ਗਿਆ ਅਤੇ ਤਾਉਮਰ ਨਕਸ਼ਾ ਉਨ੍ਹਾਂ ਤੋਂ ਲੁਕੋ ਕੇ ਰੱਖਿਆ ਗਿਆ। ਉਨ੍ਹਾਂ ਨੂੰ ਪੁਨਰ-ਕਲਪਨਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਨ੍ਹਾਂ ਨੂੰ ਜੋ ਇਤਿਹਾਸ ਪੜ੍ਹਾਇਆ ਜਾਂਦਾ ਰਿਹਾ ਉਸ ਵਿਚ ਲੋਕਾਂ ਦੇ ਇਕ ਸਮੂਹ ਨੂੰ ਘਟੀਆ ਅਤੇ ਦੂਜੇ ਨੂੰ ਉੱਤਮ ਹੋਣਾ ਮਹਿਸੂਸ ਕਰਾਇਆ ਜਾਂਦਾ ਸੀ।

ਜਿਵੇਂ ਕਿ ਹਾਵੀ ਯੂਰਪ-ਕੇਂਦਰਤ ਨਮੂਨਿਆਂ ਦੇ ਉਲਟ, ਦੂਜਿਆਂ ਨੇ 'ਅਫ਼ਰੀਕਾ-ਕੇਂਦ੍ਰਿਤ ਗਿਆਨ-ਮੀਮਾਂਸਾ' ਜਾਂ ਜਿਸ ਨੂੰ ਐਨਰਿਕ ਡਸਲ 'ਗਿਆਨ ਦੀ ਭੂ-ਰਾਜਨੀਤੀ' ਕਹਿੰਦਾ ਹਨ, ਦਾ ਸੱਦਾ ਦਿੱਤਾ ਹੈ।

ਪੱਛਮੀ ਫ਼ਲਸਫ਼ੇ ਨੇ ਉਹ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰ ਲਿਆ ਜਿਸਨੂੰ ਇਕ ਵਿਦਵਾਨ 'ਗਿਆਨ ਦੀ ਹਉਮੈ ਦੀ ਰਾਜਨੀਤੀ' ਕਹਿੰਦਾ ਹੈ। ਡੱਸਲ 'ਹਉਮੈ ਜੇਤੂ' ਦੀ ਗੱਲ ਕਰਦਾ ਹੈ (ਮੈਂ ਜਿੱਤਦਾ ਹਾਂ, ਇਸ ਲਈ ਮੈਂ ਹਾਂ)। ਪੱਛਮ-ਕੇਂਦ੍ਰਿਤ ਵਿਸ਼ਵ ਪ੍ਰਣਾਲੀ ਨੇ ਪੱਛਮ ਦੇ ਸੱਭਿਆਚਾਰ, ਗਿਆਨ ਅਤੇ ਗਿਆਨ-ਮੀਮਾਂਸਾ ਨੂੰ ਵਿਸ਼ੇਸ਼-ਅਧਿਕਾਰ ਦਿੱਤਾ ਹੈ ਅਤੇ ਬਾਕੀ ਨੂੰ ਹੀਣਾ ਬਣਾ ਦਿੱਤਾ ਹੈ।

ਗਿਆਨ-ਮੀਮਾਂਸੀ ਨਿਰਬਸਤੀਕਰਨ, ਜੋ ਕਿ ਗਿਆਨ-ਮੀਮਾਂਸੀ ਨਿਵਾਰਣ ਬਾਰੇ ਚੁੱਪ ਹੈ, ਅਧੂਰਾ ਹੈ। ਗਿਆਨ-ਮੀਮਾਂਸੀ ਮੁਆਵਜ਼ੇ ਵਿਚ ਸ਼ਾਮਲ ਹੈ 'ਜਾਣੇ ਜਾਣ ਦਾ ਵਧੇਰੇ ਬੁਨਿਆਦੀ ਅਧਿਕਾਰ' - ਉਹ ਅਧਿਕਾਰ ਜੋ ਪੀੜਤਾਂ ਨੂੰ 'ਆਪਣੇ ਖ਼ੁਦ ਦੇ ਅਨੁਭਵਾਂ ਬਾਰੇ ਦੂਜਿਆਂ ਨੂੰ ਗਿਆਨ ਦੇਣ ਵਾਲਾ' ਹੋਵੇ'। ਗਿਆਨ-ਮੀਮਾਂਸੀ ਗ਼ਲਤ ਨੂੰ ਦਰੁਸਤ ਕਰਨ ਦਾ ਇਕ ਤਰੀਕਾ ਹੈ ਇਸਨੂੰ ਗਿਆਨ-ਮੀਮਾਂਸੀ ਦਮਨ ਦੀ ਵਿਦਵਤਾ ਵਿਚ ਰੱਖਣਾ।

# ਲੋਕਤੰਤਰ ਉਤੇ ਸਿੱਧਾ ਹਮਲਾ - ਮੁਫ਼ਤ ਰਿਉੜੀਆਂ ਵੰਡਣ ਦੀ ਸਿਆਸਤ

ਜਿਨ੍ਹਾਂ ਦੇਸ਼ਾਂ ਵਿਚ ਆਮ ਵੋਟਰ ਆਪਣੀ ਤਾਕਤ ਪੂਰੀ ਤਰ੍ਹਾਂ ਸਮਝਦੇ ਹਨ, ਉਥੇ ਉਹ ਸਿਆਸੀ ਨੇਤਾਵਾਂ ਨੂੰ ਆਪਣੀਆਂ ਉਂਗਲੀਆਂ 'ਤੇ ਨਚਾਉਣ ਦਾ ਕੰਮ ਕਰਦੇ ਹਨ। ਕੁਝ ਹੱਦ ਤੱਕ ਭਾਰਤ ਵਿਚ ਵੀ ਕੁਝ ਇਹੋ ਜਿਹਾ ਹੋਣ ਲੱਗਿਆ ਹੈ।

ਪਿਛਲੀਆਂ ਕੁਝ ਰਾਸ਼ਟਰੀ, ਸੂਬਾਈ ਚੋਣਾਂ ਵਿਚ ਵੇਖਿਆ ਜਾ ਰਿਹਾ ਹੈ ਕਿ ਦੇਸ਼ ਦੀਆਂ ਔਰਤਾਂ ਆਪਣਾ ਵੋਟ ਦੇਣ ਲਈ ਪੂਰੇ ਉਤਸ਼ਾਹ ਨਾਲ ਵੋਟ-ਬੂਥਾਂ 'ਤੇ ਦਿੱਸਦੀਆਂ ਹਨ, ਖਾਸ ਕਰਕੇ ਉਸ ਵੇਲੇ ਜਦੋਂ ਵੀ ਕਿਸੇ ਸਰਕਾਰ ਨੇ ਉਨ੍ਹਾਂ ਦੇ ਨਿੱਜੀ ਖਾਤੇ 'ਚ ਰਿਆਇਤਾਂ ਦੇ ਪੈਸੇ ਜਮ੍ਹਾਂ ਕਰਵਾਉਣੇ ਸ਼ੁਰੂ ਕੀਤੇ ਹਨ; ਕਿਸੇ ਨੇ ਲਾਡਲੀ ਭੈਣ, ਯੋਜਨਾ ਅਧੀਨ ਜਾਂ ਕਿਸੇ ਨੇ ਕਿਸੇ ਹੋਰ ਯੋਜਨਾ ਵਿਚ। ਕੀ ਇਹ ਸਿੱਧੇ ਤੌਰ 'ਤੇ ਵੋਟ ਖਰੀਦਣ ਦਾ ਤਰੀਕਾ ਨਹੀਂ? ਕੀ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਔਰਤ-ਵੋਟਰ ਨੂੰ ਭਰਮਤ ਕਰਨ ਲਈ ਇੱਕ ਜਾਲ ਨਹੀਂ ਵਿਛਾਇਆ ਜਾ ਰਿਹਾ? ਕੀ ਇਹ ਰਾਜ ਨੇਤਾਵਾਂ ਦਾ ਲੋਕਤੰਤਰ ਉਤੇ ਸਿੱਧਾ ਹਮਲਾ ਨਹੀਂ? ਕੀ ਇਹ ਸਭ ਲੈਣ-ਦੇਣ ਮਨੁੱਖੀ ਨੈਤਿਕ ਕਦਰਾਂ-ਕੀਮਤਾਂ ਨਾਲ ਖਿਲਵਾੜ ਨਹੀਂ ਹੈ? ਕੀ ਅਜਿਹਾ ਕਰਕੇ ਲੋਕਤੰਤਰ ਦੀ ਇੱਕ ਹੋਰ ਸੰਸਥਾ ਨੂੰ ਕਮਜ਼ੋਰ ਨਹੀਂ ਕੀਤਾ ਜਾ ਰਿਹਾ?

ਲੋਕਤੰਤਰ ਦੀਆਂ ਸੰਸਥਾਵਾਂ ਨੂੰ ਕਮਜ਼ੋਰ ਕਰਨ ਦਾ ਯਤਨ ਦੇਸ਼ ਵਿਚ ਲੰਮੇ ਸਮੇਂ ਤੋਂ ਹੋ ਰਿਹਾ ਹੈ। ਪਰ ਪਿਛਲੇ ਦਹਾਕੇ 'ਚ ਇਹ ਚਰਮ ਸੀਮਾਂ ਉਤੇ ਪੁੱਜ ਚੁੱਕਾ ਹੈ। ਸੀ.ਬੀ.ਆਈ, ਈ.ਡੀ ਵਰਗੀਆਂ ਖ਼ੁਦਮੁਖਤਾਰ ਸੰਸਥਾਵਾਂ ਦੇ ਪੈਰਾਂ 'ਚ ਬੇੜੀਆਂ ਪਾ ਦਿੱਤੀਆਂ ਗਈਆਂ ਹਨ। ਭਾਰਤੀ ਚੋਣ ਕਮਿਸ਼ਨ ਨੂੰ ਸਰਕਾਰੀ ਹੱਥਾਂ 'ਚ ਕਰਨ ਲਈ ਚੋਣ ਕਮਿਸ਼ਨਰ ਦੀ ਨਿਯੁਕਤੀ ਕੇਂਦਰ ਸਰਕਾਰ ਨੇ ਆਪਣੇ ਹੱਥ ਲੈ ਲਈ। ਉਸ ਦੀ ਨਿਯੁਕਤੀ ਵਿਚ ਦੇਸ਼ ਦੀ ਸਰਵ-ਉੱਚ ਅਦਾਲਤ ਦਾ ਦਖ਼ਲ ਬੰਦ ਕਰ ਦਿੱਤਾ ਗਿਆ ਹੈ। ਖ਼ੁਦਮੁਖਤਾਰ ਸੰਸਥਾਵਾਂ ਨੂੰ ਆਪਣੀ ਸੇਧੇ ਚਲਾਉਣ ਲਈ ਅਤੇ ਆਪਣੇ ਅਨੁਸਾਰ ਫ਼ੈਸਲੇ ਕਰਵਾਉਣ ਲਈ ਦੇਸ਼ ਦੀ ਸਰਬਉੱਚ ਅਦਾਲਤ ਉਤੇ ਵੀ ਸਮੇਂ-ਸਮੇਂ 'ਤੇ ਤਰ੍ਹਾਂ-ਤਰ੍ਹਾਂ ਦੇ ਪ੍ਰਭਾਵ ਵੇਖੇ ਜਾ ਸਕਦੇ ਹਨ।

ਪਰ ਸਭ ਤੋਂ ਗੰਭੀਰ ਮਸਲਾ ਦੇਸ਼ ਵਿਚ ਵੋਟ ਖਰੀਦਣ ਅਤੇ ਵੋਟ ਪ੍ਰਭਾਵਤ ਕਰਨ ਦਾ ਹੈ। ਆਜ਼ਾਦੀ ਦੇ ਕੁੱਝ ਵਰ੍ਹਿਆਂ, ਇਥੋਂ ਤੱਕ ਕਿ ਕੁਝ ਦਹਾਕਿਆਂ ਤੱਕ ਦੇਸ਼ ਦੀ ਤਰੱਕੀ, ਅਤੇ ਗ਼ਰੀਬੀ ਹਟਾਓ, ਜਿਹੇ ਨਾਹਰੇ ਲਗਦੇ ਰਹੇ। ਦੇਸ਼ ਦੇ ਸੰਘੀ ਢਾਂਚੇ ਦੇ ਬਚਾਓ ਅਤੇ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਜਿਹੇ ਵਿਸ਼ਿਆਂ-ਮਹਿੰਗਾਈ, ਬੇਰੁਜ਼ਗਾਰੀ ਦੇ ਮਾਮਲਿਆਂ 'ਤੇ ਆਮ ਤੌਰ 'ਤੇ ਸਿਆਸਤ ਕੀਤੀ ਜਾਂਦੀ ਰਹੀ। ਚੋਣਾਂ ਸਮੇਂ ਸਿਆਸੀ ਪਾਰਟੀਆਂ ਵਲੋਂ ਲੁਭਾਉਣੇ ਚੋਣ ਮੈਨੀਫੈਸਟੋ ਜਾਰੀ ਕੀਤੇ ਜਾਂਦੇ ਰਹੇ ਤਾਂ ਕਿ ਲੋਕ ਇਨ੍ਹਾਂ ਵੱਲ ਖਿੱਚੇ-ਤੁਰੇ ਆਉਣ। ਇਹ ਉਹ ਸਮਾਂ ਸੀ, ਜਦੋਂ ਸਿਆਸੀ ਪਾਰਟੀਆਂ ਵਿਚ ਅੰਦਰੂਨੀ ਲੋਕਤੰਤਰ ਸੀ। ਸਿਆਸੀ ਪਾਰਟੀਆਂ ਦੇ ਮੈਂਬਰਾਂ ਦੀ ਭਰਤੀ ਪਿੰਡ, ਸ਼ਹਿਰ ਪੱਧਰ 'ਤੇ ਹੁੰਦੀ, ਉਥੇ ਇਕਾਈਆਂ ਦੀਆਂ ਚੋਣਾਂ ਹੁੰਦੀਆਂ। ਅਹੁਦੇਦਾਰ ਚੁਣੇ ਜਾਂਦੇ। ਰਾਸ਼ਟਰੀ ਪੱਧਰ ਤੱਕ ਸਿਆਸੀ ਪਾਰਟੀਆਂ ਦੀ ਆਪਣੀ ਚੋਣ ਹੁੰਦੀ। ਵੱਡੇ ਨੇਤਾ ਚੁਣੇ ਜਾਂਦੇ। ਪਾਰਟੀਆਂ ਦੀਆਂ ਨੀਤੀਆਂ ਬਣਦੀਆਂ। ਇਨ੍ਹਾਂ ਨੀਤੀਆਂ ਦੇ ਅਧਾਰ 'ਤੇ ਲੋਕਾਂ ਨੂੰ ਆਪਣੇ ਵੱਲ ਕਰਨ ਦਾ ਯਤਨ ਹੁੰਦਾ।

ਦੇਸ਼ 'ਚ ਇੰਦਰਾ ਗਾਂਧੀ ਵਲੋਂ ਆਪਣੀ ਗੱਦੀ ਸੁਰੱਖਿਅਤ ਰੱਖਣ ਲਈ ਐਮਰਜੈਂਸੀ ਲਾਉਣ ਨਾਲ ਲੋਕਤੰਤਰ ਦਾ ਵੱਡਾ ਘਾਣ ਹੋਇਆ। ਲੋਕ, ਸਿਆਸੀ ਨੇਤਾ ਸੜਕਾਂ 'ਤੇ ਆਏ। ਵਿਰੋਧੀ ਧਿਰਾਂ ਮਜ਼ਬੂਤ ਹੋਈਆਂ। ਇਲਾਕਾਈ ਪਾਰਟੀਆਂ ਹੋਂਦ ਵਿਚ ਆਈਆਂ। ਫਿਰ ਇਨ੍ਹਾਂ ਇਲਾਕਾਈ ਪਾਰਟੀਆਂ 'ਚ ਪਰਿਵਾਰਵਾਦ ਦੀ ਸਿਆਸਤ ਉਤਸ਼ਾਹਿਤ ਹੋਈ। ਪਰਿਵਾਰਵਾਦ ਦੀ ਇਸ ਸਿਆਸਤ ਦਾ ਕੌਮੀ ਪੱਧਰ ਉਤੇ ਵੀ ਪਸਾਰਾ ਹੋਇਆ ਅਤੇ ਇਲਾਕਾਈ ਪੱਧਰ 'ਤੇ ਵੀ।

ਇਸ ਇਲਾਕਾਈ ਸਿਆਸਤ ਨੇ ਦੱਖਣੀ, ਉੱਤਰੀ ਰਾਜਾਂ 'ਚ ਰਿਆਇਤਾਂ ਦੀ ਰਾਜਨੀਤੀ ਨੂੰ ਉਤਸ਼ਾਹਿਤ ਕੀਤਾ। ਪੰਜਾਬ ਦੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਮੋਟਰਾਂ ਦੀ ਸੁਵਿਧਾ ਦਿੱਤੀ, ਤਾਂ ਕਿ ਵੋਟ ਬੈਂਕ ਪੱਕਾ ਹੋਵੇ। ਪੰਜਾਬ ਇਸਦੀ ਵੱਡੀ ਉਦਾਹਰਨ ਬਣਿਆ। ਅੱਜ ਵੋਟ ਬੈਂਕ ਹਥਿਆਉਣ ਲਈ ਗਰੰਟੀਆਂ ਦੀ ਰਾਜਨੀਤੀ ਪੂਰੀ ਉਚਾਈ 'ਤੇ ਹੈ। ਪੰਜਾਬ 'ਚ 300 ਯੂਨਿਟ ਮਹੀਨਾ ਮੁਫ਼ਤ ਬਿਜਲੀ ਹੈ। ਹੋਰ ਕਈ ਰਿਆਇਤਾਂ ਹਨ। ਬਜ਼ੁਰਗਾਂ ਲਈ ਪੈਨਸ਼ਨ, ਔਰਤਾਂ ਲਈ ਮੁਫ਼ਤ ਬੱਸ ਸੇਵਾ ਅਤੇ ਹੁਣ ਔਰਤਾਂ ਲਈ 1000-1500 ਰੁਪਏ ਭੱਤਾ ਦੇਣ ਦੀਆਂ ਗੱਲਾਂ ਹੋ ਰਹੀਆਂ ਹਨ। ਦੱਖਣੀ ਰਾਜਾਂ ਵਿਚ ਤਾਂ ਔਰਤਾਂ ਲਈ ਅਤੇ ਹੋਰ ਵੋਟਰਾਂ ਨੂੰ ਭਰਮਿਤ ਕਰਨ ਲਈ ਕਈ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ। ਜਿਨ੍ਹਾਂ ਦੀ ਸ਼ੁਰੂਆਤ ਜੈਲਲਿਤਾ ਮੁੱਖ ਮੰਤਰੀ ਵਲੋਂ ਲੋਕਾਂ ਨੂੰ ਵੱਡੇ-ਵੱਡੇ ਤੋਹਫ਼ੇ ਰਿਆਇਤਾਂ ਵੱਜੋਂ ਦਿੱਤੇ ਜਾਣ ਨਾਲ ਹੋਈ।

ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ 'ਚ ਤਾਂ ਸਿਆਸੀ ਧਿਰਾਂ ਨੇ ਇਸ ਵੇਰ ਹੱਦ ਹੀ ਮੁਕਾ ਦਿਤੀ ਹੈ। ਰਿਆਇਤਾਂ ਦੀ ਝੜੀ ਲਗਾ ਦਿਤੀ ਹੈ। ਕਾਂਗਰਸ ਨੇ 300 ਯੂਨਿਟ ਬਿਜਲੀ ਮੁਫ਼ਤ, 500 ਰੁਪਏ ਦਾ ਗੈਸ ਸਿਲੰਡਰ, ਭਾਜਪਾ ਨੇ ਔਰਤਾਂ ਲਈ 2500 ਰੁਪਏ ਅਤੇ ਆਪ ਵਲੋਂ ਵੀ ਲਗਭਗ ਇਹੋ ਜਿਹੇ ਵਾਇਦੇ ਕੀਤੇ ਹਨ।

ਪਰ ਸਵਾਲ ਹੈ ਕਿ ਇਹੋ ਜਿਹੀਆਂ ਰਿਆਇਤਾਂ ਦਾ ਭਾਰ ਅਕਸਰ ਕਿਸ ਉਤੇ ਪੈਂਦਾ ਹੈ? ਉਦਾਹਰਨ ਪੰਜਾਬ ਦੀ ਹੀ ਲੈ ਲੈਂਦੇ ਹਨ, ਇਨ੍ਹਾਂ ਰਿਆਇਤਾਂ ਕਾਰਨ ਅੱਜ ਪੰਜਾਬ ਦੀ ਆਰਥਿਕਤਾ ਨਿਵਾਣਾਂ ਵੱਲ ਜਾ ਰਹੀ ਹੈ। ਜਦੋਂ ਤੱਕ ਇਸ ਸਰਕਾਰ ਦਾ 2027 'ਚ ਕਾਰਜਕਾਲ ਪੂਰਾ ਹੋਣਾ ਹੈ, ਉਦੋਂ ਤੱਕ ਪੰਜਾਬ ਸਿਰ 5 ਲੱਖ ਕਰੋੜ ਦਾ ਕਰਜ਼ ਖੜਾ ਹੋ ਜਾਣਾ ਹੈ। ਭਾਵ ਪੰਜਾਬ ਦਾ ਹਰ ਵਸ਼ਿੰਦਾ ਔਸਤਨ 5 ਲੱਖ ਦਾ ਕਰਜ਼ਾਈ ਹੋ ਜਾਣਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਲੋਕਾਂ ਦੀ ਚੁਣੀ ਹੋਈ ਸਰਕਾਰ ਨੇ ਲੋਕ ਭਲਾਈ ਦੇ ਕੰਮ ਕਰਨੇ ਹੁੰਦੇ ਹਨ, ਲੋਕਾਂ ਦਾ ਜੀਵਨ ਪੱਧਰ ਉਚਾ ਕਰਨਾ ਹੁੰਦਾ ਹੈ। ਉਨ੍ਹਾਂ ਦੇ ਬੁਢਾਪੇ ਨੂੰ ਸੁਰੱਖਿਅਤ ਰੱਖਣ ਲਈ ਕੁਝ ਸਕੀਮਾਂ ਚਲਾਉਣੀਆਂ ਹੁੰਦੀਆਂ ਹਨ। ਪਰ ਵੋਟ ਬੈਂਕ ਪੱਕਾ ਕਰਨ ਲਈ ਜਿਹੜੀਆਂ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ, ਉਹ ਬਹੁਤੇ ਲੋਕਾਂ ਦਾ ਕੀ ਸੁਆਰਦੀਆਂ ਹਨ?

ਕੀ ਨੇਤਾ ਲੋਕ ਚਾਹੁੰਦੇ ਹਨ ਕਿ ਮੁਫ਼ਤ ਰਾਸ਼ਨ, ਮੁਫ਼ਤ ਬਿਜਲੀ ਮੁਹੱਈਆਂ ਕਰਨ ਦੀ ਥਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ? ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਬੱਚਿਆਂ, ਬਜ਼ੁਰਗਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮਿਲਣ, ਸਭ ਲਈ ਚੰਗੀ ਪੜ੍ਹਾਈ ਦਾ ਇੰਤਜ਼ਾਮ ਹੋਵੇ, ਬਜ਼ੁਰਗਾਂ ਦੀ ਸਮਾਜਿਕ ਸੁਰੱਖਿਆ ਲਈ ਚੰਗੀਆਂ ਸਕੀਮਾਂ ਅਤੇ ਪ੍ਰਬੰਧ ਹੋਣ ਅਤੇ ਇਸ ਤੋਂ ਵੱਧ ਇਹ ਕਿ ਸੂਬੇ ਜਾਂ ਦੇਸ਼ ਵਿਚ ਜਦੋਂ ਪੰਜਾਬ ਵਰਗੇ ਖੁਸ਼ਹਾਲ ਕਹਿੰਦੇ ਸੂਬੇ 'ਚ ਜਦੋਂ ਇਕ ਰੁਪਏ ਕਿਲੋ (ਲਗਭਗ ਮੁਫ਼ਤ) ਅਨਾਜ ਦੀ ਵੰਡ ਹੁੰਦੀ ਹੈ, ਤਾਂ ਲੰਮੀਆਂ ਕਤਾਰਾਂ ਵੇਖਣ ਨੂੰ ਮਿਲਦੀਆਂ ਹਨ। ਕੀ ਪੰਜਾਬ ਦੇ ਅਣਖੀਲੇ ਮਿਹਨਤੀ ਲੋਕ ਸਚਮੁੱਚ ਇੰਨੇ ਨਿਤਾਣੇ ਹੋ ਗਏ ਹਨ ਕਿ ਉਨ੍ਹਾਂ ਦੇ ਸਰੀਰਾਂ 'ਚ ਕੰਮ ਕਰਨ ਦੀ ਤਾਕਤ ਹੀ ਨਹੀਂ ਰਹੀ? ਆਖ਼ਰ ਲੋਕਾਂ ਨੂੰ ਨਿਤਾਣੇ, ਨਿਮਾਣੇ, ਨਿਆਸਰੇ ਬਨਾਉਣ ਦੀਆਂ ਤਰਕੀਬਾਂ ਕਿਹੜੀ ਸਾਜ਼ਿਸ਼ ਦਾ ਹਿੱਸਾ ਹਨ, ਇਹ ਸਪਸ਼ਟ ਵੇਖਣ ਨੂੰ ਮਿਲ ਰਿਹਾ ਹੈ। ਲੋਕਾਂ ਨੂੰ




ਚੰਗਾ ਵਾਤਾਵਰਨ ਚੰਗਾ ਬੁਨਿਆਦੀ ਢਾਂਚਾ ਉਸਰੇ, ਜਿਸ ਨਾਲ ਮਨੁੱਖ ਦਾ ਜੀਵਨ ਸੁਖਾਲਾ ਹੋ ਸਕੇ? ਕਤਈ ਨਹੀਂ। ਉਹ ਇਹ ਗੱਲਾਂ ਸਿਰਫ਼ ਕਹਿਣ ਲਈ ਕਰਦੇ ਹਨ, ਇਨ੍ਹਾਂ 'ਤੇ ਅਮਲ ਨਹੀਂ ਕਰਦੇ।

ਅੱਜ ਦੇਸ਼ ਦੇ ਹਾਲਾਤ ਬਿਲਕੁਲ ਭੈੜੇ ਹਨ। ਭ੍ਰਿਸ਼ਟਾਚਾਰ ਨੇ ਲੋਕਾਂ ਦਾ ਜੀਵਨ ਦੁੱਭਰ ਕੀਤਾ ਹੋਇਆ ਹੈ। ਸਰਕਾਰੀ ਸਕੂਲ ਸਹੂਲਤਾਂ ਅਤੇ ਟੀਚਰਾਂ ਤੋਂ ਵਾਂਝੇ ਹਨ। ਵਾਤਾਵਰਨ ਇੰਜ ਦੂਸ਼ਿਤ ਹੈ ਕਿ ਸਾਹ ਲੈਣਾ ਵੀ ਔਖਾ ਹੈ। ਪਾਣੀ ਜ਼ਹਿਰੀਲਾ ਹੁੰਦਾ ਜਾ ਰਿਹਾ ਹੈ। ਕੈਂਸਰ ਵਰਗੀਆਂ ਬਿਮਾਰੀਆਂ ਦੀ ਭਰਮਾਰ ਹੈ ਅਤੇ ਸਿਹਤ ਸਹੂਲਤਾਂ ਦੀ ਕਮੀ ਹੈ। ਜਿਸਦਾ ਖਮਿਆਜ਼ਾ ਕਰੋਨਾ ਕਾਲ ਦੇ ਦਰਮਿਆਨ ਦੇਸ਼ ਭੁਗਤ ਚੁੱਕਾ ਹੈ। ਇਹ ਸਭ ਕੁੱਝ ਜਾਣਦਿਆਂ ਵੀ ਦੇਸ਼ ਦੇ ਨੇਤਾਵਾਂ ਦੀ ਪਹਿਲ ਦੇਸ਼ ਨੂੰ ਸੁਆਰਨ ਦੀ ਥਾਂ, ਹਰ ਹੀਲੇ ਵੋਟਰਾਂ ਨੂੰ ਭਰਮਾ ਕੇ ਆਪਣੀ ਗੱਦੀ ਪੱਕੀ ਕਰਨਾ ਬਣੀ ਹੋਈ ਹੈ।

ਇਥੇ ਇਹ ਵਰਨਣ ਕਰਨਾ ਕੁਥਾਂਹ ਨਹੀਂ ਹੋਏਗਾ ਕਿ ਲਗਭਗ ਸਾਰੀਆਂ ਪਾਰਟੀਆਂ ਦੇ ਵਿਚ ਉਨ੍ਹਾਂ ਲੋਕਾਂ ਦੀ ਭਰਮਾਰ ਹੋ ਗਈ ਹੈ, ਜਿਨ੍ਹਾਂ ਉਤੇ ਅਪਰਾਧਿਕ ਕੇਸ ਦਰਜ਼ ਹਨ। ਜਿਹੜੇ ਸੇਵਾ ਦੀ ਥਾਂ ਸਿਆਸਤ ਸਾਮ, ਦਾਮ, ਦੰਡ ਨਾਲ ਕਰਨ ਦੇ ਮੁੱਦਈ ਹਨ। ਜਿਨ੍ਹਾਂ ਨੇ ਸਿਆਸਤ ਨੂੰ ਆਪਣਾ ਕਿੱਤਾ, ਇਥੋਂ ਤੱਕ ਕਿ ਪਰਿਵਾਰਕ ਕਿੱਤਾ ਬਣਾ ਲਿਆ ਹੈ। ਇਹ ਲੋਕ ਸਥਾਨਕ ਸਰਕਾਰਾਂ (ਪੰਚਾਇਤਾਂ, ਨਗਰ ਪਾਲਿਕਾਵਾਂ) ਤੋਂ ਲੈ ਕੇ ਵਿਧਾਨ ਸਭਾਵਾਂ, ਲੋਕ ਸਭਾ ਤੱਕ ਆਪਣਾ ਧਨ ਕੁਬੇਰਾਂ ਵਾਲਾ ਜਾਲ ਵਿਛਾ ਚੁੱਕੇ ਹਨ। ਜਾਤ, ਧਰਮ ਦੇ ਨਾਂਅ ਉਤੇ ਲੋਕਾਂ ਨੂੰ ਵੰਡ ਕੇ, ਉਨ੍ਹਾਂ ਨੂੰ ਛੋਟੀਆਂ ਬਹੁਤੀਆਂ ਰਿਆਇਤਾਂ ਪਰੋਸ ਕੇ ਮੰਗਤੇ ਬਨਾਉਣ ਦੇ ਰਾਹ ਪਾ ਰਹੇ ਹਨ।

ਹੈਰਾਨ ਹੋਈਦਾ ਹੈ ਇਹ ਦ੍ਰਿਸ਼ ਵੇਖ ਕੇ ਕਿ ਗਰੀਬ ਬਣਾ ਦਿਉ। ਮੁਫ਼ਤ ਚੀਜ਼ਾਂ ਦੀ ਆਦਤ ਪਾ ਦਿਓ ਤੇ ਵੋਟਾਂ ਹਥਿਆ ਲਵੋ।

ਦੇਸ਼ ਦੇ ਹਰ ਹਿੱਸੇ, ਹਰ ਸੂਬੇ 'ਚ ਜਿਵੇਂ ਵੋਟਾਂ ਦੀ ਖ਼ਰੀਦੋ-ਫਰੋਖ਼ਤ ਹੁੰਦੀ ਹੈ, ਉਸ ਦੀ ਉਦਾਹਰਨ ਪੰਜਾਬ ਦੀਆਂ ਪੰਚਾਇਤੀ ਚੋਣਾਂ 'ਚ ਵੇਖਣ ਨੂੰ ਮਿਲੀ, ਜਿਥੇ ਹਕੂਮਤੀ ਧੱਕਾ-ਧੌਂਸ ਤਾਂ ਵੇਖਣ ਨੂੰ ਮਿਲੀ ਹੀ, ਜੋ ਪਹਿਲੀਆਂ ਸਰਕਾਰਾਂ ਵੀ ਕਰਦੀਆਂ ਰਹੀਆਂ, ਪਰ ਬਹੁਤੇ ਧਨਾਢ ਲੋਕ ਧੰਨ ਦੇ ਜ਼ੋਰ ਨਾਲ ਪੰਚਾਇਤਾਂ ਦੇ ਮੁੱਖੀ ਬਣ ਬੈਠੇ। ਕੀ ਇਹ ਵੋਟ-ਖਰੀਦੋ ਵਰਤਾਰਾ, ਲੋਕਾਂ ਨੂੰ ਰਿਆਇਤਾਂ ਦੇ ਕੇ ਵੋਟਾਂ ਉਗਰਾਹੁਣ ਵਰਗਾ ਹੀ ਨਹੀਂ? ਕੀ ਇਹ ਵਰਤਾਰਾ ਭਾਰਤੀ ਲੋਕਤੰਤਰ ਉਤੇ ਸਿੱਧਾ ਹਮਲਾ ਨਹੀਂ ਹੈ? ਹੁਣੇ ਜਿਹੀਆਂ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ 'ਚ ਕਿਸਾਨ ਧਿਰ ਨੂੰ ਇਕ ਪਾਸੇ ਧੱਕ ਕੇ ਦੂਜੀਆਂ ਧਿਰਾਂ ਦਾ ਧਰੁਵੀਕਰਨ ਕੀ ਜਾਤ, ਬਰਾਦਰੀ ਦੀ ਸਿਆਸਤ ਨਹੀਂ'? ਕੀ ਇਹ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਨਿਕਾਰਨ ਤੁਲ ਨਹੀਂ

ਧਰਮ ਦੀ ਰਾਜਨੀਤੀ, ਜਾਤ ਬਰਾਦਰੀ ਦਾ ਬੋਲਬਾਲਾ ਭਾਰਤੀ ਸੰਵਿਧਾਨ ਦੀ ਰੂਹ ਦੇ ਉਲਟ ਹੈ। ਇਹ ਵਰਤਾਰਾ ਦਿਨੋਂ-ਦਿਨ ਵਧ ਰਿਹਾ ਹੈ। ਇਸ ਸਬੰਧੀ ਚਿੰਤਤ ਹੁੰਦਿਆਂ ਭਾਰਤ ਦੀ ਸੁਪਰੀਮ ਕੋਰਟ ਨੇ ਸਰਕਾਰੀ ਖਜ਼ਾਨੇ 'ਚੋਂ ਮੁਫ਼ਤ ਰਿਉੜੀਆਂ ਵੰਡਣ ਦੀ ਸਿਆਸਤ ਉਤੇ ਦੁੱਖ ਪ੍ਰਗਟ ਕੀਤਾ ਅਤੇ ਭਾਰਤੀ ਚੋਣ ਕਮਿਸ਼ਨ ਨੂੰ ਕਿਹਾ ਕਿ ਇਸ ਵਰਤਾਰੇ ਨੂੰ ਰੋਕਣ ਲਈ ਜ਼ਰੂਰੀ ਕਦਮ ਚੁੱਕੇ।

ਗੱਲ ਚੋਣਾਂ ਦੌਰਾਨ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਹੋਵੇ ਜਾਂ ਫਿਰ ਵੱਧ ਤੋਂ ਵੱਧ ਸਮੇਂ ਤੱਕ ਸੱਤਾ 'ਚ ਬਣੇ ਰਹਿਣ ਦੀ, ਮੁਫ਼ਤ ਦਾ ਸਬਜ਼ਬਾਗ ਦਿਖਾਉਣਾ ਸਿਆਸੀ ਸਫ਼ਲਤਾ ਦਾ ਸ਼ਾਰਟਕੱਟ ਬਣ ਗਿਆ ਹੈ। ਇਨ੍ਹਾਂ ਮੁਫ਼ਤ ਰਿਆਇਤਾਂ ਨੂੰ ਜਿੱਤ ਦੀ ਗਰੰਟੀ ਮੰਨਿਆ ਜਾਣ ਲੱਗਾ ਹੈ। ਲੇਕਿਨ ਆਰਥਿਕ ਤੌਰ 'ਤੇ ਇਸ ਦੀ ਵੱਡੀ ਕੀਮਤ ਵੀ ਚੁਕਾਉਣੀ ਪੈਂਦੀ ਹੈ। ਮੁੱਦਾ ਮਹੱਤਵਪੂਰਨ ਹੈ, ਕਿਉਂਕਿ ਮੁਫ਼ਤ ਰਿਉੜੀਆਂ ਵੰਡਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਅਸਫ਼ਲ ਹੋ ਚੁੱਕੀਆਂ ਹਨ। ਸੁਪਰੀਮ ਕੋਰਟ ਦੇ ਦਖ਼ਲ ਦੇ ਬਾਵਜੂਦ ਵੀ ਇਸ 'ਤੇ ਕਾਬੂ ਨਹੀਂ ਪਾ ਜਾ ਸਕਿਆ। ਖ਼ੈਰ ਪਾਉਣ ਦੀ ਇਸ ਪ੍ਰਵਿਰਤੀ ਨੇ ਚੋਣ ਮੈਨੀਫੈਸਟੋ ਸਿਰਫ਼ ਕਾਗਜ਼ ਦਾ ਟੁਕੜਾ ਬਣਾ ਕੇ ਰੱਖ ਦਿੱਤੇ ਹਨ। ਸੱਤਾ 'ਚ ਆਉਣ ਤੋਂ ਬਾਅਦ ਸਿਆਸੀ ਦਲ ਸਭ ਵਾਅਦੇ ਭੁੱਲ ਜਾਂਦੇ ਹਨ।

ਮੁਫ਼ਤਖੋਰੀ ਦੀ ਰਾਜਨੀਤੀ ਦਾ ਆਰੰਭ ਭਾਵੇਂ ਦੱਖਣੀ ਰਾਜਾਂ ਤੋਂ ਹੋਇਆ, ਪਰ 2019 'ਚ ਆਮ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਕਿਸਾਨ ਸਨਮਾਨ ਨਿਧੀ ਯੋਜਨਾ ਦੇ ਰੂਪ 'ਚ ਹਰ ਸਾਲ 6000 ਰੁਪਏ ਦੇਣਾ ਸ਼ੁਰੂ ਕੀਤਾ ਅਤੇ ਕੋਵਿਡ ਦੇ ਦਿਨਾਂ 'ਚ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਵੰਡਿਆ ਜਾਣ ਲੱਗਾ, ਜੋ ਹੁਣ ਤੱਕ ਵੀ ਜਾਰੀ ਹੈ। ਇਸ ਨਾਲ ਹੋਰ ਸਿਆਸੀ ਦਲਾਂ ਉਤੇ ਦਬਾਅ ਵਧ ਗਿਆ ਕਿ ਉਹ ਚੋਣ ਜਿੱਤਣ ਲਈ ਕਿਉਂ ਨਾ ਸਰਕਾਰ ਵਾਂਗਰ ਵੱਡੀਆਂ-ਵੱਡੀਆਂ ਮੁਫ਼ਤ ਰਿਆਇਤਾਂ ਦਾ ਐਲਾਨ ਕਰਨ।

ਮੁਫ਼ਤ ਰਿਉੜੀਆਂ ਵੰਡਣ ਦੀ ਕੋਹੜ-ਪ੍ਰਵਿਰਤੀ ਨੂੰ ਰੋਕਣ ਲਈ ਸਿਆਸੀ ਪਾਰਟੀਆਂ ਦੇ ਘੋਸ਼ਣਾ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਬਣਾਉਣ ਦੀ ਲੋੜ ਹੈ ਤਾਂ ਕਿ ਉਹ ਆਪਣੇ ਵਲੋਂ ਕੀਤੇ ਐਲਾਨਾਂ ਪ੍ਰਤੀ ਜਵਾਬਦੇਹ ਹੋਣ। ਸੁਪਰੀਮ ਕੋਰਟ ਨੇ 5 ਜੁਲਾਈ 2013 ਨੂੰ ਇੱਕ ਅਹਿਮ ਫ਼ੈਸਲੇ 'ਚ ਚੋਣ ਕਮਿਸ਼ਨ ਨੂੰ ਸਾਰੇ ਸਿਆਸੀ ਦਲਾਂ ਨਾਲ ਗੱਲ-ਬਾਤ ਕਰਕੇ ਘੋਸ਼ਣਾ ਪੱਤਰ ਦੇ ਬਾਰੇ ਇੱਕ ਕਾਨੂੰਨੀ ਗਾਈਡਲਾਈਨਜ਼ ਤਿਆਰ ਕਰਨ ਨੂੰ ਕਿਹਾ ਸੀ। ਉਸਦੇ ਬਾਅਦ ਤਤਕਾਲੀਨ ਚੋਣ ਕਮਿਸ਼ਨ ਨੇ ਸਿਆਸੀ ਦਲਾਂ ਦੀ ਮੀਟਿੰਗ ਬੁਲਾਈ। ਇਸ ਮੀਟਿੰਗ 'ਚ 6 ਰਾਸ਼ਟਰ ਦਲ ਅਤੇ 24 ਖੇਤਰੀ ਪਾਰਟੀਆਂ ਦੇ ਨੇਤਾ ਸ਼ਾਮਲ ਹੋਏ, ਪਰ ਉਨ੍ਹਾਂ ਸਰਿਆਂ ਨੇ ਇੱਕ ਸੁਰ ਵਿਚ ਚੋਣ ਘੋਸ਼ਣਾ ਪੱਤਰ ਨੂੰ ਲੈ ਕੇ ਚੋਣ ਕਮਿਸ਼ਨ ਦੇ ਦਖ਼ਲ ਨੂੰ ਖ਼ਾਰਜ ਕਰ ਦਿੱਤਾ।

ਦੇਸ਼ 'ਚ ਜਿਸ ਢੰਗ ਨਾਲ ਚੋਣਾਂ ਤੋਂ ਪਹਿਲਾਂ ਮੁਫ਼ਤ ਚੀਜ਼ਾਂ ਮੁਹੱਈਆ ਕਰਨ ਦੇ ਐਲਾਨਾਂ ਦਾ ਦੌਰ ਚੱਲਿਆ ਹੋਇਆ ਹੈ, ਉਹ ਅਸਲ ਅਰਥਾਂ 'ਚ ਦੇਸ਼ ਦੀ ਚੋਣ ਪ੍ਰਕਿਰਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰ ਰਹੀਆਂ ਹਨ। ਇਹ ਸਿੱਧਿਆਂ ਲੋਕਤੰਤਰ ਉਤੇ ਵੱਡਾ ਹਮਲਾ ਸਾਬਤ ਹੋ ਰਹੀਆਂ ਹਨ, ਕਿਉਂਕਿ ਕਿਸੇ ਨਾ ਕਿਸੇ ਢੰਗ ਨਾਲ ਵੋਟਰ ਇਸ ਨਾਲ ਲਾਲਚ ਵੱਸ ਹੋ ਕੇ ਪ੍ਰਭਾਵਤ ਹੁੰਦਾ ਹੈ।

ਸਮੱਸਿਆ ਇਹ ਹੈ ਕਿ ਦੇਸ਼ 'ਚ ਮਹਿੰਗਾਈ, ਬੇਰੁਜ਼ਗਾਰੀ ਨੇ ਆਮ ਲੋਕਾਂ ਨੂੰ ਅਤਿ ਗਰੀਬੀ ਵੱਲ ਧੱਕ ਦਿੱਤਾ ਹੈ। ਉਸ ਦੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ। ਉਸਨੂੰ ਕਿਸੇ ਵੀ ਮੁਫ਼ਤ ਦੀ ਚੀਜ਼ ਦੀ ਪ੍ਰਾਪਤੀ ਲਈ ਬੇਬਸ ਤੇ ਮਜਬੂਰ ਕਰ ਦਿੱਤਾ ਗਿਆ ਹੈ।

ਇਹੋ ਜਿਹੀ ਸਥਿਤੀ ਅੱਜ ਦੇ ਦੇਸ਼ ਦੇ ਹਾਕਮਾਂ ਅਤੇ ਸਵਾਰਥੀ ਸਿਆਸਤਦਾਨਾਂ ਨੂੰ ਰਾਸ ਆਉਂਦੀ ਹੈ। ਉਨ੍ਹਾਂ ਅਸਿੱਧੇ ਤੌਰ 'ਤੇ ਵੋਟਾਂ ਖਰੀਦਣ ਦਾ ਢੰਗ ਮੁਫ਼ਤ ਰਿਉੜੀਆਂ ਵੰਡਣਾ ਤੈਅ ਕਰ ਲਿਆ ਹੈ। ਜੋ ਸਿੱਧਾ ਲੋਕਤੰਤਰੀ ਕਦਰਾਂ-ਕੀਮਤਾਂ ਉਤੇ ਵੱਡੀ ਸੱਟ ਅਤੇ ਲੋਕਤੰਤਰ 'ਤੇ ਧੱਬਾ ਹੈ।

# ਜਦੋਂ ਮੈਂ ਕਰਿਆਨੇ ਦੀ ਹੱਟੀ ਪਾਈ

ਜ਼ਿੰਦਗੀ ਜੀਉਣ ਲਈ ਬੰਦੇ ਨੂੰ ਸਮੇਂ ਸਮੇਂ ਸਿਰ ਕਈ ਤਰ੍ਹਾਂ ਦੇ ਪਾਪੜ ਵੇਲਣੇ ਪੈਂਦੇ ਹਨ। ਇਵੇਂ ਹੀ ਮੇਰੇ ਨਾਲ ਹੋਇਆ, ਇਹ ਵੀ ਮੇਰੇ ਲਈ ਚੰਗਾ ਹੀ ਹੋਇਆ ਜੋ ਮੈਂ ਦੇਸ਼ ਦੀ ਵੰਡ ਤੋਂ ਬਾਅਦ ਏਧਰ ਆ ਕੇ ਔਖ-ਸੌਖ ਵਿਚ ਦਸਵੀਂ ਪਾਸ ਕਰ ਲਈ ਪਰ ਪਹਿਲੀ ਦੀਆਂ ਪੜ੍ਹੀਆਂ ਉਰਦੂ ਦੀਆਂ ਚਾਰ ਜਮਾਤਾਂ ਮੇਰੇ ਬਹੁਤ ਕੰਮ ਆਈਆਂ। ਇਹ ਗੱਲ

ਰਵੇਲ ਸਿੰਘ

ਲਗਪਗ ਸਾਲ 1959-60 ਦੀ ਹੈ ਜਦੋਂ ਪੰਜਾਬ ਦੀ ਕੈਰੋਂ ਸਰਕਾਰ ਵੇਲੇ ਪਟਵਾਰੀਆਂ ਦੀ ਹੜਤਾਲ ਕਾਰਨ ਨਵੇਂ ਪਟਵਾਰੀ ਭਰਤੀ ਕਰਨੇ ਪਏ। ਉਦੋਂ ਮੈਨੂੰ ਦਸਵੀਂ ਪਾਸ ਕੀਤੇ ਨੂੰ ਥੋੜ੍ਹਾ ਸਮਾਂ ਹੀ ਹੋਇਆ ਸੀ।

ਮੈਨੂੰ ਉਰਦੂ ਲਿਖਣ ਤੇ ਪੜ੍ਹਨ ਕਰਕੇ ਪਟਵਾਰੀ ਚੁਣ ਲਿਆ ਗਿਆ ਤੇ ਚਾਰ ਮਹੀਨੇ ਦੇ ਕੋਰਸ ਤੋਂ ਬਾਅਦ ਮੇਰੀ ਨਿਯੁਕਤੀ ਵੀ ਹੋ ਗਈ।

ਇਸ ਤੋਂ ਛੇਤੀ ਬਾਅਦ ਹੀ ਪਹਿਲੇ ਹੜਤਾਲੀ ਪਟਵਾਰੀਆਂ ਦੇ ਆਪਣੇ ਕੰਮਾਂ 'ਤੇ ਪਰਤਣ ਕਾਰਨ ਸਾਡੀ ਛੁੱਟੀ ਕਰ ਕੇ, ਨਵੀਂ ਆਸਾਮੀ ਖਾਲੀ ਹੋਣ ਦਾ ਇੰਤਜ਼ਾਰ ਕਰਨ ਲਈ ਸਾਨੂੰ ਵੇਹਲਾ ਹੋਣਾ ਪਿਆ।

ਫਿਰ ਇਸੇ ਤਰ੍ਹਾਂ ਥੋੜ੍ਹੇ ਥੋੜ੍ਹੇ ਸਮੇਂ ਦੀ ਨੌਕਰੀ ਕਰਨ ਤੋਂ ਬਾਅਦ ਅਜਿਹੀ ਬੇ-ਭਰੋਸਗੀ ਵਾਲੀ ਨੌਕਰੀ ਤੋਂ ਤੰਗ ਆ ਕੇ ਕੋਈ ਹੋਰ ਕੰਮ ਕਰਨ ਦੀ ਸੋਚ ਵਿਚਾਰ ਕਰ ਕੇ ਕਰਿਆਨੇ ਦੀ ਹੱਟੀ ਖੋਲ੍ਹਣ ਦਾ ਮਨ ਬਣਾ ਲਿਆ।

ਬਾਪੂ ਦੇ ਮਾਮਿਆਂ ਦੇ ਲਾਗਲੇ ਪਿੰਡ ਦੇ ਤਾਇਆ ਕਾਲਾ ਸਿੰਘ ਤੋਂ ਇਹ ਦੁਕਾਨ ਕਿਰਾਏ 'ਤੇ ਲਈ ਸੀ। ਉਹ ਪਹਿਲਾਂ ਇਸ ਥਾਂ ਵਿਚ ਕਰਿਆਨੇ ਦੀ ਦੁਕਾਨ ਹੀ ਕਰਦਾ ਸੀ ਤੇ ਨਾਲ ਹੀ ਤਾਂਗਾ ਵੀ ਚਲਾਇਆ ਕਰਦਾ ਸੀ, ਦੁਕਾਨ ਦਾ ਸੌਦਾ ਸੂਤ ਵੀ ਉਹ ਅਖ਼ੀਰਲੇ ਗੇੜੇ 'ਤੇ ਲੈ ਆਇਆ ਕਰਦਾ ਸੀ। ਉਸ ਦੇ ਪਿੱਛੋਂ ਉਸ ਦੀ ਘਰਵਾਲੀ ਤੇ ਨੂੰਹ ਦੁਕਾਨ ਚਲਾਇਆ ਕਰਦੀਆਂ ਸਨ।

ਫਿਰ ਪਿੰਡ ਦਾ ਸਰਪੰਚ ਬਣ ਜਾਣ 'ਤੇ ਉਸ ਨੇ ਦੁਕਾਨ ਬੰਦ ਕਰ ਦਿੱਤੀ ਤੇ ਉਹੋ ਮੈਂ ਉਸ ਕੋਲੋਂ 5 ਰੁਪੈ ਮਹੀਨੇ 'ਤੇ ਕਿਰਾਏ 'ਤੇ ਲੈ ਲਈ।

ਗੁਰਦਾਸਪੁਰ ਆਪਣੇ ਪੁਰਾਣੇ ਦੁਕਾਨਦਾਰ ਲਾਲਾ ਦੇਸ ਰਾਜ ਦੀ ਦੁਕਾਨ ਜਿੱਥੋਂ ਮੈਂ ਪਹਿਲਾਂ ਘਰ ਲਈ ਸੂਤ ਕਦੇ ਨਕਦ ਤੇ ਕਦੇ ਉਧਾਰ ਲਿਆ ਕਰਦਾ ਸਾਂ ਜਦੋਂ ਉਸ ਨਾਲ ਦੁਕਾਨ ਬਾਰੇ ਗੱਲ ਕੀਤੀ ਤਾਂ ਉਹ ਮਖ਼ੌਲ ਨਾਲ ਕਹਿਣ ਲੱਗਾ, 'ਵਾਹ ਬਈ ਵਾਹ ਵੇਖੋ ਪਟਵਾਰੀ ਬਣਨ ਲੱਗਾ ਬਾਣੀਆ, ਇੱਕ ਕਰੇਲਾ ਦੂਜਾ ਨਿੰਮ ਚੜ੍ਹਿਆ ਰਾਮ ਭਲੀ ਕਰੇ'। ਮੈਂ ਸਭ ਕੁੱਝ ਸੁਣ ਕੇ ਆਪਣੀ ਮਜਬੂਰੀ ਸਮਝ ਕੇ ਚੁੱਪ ਰਹਿਣਾ ਹੀ ਚੰਗਾ ਸਮਝਿਆ।

ਸਸਤੇ ਸਮੇਂ ਸਨ ਡੇਢ ਸੌ ਰੁਪੈ ਦਾ ਸੌਦਾ ਸਮੇਤ ਤੱਕੜੀ ਵੱਟੇ ਦੇ ਖਰਚ ਆਇਆ, ਗੁੜ, ਖੰਡ, ਦਾਲਾਂ, ਹਲਦੀ, ਮਿਰਚ ਮਸਾਲੇ, ਲੂਣ ਤੇਲ, ਸਾਬਣ, ਬਨਸਪਤੀ ਘਿਓ, ਮੂੰਗਫਲੀ, ਰਿਉੜੀਆਂ, ਮਖਾਣੇ, ਮਿੱਠੀਆਂ ਗੋਲੀਆਂ ਤੇ ਹੋਰ ਬਹੁਤ ਨਿੱਕ-ਸੁਕ ਲਿਆ ਕੇ ਦੁਕਾਨ ਸਜਾ ਲਈ।

ਮੇਰੇ ਬਹੁਤੇ ਗਾਹਕ ਪਿੰਡ ਦੇ ਨਾਲ ਲਗਦੀ ਠੱਠੀ ਦੇ ਦਿਹਾੜੀਦਾਰ ਕਾਮੇ ਸਨ ਜੋ ਨਕਦ ਘੱਟ ਤੇ ਉਧਾਰ ਲੈਣ ਵਾਲੇ ਬਹੁਤੇ ਹੋਇਆ ਕਰਦੇ ਸਨ। ਇੱਕ ਸੌਦਾ ਲੈਣ ਵਾਲੇ ਬਹੁਤ ਜਾਂ ਵਾਲੀ ਦੇ ਨਾਲ ਝੂੰਗੇ ਦੇ ਲਾਲਚ ਕਰਕੇ ਇੱਕ ਜਾਂ ਦੋ ਨਿਆਣੇ ਵੀ ਹੋਇਆ ਕਰਦੇ ਸਨ।

ਪਿੰਡ ਵਿਚ ਇੱਕ ਹੋਰ ਕਰਿਆਨੇ ਦੀ ਪੁਰਾਣੀ ਦੁਕਾਨ, ਬਾਬੂ ਸ਼ਾਹ, ਦੀ ਵੀ ਸੀ। ਉਸ ਨੂੰ ਉਧਾਰ ਤੇ ਨਕਦ ਦੋਵੇਂ ਵਾਰਾ ਖਾ ਜਾਂਦੇ ਸਨ, ਪਰ ਮੈਨੂੰ ਨਵੀਂ ਦੁਕਾਨ ਹੋਣ ਕਰਕੇ ਦੁਕਾਨ ਚਲਾਉਣ ਲਈ ਸੌਦਾ ਉਧਾਰ ਮਜਬੂਰੀ ਵੱਸ ਦੇਣਾ ਪੈਂਦਾ ਸੀ। ਕਿਉਂਕਿ ਉਧਾਰ ਬਿਨਾਂ ਦੁਕਾਨ ਨਹੀਂ ਚਲਦੀ, ਬੇਸ਼ੱਕ ਬਹੁਤਿਆਂ ਦੁਕਾਨਦਾਰਾਂ ਨੇ ਦੁਕਾਨ 'ਤੇ ਇਹ ਲਿਖਿਆ ਵੀ ਹੁੰਦਾ ਹੈ, 'ਉਧਾਰ ਬਿਲਕੁਲ ਬੰਦ, ਜਾਂ ਅੱਜ ਨਕਦ ਕੱਲ ਉਧਾਰ', ਕਿਤੇ 'ਉਧਾਰ ਮੰਗ ਕੇ ਸ਼ਰਮਿੰਦਾ ਨਾ ਕਰੋ', ਤੇ ਹੋਰ ਵੀ ਕਈ ਕੁੱਝ ਉਧਾਰ ਨਾ ਦੇਣ ਲਈ ਲਿਖਿਆ ਹੁੰਦਾ ਹੈ, ਪਰ ਇਹ ਸਭ ਲਿਖਣ ਲਿਖਾਉਣ ਤੀਕ ਦੀਆਂ ਗੱਲਾਂ ਹਨ, ਸਚਾਈ ਤਾਂ ਇਹ ਹੈ ਕਿ ਉਧਾਰ ਬਿਨ ਨਾ ਗੁਜ਼ਾਰਾ ਗਾਹਕ ਦਾ ਤੇ ਨਾ ਦੁਕਾਨਦਾਰ ਦਾ ਹੁੰਦਾ ਹੈ।

ਮੇਰੇ ਲਈ ਵੱਡੀ ਮੁਸੀਬਤ ਇਹ ਸੀ ਕਿ ਦੁਕਾਨ ਵਿਚ ਕੰਮ ਕਰਦਿਆਂ ਵੱਖ-ਵੱਖ ਸੌਦਾ ਦੇਣ ਵੇਲੇ ਕਦੇ ਹਲਦੀ, ਕਦੇ ਤੇਲ, ਕਦੇ ਗੁੜ ਵਗੈਰਾ ਨਾਲ ਹੱਥ ਮੂੰਹ ਤਾਂ ਕਿਤੇ ਰਿਹਾ ਝੱਗਾ ਪਜਾਮਾ ਵੀ ਲਿੱਬੜ ਜਾਇਆ ਕਰਦੇ ਸਨ, ਜਿਨ੍ਹਾਂ ਦਾ ਸਵੇਰੇ ਦੁਕਾਨ 'ਤੇ ਜਾਣ ਤੋਂ ਪਹਿਲਾਂ ਜਦੋਂ ਪਤਾ ਘਰਵਾਲੀ ਨੂੰ ਲਗਦਾ ਤਾਂ ਉਹ ਕਾਹਲੀ ਪੈ ਕੇ ਕਹਿੰਦੀ ਦੁਕਾਨ ਪਾ ਕੇ ਤੁਸੀਂ ਇਹ ਕੀ ਜਲੂਸ ਕਢਾ ਲਿਆ ਆਪਣਾ। ਰੋਜ਼ ਦੀ ਸਾਬਣ ਦੀ ਚਾਕੀ, ਸਰਫ ਦਾ ਪੈਕਟ ਵੀ ਦੁਕਾਨ ਤੋਂ ਆਉਂਦੇ ਹੋਏ ਨਾਲ ਲਈ ਆਇਆ ਕਰੋ, ਇਹ ਖਸਮਾਂ ਖਾਣੇ ਕਾਲੇ ਪੀਲੇ ਦਾਗ ਲਾਹੁਣ ਲਈ।

ਘਰ ਪਰਿਵਾਰ ਸਾਂਝਾ ਸੀ, ਮੈਥੋਂ ਛੋਟੇ ਦੋ ਭਰਾ ਫੌਜ ਵਿਚ ਸਨ, ਸਾਰੇ ਵਿਆਹੇ ਵਰੇ ਤੇ ਟੱਬਰਦਾਰ

*(ਬਾਕੀ ਅਗਲੇ ਸਫੇ 'ਤੇ)*

# ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਤੇ ਸਿੱਖ ਪੰਥ ਅੰਦਰ ਮੀਰੀ-ਪੀਰੀ!

ਪਿਛਲੇ ਅੰਕ ਵਿਚ 'ਮੀਰੀ-ਪੀਰੀ' ਦੀ ਪ੍ਰਤੀਨਿਧਤਾ ਕਰਨ ਵਾਲ਼ੀ ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ ਦਾ ਪਿਛਲੇ 50-60 ਵਰ੍ਹਿਆਂ ਦੀ ਕਾਰਗੁਜ਼ਾਰੀ ਦਾ ਸੰਖੇਪ ਜਿਹਾ ਲੇਖ-ਜੋਖਾ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ। ਲੇਖ ਦੇ ਇਸ ਹਿੱਸੇ ਵਿਚ ਇਸੇ ਅਰਸੇ ਦੌਰਾਨ ਇਨ੍ਹਾਂ ਕੇਂਦਰੀ ਸੰਕਲਪਾਂ ਅਤੇ ਧਰਮ ਤੇ ਰਾਜਨੀਤੀ ਦੇ ਆਪਸੀ ਰਿਸ਼ਤੇ ਬਾਰੇ ਪ੍ਰਮੁੱਖ ਸਿੱਖ ਚਿੰਤਕਾਂ ਵਲੋਂ ਸਮੇਂ-ਸਮੇਂ 'ਤੇ ਪ੍ਰਗਟਾਏ ਵਿਚਾਰਾਂ ਬਾਰੇ ਚਰਚਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।



ਹਰਚਰਨ ਸਿੰਘ ਪਰਹਾਰ
ਫੋਨ: 403-681-8689
ਈਮੇਲ: hp8689@gmail.com

ਧਰਮ ਤੇ ਰਾਜਨੀਤੀ ਦੇ ਰਿਸ਼ਤੇ ਬਾਰੇ ਬਹਿਸ ਸਦੀਆਂ ਪੁਰਾਣੀ ਹੈ। ਜੇ ਇਹ ਕਹਿ ਲਿਆ ਜਾਵੇ ਕਿ ਇਸ ਬਾਰੇ ਚਰਚਾ ਦੀ ਸ਼ੁਰੂਆਤ ਇਸਾਈ ਧਰਮ ਵਿਚ ਪੰਜਵੀਂ ਸਦੀ ਦੇ ਉਘੇ ਧਰਮ-ਸ਼ਾਸਤਰੀ ਅਤੇ ਫਿਲਾਸਫਰ ਸੰਤ ਔਗੱਸਟਾਈਨ ਦੀ ਵੱਡ ਅਕਾਰੀ ਪੁਸਤਕ 'ਦੀ ਸਿਟੀ ਆਫ ਗਾਡ' ਨਾ਼ਲ ਸ਼ੁਰੂ ਹੋ ਗਈ ਸੀ। ਇਸ ਤੋਂ ਬਾਅਦ ਅਨੇਕਾਂ ਨਾਮਵਰ ਇਸਾਈ ਫਿਲਾਸਫਰਾਂ ਨੇ ਇਸ ਬਾਰੇ ਚਰਚਾ ਕੀਤੀ। ਇਸਲਾਮ ਵਿਚ ਵੀ ਇਹ ਡੀਬੇਟ ਮੁਹੰਮਦ ਦੇ ਸਮੇਂ ਹੀ ਚੱਲ ਪਈ ਸੀ, ਜੋ ਅੱਜ ਤੱਕ ਜਾਰੀ ਹੈ। ਇਸੇ ਤਰ੍ਹਾਂ ਸਿੱਖਾਂ ਵਿਚ ਵੀ ਇਹ ਚਰਚਾ ਦੇਸ਼ ਦੀ ਅਜ਼ਾਦੀ ਤੋਂ ਬਾਅਦ ਸ਼ੁਰੂ ਹੋ ਗਈ ਸੀ, ਜੋ ਅਜ ਤੱਕ ਜਾਰੀ ਹੈ। ਸਿੱਖ ਪੰਥ ਵਿਚ, 'ਧਰਮ ਤੇ ਰਾਜਨੀਤੀ' ਦੇ ਸੁਮੇਲ ਨੂੰ 'ਮੀਰੀ-ਪੀਰੀ' ਦਾ ਨਾਮ ਦਿੱਤਾ ਜਾਂਦਾ ਹੈ। ਸਿੱਖ ਭਾਈਚਾਰੇ ਦੇ ਵੱਡੇ ਹਿੱਸੇ ਵਿਚ ਇਹ ਮਾਨਤਾ ਪ੍ਰਚਲਿਤ ਹੈ ਕਿ ਮੀਰੀ-ਪੀਰੀ ਦਾ ਸਿਧਾਂਤ ਗੁਰੂ ਹਰਿਗੋਬਿੰਦ ਸਾਹਿਬ ਨੇ ਦੋ ਕਿਰਪਾਨਾਂ ਪਾ ਕੇ ਦਿੱਤਾ ਸੀ ਅਤੇ ਫਿਰ ਅਕਾਲ ਤਖਤ ਸਾਹਿਬ (ਅਕਾਲ ਬੁੰਗਾ) ਦੀ ਸਿਰਜਨਾ ਕਰਕੇ ਇਸ ਉਪਰ ਮੋਹਰ ਲਗਾ ਦਿੱਤੀ ਸੀ ਕਿ ਮੀਰੀ-ਪੀਰੀ ਦਾ ਪ੍ਰਤੀਕ ਸ੍ਰੀ ਅਕਾਲ ਤਖਤ ਸਾਹਿਬ ਸਾਰੇ ਦੁਨਿਆਵੀ ਤਖਤਾਂ 'ਤੋਂ ਉਪਰ ਹੈ ਅਤੇ ਇਸਦਾ ਜਥੇਦਾਰ ਕਿਸੇ ਸਰਕਾਰ ਜਾਂ ਦੇਸ਼ ਦੇ ਕਨੂੰਨ ਨੂੰ ਜਵਾਬਦੇਹ ਨਹੀਂ ਹੈ।

'ਧਰਮ ਤੇ ਰਾਜਨੀਤੀ'(ਮੀਰੀ-ਪੀਰੀ) ਦੇ ਸਬੰਧਾਂ ਨੂੰ ਗੁਰਮਤਿ ਦੀ ਸੋਝੀ ਅਨੁਸਾਰ ਸਮਝਣ ਲਈ ਪਿਛਲੀ ਸਦੀ ਦੇ ਸ਼੍ਰੋਮਣੀ ਸਿੱਖ ਚਿੰਤਕ ਪ੍ਰੋ ਪੂਰਨ ਸਿੰਘ ਦੀ ਪੁਸਤਕ 'ਖਾਲਸੇ ਦਾ ਆਦਰਸ਼' (ਸੰਪਾਦਕ ਪ੍ਰੋ ਗੁਰਮੁੱਖ ਸਿੰਘ, ਪੰਨਾ 163-165) ਵਿਚਲੇ ਲੇਖ 'ਸ੍ਰੀ ਦਰਬਾਰ ਸਾਹਿਬ' ਸਿਰਲੇਖ ਹੇਠ ਲਿਖੇ ਲੇਖ ਤੋਂ ਕਾਫੀ ਸਪੱਸ਼ਟਤਾ ਮਿਲ ਸਕਦੀ ਹੈ। ਇਹ ਲੇਖ ਉਨ੍ਹਾਂ ਨੇ 100 ਕੁ ਸਾਲ ਪਹਿਲਾਂ ਲਿਖਿਆ ਸੀ। ਉਹ ਲਿਖਦੇ ਹਨ: 'ਸਿੱਖੀ ਦੀ ਕਾਇਮੀ ਲਈ ਸਤਿਗੁਰਾਂ ਖਾਲਸਾ ਪੰਥ ਸਾਜਿਆ...ਸ੍ਰੀ ਦਰਬਾਰ ਸਹਿਬ ਸਿੱਖੀ ਦੇ ਕੇਂਦਰੀ ਧਾਰਮਿਕ ਅਸਥਾਨ ਹਨ, ਜਿੱਥੇ ਗੁਰੂ ਦੀ ਤਾਬਿਆ ਗੁਰੂ ਪੰਥ, ਕੀਰਤਨ ਤੇ ਨਾਮ ਸਿਮਰਨ ਨਾ਼ਲ ਜਗਤ-ਜਲੰਦੇ ਨੂੰ ਠਾਰਦਾ ਹੈ। ਸ੍ਰੀ ਦਰਬਾਰ ਸਾਹਿਬ ਅਖੰਡ ਕੀਰਤਨ ਦਾ ਕੇਂਦਰ ਹੈ। ਜਗਤ ਵਿਚ ਕਿਸੇ ਮੰਦਰ ਵਿਚ ਦਿਨ-ਰਾਤ ਕੀਰਤਨ ਜਾਰੀ ਨਹੀਂ ਰਹਿੰਦਾ। ਇਸ ਵਾਸਤੇ ਇਹ ਹਰਿਮੰਦਰ ਸਾਰੇ ਜਗਤ ਦੇ ਧਰਮ ਦਾ ਕੇਂਦਰ ਹੈ, ਇਹ ਨਿਰੋਲ ਧਰਮ ਦਾ ਪਵਿੱਤਰ ਟਿਕਾਣਾ ਹੈ, ਇੱਥੇ ਧਰਮ ਦਾ ਸੂਰਜ ਸਦਾ ਚਮਕਣਾ ਚਾਹੀਏ। ਭਾਈਚਾਰਕ, ਪਦਾਰਥਕ, ਰਾਜਸੀ ਅੰਦੋਲਨਾਂ ਦੇ ਵਧਾਓ-ਘਟਾਓ, ਜਗਤ ਵਿਚ ਹੁੰਦੇ ਰਹੇ ਹਨ ਤੇ ਹੁੰਦੇ ਰਹਿਣਗੇ, ਪਰ ਸਿੱਖ ਧਰਮ ਦੀ ਟੇਕ ਹੈ ਕਿ 'ਸੁੱਚ ਧਰਮ' ਅਬਚਲ ਵਸਤੂ ਹੈ। ਇਹ ਸਭ ਤੋਂ ਉਚੀ ਹੈ। ਭਾਈਚਾਰਕ, ਪਦਾਰਥਕ, ਰਾਜਸੀ ਟਿਕਾਣੇ ਅਨੇਕਾਂ ਹਨ, ਪਰ ਸ੍ਰੀ ਦਰਬਾਰ ਸਾਹਿਬ ਸੱਚੇ ਧਰਮ ਦਾ ਕੇਂਦਰ ਹੈ। ਜਿੱਥੇ ਨਾਮ ਦਾ ਚੱਕਰ ਅਤੇ ਸ਼ਬਦ ਦਾ ਕੇਂਦਰੀ ਲਹਿਰਾਓ, ਸਤਗਿਰਾਂ ਨੇ ਆਪ ਦਿੱਤਾ ਹੈ। ਇਹ ਹੋਰ ਥਾਂ ਨਹੀਂ ਹੋ ਸਕਦਾ। ਇਸ ਲਈ ਇਸ ਸਥਾਨ ਨੂੰ 'ਸਿਰਮੌਰ' ਰਖਣਾ ਸਿੱਖਾਂ ਦਾ ਮੁੱਖ ਧਰਮ ਹੈ। ਇਸ ਅਸਥਾਨ ਨੂੰ ਸਿੱਖਾਂ ਦਾ ਰਾਜਸੀ ਕੇਂਦਰ ਬਣਾਉਣਾ ਵਾਜਿਬ ਨਹੀਂ'।


ਇਸ ਤੋਂ ਅੱਗੇ ਉਨ੍ਹਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਮੁਗਲਾਂ ਵਿਰੁੱਧ ਲੜੇ ਯੁੱਧਾਂ ਦੀ ਚਰਚਾ ਕੀਤੀ ਹੈ ਕਿ ਕਿਵੇਂ ਮੁਗਲ ਸੈਨਾਪਤੀ ਮੁਖਲਸ ਖਾਨ ਵਲੋਂ ਅਚਾਨਕ ਹਮਲਾ ਕਰਨ ਲਈ ਆਉਣ ਦੀ ਖ਼ਬਰ ਮਿਲਣ 'ਤੇ ਗੁਰੂ ਸਾਹਿਬ ਨੇ ਆਪਣੇ 25 ਗੁਰਸਿੱਖਾਂ ਨੂੰ ਲੋਹਗੜ੍ਹ ਭੇਜ ਕੇ ਹਰਿਮੰਦਰ ਸਾਹਿਬ ਆਉਣ 'ਤੋਂ ਰੋਕਿਆ ਅਤੇ ਪਵਿਤਰ ਅਸਥਾਨ ਨੂੰ ਆਂਚ ਨਹੀਂ ਆਉਣ ਦਿੱਤੀ ਸੀ। ਭਵਿੱਖ ਵਿਚ ਇਸ ਪਵਿੱਤਰ ਅਸਥਾਨ ਦਾ ਕੋਈ ਨੁਕਸਾਨ ਹੋਵੇ, ਗੁਰੂ ਸਾਹਿਬ ਨੇ ਅੰਮ੍ਰਿਤਸਰ ਛੱਡ ਕੇ ਕੀਰਤਪੁਰ ਦੀਆਂ ਪਹਾੜੀਆਂ ਵਿਚ ਜਾ ਡੇਰੇ ਲਾਏ ਸਨ। ਇਸ ਪ੍ਰਥਾਏ ਪ੍ਰੋ ਪੂਰਨ ਸਿੰਘ ਨੇ ਕਵੀ ਸੰਤੋਖ ਸਿੰਘ ਦੇ ਗ੍ਰੰਥ 'ਸੂਰਜ ਪ੍ਰਕਾਸ਼' ਵਿਚੋਂ ਹਵਾਲਾ ਦਿੱਤਾ ਹੈ; 'ਜੰਗ ਨਾ ਭਲੋ ਸੁਦਾ ਸਰ ਮਾਹਿ, ਆਵਹਿ ਤੁਰਕ ਅਦਬ ਰਹਿ ਨਾਹਿ'। ਪ੍ਰੋ ਪੂਰਨ ਸਿੰਘ ਅਨੁਸਾਰ ਗੁਰੂ ਸਾਹਿਬ ਦਾ ਹਰਿਮੰਦਰ ਸਾਹਿਬ ਨੂੰ ਜੰਗ-ਯੁੱਧ ਦਾ ਅੱਡਾ ਨਾ ਬਣਾਉਣਾ, ਉਸ ਅਸਥਾਨ ਨੂੰ ਛੱਡ ਕੇ ਚਲੇ ਜਾਣ ਦਾ ਮਕਸਦ, ਸਿਰਫ ਇਸ ਅਸਥਾਨ ਨੂੰ 'ਸਿੱਖਾਂ ਦਾ ਰਾਜਸੀ ਕੇਂਦਰ' ਬਣਨ ਤੋਂ ਬਚਾਉਣ ਦਾ ਹੀ ਸੀ। ਸਿੱਖ ਪੰਥ ਦੇ ਸਿਰਮੌਰ ਵਿਦਵਾਨ ਨੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਹੋਂਦ 'ਚ ਆਉਣ ਸਮੇਂ ਹੀ ਭਾਂਪ ਲਿਆ ਸੀ ਕਿ ਸਾਰੀ ਮਨੁੱਖਤਾ ਦੇ ਸਾਂਝੇ ਅਸਥਾਨ ਦਰਬਾਰ ਸਾਹਿਬ ਨੂੰ 'ਸਿੱਖ ਰਾਜਨੀਤੀ ਦਾ ਕੇਂਦਰ' ਨਹੀਂ ਬਣਨ ਦੇਣਾ ਚਾਹੀਦਾ; ਸਿੱਖ ਰਾਜਨੀਤੀ ਦਾ ਬਿਲਕੁਲ ਵੀ ਨਹੀਂ। ਜੇ ਕਿਤੇ ਸਿੱਖਾਂ ਨੇ ਪ੍ਰੋ ਪੂਰਨ ਸਿੰਘ ਦੀ ਸਲਾਹ ਮੰਨੀ ਹੁੰਦੀ ਤਾਂ ਸ਼ਾਇਦ ਪੰਥ ਨੂੰ ਜੂਨ, 84 ਵਰਗੇ ਘੱਲੂਘਾਰੇ ਨਾ ਦੇਖਣੇ ਪੈਂਦੇ!

ਇੱਥੇ ਸਿੱਖ ਪੰਥ ਦੇ ਇੱਕ ਹੋਰ ਸਿਰਮੌਰ ਰਾਜਸੀ ਵਿਦਵਾਨ ਸਿਰਦਾਰ ਕਪੂਰ ਸਿੰਘ ਦੀ ਪ੍ਰੋ ਗੁਰਮੁੱਖ ਸਿੰਘ ਵਲੋਂ ਸੰਪਾਦਿਤ ਕਿਤਾਬ 'ਰਾਜ ਕਰੇਗਾ ਖਾਲਸਾ' ਦਾ ਹਵਾਲਾ ਦੇਣਾ ਬੇਹੱਦ ਰੌਚਕ ਰਹੇਗਾ ਕਿਉਂਕਿ ਕਪੂਰ ਸਿੰਘ ਆਪਣੀ ਲਿਖਤ ਵਿਚ ਪ੍ਰੋ ਪੂਰਨ ਸਿੰਘ 'ਤੋਂ ਬਿਲਕੁਲ ਉਲਟ ਪੁਜ਼ੀਸ਼ਨ ਲੈਂਦੇ ਹਨ। ਕਪੂਰ ਸਿੰਘ ਨੇ ਆਪਣੀ ਇਹ ਲਿਖਤ ਇੱਕ ਹੋਰ ਵੱਡੇ ਸਿੱਖ ਵਿਦਵਾਨ ਤੇ ਪੰਜਾਬੀ ਯੂਨੀਵਰਸਿਟੀ ਪਟਿਆ਼ਲਾ ਦੇ ਸਾਬਕਾ ਵਾਈਸ ਚਾਂਸਲਰ ਭਾਈ ਜੋਧ ਸਿੰਘ ਦੇ ਇੱਕ ਲੈਕਚਰ ਦੇ ਵਿਰੋਧ ਵਿਚ ਲਿਖੀ ਸੀ, ਜਿਹੜਾ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਪਟਿਆ਼ਲਾ ਵਿਚ ਇੱਕ ਸੈਮੀਨਾਰ ਦੌਰਾਨ ਦਿੱਤਾ ਸੀ। ਉਨ੍ਹਾਂ ਕਿਹਾ ਸੀ: 'ਇਹ 'ਗਲਤ ਵਿਸ਼ਵਾਸ' ਹੈ ਕਿ ਕਿਸੇ ਧਰਮ (ਸਮੇਤ ਸਿੱਖ ਧਰਮ) ਦੇ ਜ਼ਿੰਦਾ ਰਹਿਣ ਲਈ ਰਾਜ ਸੱਤਾ ਦਾ ਹੋਣਾ ਜਰੂਰੀ ਹੈ। ਇਸ 'ਗਲਤ ਵਿਸ਼ਵਾਸ' ਨੂੰ ਉਚੇਰੇ ਯਤਨਾਂ ਰਾਹੀਂ ਧਾਰਮਿਕ ਯੋਜਨਾਵਾਂ ਨਾ਼ਲ ਜੋੜ ਕੇ ਸਿੱਖਾਂ ਦੀਆਂ ਸੰਗਠਿਤ ਵਿਉਂਤਬੰਦੀਆਂ ਦਾ ਭਾਗ ਬਣਾ ਕੇ, ਨਵਿਰਤ ਕਰਨਾ ਚਾਹੀਦਾ ਹੈ। ਸਿੱਖ ਸਿਆਸਤ ਧਰਮ ਨਾ਼ਲੋਂ ਬਿਲਕੁਲ ਵੱਖ ਹੋਣੀ ਚਾਹੀਦੀ ਹੈ'। ਸ. ਕਪੂਰ ਸਿੰਘ ਕਹਿੰਦੇ ਹਨ ਕਿ ਭਾਈ ਜੋਧ ਸਿੰਘ ਦੀਆਂ ਇਹ ਟਿੱਪਣੀਆਂ ਬਰਦਾਸ਼ਤ ਕਰਨਯੋਗ ਨਹੀਂ ਹਨ ਕਿਉਂਕਿ ਸਿੱਖ ਆਪਣੀ ਅਰਦਾਸ ਵਿਚ ਰੋਜ਼ਾਨਾ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਦੋਹਰਾ 'ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ' ਪੜ੍ਹਦੇ ਹਨ। (ਬਹੁਤੇ ਸਿੱਖ ਵਿਦਵਾਨ ਇਸ ਗੱਲ ਨਾ਼ਲ ਸਹਿਮਤ ਹਨ ਕਿ ਅਰਦਾਸ ਵਾ਼ਲਾ ਦੋਹਰਾ ਗੁਰੂ ਜੀ ਦੇ ਮੁਖਾਰਬਿੰਦ ਤੋਂ ਉਚਾਰਿਆ ਨਹੀਂ ਹੈ, ਬੇਸ਼ੱਕ ਇਹ 18ਵੀਂ ਸਦੀ ਵਿਚ ਮਿਸਲਾਂ ਦੇ ਦੌਰ ਵਿਚ ਕਿਸੇ ਨਾ ਕਿਸੇ ਰੂਪ 'ਚ ਪ੍ਰਚਲਤ ਜਰੂਰ ਸੀ, ਜਿਸਨੂੰ 19ਵੀਂ ਸਦੀ ਵਿਚ ਗਿਆਨੀ ਗਿਆਨ ਸਿੰਘ ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਕਵਿਤਾ ਰੂਪ ਵਿਚ ਲਿਖ ਕੇ ਸ਼ਾਮਿਲ ਕੀਤਾ ਸੀ)। ਉਹ ਅੱਗੇ ਲਿਖਦੇ ਹਨ ਕਿ ਭਾਈ ਜੋਧ ਸਿੰਘ ਨੇ ਸਿੱਖਾਂ ਨੂੰ ਜੋ ਉਪਦੇਸ਼ ਦਿੱਤਾ ਹੈ; ਉਹ ਸਿੱਖੀ ਸਿਧਾਂਤਾਂ, ਸਿੱਖ ਇਤਿਹਾਸ ਦੇ ਪੂਰਨਿਆਂ, ਸਿੱਖ ਗੁਰੂਆਂ ਦੀਆਂ ਸਪੱਸ਼ਟ ਤੇ ਅਟੱਲ ਸਿਖਿਆਵਾਂ ਦਾ ਸਿੱਧਾ ਵਿਰੋਧ ਹੈ। 20-25 ਪੰਨਿਆਂ ਦੀ ਇਸ ਲਿਖਤ ਵਿਚ ਕਪੂਰ ਸਿੰਘ ਜੀ ਗੁਰਬਾਣੀ, ਗੁਰ-ਇਤਿਹਾਸ, ਸਿੱਖ ਸਿਧਾਂਤਾਂ, ਗੁਰ-ਉਪਦੇਸ਼ਾਂ ਦਾ ਇੱਕ ਵੀ ਹਵਾਲਾ ਦੇ ਕੇ ਭਾਈ ਜੋਧ ਸਿੰਘ ਦਾ ਵਿਰੋਧ ਨਹੀਂ ਕਰਦੇ ਅਤੇ ਨਾ ਹੀ 'ਧਰਮ ਤੇ ਰਾਜਨੀਤੀ' ਦੇ ਸੁਮੇਲ ਜਾਂ 'ਰਾਜ ਬਿਨਾਂ ਧਰਮ ਚੱਲ ਨਹੀਂ ਸਕਦਾ' ਦੇ ਹੱਕ ਵਿਚ ਕੋਈ ਪੁਖਤਾ ਸਬੂਤ ਪੇਸ਼ ਕਰਦੇ ਹਨ। ਸਗੋਂ ਸਿੱਖਾਂ ਦੇ 'ਜੰਗਜੂ ਕਿਰਦਾਰ' ਅਤੇ ਜਮਾਂਦਰੂ 'ਸ਼ਾਹਾਨਾ ਅਧਿਕਾਰ' ਨੂੰ ਤਰਕਪੂਰਨ ਸਾਬਤ ਕਰਨ ਲਈ, ਉਹ ਦੁਨੀਆਂ ਭਰ ਦੇ ਰੱਬ ਦੀ ਹੋਂਦ ਤੋਂ ਵੀ ਇਨਕਾਰੀ ਵਿਦਵਾਨਾਂ, ਮਾਓ-ਜ਼ੇ-ਤੁੰਗ, ਨੀਤਸ਼ੇ, ਸਿਗਮੰਡ ਫਰਾਇਡ, ਓਸਵਾਰਡ ਸਪੈਂਗਲਰ, ਕਨਫਿਊਸ਼ੀਅਸ ਆਦਿ ਦੇ ਵਿਚਾਰਾਂ ਰਾਹੀਂ, ਪਤਾ ਨਹੀਂ ਕਿਵੇਂ 'ਮੀਰੀ-ਪੀਰੀ' ਜਾਂ 'ਰਾਜ ਕਰੇਗਾ ਖਾਲਸਾ' ਦਾ ਸਿਧਾਂਤ, ਕੱਢ ਰਹੇ ਹਨ? ਜਦਕਿ ਇਨ੍ਹਾਂ ਵਿਚਾਰਾਂ ਦਾ ਸਿੱਖੀ ਸਿਧਾਂਤਾਂ ਜਾਂ ਗੁਰ-ਉਪਦੇਸ਼ਾਂ ਨਾ਼ਲ ਕੋਈ ਸਰੋਕਾਰ ਨਹੀਂ ਬਣਦਾ। ਇਸ ਸੰਦਰਭ ਵਿਚ ਉਹ ਅੱਗੇ ਲਿਖਦੇ ਹਨ:

ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ॥ ਖ਼ੁਆਰ ਹੋਇ ਸਭ ਮਿਲੇਂਗੇ ਬਚੇ ਸ਼ਰਨਿ ਜੋ ਹੋਇ॥

'ਇਹ ਇੱਕ ਦੈਵੀ ਸੱਚ ਦਾ ਹੀ ਪ੍ਰਗਟਾਵਾ ਨਹੀਂ, ਬਲਕਿ ਭਲੀ-ਭਾਂਤ ਸਥਾਪਿਤ ਵਿਗਿਆਨਕ ਸਚਾਈ ਹੈ। ਲੌਰੰਜ, ਐਂਡਰੇ ਅਤੇ ਮੋਰਿਸ ਆਦਿ ਵਿਦਵਾਨਾਂ ਨੇ ਆਪਣੇ ਸਿਧਾਂਤ ਹਵਾ ਵਿਚੋ ਨਹੀਂ ਚੁਣੇ। ਉਨ੍ਹਾਂ ਦਾ ਸਬੰਧ ਪੂਰਨ ਤੌਰ 'ਤੇ ਸਥਾਪਿਤ ਸ਼ੋਹਰਤ ਵਾ਼ਲੀ ਉਸ ਪੱਛਮੀ ਵਿਚਾਰਧਾਰਾ ਅਤੇ ਵਿਗਿਆਨਕ ਖੋਜਾਂ ਨਾ਼ਲ ਹੈ, ਜਿਨ੍ਹਾਂ ਦਾ ਪਾਸਾਰ ਸਪੈਂਗਲਰ ਤੋਂ ਥਾਮਸ ਹੋਬਜ਼ ਰਾਹੀਂ ਸਿਗਮੰਡ ਫਰਾਇਡ ਤੱਕ ਫੈਲਿਆ ਹੋਇਆ ਹੈ। ਸਪੈਂਗਲਰ ਆਪਣੀ ਸਭ ਤੋਂ ਉਤਕ੍ਰਿਸ਼ਟ ਰਚਨਾ 'ਡਿਕਲਾਈਨ ਆਫ ਦੀ ਵੈਸਟ' ਵਿਚ ਲੜਾਕੇਪਨ ਸਬੰਧੀ ਆਪਣੇ ਦਾਅਵਿਆਂ ਬਾਰੇ ਬੜਾ ਦ੍ਰਿੜ ਰਹਿ ਚੁੱਕਾ ਹੈ। ਉਹ ਕਹਿੰਦਾ ਹੈ: ਮਾਸਾਹਾਰੀ ਜਾਨਵਰ, ਕਿਰਿਅਸ਼ੀਲ ਜੀਵਨ ਦਾ ਸਭ ਤੋਂ ਉਤਮ ਨਮੂਨਾ ਹਨ। ਮਨੁੱਖੀ ਨਸਲ ਇਸ ਕਰਕੇ ਉਚੀ ਮੰਨੀ ਜਾਂਦੀ ਹੈ ਕਿਉਂਕਿ ਇਹ ਮਾਸਾਹਾਰੀ ਜਾਨਵਰਾਂ ਦੀ ਸ਼੍ਰੇਣੀ ਨਾ਼ਲ ਸਬੰਧ ਰੱਖਦੀ ਹੈ। ਮਨੁੱਖ ਝਗੜਨ, ਮਾਰਨ ਅਤੇ ਤਬਾਹ ਕਰਨ ਵਿਚ ਲੱਗਾ ਰਹਿੰਦਾ ਹੈ:

'ਖਾਲਸਾ ਸੋ ਜੋ ਕਰੇ ਨਿੱਤ ਜੰਗ।' (ਪੁਸਤਕ ਰਾਜ ਕਰੇਗਾ ਖਾਲਸਾ ਪੰਨਾ 124)


ਸਿਰਦਾਰ ਕਪੂਰ ਸਿੰਘ


ਭਾਈ ਜੋਧ ਸਿੰਘ


ਪ੍ਰੋ. ਪੂਰਨ ਸਿੰਘ

ਪਰ 'ਰਾਜ ਕਰੇਗਾ ਖਾਲਸਾ' ਲੇਖ ਤੋਂ ਕਈ ਵਰ੍ਹੇ ਪਹਿਲਾਂ ਆਪਣੀ ਕਲਾਸਿਕ ਕ੍ਰਿਤ 'ਪਾਰਾਸ਼ਰ ਪ੍ਰਸ਼ਨ' ਵਿਚ ਕਪੂਰ ਸਿੰਘ, ਖਾਲਸਿਆਂ ਵਲੋਂ 70-80 ਸਾਲਾਂ ਦੇ ਖੂਨੀ ਸੰਘਰਸ਼ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਰਾਹੀਂ ਆਏ ਸਿੱਖ ਰਾਜ ਦਾ ਵਿਰੋਧ, ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ: 'ਸ਼ੁਕਰਚੱਕੀਆ ਮਿਸਲ ਦੇ ਸਰਦਾਰ ਰਣਜੀਤ ਸਿੰਘ ਨੇ 1799 ਵਿਚ ਲਾਹੌਰ ਅਤੇ ਆ਼ਲੇ-ਦੁਆਲੇ ਦਾ ਇਲਾਕਾ ਦੂਜੀਆਂ ਪੰਥਕ ਧਿਰਾਂ (ਮਿਸਲਾਂ) ਪਾਸੋਂ ਖੋਹ ਲਿਆ। ਮਿਥੀ ਯੋਜਨਾ ਅਨੁਸਾਰ 1801 ਵਿਚ ਉਸਨੇ ਹਿੰਦੂ ਤਾਨਾਸ਼ਾਹ ਦੀ ਪਰੰਪਰਾ ਅਨੁਸਾਰ ਗੈਰ-ਸਿੱਖ ਰੁਤਬਾ 'ਮਹਾਰਾਜਾ' ਪਦ ਗ੍ਰਹਿਣ ਕਰ ਲਿਆ। ਜਿਸਨੇ ਸਿੱਖ ਸਿਆਸਤ ਦੇ ਆਧਾਰ ਉਪਰ ਗਹਿਰੀ ਸੱਟ ਮਾਰੀ। ਉਸਨੇ ਸਿੱਖ ਸਿਆਸਤ ਦੀ ਸ਼੍ਰੋਮਣੀ ਸੱਤਾ 'ਗੁਰਮਤਾ' ਦਾ ਭੋਗ ਪਾ ਦਿੱਤਾ। ਸਟੇਟ ਦੀ ਸਾਰੀ ਸ਼ਕਤੀ ਦਾ ਉਹ ਇਕੱਲਾ ਮਾਲਕ ਬਣ ਗਿਆ'। (ਪਾਰਾਸ਼ਰ ਪ੍ਰਸ਼ਨ ਪੰਨਾ: 215)

ਮਹਾਰਾਜਾ ਰਣਜੀਤ ਸਿੰਘ ਬਾਰੇ ਉਹ ਅੱਗੇ ਲਿਖਦੇ ਹਨ: 'ਰਣਜੀਤ ਸਿੰਘ ਦਾ ਕਿਰਦਾਰ ਰੂਹਾਨੀ ਤੌਰ 'ਤੇ ਕਰੂਪ ਸੀ, ਉਸਨੇ ਮੌਤ ਤੋਂ ਪਹਿਲਾਂ ਆਪਣੇ ਵਾਰਿਸ ਦਾ ਹੱਥ ਨਮਕ ਹਰਾਮੀ ਧਿਆਨ ਸਿੰਘ ਡੋਗਰੇ ਨੂੰ ਫੜਾ ਦਿੱਤਾ ਤਾਂ ਕਿ ਉਸਦਾ ਖਾਨਦਾਨੀ ਰਾਜ ਕਾਇਮ ਰਹੇ। ਉਸਨੇ ਡੋਗਰਿਆਂ ਨੂੰ ਆਪਣੇ ਰਾਜ ਦਾ ਭਾਈਵਾਲ ਤਾਂ ਬਣਾਇਆ ਸੀ ਕਿ ਖਾਲਸਾ ਪੰਥ ਨੂੰ ਨਕੇਲ ਪਾਈ ਜਾ ਸਕੇ'। (ਪਾਰਾਸ਼ਰ ਪ੍ਰਸ਼ਨ ਪੰਨਾ: 220)

ਸਿੱਖ ਭਾਈਚਾਰੇ ਵਿਚ ਧਾਰਨਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਵਿਚ ਚੰਦ ਕੁ ਨਿੱਜੀ ਕਮਜ਼ੋਰੀਆਂ ਹੋ ਸਕਦੀਆਂ, ਪਰ ਉਸਨੇ 40 ਕੁ ਸਾਲ ਦੇ ਰਾਜ ਵਿਚ ਇੱਕ ਸਫਲ, ਧਰਮ ਨਿਰਪੱਖ ਤੇ ਨਿਆਂਕਾਰੀ ਰਾਜੇ ਵਾਲਾ ਰਾਜ ਚਲਾਇਆ, ਜਿਸ 'ਤੇ ਸਿੱਖਾਂ ਸਮੇਤ ਸਾਰੇ ਪੰਜਾਬੀਆਂ ਨੂੰ ਫਖਰ ਹੈ। ਇਸੇ ਅਧਾਰ 'ਤੇ ਸਿੱਖ ਚਿੰਤਕ ਅਜਮੇਰ ਸਿੰਘ ਵਾਂਗ ਸਿੱਖ ਵਿਦਵਾਨਾਂ ਦਾ ਇੱਕ ਵੱਡਾ ਵਰਗ ਭਾਰਤ ਤੋਂ ਵੱਖਰੇ ਦੇਸ਼ 'ਖਾਲਿਸਤਾਨ' ਦਾ ਦਾਅਵਾ ਪੇਸ਼ ਕਰਦਾ ਹੈ, ਜਿਸ ਵਿਚ ਕਪੂਰ ਸਿੰਘ ਦੀ ਸੋਚ ਦੇ ਵਾਰਿਸ ਵੀ ਸ਼ਾਮਿਲ ਹਨ। ਪਰ ਜਦੋਂ ਕੋਈ ਪਾਠਕ ਇਸੇ ਕਿਤਾਬ ਦੇ ਚੈਪਟਰ 'ਸਿੱਖ ਪੌਲੀਟੀ' (ਸਿੱਖ ਰਾਜਨੀਤੀ) ਨੂੰ ਇਸ ਉਤਸ਼ਾਹ ਨਾ਼ਲ ਪੜ੍ਹਦਾ ਹੈ ਕਿ ਸਿਰਦਾਰ ਸਾਹਿਬ ਦੀ ਵਿਦਵਤਾ ਰਾਹੀਂ ਪਤਾ ਲੱਗ ਸਕੇ ਕਿ ਸਿੱਖ ਪੌਲਿਟੀ (ਰਾਜਨੀਤੀ) ਦਾ ਸੁਭਾਓ ਕਿਹੋ ਜਿਹਾ ਹੋਵੇਗਾ ਤਾਂ ਉਸਨੂੰ ਇਹ ਚੈਪਟਰ ਪੜ੍ਹ ਕੇ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਜਦੋਂ ਉਹ ਲਿਖਦੇ ਹਨ: 'ਇਹ ਬੜੀ ਬਚਕਾਨਾ ਦਲੀਲ ਹੈ ਕਿ ਰਣਜੀਤ ਸਿੰਘ ਨੇ ਵਿਗੜੀਆਂ-ਤਿਗੜੀਆਂ ਸਿੱਖ ਮਿਸਲਾਂ ਨੂੰ ਲਾਮਬੰਦ ਕਰਕੇ ਸਿੱਖ ਰਾਜ ਕਾਇਮ ਕੀਤਾ।' ਪੰਨਾ-221 (ਇੱਥੇ ਵਰਨਣਯੋਗ ਤੱਥ ਇਹ ਹੈ ਕਿ ਬਹੁਤੇ ਇਤਿਹਾਸਕਾਰਾਂ ਦਾ ਮੱਤ ਹੈ ਕਿ ਸਿੱਖ ਮਿਸਲਾਂ ਬਾਹਰਲੇ ਹਮਲੇ ਵੇਲੇ ਦੁਸ਼ਮਣ ਨਾ਼ਲ ਲੜਦੀਆਂ ਸਨ ਅਤੇ ਜਦੋਂ ਬਾਹਰੋਂ ਹਮਲਾ ਨਾ ਹੋਵੇ ਤਾਂ ਆਪਸ 'ਚ ਲੜਦੀਆਂ ਸਨ। ਜਿਸਦਾ ਲਾਭ ਉਠਾ ਕੇ ਮਹਾਰਾਜੇ ਨੇ ਆਪਣੀ ਤਾਕਤ ਤੇ ਕੂਟਨੀਤੀ ਨਾ਼ਲ ਇਨ੍ਹਾਂ ਮਿਸਲਾਂ ਰਾਹੀਂ ਸਿੱਖ ਰਾਜ ਕਾਇਮ ਕੀਤਾ)। ਇਨ੍ਹਾਂ ਇਤਿਹਸਾਕ ਤੱਥਾਂ ਨਾ਼ਲ ਸ. ਕਪੂਰ ਸਿੰਘ ਸਹਿਮਤ ਨਹੀਂ, ਉਨ੍ਹਾਂ ਅਨੁਸਾਰ: 'ਮਹਾਰਾਜਾ ਰਣਜੀਤ ਸਿੰਘ ਦੇ ਖਾਨਦਾਨੀ ਸਿੱਖ ਰਾਜ ਨੇ ਉਸ ਕੁਦਰਤੀ ਵਹਿਣ ਨੂੰ ਰੋਕ ਦਿੱਤਾ, ਜੋ ਭਾਰਤ ਵਰਸ਼ ਵਿਚ ਹਜ਼ਾਰਾਂ ਸਾਲਾਂ ਤੋਂ ਵਗਦਾ ਆ ਰਿਹਾ ਸੀ ਅਤੇ ਜਿਸਨੂੰ ਸਿੱਖ ਗੁਰੂ ਸਾਹਿਬਾਨ ਨੇ ਪਵਿਤਰ ਮੰਨ ਕੇ ਖੁਦ ਪ੍ਰਵਾਨ ਚਾੜ੍ਹਿਆ ਸੀ। ਜੇ ਹਾਲਾਤ ਸਾਜ਼ਗਰ ਹੁੰਦੇ ਤਾਂ ਸਿੱਖਾਂ ਨੇ ਇਨ੍ਹਾਂ ਪਰੰਪਰਾਵਾਂ ਦੇ ਰੁਝਾਣ ਸਦਕਾ ਆਪਣੀ ਇੱਕ ਸ਼ਾਨਦਾਰ ਰਾਜ ਪ੍ਰਣਾ਼ਲੀ ਉਸਾਰ ਕੇ ਬਰਤਾਨੀਆ ਅਤੇ ਅਮਰੀਕਾ ਵਰਗੇ ਦੇਸ਼ਾਂ ਤੋਂ ਵਧੀਆ ਰਾਜ ਕਾਇਮ ਕਰ ਲੈਣਾ ਸੀ'।

ਅਸਲ ਵਿਚ ਕਪੂਰ ਸਿੰਘ ਦਾ ਮੱਤ ਸੀ ਕਿ ਸਿੱਖ ਮੱਤ ਦੀਆਂ ਜੜ੍ਹਾਂ ਪ੍ਰਾਚੀਨ ਭਾਰਤੀ ਸੰਸਕ੍ਰਿਤੀ, ਸਨਾਤਨ ਮੱਤ, ਆਰੀਅਨ ਤੇ ਵੈਦਿਕ ਪਰੰਪਰਾ ਵਿਚ ਪਈਆਂ ਹਨ। ਇਸਨੂੰ ਸਪੱਸ਼ਟ ਕਰਨ ਲਈ ਉਹ ਇਸੇ ਕਿਤਾਬ ਦੇ ਪੰਨਾ 201 'ਤੇ ਲਿਖਦੇ ਹਨ: 'ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਖਾਲਸੇ ਨੂੰ ਸੰਪੂਰਨ ਕਰਕੇ ਉਸਨੂੰ ਅਲੌਕਿਕ ਸੁਤੰਤਰਤਾ ਦਾ ਮਾਲਕ ਬਣਾਇਆ ਸੀ, ਉਸ ਦੀਆਂ 'ਜੜ੍ਹਾਂ ਸਨਾਤਨ ਆਰੀਆ ਪਰੰਪਰਾ ਅਤੇ ਸਿਆਸਤ' ਵਿਚ ਪਈਆਂ ਹਨ'। ਸਰਦਾਰ ਸਾਹਿਬ ਅਨੁਸਾਰ ਭਾਰਤ ਦੀ ਵੈਦਿਕ ਆਰੀਅਨ ਪਰੰਪਰਾ ਅਨੁਸਾਰ ਇੱਥੇ ਛੋਟੇ-ਛੋਟੇ ਲੋਕਤੰਤਰੀ ਗਣਰਾਜ ਹੁੰਦੇ ਸਨ। ਰਾਜਾਸ਼ਾਹੀ ਵਾ਼ਲਾ ਸਿਸਟਮ ਬਾਅਦ ਵਿਚ ਆਇਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਖਾਨਦਾਨੀ ਰਜਵਾੜਾਸ਼ਾਹੀ ਰਾਜ ਬਣਾ ਕੇ ਸਿੱਖਾਂ ਨੂੰ ਪ੍ਰਾਚੀਨ ਆਰੀਅਨ ਵੈਦਿਕ ਪਰੰਪਰਾਵਾਂ ਨਾ਼ਲੋਂ ਤੋੜ ਦਿੱਤਾ। ਸਿੱਖਾਂ ਦੇ ਰਾਜਨੀਤੀ ਵਿਚ ਫੇਲ੍ਹ ਹੋਣ ਦੇ ਕਾਰਨਾਂ ਬਾਰੇ ਚਰਚਾ ਕਰਦਿਆਂ, ਕਪੂਰ ਸਿੰਘ 'ਪਾਰਾਸ਼ਰ ਪ੍ਰਸ਼ਨ' ਦੇ ਪੰਨਾ 189 'ਤੇ ਲਿਖਦੇ ਹਨ: 'ਸ਼ਿਵਾ ਜੀ ਅਤੇ ਸਿੱਖਾਂ ਵਿਚ ਜਦੋਂ ਪੁਨਰਜਾਗਰਣ ਦੀ ਲਹਿਰ ਪੈਦਾ ਹੋਈ, ਬਤੌਰ ਸਿਆਸਤ, ਸਿੱਖ ਨਾਕਾਮਯਾਬ ਰਹੇ ਕਿਉਂਕਿ ਉਨ੍ਹਾਂ ਨੇ ਆਪਣੇ-ਆਪ ਨੂੰ 'ਮੂਲ' (ਸਨਾਤਨ ਆਰੀਅਨ ਵੈਦਿਕ ਪਰੰਪਰਾ) ਨਾ਼ਲ ਨਹੀਂ ਜੋੜਿਆ। ਉਨ੍ਹਾਂ ਨੇ ਉਹੋ ਰਾਜ ਪ੍ਰਣਾ਼ਲੀ ਅਪਨਾ ਲਈ, ਜੋ ਉਸ ਸਮੇਂ ਆ਼ਲੇ-ਦੁਆ਼ਲੇ ਪ੍ਰਚਲਤ ਸੀ'। ਭਾਵ ਹਿੰਦੂ ਤੇ ਮੁਗਲ ਰਾਜਿਆਂ ਵਾ਼ਲੀ ਰਜਵਾੜਾਸ਼ਾਹੀ ਦੀ ਰਾਜਨੀਤੀ ਅਪਨਾ ਲਈ। **-ਚੱਲਦਾ-**

---

***(ਪਿਛਲੇ ਸਫੇ ਦਾ ਬਾਕੀ)***

ਸਨ, ਕੁੱਲ ਮਿਲਾ ਕੇ ਅੱਠਾਂ ਦੱਸਾਂ ਜੀਆਂ ਦਾ ਪਰਿਵਾਰ ਸੀ, ਘਰ ਵਿਚ ਮਾਲ ਡੰਗਰ ਵੀ ਰੱਖਿਆ ਹੋਇਆ ਸੀ। ਬੇਬੇ ਸਖ਼ਤ ਸੁਭਾਅ ਵਾਲੀ ਸੀ, ਘਰ ਵਾਲੀ ਗੋਹਾ ਕੂੜਾ ਕਰਨ ਦੇ ਨਾਲ ਨਾਲ ਘਰ ਦਾ ਕੰਮ ਵੀ ਕਰਦੀ ਸੀ। ਪੜ੍ਹਾਈ ਦੇ ਨਾਲ ਨਾਲ ਮਾਲ ਡੰਗਰ ਚਾਰਨ ਦਾ ਕੰਮ ਧੀਆਂ ਨੂੰ ਕਰਨਾ ਪੈਂਦਾ ਸੀ, ਮੇਰੀ ਕੈਨੇਡਾ ਰਹਿੰਦੀ ਧੀ ਅਜੇ ਵੀ ਉਨ੍ਹਾਂ ਦਿਨਾਂ ਨੂੰ ਯਾਦ ਕਰ ਕੇ ਕੰਨਾਂ ਨੂੰ ਹੱਥ ਲਾਉਂਦੀ ਹੈ।

ਘਰ ਦਾ ਸੌਦਾ ਸੂਤ ਵੀ ਦੁਕਾਨ ਤੋਂ ਆਉਣ ਲਗ ਪਿਆ, ਦਾੜ੍ਹੀ ਨਾਲੋਂ ਮੁੱਛਾਂ ਵੱਡੀਆਂ ਵਾਲੀ ਗੱਲ ਹੀ ਹੋਣ ਲੱਗੀ। ਨਾ ਦੁਕਾਨ ਰੱਖਣ ਜੋਗਾ, ਨਾ ਛੱਡਣ ਜੋਗਾ, ਸੱਪ ਦੇ ਮੂੰਹ ਵਿਚ ਕਿਰਲੀ ਵਾਲੀ ਗੱਲ ਹੋ ਗਈ।

ਉਧਰ ਉਧਾਰ ਵਾਲੀ ਕਾਪੀ ਦੇ ਸਫੇ ਵੀ ਦਿਨੋਂ ਦਿਨ ਕੌੜੀ ਵੇਲ ਵਾਂਗ ਵਧੀ ਜਾ ਰਹੇ ਸਨ। ਲੋਕ ਉਧਾਰ ਹੋਣ ਕਰਕੇ ਮੂੰਹ ਲੁਕਾ ਕੇ ਦੂਸਰੀ ਦੁਕਾਨ ਤੋਂ ਨਕਦ ਸੌਦਾ ਲੈ ਆਉਂਦੇ।

ਓੜਕ ਜਿਵੇਂ ਬਾਰ੍ਹੀਂ ਵਰ੍ਹੀਂ ਰੂੜੀ ਦੀ ਵੀ ਸੁਣੀ ਜਾਂਦੀ ਹੈ ਮੇਰੀ ਵੀ ਸੁਣੀ ਗਈ।

ਇੱਕ ਦਿਨ ਸ਼ਹਿਰੋਂ ਆਉਂਦਿਆਂ ਮੇਰੀ ਮੁਲਾਕਾਤ ਮੇਰੇ ਇੱਕ ਪੁਰਾਣੇ ਜਾਣਕਾਰ ਨਾਲ ਹੋਈ, ਜੋ ਅੰਮ੍ਰਿਤਸਰ 'ਚ ਨਹਿਰ ਵਿਭਾਗ ਵਿਚ ਬਤੌਰ ਇੰਜਨੀਅਰ ਲੱਗਾ ਹੋਇਆ ਸੀ ਉਸ ਨੇ ਦੱਸਿਆ ਕਿ ਮਹਿਕਮੇ ਦੇ ਲੈਂਡ ਰੀਕਲੇਮੇਸ਼ਨ ਵਿੰਗ ਵਿਚ ਪਟਵਾਰੀਆਂ (ਫੀਲਡ ਅਸਿਸਟੈਂਟਾਂ) ਦੀ ਤੁਰੰਤ ਲੋੜ ਹੈ, ਭਲਾ ਹੋਵੇ ਉਸ ਦਾ ਉਸ ਨੇ ਮੇਰੇ ਕੋਲੋਂ ਲੋੜੀਂਦੇ ਕਾਗਜ਼ ਪੱਤਰ ਲੈ ਕੇ ਦਿਨਾਂ ਵਿਚ ਹੀ ਮੇਰੀ ਨਿਯੁਕਤੀ ਕਰਵਾ ਦਿੱਤੀ।

ਰੋਜ਼ ਵਾਂਗ ਮੇਰੀ ਛੋਟੀ ਭੈਣ ਦੁਕਾਨ 'ਤੇ ਘਰ ਦਾ ਸੌਦਾ ਲੈਣ ਗਈ ਤਾਂ ਕਹਿਣ ਲੱਗੀ, 'ਭਾਅ ਜੀ ਨਾਲੇ ਬਾਈ (ਦਾਦੀ) ਵਾਸਤੇ ਸੁੰਢ ਵੀ ਦਿਓ', ਅਸੀਂ ਦਾਦੀ ਨੂੰ ਬਾਈ ਕਿਹਾ ਕਰਦੇ ਸਾਂ।

ਮੈਂ ਉਸੇ ਸ਼ਾਮ ਨੂੰ ਦੁਕਾਨ ਦਾ ਬਚਿਆ ਸਾਰਾ ਸੌਦਾ ਸਮੇਟ ਕੇ ਘਰ ਲੈ ਆਂਦਾ ਤੇ ਕਿਹਾ ਕਿ ਆਹ ਲਓ ਇਹ ਸੱਭ ਕੁੱਝ ਘਰ ਹੀ ਵਰਤ ਲਿਓ ਤੇ ਨਾਲੇ ਬਾਈ ਵਾਸਤੇ ਸੁੰਢ ਵੀ।

ਉਧਾਰ ਦੇਣ ਵਾਲਿਆਂ ਨੂੰ ਮੇਰੇ ਦੁਕਾਨ ਬੰਦ ਕਰਨ ਬਾਰੇ ਪਤਾ ਲੱਗ ਚੁਕਾ ਸੀ ਜਿਸ ਨੂੰ ਪੁੱਛਾਂ ਬਹੁਤਿਆਂ ਦਾ ਇਹੋ ਜਵਾਬ ਮਿਲੇ ਹੁਣ ਤਾਂ ਤੂੰ ਪਟਵਾਰੀ ਲੱਗ ਗਿਐਂ, ਹੁਣ ਜਾਹ ਛਿੱਲ ਲਾਹ ਜ਼ਿਮੀਂਦਾਰਾਂ ਦੀ ਸਾਨੂੰ ਗਰੀਬਾਂ ਨੂੰ ਮੁਆਫ ਕਰ ਦੇ, ਤੈਨੂੰ ਕੀ ਫਰਕ ਪੈਂਦਾ, ਉਨ੍ਹਾਂ ਤੋਂ ਹੋਰ ਵੀ ਕਈ ਤਰ੍ਹਾਂ ਦੀਆਂ ਗੱਲਾਂ ਸੁਣ ਕੇ, ਆਖਿਰ ਸਭ ਕੁੱਝ 'ਤੇ ਮਿੱਟੀ ਪਾ ਕੇ ਦੁਕਾਨਦਾਰੀ ਤੋਂ ਖਹਿੜਾ ਛੁੱਟਿਆ।

ਸ਼ੁਕਰ ਹੋਇਆ ਮੇਰਾ ਚਰਖ਼ਾ ਟੁੱਟਾ ਜਿੰਦ ਅਜ਼ਾਬੋਂ ਛੁੱਟੀ- (ਪ੍ਰੋਫੈਸਰ ਪੂਰਨ ਸਿੰਘ)

---

## *ਯਾਦ ਰੱਖਣ ਯੋਗ ਗੱਲਾਂ*

* ਚੰਗਾ ਇਨਸਾਨ ਕਦੇ ਮੌਕਾਪ੍ਰਸਤ ਨਹੀਂ ਹੁੰਦਾ ਬੱਸ ਆਪਣੇ ਨਾਲ ਗੇਮ ਖੇਡਣ ਵਾਲਿਆਂ ਤੋਂ ਪਰ੍ਹੇ ਹੋ ਜਾਂਦਾ ਹੈ।

* ਖਰਾਬ ਤਬੀਅਤ ਠੀਕ ਹੋ ਜਾਂਦੀ ਹੈ ਪਰ ਖਰਾਬ ਨੀਯਤ ਲਾ-ਇਲਾਜ ਹੁੰਦੀ ਹੈ।

* ਚੰਗੇ ਦੋਸਤ ਤੁਹਾਡੀ ਹਿੰਮਤ ਵਧਾਉਣਗੇ ਅਤੇ ਮਾੜੇ ਬਲੱਡ ਪਰੈਸ਼ਰ।

* ਕੈਸੀ ਸੋਚ ਹੈ ਸੰਸਾਰ ਦੀ ਮੋਮਬੱਤੀਆਂ ਜਗਾ ਕੇ ਮਰਿਆਂ ਨੂੰ ਯਾਦ ਕੀਤਾ ਜਾਂਦਾ ਹੈ ਤੇ ਮੋਮਬੱਤੀ ਬੁਝਾ ਕੇ ਜਨਮ-ਦਿਨ ਮਨਾਇਆ ਜਾਂਦਾ ਹੈ।

* ਸਿਆਣਿਆਂ ਦਾ ਕਥਨ ਹੈ ਤਨ ਘੁੰਮਦਾ ਚੰਗਾ ਅਤੇ ਮਨ ਸਥਿਰ ਚੰਗਾ ਰਹਿੰਦਾ ਹੈ।

* ਹਰ ਚੀਜ਼ ਆਪਣੇ ਟਿਕਾਣੇ 'ਤੇ ਹੀ ਸੋਭਦੀ ਹੈ ਜੇ ਖੋਤੇ ਦੀ ਪਿੱਠ 'ਤੇ ਫੁੱਲ ਲੱਦੇ ਹੋਏ ਹੋਣ ਤਾਂ ਤਾੜੀਆਂ ਨਹੀਂ ਵੱਜਦੀਆਂ ਕਿਉਂਕਿ ਖੋਤੇ ਦੀ ਇੱਜ਼ਤ ਨਹੀਂ ਹੋ ਰਹੀ ਹੁੰਦੀ ਢੋਆ-ਢੁਆਈ ਦੇ ਕੰਮ ਵਾਸਤੇ ਵਰਤਿਆ ਜਾ ਰਿਹਾ ਹੁੰਦਾ ਹੈ।

* ਆਮ ਲੋਕਾਂ ਵਾਸਤੇ ਨਵੇਂ ਵਰ੍ਹੇ ਦੇ ਆਗਮਨ ਵਜੋਂ 31 ਦਸੰਬਰ ਦੀ ਰਾਤ ਖੁਸ਼ੀਆਂ ਭਰਪੂਰ ਹੁੰਦੀ ਹੈ ਜਦਕਿ ਰੱਬ ਦੇ ਪਿਆਰਿਆਂ ਵਾਸਤੇ ਉਹ ਘੜੀ, ਪਲ ਸੁਭਾਗਾ ਹੁੰਦਾ ਹੈ ਜੋ ਪ੍ਰਭੂ ਦੀ ਯਾਦ ਵਿਚ ਨਿਕਲੇ।

*-ਹਰਦੀਪ ਸਿੰਘ 'ਸੋਢੀ'*
*ਫੋਨ: 480-794-0325*

# ਰੋਡ-ਲੰਗਰ ਨਾਲ ਜੁੜੀ ਇਕ ਵਾਰਤਾ

## ਦਿਲਚਸਪ ਕਿੱਸੇ



ਵਰਿਆਮ ਸਿੰਘ ਸੰਧੂ
ਫੋਨ: 647-535-1539
ਵਟਸਐਪ-98726-02296

***ਵਰਿਆਮ ਸਿੰਘ ਸੰਧੂ ਨੇ ਚੜ੍ਹਦੀ ਵਰੇਸੇ ਪੰਜਾਬੀ ਸਾਹਿਤ ਜਗਤ ਵਿਚ ਪਹਿਲਾਂ ਕਵਿਤਾ ਨਾਲ ਭਰਪੂਰ ਹਾਜ਼ਰੀ ਲਵਾਈ, ਫਿਰ ਕਹਾਣੀ ਦੇ ਖੇਤਰ ਵਿਚ ਨਵੇਂ ਪੂਰਨੇ ਪਾਏ ਅਤੇ ਫਿਰ ਵਾਰਤਕ ਦੀ ਦੁਨੀਆ ਵਿਚ ਵੀ ਆਪਣੀ ਕਲਮ ਦਾ ਲੋਹਾ ਮਨਵਾਇਆ। ਉਸ ਦੀਆਂ ਰਚਨਾਵਾਂ ਪੰਜਾਬ ਦੇ ਸਰੋਕਾਰਾਂ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਇਸ ਨਵੇਂ ਕਾਲਮ ਰਾਹੀਂ ਅਸੀਂ ਉਨ੍ਹਾਂ ਦੀ ਵਾਰਤਕ ਦੇ ਦਿਲਚਸਪ ਕਿੱਸਿਆਂ ਦੀ ਲੜੀ ਆਪਣੇ ਪਾਠਕਾਂ ਲਈ ਸ਼ੁਰੂ ਕਰਨ ਜਾ ਰਹੇ ਹਾਂ।***

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਪੰਜਾਬ ਦੇ ਸਿਰ 'ਤੇ ਕਾਲੇ ਦਿਨਾਂ ਦੀ ਦਹਿਸ਼ਤ ਦੇ ਪਰਛਾਵੇਂ ਸਿਖ਼ਰ 'ਤੇ ਸਨ। ਸੂਰਜ ਡੁੱਬਣ ਤੋਂ ਪਹਿਲਾਂ ਲੋਕ ਆਪੋ-ਆਪਣੇ ਟਿਕਾਣਿਆਂ 'ਤੇ ਪਹੁੰਚ ਕੇ ਆਪਣੇ 'ਘੁਰਨਿਆਂ' ਵਿਚ ਸਿਰ ਲੁਕਾ ਲੈਂਦੇ ਸਨ ਅਤੇ ਆਪਣੇ ਆਪ ਨੂੰ ਸੁਰੱਖਿਅਤ ਸਮਝਣ ਦਾ ਭਰਮ ਪਾਲ ਲੈਂਦੇ ਸਨ, ਹਾਲਾਂਕਿ ਉਹ ਵੀ ਜਾਣਦੇ ਸਨ ਕਿ ਕਿਸੇ ਵੇਲੇ ਵੀ ਮੌਤ ਉਨ੍ਹਾਂ ਦੀਆਂ ਕੰਧਾਂ ਟੱਪ ਕੇ ਉਨ੍ਹਾਂ ਦੇ ਵਿਹੜੇ ਵਿਚ ਦਾਖ਼ਲ ਹੋ ਸਕਦੀ ਹੈ!

ਹੋਲੇ-ਮਹੱਲੇ ਦੇ ਦਿਨ ਸਨ। ਅੰਮ੍ਰਿਤਸਰ ਦੇ ਬੱਸ ਅੱਡੇ ਤੋਂ ਜਲੰਧਰ-ਲੁਧਿਆਣੇ ਨੂੰ ਚੱਲਣ ਵਾਲੀ ਆਖ਼ਰੀ ਬੱਸ ਤਿਆਰ ਖਲੋਤੀ ਸੀ। ਸਵਾਰੀਆਂ ਟਿਕਟਾਂ ਕਟਵਾ ਕੇ, ਸੀਟ ਨੰਬਰ ਲਿਖਵਾ ਕੇ, ਸਕਿਉਰਟੀ ਵਾਲਿਆਂ ਤੋਂ ਸਮਾਨ ਅਤੇ ਟਿਕਟਾਂ ਚੈੱਕ ਕਰਵਾ ਕੇ ਬੱਸ ਵਿਚ ਆਪਣੀ ਥਾਂ ਮੱਲ ਰਹੀਆਂ ਸਨ। ਬੱਸਾਂ ਨੂੰ ਘੇਰ ਕੇ ਬੇਗੁਨਾਹਾਂ ਨੂੰ ਕਤਲ ਕਰਨ ਦੀਆਂ ਵਾਰਦਾਤਾਂ ਅਕਸਰ ਵਾਪਰ ਰਹੀਆਂ ਸਨ। ਸਰਕਾਰ ਨੇ ਇਸ ਖ਼ਤਰੇ ਦੇ ਰੂਬਰੂ ਰਾਤ ਦੀ ਬੱਸ ਸਰਵਿਸ ਬੰਦ ਕਰ ਦਿੱਤੀ ਹੋਈ ਸੀ। ਕਿਸੇ ਵੀ ਪਾਸੇ ਨੂੰ ਚੱਲਣ ਵਾਲੀ ਆਖ਼ਰੀ ਬੱਸ ਦਾ ਟਾਈਮ ਪੰਜ ਵਜੇ ਸ਼ਾਮ ਸੀ। ਆਖ਼ਰੀ ਬੱਸ ਵਿਚ ਹਥਿਆਰਾਂ ਨਾਲ ਲੈਸ ਇਕ ਪੁਲਿਸ ਪਾਰਟੀ ਵੀ ਹਿਫ਼ਾਜ਼ਤ ਲਈ ਨਾਲ ਹੁੰਦੀ ਸੀ।

ਮੇਰੇ ਤੋਂ ਸੱਜੇ ਤਿੰਨਾਂ ਵਾਲੀ ਸੀਟ ਉਤੇ ਆਪਣਾ ਸੀਟ-ਨੰਬਰ ਪੜਤਾਲਦੇ ਹੋਏ ਤਿੰਨ ਬਣਦੇ-ਤਣਦੇ ਸਰਦਾਰ ਆ ਕੇ ਬੈਠ ਗਏ। ਉਚੇ ਕੱਦ-ਕਾਠ, ਖੁੱਲ੍ਹੇ-ਦਾੜ੍ਹੇ, ਸਫ਼ੈਦ ਵਸਤਰ। ਤਿੰਨੇ ਇਕੱਠੇ ਸਨ, ਇਕ ਦੂਜੇ ਦੇ ਨਜ਼ਦੀਕੀ, ਚੰਗੀ ਜਾਣ-ਪਛਾਣ ਵਾਲੇ। ਸਾਊ ਅਤੇ ਬੀਬੇ ਜਾਪਦੇ। ਆਪਸ ਵਿਚ ਗੱਲਾਂ ਕਰਦੇ ਹੱਸ ਰਹੇ, ਖ਼ੁਸ਼ ਹੋ ਰਹੇ।

ਤੁਰਦਿਆਂ-ਕਰਦਿਆਂ ਬੱਸ ਨੂੰ ਅੱਡੇ ਵਿਚੋਂ ਨਿਕਲਦਿਆਂ ਪੰਜ ਵਜੇ ਤੋਂ ਪੰਦਰਾਂ-ਵੀਹ ਮਿੰਟ ਉਪਰ ਹੋ ਗਏ ਸਨ। ਪਰ ਦਿਨ ਅਜੇ ਬਥੇਰਾ ਸੀ। ਸਾਢੇ ਛੇ ਵਜੇ ਦੇ ਕਰੀਬ ਸੂਰਜ ਡੁੱਬਣਾ ਸੀ। ਡੇਢ-ਪੌਣੇ ਦੋ, ਹੱਦ ਦੋ ਘੰਟਿਆਂ ਤੱਕ ਬੱਸ ਨੇ ਜਲੰਧਰ ਪਹੁੰਚ ਹੀ ਜਾਣਾ ਸੀ। ਫ਼ਿਕਰਮੰਦ ਹੋਣ ਦੀ ਏਡੀ ਕੀ ਲੋੜ ਸੀ! ਮੈਂ ਹੱਥਲੀ ਕਿਤਾਬ ਪੜ੍ਹਨ ਵਿਚ ਮਗ਼ਨ ਹੋ ਗਿਆ।

ਮਾਨਾਂਵਾਲੇ ਕੋਲ ਬਰੇਕ ਲੱਗਣ ਨਾਲ ਬੱਸ ਰੁਕੀ। ਨਾਨ-ਸਟਾਪ ਬੱਸ ਸੀ। ਮੈਂ ਕਾਰਨ ਜਾਨਣ ਲਈ ਬਾਹਰ ਝਾਤ ਮਾਰੀ।

ਸੜਕ ਉਤੇ ਹੋਲੇ-ਮਹੱਲੇ ਲਈ ਜਾਣ ਵਾਲੀਆਂ ਸੰਗਤਾਂ ਲਈ ਲੰਗਰ ਲੱਗਾ ਹੋਇਆ ਸੀ। ਕੇਸਰੀ ਪਟਕੇ ਬੰਨ੍ਹੀ, ਹੱਥਾਂ ਵਿਚ ਪਰਸ਼ਾਦਿਆਂ ਵਾਲੇ ਟੋਕਰੇ ਅਤੇ ਦਾਲ-ਸਬਜ਼ੀ ਵਾਲੀਆਂ ਬਾਲਟੀਆਂ ਫੜੀ ਨੌਜਵਾਨ ਬੱਸ ਡਰਾਈਵਰ ਨੂੰ 'ਬੱਸ ਇਕ ਇਕ ਪਰਸ਼ਾਦਾ ਹੀ ਭਾਵੇਂ ਛਕ ਕੇ ਜਾਵੋ' ਦੀ ਬੇਨਤੀ ਕਰ ਰਹੇ ਸਨ ਅਤੇ ਡਰਾਈਵਰ 'ਵੇਲੇ ਸਿਰ ਟਿਕਾਣੇ 'ਤੇ ਪਹੁੰਚਣ' ਅਤੇ 'ਗੁਰੂ ਦੀ ਕਿਰਪਾ ਨਾਲ ਹੁਣ ਕਿਸੇ ਚੀਜ਼ ਦੀ ਲੋੜ ਨਹੀਂ' ਆਖ ਹੀ ਰਿਹਾ ਸੀ ਕਿ ਮੇਰੇ ਲਾਗੇ ਬੈਠੇ ਸਰਦਾਰਾਂ ਵਿਚੋਂ ਇਕ ਨੇ ਬੜੇ ਗੜ੍ਹਕੇ ਨਾਲ ਡਰਾਈਵਰ ਨੂੰ ਕਿਹਾ, 'ਕੋਈ ਨਹੀਂ ਸਿੰਘਾ! ਕਰ ਲੈਣ ਦੇ ਇਨ੍ਹਾਂ ਨੂੰ ਰੂਹ ਰਾਜ਼ੀ। ਇਨ੍ਹਾਂ ਵੀ ਤਾਂ ਸੰਗਤਾਂ ਦੀ ਸੇਵਾ ਲਈ ਹੀ ਏਨੀ ਖੇਚਲ ਕੀਤੀ ਹੈ। ਅਸੀਂ ਨਹੀਂ ਛਕਾਂਗੇ ਤਾਂ ਇਨ੍ਹਾਂ ਦੀ ਸੇਵਾ ਨੂੰ ਫ਼ਲ ਕਿਵੇਂ ਲੱਗੂ!'

ਡਰਾਈਵਰ ਨੇ ਬੱਸ ਇਕ ਪਾਸੇ ਲਾ ਦਿੱਤੀ। ਸੇਵਾਦਾਰ ਅਗਲੀ-ਪਿਛਲੀ ਬਾਰੀ ਰਾਹੀਂ ਅੰਦਰ ਆ ਵੜੇ।

'ਪਰਸ਼ਾਦਾ ਜੀ! ਦਾਲਾ ਜੀ!' ਆਖਦੇ ਉਹ ਬੱਸ ਵਿਚ ਹੀ ਲੰਗਰ ਵਰਤਾਉਣ ਲੱਗੇ। ਆਪੋ-ਆਪਣੀ ਲੋੜ ਅਨੁਸਾਰ ਅਗਲਾ ਫੁਲਕਾ ਜਾਂ ਦੋ ਫੁਲਕੇ ਹੱਥਾਂ 'ਤੇ ਰੱਖਵਾ ਕੇ ਦਾਲ ਪਵਾ ਰਿਹਾ ਸੀ। ਦੁਪਹਿਰ ਦੇ ਖਾਣੇ ਦਾ ਵਕਤ ਲੰਘ ਚੁੱਕਾ ਹੋਣ ਕਰਕੇ, ਜਿਨ੍ਹਾਂ ਨੇ ਦੁਪਹਿਰੇ ਰੋਟੀ ਖਾਧੀ ਵੀ ਹੋਈ ਸੀ, ਉਨ੍ਹਾਂ ਦੇ ਪੇਟ ਵਿਚ ਵੀ ਸੁਆਦੀ ਦਾਲ ਨਾਲ ਇਕ-ਅੱਧਾ ਪਰਸ਼ਾਦਾ ਹੋਰ ਛਕ ਸਕਣ ਦੀ 'ਥਾਂ' ਬਣ ਚੁੱਕੀ ਸੀ।

'ਸਿੰਘਾ! ਹੈਥੋਂ ਪਾਣੀ ਫੜਾ ਜ਼ਰਾ। ਬੁਰਕੀ ਸੰਘੋਂ ਹੇਠਾਂ ਕਰ ਲਈਏ' ਕਿਸੇ ਆਖਿਆ।

'ਹੁਣੇ ਲਓ ਜੀ' ਵਿੰਹਦਿਆਂ-ਵਿੰਹਦਿਆਂ ਪਾਣੀ ਦੀਆਂ ਬਾਲਟੀਆਂ ਅਤੇ ਗਲਾਸ ਫੜੀ ਸਿੰਘ ਅੰਦਰ ਆ ਵੜੇ। ਪਾਣੀ ਦੀ ਲੋੜ ਤਾਂ ਸੀ ਹੀ। ਸਭ ਨੇ ਪਾਣੀ ਪੀਤਾ। ਲੰਗਰ ਛਕਦਿਆਂ ਅਤੇ ਪਾਣੀ ਵਾਲੇ ਖ਼ਾਲੀ ਗਲਾਸ ਇਕੱਠੇ ਕਰਦਿਆਂ ਘੱਟੋ-ਘੱਟ ਵੀਹ ਪੰਝੀ ਮਿੰਟ ਲੱਗ ਗਏ ਹੋਣਗੇ।

'ਲੈ ਭਈ ਹੱਕ ਲੈ ਇਹਨੂੰ ਹੁਣ' ਮੇਰੇ ਲਾਗੇ ਬੈਠੇ ਸਰਦਾਰਾਂ 'ਚੋਂ ਇਕ ਨੇ ਆਪਣੇ ਦਾੜ੍ਹੇ ਨੂੰ ਦੋਹਾਂ ਹੱਥਾਂ ਨਾਲ ਸਵਾਰਦਿਆਂ ਜਿਵੇਂ ਡਰਾਈਵਰ ਨੂੰ ਹਰੀ ਝੰਡੀ ਦੇ ਦਿੱਤੀ।

ਬੱਸ ਚੱਲੀ ਤਾਂ ਉਨ੍ਹਾਂ ਵਿਚੋਂ ਇਕ ਨੇ ਉਚੀ ਸਾਰੀ ਜਿਵੇਂ ਸਾਰੀ ਬੱਸ ਦੀਆਂ ਸਵਾਰੀਆਂ ਨੂੰ ਸੁਣਾ ਕੇ ਆਖਿਆ, 'ਵਾਹ! ਬਈ ਵਾਹ! ਇੰਜ ਲੰਗਰ ਲਾਉਣੇ, ਇਹ ਤੌਫ਼ੀਕਾਂ ਸਿੱਖ ਕੌਮ ਨੂੰ ਈ ਨੇ! ਨਹੀਂ ਰੀਸਾਂ ਇਸ ਕੌਮ ਦੀਆਂ!' ਮੈਂ ਨੇੜੇ ਬੈਠੀਆਂ ਸਵਾਰੀਆਂ ਦੇ ਚਿਹਰਿਆਂ ਵੱਲ ਝਾਤ ਮਾਰੀ। ਉਨ੍ਹਾਂ ਦੇ ਹੋਠਾਂ ਉਤੇ ਰੱਜਵੀਂ ਮੁਸਕਰਾਹਟ ਸੀ। ਉਹ ਸਾਰੇ ਉਸ ਸਰਦਾਰ ਦੀ ਆਖੀ ਗੱਲ ਨਾਲ ਸਹਿਮਤ ਸਨ। ਮੈਨੂੰ ਵੀ ਸਿੱਖ ਕੌਮ ਦੀ ਇਸ ਰਵਾਇਤ 'ਤੇ ਮਾਣ ਮਹਿਸੂਸ ਹੋਇਆ। ਇਸ ਰਵਾਇਤ ਦੀ ਬਦੌਲਤ ਮੈਂ ਹੁਣੇ ਪੇਟ ਦਾ ਰੱਜ ਕਰਕੇ ਹਟਿਆ ਸਾਂ ਅਤੇ ਹੁਣ ਉਸ ਸਰਦਾਰ ਦੀ ਟਿੱਪਣੀ ਨੇ ਮੇਰੀ ਰੂਹ ਨੂੰ ਵੀ ਰਜਾ ਦਿੱਤਾ ਸੀ। ਮੈਨੂੰ ਆਪਣੇ ਗੁਰੂਆਂ ਉਤੇ ਮਾਣ ਹੋਇਆ ਜਿਨ੍ਹਾਂ ਨੇ ਸਮਾਜ ਦੇ ਹਰੇਕ ਵਰਗ ਨੂੰ ਆਪਣਾ ਜਾਣਿਆਂ, ਉਨ੍ਹਾਂ ਸਭਨਾਂ ਲਈ ਗੁਰੂ-ਘਰ ਦੇ ਸਭ ਦਰਵਾਜ਼ੇ ਖੁੱਲ੍ਹੇ ਰੱਖੇ, ਉਨ੍ਹਾਂ ਵਾਸਤੇ 'ਰਾਜਾ-ਰੰਕ' ਦਾ ਭੇਦ ਮਿਟਾ ਕੇ ਇਕੋ ਪੰਗਤ ਵਿਚ ਬੈਠ ਕੇ ਲੰਗਰ ਛਕਾਉਣ ਦੀ ਸ਼ਾਨਦਾਰ ਪ੍ਰਥਾ ਸ਼ੁਰੂ ਕੀਤੀ। ਜਿੰਨ੍ਹਾ ਦੇ ਦਰਬਾਰ ਵਿਚ ਆਇਆ ਕੋਈ ਵੀ ਅਜਨਬੀ ਭੁੱਖਾ ਨਹੀਂ ਸੀ ਰਹਿੰਦਾ ਕਿਉਂਕਿ, 'ਪਹਿਲੇ ਪੰਗਤ ਪਾਛੈ ਸੰਗਤ' ਦੇ ਕਥਨ ਮੁਤਾਬਕ ਹਰੇਕ ਅਇਆ ਸ਼ਰਧਾਲੂ ਜਾਂ ਰਾਹੀ-ਪਾਂਧੀ ਗੁਰੁ-ਦਰਬਾਰ ਵਿਚ ਹਾਜ਼ਰ ਹੋਣ ਤੋਂ ਪਹਿਲਾਂ ਲੰਗਰ ਦਾ ਪਰਸ਼ਾਦਾ ਛਕਦਾ ਸੀ। ਲੰਮਾ ਸਫ਼ਰ ਝਾਗ ਕੇ, ਦੂਰੋਂ-ਦੂਰੋਂ ਆਏ ਭੁੱਖੇ-ਪਿਆਸੇ ਯਾਤਰੀਆਂ ਦੀ ਇਸ ਪਹਿਲੀ ਲੋੜ ਦਾ ਵੀ ਗੁਰੂ ਸਾਹਿਬ ਨੂੰ ਕਿੰਨਾ ਖ਼ਿਆਲ ਸੀ!

ਮੇਰੇ ਲਾਗੇ ਬੈਠੇ ਸਰਦਾਰ ਇਤਿਹਾਸ ਤੋਂ ਜਾਣੂ ਸਨ। ਇੱਕ ਜਣਾ ਪੰਜਾ ਸਾਹਿਬ ਦੀ ਸਾਖ਼ੀ ਸੁਣਾ ਰਿਹਾ ਸੀ ਕਿ ਕਿਵੇਂ ਗੁਰੂ ਕੇ ਬਾਗ ਦੇ ਮੋਰਚੇ ਦੇ ਕੈਦੀ ਸਿੰਘਾਂ ਲਈ ਪੰਜਾ ਸਾਹਿਬ ਦੀ ਸੰਗਤ, 'ਦੁੱਧ, ਚਾਹ ਤੇ ਪਦਾਰਥ ਮੇਵੇ ਲੈ ਕੇ ਪੁੱਜੀ ਹੋਈ ਸੀ ਤਾਕਿ ਆਪਣੇ ਭੁੱਖੇ ਭਰਾਵਾਂ ਨੂੰ ਭੋਜਨ ਛਕਾ ਸਕੇ। ਗੱਡੀ ਨਾ ਰੁਕਣ 'ਤੇ ਉਨ੍ਹਾਂ ਨੇ ਆਪਣੀਆਂ ਛਾਤੀਆਂ 'ਤੇ ਰੇਲ ਦੇ ਪਹੀਏ ਥੰਮ ਲਏ ਸਨ। ਡਰਾਈਵਰ ਦੇ ਕੰਨ ਵੀ ਉਨ੍ਹਾਂ ਦੀਆਂ ਗੱਲਾਂ ਵੱਲ ਸਨ।

ਜੰਡਿਆਲਾ ਆ ਗਿਆ ਸੀ। ਅੱਗੇ ਕਾਨਿਆਂ ਨਾਲ ਟੰਗੀਆਂ ਕੇਸਰੀ ਝੰਡੀਆਂ ਲਹਿਰਾਉਂਦਿਆਂ ਅਗਲੇ ਲੰਗਰ ਵਾਲਿਆਂ ਨੇ ਸੜਕ ਰੋਕੀ ਹੋਈ ਸੀ।

'ਭਾਊ! ਹੁਣੇ ਅਜੇ ਮਾਨਾਂ ਵਾਲੇ ਤੋਂ ਲੰਗਰ ਛਕ ਕੇ ਆਏ ਹਾਂ' ਡਰਾਈਵਰ ਨੇ ਹੱਥ ਜੋੜੇ। ਤਿੰਨੇ ਸਰਦਾਰ ਮੁਸਕਰਾ ਰਹੇ ਸਨ।

'ਪਰਸ਼ਾਦਾ ਨਹੀਂ ਤਾਂ ਥੋੜ੍ਹਾ ਥੋੜ੍ਹਾ ਚਾਹਟਾ ਹੀ ਛਕਦੇ ਜਾਓ! ਐਵੇਂ ਤਾਂ ਅਸਾਂ ਵੀ ਨਹੀਂ ਜਾਣ ਦੇਣਾ!' ਉਨ੍ਹਾਂ ਦੇ ਬੋਲਾਂ ਵਿਚ ਮੋਹ ਭਿੱਜੀ ਮਿੱਠੀ ਜਿਹੀ ਧਮਕੀ ਸੀ। ਲਾਗਲੇ ਸਰਦਾਰ ਨੂੰ 'ਚਾਹਟਾ ਛਕ ਕੇ ਜਾਣ' ਦੀ ਜ਼ਿਦ ਕਰਨ ਵਾਲੇ ਸਿੰਘਾਂ ਦੇ ਚਿਹਰਿਆਂ ਵਿਚੋਂ ਸ਼ਾਇਦ ਪੰਜਾ ਸਾਹਿਬ ਦੀ ਸੰਗਤ ਦੇ ਚਿਹਰਿਆਂ ਦਾ ਨੂਰ ਦਿਖਾਈ ਦਿੱਤਾ। ਉਸਨੇ ਆਪਣੀ ਘੜੀ 'ਤੇ ਨਜ਼ਰ ਮਾਰ ਕੇ ਐਤਕੀਂ ਥੋੜ੍ਹੀ ਆਜਜ਼ੀ ਨਾਲ ਡਰਾਈਵਰ ਨੂੰ ਕਿਹਾ, 'ਚੱਲ ਯਾਰ! ਹੋਰ ਪੰਜਾਂ ਮਿੰਟਾਂ ਨਾਲ ਕੀ ਫ਼ਰਕ ਪੈਣ ਲੱਗਾ। ਕਰ ਲੈਣ ਦੇ ਇਨ੍ਹਾਂ ਨੂੰ ਵੀ ਆਪਣਾ ਰਾਂਝਾ ਰਾਜ਼ੀ। ਚੱਲੋ ਭਈ ਸਿੰਘੋ! ਪੰਜਾਂ ਮਿੰਟਾਂ ਤੋਂ ਵੱਧ ਨਾ ਲਾਇਆ ਜੇ।'

ਚਾਹ ਵਾਲੀਆਂ ਬਾਲਟੀਆਂ ਅਤੇ ਗਲਾਸ ਫੜੀ ਵਰਤਾਵੇ ਬੱਸ ਵਿਚ ਆ ਦਾਖ਼ਲ ਹੋਏ। ਕੁਝ ਹੇਠਾਂ ਜਾਂਦੇ ਸੂਰਜ ਵੱਲ ਵੇਖ ਰਹੇ ਸਨ ਅਤੇ ਕੁਝ ਗਰਮ ਚਾਹ ਦੀਆਂ ਚੁਸਕੀਆਂ ਭਰ ਰਹੇ ਸਨ। ਚਾਹ ਗਰਮ ਸੀ, ਪੀਂਦਿਆਂ-ਕਰਦਿਆਂ ਨੂੰ ਮਾਨਾਂਵਾਲੇ ਜਿੰਨਾ ਸਮਾਂ ਹੀ ਇਥੇ ਲੱਗ ਗਿਆ। ਦੋਵਾਂ ਥਾਵਾਂ 'ਤੇ ਲੱਗੇ ਸਮੇਂ ਵਿਚ ਬੱਸ ਅੱਡੇ ਵਾਲੀ ਦੇਰੀ ਸ਼ਾਮਲ ਕੀਤਿਆਂ ਬੱਸ ਨਿਸਚਿਤ ਸਮੇਂ ਤੋਂ ਲਗਭਗ ਪੌਣਾ ਘੰਟਾ ਲੇਟ ਸੀ। ਜੰਡਿਆਲੇ ਤੱਕ ਪੁੱਜਣ ਵਾਲਾ ਸਮਾਂ ਵਿਚ ਜੋੜ ਕੇ ਸਵਾ ਛੇ ਹੋਣ ਵਾਲੇ ਸਨ। ਹੋਰ ਪੰਦਰਾਂ ਵੀਹਾਂ ਮਿੰਟਾਂ ਤੱਕ ਸੂਰਜ ਡੁੱਬਣ ਵਾਲਾ ਸੀ।

ਰਾਹ ਵਿਚ ਹੋਰ ਵੀ ਦੋ ਤਿੰਨ ਲੰਗਰ ਆਏ ਪਰ ਡਰਾਈਵਰ ਕਿਸੇ ਨਾ ਕਿਸੇ ਤਰੀਕੇ ਬੱਸ ਭਜਾ ਕੇ ਕੱਢ ਲਿਜਾਂਦਾ। ਇਕ ਲੰਗਰ ਵਿਚੋਂ ਭੱਜੀ ਜਾਂਦੀ ਬੱਸ ਉਤੇ ਕਿਸੇ ਮਨਚਲੇ ਨੇ ਪਿਛੋਂ ਰੋੜਾ ਵੀ ਮਾਰਿਆ।

ਮੇਰੇ ਨਾਲ ਬੈਠੀ ਕੱਟੀ ਦਾੜ੍ਹੀ ਵਾਲੀ ਸਵਾਰੀ ਹੌਲੀ ਜਿਹੀ ਫੁਸਫੁਸਾਈ, 'ਇਹ ਵੀ ਕੀ ਗੱਲ ਹੋਈ! ਧੱਕੇ ਨਾਲ ਹੀ ਲੰਗਰ ਛਕਾਓ, ਧੱਕੇ ਨਾਲ ਹੀ ਉਚੀ ਸਪੀਕਰ ਲਾ ਕੇ ਬਾਣੀ ਸੁਣਾਓ।'

ਮੈਂ ਮੁਸਕਰਾ ਕੇ ਉਹਦੀ ਹਾਮੀ ਭਰੀ ਅਤੇ ਫਿਰ ਤਿੰਨਾਂ ਸਰਦਾਰਾਂ ਵੱਲ ਵੇਖਿਆ। ਉਹ ਆਪਣੀਆਂ ਘੜੀਆਂ ਵੇਖ ਕੇ ਲੁਧਿਆਣੇ ਪੁੱਜਣ ਦੇ ਸਮੇਂ ਦਾ ਅਨੁਮਾਨ ਲਾ ਰਹੇ ਸਨ। ਸੂਰਜ ਰੁੱਖਾਂ ਉਹਲੇ ਦਿਸਣੋ ਹਟ ਗਿਆ ਸੀ। ਰਈਏ ਫੇਰ ਲੰਗਰ ਵਾਲਿਆਂ ਸੜਕ ਰੋਕੀ ਹੋਈ ਸੀ। ਦੁਕਾਨਾਂ ਬੰਦ ਹੋ ਚੁੱਕੀਆਂ ਸਨ।

'ਅਸੀਂ ਅੱਗੇ ਈ ਘੰਟਾ ਲੇਟ ਆਂ। ਲੁਧਿਆਣੇ ਪਹੁੰਚਣਾਂ। ਯਾਰ ਆਖ ਇਨ੍ਹਾਂ ਨੂੰ।' ਡਰਾਈਵਰ ਨੇ ਪਿਛੋਂ ਕੋਲ ਆ ਖਲੋਤੇ ਅਤੇ ਬੱਸ ਚਲਾਉਣ ਲਈ ਜ਼ੋਰ ਪਾ ਰਹੇ ਬੱਸ ਨਾਲ ਜਾਣ ਵਾਲੇ ਸਕਿਉਰਟੀ ਵਾਲੇ ਦਾ ਤਰਲਾ ਲਿਆ।

'ਮੇਰੇ ਢੇਰ ਆਖੇ ਲੱਗਣਗੇ ਇਹ!' ਪੁਲਸੀਏ ਦੇ ਹੱਥ ਖੜੇ ਸਨ। ਸਵਾਰੀਆਂ ਨੇ ਬਾਰੀਆਂ ਦੀਆਂ ਕੁੰਡੀਆਂ ਅੰਦਰੋਂ ਚੰਗੀ ਤਰ੍ਹਾਂ ਬੰਦ ਕਰ ਲਈਆਂ ਸਨ। ਲੰਗਰ ਛਕਾਉਣ ਵਾਲੇ ਬਾਰੀਆਂ ਖੜਕਾ ਰਹੇ ਸਨ।

'ਬਾਰੀ ਨਾ ਖੋਲਿਓ ਯਾਰ!' ਕਿਸੇ ਨੇ ਆਖਿਆ। ਮੈਂ ਸੋਚਿਆ, 'ਬਾਹਰ ਖਲੋਤੇ ਸੇਵਾਦਾਰ ਸਨ ਜਾਂ ਅੱਤਵਾਦੀ!'

'ਲਿਆ ਭਰਾ, ਤੂੰ ਇੱਕ ਫੁਲਕੇ 'ਤੇ ਮੈਨੂੰ ਦਾਲ ਪਾ ਦੇ ਤੇ ਸਮਝ ਲੈ ਸਾਰੀ ਸੰਗਤ ਨੇ ਲੰਗਰ ਛਕ ਲਿਆ' ਡਰਾਈਵਰ ਨੇ ਆਖਿਆ।

'ਚੱਲ ਠੀਕ ਐ' ਅਗਲਿਆਂ ਦੇ ਮਨ ਮਿਹਰ ਪੈ ਗਈ। ਡਰਾਈਵਰ ਨੇ ਫੁਲਕਾ ਫੜ੍ਹ ਕੇ ਕੰਡਕਟਰ ਵੱਲ ਵਧਾਇਆ ਅਤੇ ਬੱਸ ਸਟਾਰਟ ਕਰ ਲਈ।

'ਭਈ ਚੰਗੀ ਤਰਕੀਬ ਸੋਚੀ ਊ ਬਚਣ ਦੀ। ਵਾਹ! ਬਈ ਵਾਹ! ਆਹ ਤਾਂ ਧਰਤੀ ਹੇਠਲਾ ਧੌਲ ਬਣ ਕੇ ਦੂਜਿਆਂ ਦਾ ਭਾਰ ਚੁੱਕ ਲਿਆ ਈ।' ਲਾਗਲੇ ਸਰਦਾਰਾਂ 'ਚੋਂ ਇਕ ਨੇ ਗਦਗਦ ਹੋ ਕੇ ਡਰਾਈਵਰ ਦੀ ਪ੍ਰਸ਼ੰਸਾ ਕੀਤੀ। ਸਭ ਨੂੰ ਆਪਣੇ ਟਿਕਾਣਿਆਂ 'ਤੇ ਪਹੁੰਚਣ ਦਾ ਫ਼ਿਕਰ ਸੀ। ਹਨੇਰਾ ਹੋਣ ਵਾਲਾ ਸੀ। ਰਾਹ ਵਿਚ ਬੱਸ ਰੋਕ ਕੇ ਸਟੇਨਾਂ ਵਾਲੇ ਵੀ ਅੰਦਰ ਵੜ ਸਕਦੇ ਸਨ।

ਬਾਬੇ ਬਕਾਲੇ ਮੋੜ ਉਤੇ ਘੁਸਮੁਸੇ ਵਿਚ ਫਿਰ ਕੇਸਰੀ ਝੰਡੀਆਂ ਲਹਿਰਾਉਂਦੀਆਂ ਵੇਖ ਕੇ ਉਨ੍ਹਾਂ ਸਰਦਾਰਾਂ ਵਿਚੋਂ ਹੀ ਇਕ ਜਣਾ ਬੋਲਿਆ, 'ਲੈ! ਔਹ ਫੇਰ ਮੌਤ ਖਲੋਤੀ ਊ ਅੱਗੇ!'

ਏਨੇ ਚਿਰ ਵਿਚ ਬੱਸ 'ਨਵੇਂ ਲੰਗਰ' ਦੇ ਨੇੜੇ ਪਹੁੰਚ ਚੁੱਕੀ ਸੀ। ਉਹੋ ਹੀ ਸਰਦਾਰ ਡਰਾਈਵਰ ਨੂੰ ਲਲਕਾਰ ਕੇ ਕਹਿਣ ਲੱਗਾ, 'ਬੱਸ ਰੋਕੀਂ ਨਾ! ਜੇ ਕੋਈ ਥੱਲੇ ਆਉਂਦਾ ਤਾਂ ਆ ਜਾਏ। ਕੀ ਮਖ਼ੌਲ ਬਣਾਇਆ ਐ ਇਨ੍ਹਾਂ ਨੇ! ਜਿਥੇ ਵੇਖੋ 'ਪਿਉ ਵਾਲਾ ਲੰਗਰ' ਲਾ ਕੇ ਬੈਠੇ ਨੇ! ਅੱਗੇ ਭਾਵੇਂ ਕੋਈ 'ਗੋਲੀਆਂ ਦਾ ਲੰਗਰ' ਛਕਾ ਦਿੰਦਾ ਹੋਵੇ।'

ਡਰਾਈਵਰ ਹੌਂਸਲਾ ਕਰਕੇ ਬੱਸ ਕੱਢ ਕੇ ਲੈ ਗਿਆ। ਸਭ ਨੇ ਸੁਖ ਦਾ ਡੂੰਘਾ ਸਾਹ ਭਰਿਆ।

ਮੈਂ 'ਪਿਉ ਦਾ ਲੰਗਰ' ਅਤੇ 'ਗੁਰੂ ਦਾ ਲੰਗਰ' ਦੇ ਅਰਥ ਸਮਝਣ ਵਿਚ ਰੁੱਝ ਗਿਆ।

# ਸੱਤ ਪੱਤੀਆ ਰੁੱਖ

**ਹਿੰਦੀ ਲੇਖਕ: ਸੁਸ਼ੀਲ ਸ਼ੁਕਲ**
**ਅਨੁ: ਹਰਪਾਲ ਸਿੰਘ ਪੰਨੂ**

ਪਤਲਾ, ਇਕਹਿਰਾ, ਕਮਜ਼ੋਰ ਜਿਹਾ ਸੱਤ ਪੱਤੀਆ ਰੁੱਖ, ਫੁੱਲਾਂ ਨਾਲ ਲੱਦਿਆ ਹੋਇਆ। ਹੈਰਾਨੀ ਹੋਇਆ ਕਰਦੀ ਐਨੇ ਫੁੱਲ ਲੱਦ ਕੇ ਖੜ੍ਹਾ ਕਿਵੇਂ ਰਹੀ ਜਾਂਦੈ ਇਹ। ਹੋਰ ਤਾਂ ਹੋਰ, ਲੱਖਾਂ ਕੀੜੇ, ਸ਼ਹਿਦ ਦੀਆਂ ਮੱਖੀਆਂ ਆਲੇ-ਦੁਆਲੇ ਮੰਡਰਾਉਂਦੀਆਂ ਰਹਿੰਦੀਆਂ। ਮੰਨਿਆ ਕਿ ਖੁਸ਼ਬੂ ਹਲਕੀ ਹੁੰਦੀ ਹੈ ਪਰ ਭਾਰ ਤਾਂ ਉਸ ਦਾ ਵੀ ਹੁੰਦਾ ਹੋਣਾ। ਸੱਤ ਸੱਤ ਪੱਤੀਆਂ ਵਾਲੇ ਬੇਅੰਤ ਪੱਤਿਆਂ ਦੇ ਗੁੱਛੇ। ਕਿਤੇ ਸਿਰਫ ਸੜਕ ਵਾਲੇ ਪਾਸੇ ਤਾਂ ਨਹੀਂ ਫੁੱਲਿਆ, ਮੈਂ ਉਸ ਨੂੰ ਚਾਰੇ ਪਾਸਿਓਂ ਫਿਰ ਕੇ ਦੇਖਿਆ। ਚਾਰੇ ਪਾਸਿਓਂ ਫੁੱਲਿਆ ਹੋਇਆ ਇਕਸਾਰ। ਉਸ ਨੂੰ ਪਤਾ ਸੀ, ਦੇਖਣ ਵਾਲਾ ਕੋਈ ਕਿਸੇ ਪਾਸਿਓਂ ਵੀ ਆ ਸਕਦੈ। ਚੰਗੀ ਗੱਲ ਹੈ, ਦੇਖਣ ਵਾਲਿਆਂ ਨੂੰ ਉਹ ਧੁੱਪ ਅਤੇ ਮੀਂਹ ਵਾਂਗ ਹੀ ਜਾਣਦਾ, ਕਿਸੇ ਪਾਸਿਓਂ ਵੀ ਆ ਸਕਦੇ ਨੇ।

ਮੈਂ ਸੋਚਣ ਲੱਗਾ, ਐਨੀ ਸਾਰੀ ਧੁੱਪ ਦਾ ਕੋਈ ਭਾਰ ਨਹੀਂ ਹੁੰਦਾ ਹੋਣਾ? ਉੱਪਰਲੀ ਟਾਹਣੀ ਦੀ ਛਾਂ ਹੇਠਲੀ ਟਾਹਣੀ ਨਹੀਂ ਝੱਲ ਸਕਦੀ, ਉਹ ਉਪਰੋਂ ਆਈ ਛਾਂ ਨੂੰ ਹੇਠਾਂ ਤਿਲਕਾ ਦਿੰਦੀ ਹੈ। ਐਨੀ ਸਾਰੀ ਸੰਘਣੀ ਛਾਂ ਨੂੰ ਤੋਲਣਾ ਤਾਂ ਚਾਹੀਦੈ।

ਹੈਰਾਨੀ ਇਸ ਗੱਲ ਦੀ ਵੀ ਹੁੰਦੀ ਕਿ ਕਮਜ਼ੋਰ ਜਿਹਾ ਰੁੱਖ ਏਨੀ ਤਿਆਰੀ ਕਰਦਾ ਕਿਵੇਂ ਹੈ। ਅੰਦਰ ਹੀ ਅੰਦਰ ਪੂਰਾ ਰੁੱਝਿਆ ਹੋਇਆ। ਬਾਹਰੋਂ ਬਥੇਰੀ ਵਾਰ ਦੇਖਿਆ ਹੈ ਪਰ ਇਹ ਕੁਝ ਪਤਾ ਹੀ ਨਹੀਂ ਲੱਗਣ ਦਿੰਦਾ। ਕਿਤੇ ਰੰਗ ਬਣ ਰਹੇ ਨੇ, ਕਿਤੇ ਖੁਸ਼ਬੂ। ਕਿਤੇ ਫੁੱਲਾਂ ਦਾ ਅੰਦਰਲਾ ਰੇਸ਼ਾ ਬਣਦਾ ਹੋਏਗਾ, ਕਿਤੇ ਉੱਪਰਲਾ ਚਮਕੀਲਾ ਅਸਤਰ।

ਫੁੱਲਾਂ ਦੀਆਂ ਪੱਤੀਆਂ ਨੂੰ ਬਰੀਕ ਬਰੀਕ ਕੁਤਰਨਾ ਹੁੰਦੈ। ਐਨੀ ਬਾਰੀਕੀ ਦਾ ਕੰਮ ਕਰਨ ਵਾਲੀਆਂ ਕਿਹੋ ਜਹੀਆਂ ਕੈਂਚੀਆਂ ਹੋਣਗੀਆਂ ਅੰਦਰ? ਫੁੱਲਾਂ ਦੀਆਂ ਪੰਖੜੀਆਂ ਸਿਉਣ ਤੋਂ ਬਾਅਦ ਫੇਰ ਇਨ੍ਹਾਂ ਵਿਚ ਖੁਸ਼ਬੂ ਪਰੋਈ ਜਾਂਦੀ ਹੋਣੀ। ਧਿਆਨ ਰੱਖਣਾ ਪੈਂਦਾ ਕਿ ਕੈਂਚੀ ਨਾਲ ਕਿਤੇ ਖੁਸ਼ਬੂ ਨਾ ਕੁਤਰੀ ਜਾਵੇ। ਫੁੱਲਾਂ ਦੀਆਂ ਕਤਰਨਾ ਰੁੱਖ ਦੇ ਅੰਦਰ ਹੀ ਰਹਿੰਦੀਆਂ ਹਨ ਕਿ ਜੜ੍ਹਾਂ ਰਾਹੀਂ ਸਰਕ ਸਰਕ ਜ਼ਮੀਨ ਵਿਚ ਚਲੀਆਂ ਜਾਂਦੀਆਂ ਹੋਣੀਆਂ?

ਬਾਹਰ ਖਿੜਾਣ ਤੋਂ ਪਹਿਲਾਂ, ਰੁੱਖ ਆਪਣੇ ਅੰਦਰ ਇਕ ਫੁੱਲ ਖਿੜਾ ਕੇ ਦੇਖਦਾ ਹੋਣੈ ਬਈ ਠੀਕ ਖਿੜ ਵੀ ਰਿਹੈ ਕਿ ਨਹੀਂ? ਐਨੇ ਫੁੱਲ ਜੇ ਸਿੱਧੇ ਟਾਹਣੀਆਂ ਵਿਚੋਂ ਨਿਕਲਣ ਫੇਰ ਤਾਂ ਟਾਹਣੀਆਂ ਢੋਲ ਵਾਂਗ ਫੁੱਲ ਜਾਣ। ਟਾਹਣੀਆਂ ਵਿਚੋਂ ਪਤਲੀਆਂ ਪਤਲੀਆਂ ਡੰਡੀਆਂ ਨਿਕਲਦੀਆਂ ਹਨ, ਡੰਡੀਆਂ ਵਿਚੋਂ ਫੁੱਲ। ਬੇਅੰਤ ਕੀੜਿਆਂ ਨੂੰ ਦਿਹਾੜੀ 'ਤੇ ਰੱਖਿਆ ਜਾਂਦਾ ਹੈ ਕਿ ਫੁੱਲ ਦੇ ਦਿਲ ਉੱਪਰ ਟੁਣਕਾਰ ਕਰਨ ਤਾਂ ਕਿ ਫੁੱਲ ਖਿੜੇ। ਫੁੱਲ ਠੀਕ ਵੀ ਖਿੜ ਰਹੇ ਹਨ, ਇਸ ਦੀ ਨਿਗਰਾਨੀ ਕਰਨ ਵਾਸਤੇ ਵੱਖਰੇ ਕੀੜੇ ਰੱਖੇ ਜਾਂਦੇ ਹਨ। ਉਹ ਅਫਸਰ ਹੁੰਦੇ ਨੇ।

ਸਾਰੇ ਰੁੱਖਾਂ ਵਿਚ ਫਿਰ ਖੁਸ਼ਬੂ ਦੀਆਂ ਬਾਲਟੀਆਂ ਉਲਟਾ ਦਿੱਤੀਆਂ ਜਾਂਦੀਆਂ ਨੇ। ਕੁਝ ਰੁੱਖਾਂ ਦੇ ਫੁੱਲ ਖੁਸ਼ਬੂ ਤੋਂ ਵਾਂਝੇ ਰਹਿ ਜਾਂਦੇ ਹਨ ਪਰ ਸੱਤ ਪੱਤੀਆ ਤਾਂ ਦੁੱਗਣੀ ਖੁਸ਼ਬੂ ਦਾ ਦਾਅਵਾ ਕਰਦੈ। ਇਕ ਇਕ ਫੁੱਲ ਉੱਪਰ ਦੋ ਦੋ ਫੁੱਲਾਂ ਦੀ ਖੁਸ਼ਬੂ ਲਟਕਾ ਲੈਂਦੈ।

ਇਕ ਦਿਨ ਮੈਂ ਸੱਤ ਪੱਤੀਏ ਨੂੰ ਕਿਹਾ-ਕੋਈ ਕੰਮ ਹੋਏ ਦੱਸੀਂ, ਮੈਂ ਅੱਜ ਕੱਲ ਵਿਹਲਾ ਹਾਂ। ਉਸ ਵੇਲੇ ਇਕ ਕੀੜਾ ਜਿਹੜਾ ਰੁੱਖ ਵੱਲ ਜਾਂਦਾ ਸੀ, ਰੁਕਿਆ ਤੇ ਆਪਣੀ ਖੱਡ ਵੱਲ ਮੁੜ ਗਿਆ। ਉਸ ਨੂੰ ਲੱਗਿਆ ਹੋਣਾ ਕਿ ਹੁਣ ਕੰਮ ਕਰਨ ਵਾਲਾ ਆ ਤਾਂ ਗਿਐ, ਆਪਾਂ ਐਥੇ ਕੀ ਕਰਨੈ? ਮੈਂ ਫਟਾ ਫਟ ਉਥੋਂ ਖਿਸਕਣ ਦੀ ਕੀਤੀ ਕਿ ਪਹਿਲੋਂ ਲੱਗੇ ਕਾਮਿਆਂ ਨੂੰ ਕਾਹਤੋਂ ਮੋੜਨਾ ਹੋਇਆ? ਇਹ ਕੰਮ ਮੈਨੂੰ ਕਰਨਾ ਵੀ ਤਾਂ ਨਹੀਂ ਆਉਂਦਾ। ਦੂਰੋਂ ਹੀ ਦੇਖ ਲੈਨਾ। ਮੈਥੋਂ ਵਧੀਆ ਕਾਰੀਗਰ ਲੱਗੇ ਤਾਂ ਹੋਏ ਨੇ। ਲੱਗੇ ਰਹਿਣ।

ਅੱਜ ਕੱਲ ਉਸ ਅੰਬ ਦੇ ਰੁੱਖ ਥੱਲੇ ਜਾ ਕੇ ਖਲੋ ਜਾਨਾਂ ਜਿਸ ਨੂੰ ਪਿਛਲੇ ਸਾਲ ਬੜਾ ਫਲ ਲੱਗਿਆ ਸੀ। ਉਸ ਦੇ ਤਣੇ ਨਾਲ ਕੰਨ ਲਾ ਕੇ ਸੁਣਦਾਂ ਕਿ ਐਤਕੀਂ ਅੰਬਾਂ ਦੀ ਤਿਆਰੀ ਵਿਚ ਕੋਈ ਟੁਣਕਾਰ ਸੁਣਾਈ ਦੇਵੇ। ਪਰ ਮੇਰੇ ਕੰਨ ਤਾਂ ਬਾਹਰਲੀਆਂ ਆਵਾਜ਼ਾਂ ਸੁਣਨ ਲਈ ਬਣੇ ਨੇ। ਫਿਰ ਹਥੇਲੀ ਤਣੇ ਉੱਪਰ ਰੱਖ ਦਿੰਨਾਂ, ਕੋਈ ਧੜਕਣ ਤਾਂ ਸੁਣਾ।

ਉਸ ਉੱਪਰ ਧੁੱਪ ਪੈ ਰਹੀ ਹੈ, ਹਵਾ ਵੀ ਉਸ ਉੱਪਰ ਬੈਠਣ ਲੱਗਦੀ ਹੈ। ਪੰਛੀ ਆ ਰਹੇ ਨੇ। ਪੰਛੀਆਂ ਨੂੰ ਅੰਬ ਮੈਥੋਂ ਜ਼ਿਆਦਾ ਮਿੱਠੇ ਲੱਗਦੇ ਹੋਣੇ ਕਿਉਂਕਿ ਉਨ੍ਹਾਂ ਨੇ ਅੰਬ ਪੱਕਣ ਤੱਕ ਕੋਈ ਨਾ ਕੋਈ ਹੱਥ ਵਟਾਇਆ ਹੈ। ਗੀਤ ਗਾਏ ਨੇ। ਮੈਂ ਕਿਹੜਾ ਕੁਝ ਕੀਤਾ ਸੀ?

ਇਸ ਵਾਰੀ ਕਿਸੇ ਪੰਛੀ ਦਾ ਟੁੱਕਿਆ ਅੰਬ ਖਾ ਕੇ ਦੇਖੂੰਗਾ।

# ਕਪਤਾਨ ਦਸੌਂਧਾ ਸਿਹੁੰ



**ਗੁਰਪ੍ਰੀਤ ਸਿੰਘ ਬਿਲਿੰਗ**
**ਫੋਨ: 75086-98066**

ਦਸੌਂਧਾ ਸਿਹੁੰ ਨੇ ਜਵਾਨੀ ਵੇਲੇ ਫੌਜ ਵਿਚ ਬਹੁਤ ਪਰੇਡਾਂ ਕੀਤੀਆਂ ਸਿਪਾਹੀ ਤੋਂ ਲੈ ਕੇ ਸੂਬੇਦਾਰ ਮੇਜਰ ਬਣਨ ਤੱਕ। ਬੜੇ ਹੱਥ ਪੈਰ ਮਾਰੇ, ਪਤਾ ਨਹੀਂ ਕੀ ਕੀ ਜਫਰ ਜਾਲੇ ਤਾਂ ਕਿਤੇ ਨਾਇਬ ਸੂਬੇਦਾਰ ਬਣਿਆ। ਕਿਸਮਤ ਦਾ ਧਨੀ ਨਿਕਲਿਆ, ਉਰਲੀਆਂ-ਪਰਲੀਆਂ ਮਾਰਦਾ ਸੂਬੇਦਾਰ ਮੇਜਰ ਬਣ ਗਿਆ ਤੇ ਰਿਟਾਇਰ ਹੋਣ ਤੱਕ ਕਪਤਾਨੀ ਆਲ਼ੇ ਸਟਾਰ ਵੀ ਖਿੱਚ-ਖੁੱਚ ਕੇ ਮੋਢਿਆਂ 'ਤੇ ਲਵਾ ਹੀ ਗਿਆ। ਅੱਜਕਲ੍ਹ ਉਹ ਕਪਤਾਨ ਦਸੌਂਧਾ ਸਿਹੁੰ ਕਹਾਉਂਦਾ।

ਇੱਕ ਵਾਰ ਸਰਦਾਰ ਦਸੌਂਧਾ ਸਿਹੁੰ ਪਲਟਣ ਦਾ ਸੁਬੇਦਾਰ ਮੇਜਰ ਤੇ ਕਰਨਲ ਲਹਿਣਾ ਸਿਹੁੰ ਕਮਾਂਡਿੰਗ ਅਫਸਰ (CO) ਪਲਟਣ ਵੀ ਪਿਓਰ ਸਿੱਖ ਤੋਪਖਾਨੇ ਦੀ। ਕਰਨਲ ਲਹਿਣਾ ਸਿਹੁੰ ਦੇ ਘਰ ਕੁੱਤੀ ਸੂਈ ਇੱਕ। ਘਰੋਂ ਫੋਨ ਆ ਗਿਆ ਕਿ ਜੀ ਅਪਣੀ ਕੁੱਤੀ ਸੂਈ ਆ। ਉਹਨੇਂ ਸੂਬੇਦਾਰ ਮੇਜਰ ਦਸੌਂਧਾਂ ਸਿਹੁੰ ਨੂੰ ਬੁਲਾਇਆ, ਕਿਹਾ, 'ਸਾਬ੍ਹ ਕੁੱਤੀ ਸੂਈ ਮੇਰੇ ਬੰਗਲੇ। ਘਰ ਇਕ ਜਵਾਨ ਭੇਜੋ ਜਿਹੜਾ ਉਹਦੀ ਖਬਰ ਸਾਰ ਲੈ ਕੇ ਆਵੇ, ਦੇਖ ਕੇ ਆਵੇ ਅਤੇ ਮੈਨੂੰ ਆ ਕੇ ਦੱਸੇ।'

ਦਸੌਂਧਾ ਸਿਹੁੰ ਨੇ ਪੈਰ ਚੱਕ ਸਲੂਟ ਮਾਰਿਆ ਤੇ ਕਿਹਾ, 'ਜੀ ਜਨਾਬ। ਮੈਂ ਹੁਣੇ ਇੱਕ ਸਿਪਾਹੀ ਘੱਲਦਾ ਆਂ।'

ਸਿਪਾਹੀ ਜਗਮੇਲ ਸਿੰਘ ਨੂੰ CO ਸਾਬ੍ਹ ਦੇ ਘਰ ਭੇਜਿਆ, ਤਾਕੀਦ ਕੀਤੀ ਗਈ ਕਿ ਸਾਰਾ ਹਾਲ-ਚਾਲ ਜਾਣ ਕੇ ਆਉਣਾ ਤੇ ਆ ਕੇ CO ਸਾਬ੍ਹ ਨੂੰ ਦੱਸਣਾ। ਜਗਮੇਲ ਸਿੰਘ ਦਸਾਂ ਮਿੰਟਾਂ ਵਿਚ CO ਦੇ ਬੰਗਲੇ ਹੋ ਆਇਆ ਤੇ ਰਿਪੋਰਟ ਦਿੱਤੀ, 'ਸਰ ਕੁੱਤੀ ਨੇ ਅੱਠ ਕਤੂਰੇ ਦਿੱਤੇ ਆ। ਕਤੂਰੇ ਅਤੇ ਉਨ੍ਹਾਂ ਦੀ ਮਾਂ ਰੂਬੀ ਠੀਕ-ਠਾਕ ਨੇ।'

ਕਰਨਲ ਲਹਿਣਾ ਸਿਹੁੰ ਨੂੰ ਤਸੱਲੀ ਜਈ ਨਾ ਹੋਈ ਜਗਮੇਲ ਸਿੰਘ ਦੀ ਰਿਪੋਰਟ 'ਤੇ। ਫੇਰ ਸੂਬੇਦਾਰ ਮੇਜਰ ਨੂੰ ਕਿਹਾ ਕਿ ਸਾਬ੍ਹ ਕੋਈ ਸੀਨੀਅਰ ਬੰਦਾ ਭੇਜੋ, ਜੋ ਸਹੀ ਰਿਪੋਰਟ ਲੈ ਕੇ ਆਵੇ। ਇਸ ਵਾਰ ਹੌਲਦਾਰ ਬੂਹੜ ਸਿੰਘ ਨੂੰ ਭੇਜਿਆ ਗਿਆ। ਹੌਲਦਾਰ ਬੂਹੜ ਸਿੰਘ ਨੇ ਆ ਕੇ ਰਿਪੋਰਟ ਦਿੱਤੀ, 'ਸਾਬ੍ਹ ਕੁੱਤੀ ਨੇ ਅੱਠ ਕਤੂਰਿਆਂ ਨੂੰ ਜਨਮ ਦਿੱਤਾ ਜਿਸ ਵਿਚ ਤਿੰਨ ਕੁੱਤੇ ਆ ਤੇ ਪੰਜ ਕੁੱਤੀਆਂ ਨੇ। ਜੱਚਾ ਬੱਚਾ ਦੋਵੇਂ ਠੀਕ ਠਾਕ ਨੇ।'

ਕਮਾਂਡਿੰਗ ਅਫਸਰ ਕਰਨਲ ਲਹਿਣਾ ਸਿਹੁੰ ਨੇ ਫੇਰ ਸੂਬੇਦਾਰ ਮੇਜਰ ਦਸੌਂਧਾ ਸਿਹੁੰ ਨੂੰ ਬੁਲਾਇਆ ਤੇ ਕਿਹਾ, 'ਸਾਬ੍ਹ ਕਿਹੋ ਜਿਹੇ ਬੰਦੇ

*(ਬਾਕੀ ਅਗਲੇ ਸਫੇ 'ਤੇ)*

## ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

# ਗੁੰਮਨਾਮ ਹੀਰੋ

***ਕਾਮਰੇਡ ਅਰਜਨ ਸਿੰਘ ਗੜਗੱਜ ਮਹਾਨ ਸੁਤੰਤਰਤਾ ਸੰਗਰਾਮੀ ਹੋਏ ਨੇ ਜਿਨ੍ਹਾਂ ਦਾ ਸਾਰਾ ਜੀਵਨ ਬੇਮਿਸਾਲ ਕੁਰਬਾਨੀ ਦੀ ਦਾਸਤਾਨ ਹੈ। ਉਨ੍ਹਾਂ ਨੇ ਆਪਣੇ ਜੀਵਨ-ਸੰਘਰਸ਼ ਦੀ ਬਾਤ ਪਾਉਂਦੀਆਂ ਕੁਝ ਪੁਸਤਕਾਂ ਦੀ ਰਚਨਾ ਕੀਤੀ ਹੈ, ਜਿਨ੍ਹਾਂ ਵਿਚ ਉਨ੍ਹਾਂ ਨੇ ਆਪਣੇ 1919 ਤੋਂ ਲੈ ਕੇ 1947 ਤੱਕ ਦੇ ਸੰਘਰਸ਼ ਵਿਚ ਸ਼ਾਮਲ ਸਾਥੀਆਂ ਦੀ ਕੁਰਬਾਨੀ ਦਾ ਵੇਰਵਾ ਦਿੱਤਾ ਹੈ। ਅੱਜ ਅਸੀਂ ਉਨ੍ਹਾਂ ਵੱਲੋਂ ਲਿਖੇ ਇਕ ਅਜਿਹੇ ਸੂਰਮੇ ਦੀ ਬਾਤ ਸਾਂਝੀ ਕਰਨ ਲੱਗੇ ਹਾਂ, ਜਿਸਨੂੰ ਗੜਗੱਜ ਸਾਹਿਬ 'ਗੁੰਮਨਾਮ ਹੀਰੋ' ਆਖ ਕੇ ਯਾਦ ਕਰਦੇ ਨੇ।***

ਪੰਜਾਬ ਯੋਧਿਆਂ ਦਾ ਦੇਸ਼ ਹੈ ਪਰ ਏਥੇ ਪੜ੍ਹਣ ਲਿਖਣ ਦਾ ਸ਼ੌਕ ਬਹੁਤ ਘੱਟ ਹੈ। ਕਿਸੇ ਲਹਿਰ ਵਿਚ ਕੈਦ ਹੋਣ ਲਈ ਦਸ-ਪੰਦਰਾਂ ਹਜ਼ਾਰ ਆਦਮੀ ਝੱਟ ਨਿਕਲ ਆਉਣਗੇ ਪਰ ਉਸ ਲਹਿਰ ਬਾਰੇ ਐਸੀ ਕਿਤਾਬ ਲਿਖਣ ਵਾਲਾ, ਜਿਸ ਤੋਂ ਉਸ ਲਹਿਰ ਦਾ ਅਸਲੀ ਰੰਗ ਉਘੜੇ, ਮਿਲਣਾ ਮੁਸ਼ਕਿਲ ਹੈ। ਸੌ-ਡੇਢ-ਸੌ ਸਾਲ ਪਹਿਲਾਂ ਦੇ ਪੰਜਾਬ ਨੂੰ ਜੇ ਕੋਈ ਵਿਸਥਾਰ ਨਾਲ ਜਾਨਣਾ ਚਾਹੇ ਤਾਂ ਬਦੇਸ਼ੀ ਸੈਲਾਨੀਆਂ ਦੇ ਸਫ਼ਰਨਾਮਿਆਂ ਤੋਂ ਸਿਵਾ ਹੋਰ ਕੁਝ ਸਹਾਇਤਾ ਨਹੀਂ ਕਰਦਾ। ਏਸੇ ਕਰ ਕੇ ਪੰਜਾਬੀਆਂ ਬਾਰੇ ਇਹ ਅਕਸਰ ਕਿਹਾ ਜਾਂਦਾ ਹੈ ਕਿ ਇਹ ਇਤਿਹਾਸ ਬਣਾਉਂਦੇ ਤਾਂ ਹਨ ਪਰ ਇਤਿਹਾਸ ਲਿਖਦੇ ਨਹੀਂ। ਜਦੋਂ ਇਨ੍ਹਾਂ ਦਾ ਇਤਿਹਾਸ

**ਅਰਜਨ ਸਿੰਘ ਗੜਗੱਜ**

ਕੋਈ ਹੋਰ ਲਿਖੇਗਾ ਤਾਂ ਉਹ ਉਸ ਵਿਚ ਆਪਣਾ ਨਜ਼ਰੀਆ ਤੇ ਸੋਚਣ ਢੰਗ ਵੀ ਸ਼ਾਮਲ ਕਰ ਦਏਗਾ। ਇੰਜ ਇਤਿਹਾਸ ਦਾ ਅਸਲੀ ਚਿਹਰਾ-ਮੁਹਰਾ ਹਕੀਕਤ ਦੀ ਸੱਚੀ-ਸੁਚੀ ਤਸਵੀਰ ਪੇਸ਼ ਕਰਨ ਜੋਗਾ ਨਹੀਂ ਰਹਿੰਦਾ।

ਇਹ ਤਾਂ ਹੋਈ ਇਕ ਗੱਲ! ਦੂਜੀ ਗੱਲ ਇਹ ਹੈ ਕਿ ਜਦੋਂ ਕੋਈ ਲਹਿਰ ਖੜੀ ਹੁੰਦੀ ਹੈ ਤਾਂ ਉਸਦੀ ਕਾਮਯਾਬੀ ਵਿਚ ਆਮ ਲੋਕਾਂ ਦਾ ਰੋਲ ਬਹੁਤ ਵੱਡਾ ਹੁੰਦਾ ਹੈ। ਏਸੇ ਕਰ ਕੇ ਕਿਹਾ ਜਾਂਦਾ ਹੈ ਕਿ ਇਤਿਹਾਸ ਨੂੰ ਲੋਕ ਸਿਰਜਦੇ ਹਨ। ਪਰ ਇਹ ਵੀ ਦੁੱਖ ਦੀ ਗੱਲ ਹੈ ਕਿ ਇਤਿਹਾਸ ਵਿਚ ਸਦਾ ਗਿਣੇ-ਚੁਣੇ ਆਗੂਆਂ ਦਾ ਜ਼ਿਕਰ-ਜ਼ਕਾਰ ਹੀ ਪੜ੍ਹਨ-ਸੁਣਨ ਨੂੰ ਮਿਲਦਾ ਹੈ, ਜਦ ਕਿ ਆਮ ਲੋਕਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਕੋਈ ਲਿਖਤ ਵੀ ਗੌਲਦੀ ਨਹੀਂ। ਪਰ ਇਹ ਵੀ ਸਚਾਈ ਹੈ ਕਿ ਕਈ ਵਾਰ ਇਤਿਹਾਸ ਦੇ ਕੁਝ ਪਲਾਂ ਵਿਚ ਕੁਝ ਸਾਧਾਰਨ ਜਿਹੇ ਲੋਕ ਅਜਿਹੀ ਹਿੰਮਤ ਤੇ ਹੌਸਲਾ ਵਿਖਾਉਂਦੇ ਹਨ ਕਿ ਉਨ੍ਹਾਂ ਦੇ ਕੀਤੇ ਨੂੰ ਵੇਖ-ਜਾਣ ਕੇ ਉਸ ਵੇਲੇ ਦੇ ਲੋਕ ਹੈਰਾਨ ਰਹਿ ਜਾਂਦੇ ਹਨ। ਪਰ ਸਮਾਂ ਬੀਤ ਜਾਣ 'ਤੇ ਉਨ੍ਹਾਂ ਦੀ ਉਹ ਖ਼ਾਸ ਪਲਾਂ ਦੀ ਕਹਾਣੀ ਕਿਧਰੇ ਸਮੇਂ ਦੀ ਧੂੜ ਵਿਚ ਗੁੰਮ-ਗਵਾਚ ਜਾਂਦੀ ਹੈ।

ਇਹ ਗੱਲ 1923 ਦੇ ਸਾਲ ਦੀ ਹੈ। ਲਾਹੌਰ ਦੀ ਮਾਲ ਰੋਡ ਨੂੰ ਠੰਢੀ ਸੜਕ ਵੀ ਕਿਹਾ ਜਾਂਦਾ ਸੀ। ਜਦੋਂ ਦੀ ਇਹ ਗੱਲ ਹੈ, ਉਨ੍ਹਾਂ ਵੇਲਿਆਂ ਵਿਚ ਇਸ ਸੜਕ 'ਤੇ ਅੰਗਰੇਜ਼ਾਂ ਦੀ ਬੜੀ ਆਵਾਜਾਈ ਰਹਿੰਦੀ ਸੀ। ਸਾਹਿਬ ਲੋਕਾਂ ਲਈ ਸੜਕ ਨੂੰ ਠੰਢਾ ਬਣਾਈ ਰੱਖਣ ਲਈ ਵਾਰ-ਵਾਰ ਪਾਣੀ ਛਿੜਕਾਏ ਜਾਂਦੇ ਤੇ ਕਈ ਹੀਲੇ ਕੀਤੇ ਜਾਂਦੇ ਕਿ ਇਸ ਸੜਕ 'ਤੇ ਥੋੜਾ ਜਿਹਾ ਘੱਟਾ-ਮਿੱਟੀ ਵੀ ਨਾ ਉਡੇ। ਸ਼ਾਮ ਵੇਲੇ ਇਸ ਸੜਕ 'ਤੇ ਖ਼ਾਸੀ ਰੌਣਕ ਹੋ ਜਾਂਦੀ ਸੀ।

ਇਸ ਠੰਢੀ ਸੜਕ 'ਤੇ, ਜਿੱਥੇ ਵੱਡੀਆਂ-ਵੱਡੀਆਂ ਸ਼ਾਨਦਾਰ ਬਿਲਡਿੰਗਾਂ ਸਨ, ਓਥੇ ਹੀ ਕਈ ਬੁੱਤ ਵੀ ਖੜੇ ਕੀਤੇ ਗਏ ਸਨ। ਉਨ੍ਹਾਂ ਸਮਿਆਂ ਵਿਚ ਇਸ ਸੜਕ 'ਤੇ ਜਿਹੜੇ ਬੁੱਤ ਲੱਗੇ ਹੋਏ ਸਨ, ਉਹ ਬਹੁਤੇ ਅੰਗਰੇਜ਼ ਹੁਕਮਰਾਨਾਂ ਦੇ ਹੀ ਸਨ। ਇਨ੍ਹਾਂ ਵਿਚੋਂ ਐਡਵਰਡ, ਮਲਿਕਾ ਵਿਕਟੋਰੀਆ ਤੇ ਲਾਰਡ ਲਾਰੈਂਸ ਦੇ ਬੁੱਤ ਵਰਨਣਯੋਗ ਸਨ। ਮਾਲ ਰੋਡ ਨੇੜੇ ਲਾਹੌਰ ਦਾ ਪ੍ਰਸਿੱਧ ਬਾਗ਼ ਲਾਰਡ ਲਾਰੈਂਸ ਦੇ ਨਾਂ 'ਤੇ ਲਾਰੈਂਸ ਗਾਰਡਨ ਵੱਜਦਾ ਸੀ। ਲਾਰਡ ਲਾਰੈਂਸ ਦਾ ਬੁੱਤ ਸਰ ਗੰਗਾ ਰਾਮ ਲਾਇਬ੍ਰੇਰੀ ਕੋਲ ਲੱਗਾ ਹੋਇਆ ਸੀ। ਇਹ ਬੁੱਤ ਖ਼ਾਸ ਕਰ ਕੇ ਪੰਜਾਬ ਦੇ ਮੱਥੇ 'ਤੇ ਲੱਗਾ ਕਾਲਖ਼ ਦਾ ਧੱਬਾ ਸੀ। ਲਾਰੈਂਸ ਦੇ ਬੁੱਤ ਦੇ ਇਕ ਹੱਥ ਵਿਚ ਕਲਮ ਸੀ ਤੇ ਦੂਜੇ ਹੱਥ ਵਿਚ ਤਲਵਾਰ ਵਿਖਾਈ ਗਈ ਸੀ। ਬੁੱਤ ਉੱਤੇ ਹਿੰਦੁਸਤਾਨੀਆਂ ਨੂੰ ਸੰਬੋਧਨ ਕਰ ਕੇ ਲਿਖਿਆ ਹੋਇਆ ਸੀ:

'ਹਿੰਦੋਸਤਾਨੀਓ! ਹਕੂਮਤ ਕਲਮ ਨਾਲ ਚਾਹੁੰਦੇ ਹੋ ਜਾਂ ਤਲਵਾਰ ਨਾਲ?'

ਇਹ ਸ਼ਬਦ ਹਿੰਦੁਸਤਾਨੀਆਂ ਲਈ ਵੰਗਾਰ ਸਨ। ਉਨ੍ਹਾਂ ਦੀ ਅਣਖ਼ ਨੂੰ ਚੈਲੰਜ ਸੀ। ਉਨ੍ਹਾਂ ਨੂੰ ਦਿੱਤਾ ਗਿਆ ਡਰਾਵਾ ਸੀ ਕਿ ਜਾਂ ਤਾਂ ਉਹ ਚੁੱਪ-ਚਾਪ ਅੰਗਰੇਜ਼ਾਂ ਦੀ ਕਲਮ ਜੋ ਲਿਖਦੀ, ਕਹਿੰਦੀ ਤੇ ਕਰਦੀ ਹੈ, ਉਹਦੇ ਮੁਤਾਬਕ ਆਪਣਾ ਜੀਵਨ ਪਸ਼ੂਆਂ ਵਾਂਗ ਉਨ੍ਹਾਂ ਦੇ ਡੰਡੇ ਖਾਂਦੇ ਹੋਏ ਗੁਜ਼ਾਰ ਦੇਣ ਤੇ ਜੇ ਉਹ ਅਜਿਹਾ ਨਹੀਂ ਕਰਨਗੇ ਤਾਂ ਉਨ੍ਹਾਂ ਦੇ ਸਵੈਮਾਣ ਵਿਚ ਉੱਚੇ ਉੱਠੇ ਸਿਰਾਂ ਵਾਸਤੇ ਤਲਵਾਰ ਹਾਜ਼ਰ ਹੈ। ਉਹ ਮਰਨਾ ਚਾਹੁੰਦੇ ਨੇ ਤਾਂ ਤਲਵਾਰ ਹੇਠਾਂ ਸਿਰ ਕਰਨ ਦੀ ਚੋਣ ਕਰ ਲੈਣ ਤੇ ਜੇ ਗੁਲਾਮੀ ਦਾ ਬੋਝ ਤੇ ਜ਼ੁਲਮ ਸਹਿਣ ਲਈ ਤਿਆਰ ਹਨ ਤਾਂ ਜੋ ਵੀ ਅੰਗਰੇਜ਼ ਕਹਿੰਦਾ ਤੇ ਕਰਦਾ ਹੈ, ਉਹਨੂੰ ਮੰਨੀ ਤੇ ਕਰੀ ਜਾਣ।

ਜਿਹੜਾ ਵੀ ਪੜ੍ਹਦਾ, ਉਹਦਾ ਖ਼ੂਨ ਖੌਲਣ ਲੱਗ ਜਾਂਦਾ। ਇਹ ਰੋਸ ਏਥੋਂ ਤੱਕ ਫ਼ੈਲ ਗਿਆ ਕਿ ਗੱਲ ਮਹਾਤਮਾ ਗਾਂਧੀ ਤੱਕ ਵੀ ਪਹੁੰਚ ਗਈ। ਮਹਾਤਮਾ ਗਾਂਧੀ ਨੂੰ ਇਨ੍ਹਾਂ ਸ਼ਬਦਾਂ ਵਿਰੁੱਧ ਜ਼ੋਰਦਾਰ ਪਰੋਟੈਸਟ ਕਰਨਾ ਹੀ ਪਿਆ। ਜਦੋਂ ਉਨ੍ਹਾਂ ਦੀ ਗੱਲ ਨਾ ਮੰਨੀ ਗਈ ਤਾਂ ਉਨ੍ਹਾਂ ਨੇ ਇਹ ਸ਼ਬਦ ਬੁੱਤ ਉੱਤੋਂ ਮਿਟਾਉਣ ਲਈ ਸੱਤਿਆਗ੍ਰਹਿ ਕਰਨ ਦਾ ਸੱਦਾ ਵੀ ਦੇ ਦਿੱਤਾ। ਅੱਜ ਅਸੀਂ ਜਿਸ ਗੁੰਮਨਾਮ ਹੀਰੋ ਦੀ ਕਹਾਣੀ ਸਾਂਝੀ ਕਰਨ ਲੱਗੇ ਹਾਂ, ਉਸਨੇ ਵੀ ਆਪਣਾ ਨਾਂ ਸੱਤਿਆਗ੍ਰਹਿ ਲਈ ਘੱਲ ਦਿੱਤਾ।

ਉਨ੍ਹਾਂ ਵੇਲਿਆਂ ਵਿਚ ਵੀ ਲਾਹੌਰ ਵਾਸੀਆਂ ਨੂੰ ਇਹ ਸਹੂਲਤ ਸੀ ਕਿ ਦਿਨ ਚੜ੍ਹਨ ਤੋਂ ਪਹਿਲਾਂ ਹੀ ਤਾਜ਼ਾ ਅਖ਼ਬਾਰ ਉਨ੍ਹਾਂ ਦੀਆਂ ਬਰੂਹਾਂ 'ਤੇ ਪਿਆ ਹੁੰਦਾ ਸੀ।

1 ਮਈ 1923 ਨੂੰ ਨਾ ਸਿਰਫ਼ ਲਾਹੌਰ ਸ਼ਹਿਰ, ਨਾ ਸਿਰਫ਼ ਪੰਜਾਬ ਸਗੋਂ ਹਿੰਦੁਸਤਾਨ ਦੇ ਲੋਕ ਜਦੋਂ ਸਵੇਰੇ ਆਪਣੀ ਨੀਂਦ ਤੋਂ ਜਾਗੇ, ਉਨ੍ਹਾਂ ਨੇ ਅਖ਼ਬਾਰਾਂ ਵਿਚ ਇਕ ਅਜਿਹੀ ਖ਼ਬਰ ਪੜ੍ਹੀ ਜਿਸ ਨੇ ਤਹਿਲਕਾ ਮਚਾ ਦਿੱਤਾ। ਇਸ ਖ਼ਬਰ ਦਾ ਸਿਰਲੇਖ ਸੀ:

'ਮੈਂ 15 ਮਈ ਨੂੰ ਲਾਰੈਂਸ ਦੇ ਬੁੱਤ ਨੂੰ ਜੜ੍ਹੋਂ ਉਖਾੜਨ ਜਾਵਾਂਗਾ।'

ਓਸੇ ਸਵੇਰ ਨੂੰ ਲਾਹੌਰੀਆਂ ਨੇ ਇਹ ਵੀ ਵੇਖਿਆ ਕਿ ਉਨ੍ਹਾਂ ਦੀਆਂ ਦੁਕਾਨਾਂ ਤੇ ਮਕਾਨਾਂ ਨਾਲ ਹੱਥ ਲਿਖਿਤ ਇਸ਼ਤਿਹਾਰ ਵੀ ਲੱਗੇ ਹੋਏ ਸਨ, ਜਿਨ੍ਹਾਂ ਵਿਚ ਅਖ਼ਬਾਰ ਵਾਲੀ ਖ਼ਬਰ ਦਾ ਹੀ ਮਜ਼ਮੂਨ ਸੀ।

ਸਾਰਾ ਲਾਹੌਰ ਇਹ ਖ਼ਬਰ ਪੜ੍ਹ ਕੇ ਰੁਮਾਂਚਿਤ ਹੋ ਉਠਿਆ ਸੀ। ਆਖ਼ਰ ਇਹ ਉਨ੍ਹਾਂ ਸਭਨਾਂ ਦੀ ਇੱਜ਼ਤ ਤੇ ਅਣਖ਼ ਦਾ ਸਵਾਲ ਸੀ। ਉਹ ਆਪ ਤਾਂ ਅੱਜ ਤੱਕ ਇਸ ਬੁੱਤ ਨੂੰ ਉਖਾੜਨ ਲਈ ਕੁਝ ਨਹੀਂ ਸਨ ਕਰ ਸਕੇ ਪਰ ਜੇ ਕੋਈ ਹੋਰ ਸੂਰਮਾ ਇਹ ਕੰਮ ਕਰਨ ਲੱਗਾ ਸੀ, ਤਾਂ ਸਚਮੁਚ ਸਭਨਾਂ ਦੇਸ਼ਵਾਸੀਆਂ ਦੇ ਸੀਨੇ ਠੰਢ ਪਾਉਣ ਵਾਲੀ ਗੱਲ ਕਰਨ ਲੱਗਾ ਸੀ।

ਸਾਰਿਆਂ ਦੇ ਮਨ ਵਿਚ ਖੁਤਖੁਤੀ ਤੇ ਜਗਿਆਸਾ ਸੀ ਕਿ ਕਦੋਂ 15 ਮਈ ਆਵੇ ਤੇ ਕਦੋਂ ਉਹ ਇਹ ਕੌਤਕ ਵੇਖ ਸਕਣ। ਕੌਤਕ ਹੀ ਤਾਂ ਸੀ। ਨਹੀਂ ਤਾਂ ਲਾਰੈਂਸ ਦੇ ਬੁੱਤ ਨੂੰ ਤੋੜਨਾ ਕੋਈ ਖਾਲਾ ਜੀ ਦਾ ਵਾੜਾ ਸੀ?

ਇਹ ਐਲਾਨ ਕਰਨ ਵਾਲੇ ਸਾਡੇ ਗੁੰਮਨਾਮ ਹੀਰੋ ਦਾ ਨਾਂ ਅਮਰੀਕ ਸਿੰਘ ਸੀ। ਉਨ੍ਹੀਂ ਦਿਨੀਂ ਉਹਦੀ ਰਿਹਾਇਸ਼ ਗੁਜਰਾਂਵਾਲੇ ਸ਼ਹਿਰ ਵਿਚ ਸੀ। ਅਮਰੀਕ ਸਿੰਘ ਨੇ ਐਲਾਨ ਕੀ ਕੀਤਾ ਕਿ ਹਕੂਮਤ ਨੂੰ ਵਖ਼ਤ ਪੈ ਗਿਆ। ਸਾਰੀ ਸੀ ਆਈ ਡੀ ਹਰਕਤ ਵਿਚ ਆ ਗਈ। ਉਹ ਲੱਗੀ ਅਮਰੀਕ ਸਿੰਘ ਦੀ ਭਾਲ ਕਰਨ। ਅਮਰੀਕ ਸਿੰਘ ਨੇ ਆਪਣਾਂ ਨਾਂ ਦੇ ਕੇ ਇਹ ਖ਼ਬਰ ਛਪਵਾਈ ਸੀ। ਅਮਰੀਕ ਸਿੰਘ ਨੂੰ ਵੀ ਪਤਾ ਸੀ ਕਿ ਖ਼ਬਰ ਪੜ੍ਹਦਿਆਂ ਹੀ ਉਹਨੂੰ ਫੜਨ ਲਈ ਕਾਰਵਾਈ ਸ਼ੁਰੂ ਹੋ ਜਾਣੀ ਹੈ, ਸੋ ਉਹ ਘਰ ਛੱਡ ਕੇ ਅੰਡਰ-ਗਰਾਊਂਡ ਹੋ ਗਿਆ। ਉਹਦਾ ਮਕਸਦ ਫੜੇ ਜਾਣਾ ਨਹੀਂ ਸੀ, ਸਗੋਂ ਆਪਣੇ ਮਿਥੇ ਨਿਸ਼ਾਨੇ ਨੂੰ ਫ਼ਤਹਿ ਕਰਨਾ ਸੀ।

ਅਮਰੀਕ ਸਿੰਘ ਨੇ ਹਕੂਮਤ ਨੂੰ ਪੰਦਰਾਂ ਦਿਨ ਦਾ ਨੋਟਿਸ ਦਿੱਤਾ ਸੀ। ਪੰਦਰਾਂ ਦਿਨ ਹੀ ਪੁਲਿਸ ਨੇ ਥਾਂ-ਥਾਂ ਦੀ ਖ਼ਾਕ ਛਾਣ ਮਾਰੀ ਪਰ ਅਮਰੀਕ ਸਿੰਘ ਉਨ੍ਹਾਂ ਦੇ ਹੱਥ ਨਾ ਆਇਆ। ਜਿਵੇਂ ਸਰਕਾਰਾਂ ਸਦਾ ਕਰਦੀਆਂ ਆਈਆਂ ਨੇ, ਪੁਲਿਸ ਨੇ ਅਮਰੀਕ ਸਿੰਘ ਦੇ ਪਰਿਵਾਰ ਵਾਲਿਆਂ, ਉਹਦੇ ਸਾਕਾਂ ਸੰਬੰਧੀਆਂ ਤੇ ਦੋਸਤਾਂ ਮਿੱਤਰਾਂ ਨੂੰ ਉਹਦਾ ਅਤਾ-ਪਤਾ ਪੁੱਛਣ ਲਈ ਬੜਾ ਤੰਗ ਕੀਤਾ। ਆਂਢ-ਗੁਆਂਢ ਦੇ ਲੋਕਾਂ ਕੋਲੋਂ ਪੁੱਛ-ਪੜਤਾਲ ਕੀਤੀ ਗਈ। ਕਈ ਸ਼ਹਿਰੀਆਂ ਕੋਲੋਂ ਵੀ ਸਖ਼ਤ ਪੁੱਛ ਗਿੱਛ ਹੋਈ। ਪਰ ਅਮਰੀਕ ਸਿੰਘ ਸੀ, ਜੋ ਜਾਂ ਤਾਂ ਖ਼ਬਰੇ ਪਰ ਲਾ ਕੇ ਅਸਮਾਨ ਵਿਚ ਉਡ ਗਿਆ ਸੀ ਤੇ ਜਾਂ ਕਿਧਰੇ ਜ਼ਮੀਨ ਵਿਚ ਧਸ ਗਿਆ ਹੋਇਆ ਸੀ। ਮਹਾਤਮਾਂ ਗਾਂਧੀ ਨੇ ਤਾਂ ਅਜੇ ਆਪਣਾ ਸੱਤਿਆਗ੍ਰਹਿ ਕਦੋਂ ਸ਼ੁਰੂ ਕਰਨਾ ਸੀ। ਸੱਤਿਆਗ੍ਰਹਿ ਵਿਚ ਹਿੱਸਾ ਲੈਣ ਦਾ ਇਰਾਦਾ ਰੱਖਣ ਵਾਲੇ ਤਾਂ ਅਜੇ ਮਹਾਤਮਾ ਗਾਂਧੀ ਨੂੰ ਆਪਣੇ ਨਾਂ ਹੀ ਘੱਲ ਰਹੇ ਸਨ ਜਦ ਕਿ ਦੂਜੇ ਪਾਸੇ ਅਮਰੀਕ ਸਿੰਘ ਨੇ ਇਸ ਉੱਤੇ ਅਮਲ ਵੀ ਸ਼ੁਰੂ ਕਰ ਦਿੱਤਾ ਸੀ।

ਉਂਜ ਤਾਂ ਸਾਰੇ ਪੰਜਾਬ ਦੇ ਲੋਕ ਬੜੀ ਉਤਸੁਕਤਾ ਨਾਲ 15 ਮਈ ਦੇ ਦਿਨ ਨੂੰ ਉਡੀਕ ਰਹੇ ਸਨ ਪਰ ਲਾਹੌਰੀਆਂ ਦੇ ਮਨ ਵਿਚ ਇਹ ਖ਼ਦਸ਼ਾ ਵੀ ਸੀ ਕਿ ਉਨ੍ਹਾਂ ਦਾ ਹੀਰੋ ਕਿਤੇ ਫੜਿਆ ਨਾ ਜਾਵੇ। ਉਹ ਉਹਦੇ ਸੁਰੱਖਿਅਤ ਬਚੇ ਰਹਿਣ ਲਈ ਦੁਆਵਾਂ ਵੀ ਕਰ ਰਹੇ ਸਨ ਤੇ ਨਾਲੇ ਉਡੀਕ ਰਹੇ ਸਨ ਉਹ ਦਿਹਾੜਾ, ਜਿਸ ਦਿਨ ਉਨ੍ਹਾਂ ਦੇ ਮਨ ਦੀ ਮੁਰਾਦ ਪੂਰੀ ਹੋਣੀ ਸੀ ਤੇ ਲਾਰੈਂਸ ਦਾ ਬੁੱਤ ਉਖਾੜਿਆ ਜਾਣਾ ਸੀ।

ਪੁਲਿਸ ਉਹਨੂੰ ਫੜਨ ਲਈ ਥਾਂ-ਥਾਂ ਛਾਪੇ ਮਾਰ ਰਹੀ ਸੀ, ਲੋਕਾਂ ਕੋਲੋਂ ਪੁੱਛ-ਗਿੱਛ ਕਰ ਰਹੀ ਸੀ ਪਰ ਅਮਰੀਕ ਸਿੰਘ ਉਨ੍ਹਾਂ ਦੇ ਕਾਬੂ ਨਹੀਂ ਸੀ ਆਇਆ। ਆਪਾਂ ਜਾਣਦੇ ਹਾਂ ਕਿ ਸ਼ੇਖ਼ੂਪੁਰਾ ਵੀ ਗੁਜਰਾਂਵਾਲੇ ਵਾਂਗ ਪਾਕਿਸਤਾਨ ਦਾ ਹੀ ਇਕ ਸ਼ਹਿਰ ਹੈ। ਇਹ ਸ਼ਹਿਰ ਰਕਬੇ ਦੇ ਲਿਹਾਜ਼ ਨਾਲ ਗੁਜਰਾਂਵਾਲੇ ਨਾਲੋਂ ਛੋਟਾ ਹੈ। ਪਰ ਵਿਰਕਾਂ ਦੀ ਵਸੋਂ ਵਾਲਾ ਇਹ ਸ਼ਹਿਰ ਵੀ ਆਪਣੀ ਤਰ੍ਹਾਂ ਦਾ ਆਪ ਹੀ ਹੈ।

15 ਮਈ 1923 ਦਾ ਦਿਨ ਉਹ ਦਿਨ ਸੀ, ਜਿਸ ਦਿਨ ਅਮਰੀਕ ਸਿੰਘ ਨੇ ਲਾਰੈਂਸ ਦੇ ਬੁੱਤ ਨੂੰ ਜੜ੍ਹੋਂ ਉਖਾੜਨਾ ਸੀ। ਏਸੇ ਦਿਨ ਸਵੇਰੇ ਜਾਣ-ਪਛਾਣ ਵਾਲੇ ਲੋਕਾਂ ਵੱਲੋਂ ਅਮਰੀਕ ਸਿੰਘ ਨੂੰ ਸ਼ੇਖ਼ੂਪੁਰਾ ਸ਼ਹਿਰ ਵਿਚ ਵੇਖਿਆ ਗਿਆ ਸੀ। ਉਹ ਹੁਣ ਇਸ ਫ਼ਿਕਰ ਵਿਚ ਸੀ ਕਿ ਲਾਹੌਰ ਕਿਵੇਂ ਪਹੁੰਚਿਆ ਜਾਵੇ। ਉਹਨੇ ਬੁੱਤ ਵਾਲੀ ਥਾਂ 'ਤੇ ਪੁੱਜਣ ਦਾ ਵਕਤ ਦਿਨ ਦੇ ਬਾਰਾਂ ਵਜੇ ਦਾ ਦਿੱਤਾ ਹੋਇਆ ਸੀ। ਉਹ ਸੋਚ ਰਿਹਾ ਸੀ ਕਿ ਜੇ ਸਟੇਸ਼ਨ 'ਤੇ ਜਾ ਕੇ ਗੱਡੀ 'ਤੇ ਸਵਾਰ ਹੁੰਦਾ ਹੈ ਤਾਂ ਐਨ ਸੰਭਵ ਹੈ ਕਿ ਪੁਲਿਸ ਉਹਨੂੰ ਰਸਤੇ ਵਿਚ ਹੀ ਬੋਚ ਲਵੇ। ਮੋਟਰ ਵਿਚ ਜਾਣਾ ਵੀ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਉਹਨੇ ਸੋਚਿਆ ਕਿ ਸਮੇਂ ਸਿਰ ਟਿਕਾਣੇ 'ਤੇ ਪਹੁੰਚਣਾ ਵੀ ਜ਼ਰੂਰੀ ਹੈ, ਪਰ ਪਹੁੰਚਿਆ ਕਿਵੇਂ ਜਾਵੇ। ਸਾਰੇ ਰਾਹ ਬੰਦ ਜਾਪਦੇ ਸਨ। ਹਾਂ ਇਹ ਹੋ ਸਕਦਾ ਸੀ ਕਿ ਕਿਸੇ ਸਾਧਾਰਨ ਜਿਹੇ ਸਟੇਸ਼ਨ ਤੋਂ ਗੱਡੀ ਫੜੀ ਜਾਵੇ ਜਿੱਥੇ ਪੁਲਿਸ ਜਾਂ ਸੀ ਆਈ ਡੀ ਵਾਲਿਆਂ ਦੀ ਨਜ਼ਰ ਨਾ ਪਵੇ।

ਉਹਨੇ ਕੀ ਕੀਤਾ, ਇਕ ਘੋੜਾ ਲਿਆ ਤੇ ਉਹਦੇ ਉੱਤੇ ਸਵਾਰ ਹੋ ਕੇ ਚੀਚੋਕੇ ਮੱਲ੍ਹੀਆਂ ਨਾਂ ਦੇ ਸਟੇਸ਼ਨ 'ਤੇ ਚਲਾ ਗਿਆ। ਓਥੋਂ ਉਹ ਗੱਡੀ 'ਤੇ ਸਵਾਰ ਹੋ ਗਿਆ ਤੇ ਲਾਹੌਰ ਤੋਂ ਪਹਿਲਾਂ ਹੀ ਪੈਂਦੇ ਕਿਸੇ ਹੋਰ ਸਟੇਸ਼ਨ 'ਤੇ ਉਤਰ ਗਿਆ।

ਸਟੇਸ਼ਨ ਤੋਂ ਉਤਰ ਕੇ ਉਹਨੇ ਵੇਖਿਆ ਕਿ ਕੁਝ ਰਾਜ ਮਿਸਤਰੀ ਇਮਾਰਤ ਦੀ ਉਸਾਰੀ ਦਾ ਕੰਮ ਕਰ ਰਹੇ ਸਨ। ਉਹਨੇ ਉਨ੍ਹਾਂ ਕੋਲੋਂ ਤਿੰਨਾਂ ਰੁਪਿਆਂ ਵਿਚ ਇਕ ਤੇਸੀ ਲਈ ਤੇ ਉਸ ਤੇਸੀ ਨੂੰ ਆਪਣੀ ਬੁੱਕਲ ਵਿਚ ਲੁਕਾ ਕੇ ਲਾਹੌਰ ਸ਼ਹਿਰ ਵੱਲ ਚਾਲੇ ਪਾ ਲਏ।

ਓਧਰ ਲਾਹੌਰ ਸ਼ਹਿਰ ਦੇ ਵਸਨੀਕ ਤਾਂ ਇਸ ਦਿਨ ਦੀ ਸਾਹ ਰੋਕ ਕੇ ਉਡੀਕ ਕਰ ਰਹੇ ਸਨ। 15 ਮਈ ਦੀ ਸਵੇਰ ਨੂੰ ਲਾਹੌਰ ਸ਼ਹਿਰ ਦੇ ਵਸਨੀਕ ਘਰਾਂ ਵਿਚੋਂ ਆਪ-ਮੁਹਾਰੇ ਨਿਕਲਣ ਲੱਗੇ ਤੇ ਗਲੀਆਂ-ਮੁਹੱਲਿਆਂ ਵਿਚੋਂ ਹੌਲੀ-ਹੌਲੀ ਤੁਰਦੇ ਠੰਢੀ ਸੜਕ ਵੱਲ ਵਧਣ ਲੱਗੇ। ਇਨ੍ਹਾਂ ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਸਾਰੇ ਮਜ਼੍ਹਬਾਂ ਦੇ ਲੋਕ ਸ਼ਾਮਲ ਸਨ। ਇਹ ਸਾਰਿਆਂ ਦੀ ਇੱਜ਼ਤ ਤੇ ਅਣਖ਼ ਦਾ ਸਵਾਲ ਸੀ। ਏਥੇ ਮਜ਼੍ਹਬਾਂ ਦੇ ਵੱਟਾਂ ਬੰਨੇ ਕੋਈ ਅਰਥ ਨਹੀਂ ਸਨ ਰੱਖਦੇ। ਹੌਲੀ-ਹੌਲੀ ਠੰਢੀ ਸੜਕ 'ਤੇ ਲੋਕਾਂ ਦੀ ਬੇਸ਼ੁਮਾਰ ਭੀੜ ਇਕੱਠੀ ਹੋ ਗਈ। ਲੋਕ ਟੋਲੀਆਂ ਬੰਨ੍ਹ-ਬੰਨ੍ਹ ਕੇ ਵੀ ਖਲੋਤੇ ਸਨ ਤੇ ਏਧਰ-ਓਧਰ ਫਿਰਦੇ ਵੀ ਵਿਖਾਈ ਦੇ ਰਹੇ ਸਨ। ਪੁਲਿਸ ਦੇ ਕਈ ਦਸਤੇ ਲਾਰਡ ਲਾਰੈਂਸ ਦੇ ਬੁੱਤ ਦਵਾਲੇ ਘੇਰਾ ਪਾਈ ਪਹਿਰਾ ਦੇ ਰਹੇ ਸਨ। ਬੰਦੂਕਾਂ ਨਾਲ ਲੈਸ ਪੁਲਿਸ ਹਰ ਖ਼ਤਰੇ ਦਾ ਮੁਕਾਬਲਾ ਕਰਨ ਲਈ ਤਿਆਰ-ਬਰ-ਤਿਆਰ ਖੜੀ ਸੀ। ਪੁਲਿਸ ਵਾਲੇ ਕਿਸੇ ਨੂੰ ਵੀ ਬੁੱਤ ਦੇ ਨੇੜੇ-ਤੇੜੇ ਫੜਕਣ ਨਹੀਂ ਸਨ ਦੇ ਰਹੇ। ਉਹ ਹਰ ਇਕ ਨੂੰ ਸ਼ੱਕ ਦੀ ਨਜ਼ਰ ਨਾਲ ਵੇਖ ਰਹੇ ਸਨ।

ਓਧਰ ਲੋਕ ਬਾਰ-ਬਾਰ ਆਪਣੀਆਂ ਘੜੀਆਂ ਵੇਖ ਰਹੇ ਸਨ। ਜਦੋਂ ਕੁਝ ਵੀ ਅਜਿਹਾ ਨਾ ਦਿਸਿਆ, ਜਿਸ ਦੀ ਕਿ ਆਸ ਸੀ ਤਾਂ, ਕਈ ਤਾਂ ਇਹਨੂੰ ਸ਼ੁਗਲ-ਮੇਲਾ ਹੀ ਸਮਝਣ ਲੱਗ ਪਏ ਕਿ ਇਹ ਐਵੇਂ ਕਿਸੇ ਨੇ ਸਰਕਾਰ ਨੂੰ ਮੂਰਖ਼ ਬਣਾਉਣ ਦੀ ਤਰਕੀਬ ਸੋਚੀ ਹੈ।

ਕੋਈ ਕਹਿੰਦਾ, 'ਲੈ ਭਈ, ਕਿਸੇ ਨੇ ਚੰਗਾ ਸਰਕਾਰ ਨੂੰ ਬੁੱਧੂ ਬਣਾਇਆ ਹੈ।'

ਕੋਈ ਕਹਿ ਰਿਹਾ ਸੀ, 'ਜੀ ਕੌਣ ਭਲਾਮਾਣਸ ਅਜਿਹਾ ਕੰਮ ਕਰ ਕੇ ਆਪਣੇ ਆਪ ਨੂੰ ਮੁਸੀਬਤ ਦੇ ਮੂੰਹ ਪਾਉਂਦਾ ਹੈ?'

ਕਿਸੇ ਦੇ ਮੂੰਹੋਂ ਨਿਕਲਦਾ, 'ਪਰ ਜੀ, ਸਾਨੂੰ ਕੌਣ ਭਲਾਮਾਣਸ ਆਖੇ ਜਿਹੜੇ ਅਖ਼ਬਾਰਾਂ ਦੀਆਂ ਖ਼ਬਰਾਂ 'ਤੇ ਇਤਬਾਰ ਕਰ ਕੇ ਆਪਣੇ ਕੰਮ ਕਾਰ ਛੱਡ ਕੇ ਏਥੇ ਆ ਗਏ ਹਾਂ।'

ਇਹ ਗੱਲ ਸੁਣ ਕੇ ਕੋਈ ਹੋਰ ਜਵਾਬ ਦਿੰਦਾ, 'ਜੇ ਅਖ਼ਬਾਰਾਂ ਵਾਲੇ ਅਜਿਹੀਆਂ ਖ਼ਬਰਾਂ ਨਾ ਛਾਪਣ ਤਾਂ ਉਨ੍ਹਾਂ ਦੇ ਅਖ਼ਬਾਰ ਕਿਵੇਂ ਵਿਕਣ?'

ਗੱਲ ਕੀ ਜਿੰਨੇ ਮੂੰਹ, ਓਨੀਆਂ ਗੱਲਾਂ ਹੋ ਰਹੀਆਂ ਸਨ।

ਬਾਰਾਂ ਵੱਜਣ ਵਾਲੇ ਸਨ ਪਰ ਬੁੱਤ ਤੋੜਨ ਵਾਲੇ ਦੀ ਕੋਈ ਉਘ-ਸੁਘ ਨਹੀਂ ਸੀ। ਲੋਕਾਂ ਨੇ ਸਮਝਿਆ, ਉਨ੍ਹਾਂ ਨਾਲ ਧੋਖਾ ਹੋਇਆ ਹੈ।

ਉਹ ਨਿਰਾਸ਼ਾ ਦੇ ਆਲਮ ਵਿਚ ਸਨ। ਜਦੋਂ ਘੜਿਆਲ ਨੇ ਇਕ-ਇਕ ਕਰ ਕੇ ਬਾਰਾਂ ਵਜਾ ਦਿੱਤੇ ਤਾਂ ਓਸੇ ਵੇਲੇ ਉਚੀ ਆਵਾਜ਼ ਗੂੰਜੀ:

'ਨਹੀਂ ਰੱਖਣੀ ਸਰਕਾਰ, ਜ਼ਾਲਮ ਨਹੀਂ ਰੱਖਣੀ।'

ਇਕ ਨੌਜਵਾਨ ਮੋਢੇ 'ਤੇ ਤੇਸੀ ਰੱਖੀ ਗਾਉਂਦਾ ਹੋਇਆ ਲਾਰੈਂਸ ਦੇ ਬੁੱਤ ਵੱਲ ਤੇਜ਼ ਕਦਮੀ ਅੱਗੇ ਨੂੰ ਵਧਿਆ। ਲੋਕਾਂ ਵਿਚ ਇਹ ਵੇਖ-ਸੁਣ ਕੇ ਸੰਨਾਟਾ ਛਾ ਗਿਆ। ਪੁਲਿਸ ਨੇ ਬੜੀ ਹੀ ਫੁਰਤੀ ਨਾਲ ਅਮਰੀਕ ਸਿੰਘ ਨੂੰ ਘੇਰੇ ਵਿਚ ਲੈ ਲਿਆ। ਬੰਦੂਕਾਂ ਤੇ ਮਸ਼ੀਨ ਗੰਨਾਂ ਤਣ ਗਈਆਂ। ਪੁਲਿਸ ਅਫ਼ਸਰ ਅਮਰੀਕ ਸਿੰਘ ਨੂੰ ਹੱਥਕੜੀ ਲਾਉਣ ਲਈ ਅੱਗੇ ਵਧੇ, ਪਰ ਅਮਰੀਕ ਸਿੰਘ ਨੇ ਉਨ੍ਹਾਂ ਨੂੰ ਤੇਸੀ ਦਾ ਡਰਾਵਾ ਦੇ ਕੇ ਤੇ ਪਿੱਛੇ ਹਟਾ ਕੇ ਬੁੱਤ ਵੱਲ ਵਧਣਾ ਸ਼ੁਰੂ ਕੀਤਾ। ਜ਼ਾਹਿਰ ਹੈ ਕਿ ਇਕੱਲੇ ਜਣੇ ਦੀ ਪੁਲਿਸ ਦੀ ਹਥਿਆਰਾਂ ਨਾਲ ਲੈਸ ਭੀੜ ਅੱਗੇ ਕੀ ਵਾਹ ਚੱਲਣੀ ਸੀ। ਪਰ ਉਹਨੇ ਆਪਣੀ ਹਰ ਵਾਹ ਲਾਈ ਤੇ ਪੁਲਿਸ ਦਾ ਘੇਰਾ ਤੋੜ ਕੇ ਅੱਗੇ ਵਧਣ ਦੀ ਹਰ ਸੰਭਵ ਕੋਸ਼ਿਸ਼ ਵੀ ਕੀਤੀ। ਪਰ ਪੁਲਿਸ ਨੇ ਘੇਰ ਕੇ ਉਹਨੂੰ ਜੱਫਾ ਮਾਰ ਲਿਆ ਤੇ ਹੱਥਕੜੀ ਲਾ ਕੇ ਗ੍ਰਿਫ਼ਤਾਰ ਕਰ ਲਿਆ।

ਲਾਹੌਰੀਆਂ ਦੇ ਮਨ ਖ਼ੁਸ਼ ਹੋ ਗਏ। ਕੀ ਹੋਇਆ ਜੇ ਬੁੱਤ ਨੂੰ ਤੋੜ ਨਹੀਂ ਸਕਿਆ ਪਰ ਕੋਈ ਮਰਦ ਨਿੱਤਰਿਆ ਤਾਂ ਸਹੀ ਸਰਕਾਰ ਨੂੰ ਇਸ ਅੰਦਾਜ਼ ਵਿਚ ਟੱਕਰਨ ਲਈ।

ਜ਼ਾਹਿਰ ਹੈ ਅਮਰੀਕ ਸਿੰਘ 'ਤੇ ਮੁਕੱਦਮਾ ਚੱਲਣਾ ਹੀ ਸੀ।

ਜਦੋਂ ਉਸਨੂੰ ਜ਼ਿਲ੍ਹਾ ਮਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਮਜਿਸਟਰੇਟ ਨੇ ਅਮਰੀਕ ਸਿੰਘ ਨੂੰ ਕਿਹਾ, 'ਤੂੰ ਕਹਿ ਦੇ ਕਿ ਮੇਰਾ ਦਿਮਾਗ਼ ਖ਼ਰਾਬ ਹੋ ਗਿਆ ਸੀ।'

ਸਰਕਾਰ ਦਾ ਮਨਸ਼ਾ ਸੀ ਕਿ ਉਹਦੇ ਇਸ ਐਕਸ਼ਨ ਨੂੰ 'ਪਾਗਲਪਨ' ਕਰਾਰ ਦੇ ਕੇ ਲੋਕਾਂ ਦੇ ਅੱਖੀਂ ਘੱਟਾ ਪਾਇਆ ਜਾ ਸਕੇ ਕਿ ਕੋਈ ਅਕਲਮੰਦ ਭਾਰਤੀ ਅਜਿਹੀ ਗੱਲ ਨਹੀਂ ਕਹਿ ਤੇ ਕਰ ਸਕਦਾ, ਜੋ ਅਮਰੀਕ ਸਿੰਘ ਨੇ ਕੀਤੀ ਸੀ।

ਪਰ ਅਮਰੀਕ ਸਿੰਘ ਨੇ ਜਵਾਬ ਦਿੱਤਾ, 'ਦਿਮਾਗ਼ ਮੇਰਾ ਨਹੀਂ ਖ਼ਰਾਬ, ਸਗੋਂ ਅੰਗਰੇਜ਼ਾਂ ਦਾ ਖ਼ਰਾਬ ਹੈ, ਜਿਨ੍ਹਾਂ ਸਾਨੂੰ ਗੁਲਾਮ ਬਣਾਇਆ ਹੋਇਆ ਏ।'

'ਜੇ ਤੈਨੂੰ ਹੁਣ ਛੱਡ ਦਿੱਤਾ ਜਾਵੇ ਤਾਂ ਕਿੱਥੇ ਜਾਵੇਂਗਾ?' ਮੈਜਿਸਟਰੇਟ ਨੇ ਜਾਨਣਾ ਚਾਹਿਆ,

'ਸਿੱਧਾ ਲਾਰੈਂਸ ਦੇ ਬੁੱਤ ਵੱਲ ਜਾਵਾਂਗਾ ਉਹਨੂੰ ਤੋੜਨ ਲਈ।' ਅਮਰੀਕ ਸਿੰਘ ਨੇ ਗਰਜ ਕੇ ਕਿਹਾ।

'ਪਰ ਤੂੰ ਇਹ ਕੰਮ ਕਿਉਂ ਕਰਨਾ ਚਾਹੁੰਦਾ ਏਂ?' ਮੈਜਿਸਟਰੇਟ ਨੇ ਪੁੱਛਿਆ।

ਅਮਰੀਕ ਸਿੰਘ ਨੇ ਆਖਿਆ, 'ਇਸ ਬੁੱਤ ਦੀ ਮੌਜੂਦਗੀ, ਮੇਰੇ ਸਰੀਰਕ ਬੁੱਤ ਦੀ ਤੌਹੀਨ ਹੈ, ਮੇਰੇ ਹੋਣ ਦੀ ਬੇਇਜ਼ਤੀ ਹੈ।'

ਪਰ ਮਜਿਸਟਰੇਟ ਨੇ ਕਈ ਤਰ੍ਹਾਂ ਦੇ ਸਵਾਲ-ਜਵਾਬ ਕਰਨ ਤੋਂ ਬਾਅਦ ਉਹਨੂੰ ਪਾਗ਼ਲ ਕਰਾਰ ਦੇ ਕੇ ਲਾਹੌਰ ਦੇ ਪਾਗ਼ਲਖ਼ਾਨੇ ਵਿਚ ਭਿਜਵਾ ਦਿੱਤਾ ਜਿੱਥੇ ਖ਼ਤਰਨਾਕ ਕਿਸਮ ਦੇ ਪਾਗ਼ਲ ਰਹਿੰਦੇ ਸਨ। ਓਥੇ ਕੋਈ ਪਾਗ਼ਲ ਅਮਰੀਕ ਸਿੰਘ ਨੂੰ ਰੋੜੇ ਮਾਰਦਾ, ਕੋਈ ਉਸ 'ਤੇ ਗੰਦਗੀ ਸੁੱਟਦਾ ਤੇ ਕੋਈ ਉਹਨੂੰ ਗਾਲ੍ਹਾਂ ਕੱਢਦਾ। ਗੱਲ ਕੀ ਪਾਗ਼ਲਾਂ ਨੇ ਚੰਗੇ-ਭਲੇ ਅਮਰੀਕ ਸਿੰਘ ਨੂੰ ਸਰੀਕਰਕ ਤੇ ਮਾਨਸਿਕ ਤੌਰ 'ਤੇ ਏਨਾ ਤੰਗ ਕੀਤਾ ਕਿ ਅਸਲੀ ਅਰਥਾਂ ਵਿਚ ਉਹਦੇ ਪਾਗ਼ਲ ਬਣ ਜਾਣ ਵਿਚ ਥੋੜੀ ਹੀ ਕਸਰ ਬਾਕੀ ਰਹਿ ਗਈ ਸੀ।

ਪੂਰੇ ਦੋ ਮਹੀਨੇ ਪਾਗ਼ਲ ਖ਼ਾਨੇ ਵਿਚ ਰੱਖਣ ਪਿੱਛੋਂ ਦਫ਼ਾ 107 ਹੇਠ ਅਮਨ-ਕਾਨੂੰਨ ਵਿਚ ਖ਼ਲਲ ਪਾਉਣ ਦੇ ਦੋਸ਼ ਵਿਚ ਉਹਨੂੰ ਇਕ ਸਾਲ ਕੈਦ ਦੀ ਸਜ਼ਾ ਦਿੱਤੀ ਗਈ ਤੇ ਉਹਨੂੰ ਮੁਲਤਾਨ ਜੇਲ੍ਹ ਵਿਚ ਭੇਜ ਦਿੱਤਾ ਗਿਆ ਜਿੱਥੇ ਕਾਮਰੇਡ ਅਰਜਨ ਸਿੰਘ ਗੜਗੱਜ ਹੁਰੀਂ ਵੀ ਸਜ਼ਾ ਭੁਗਤ ਰਹੇ ਸਨ। ਗੜਗੱਜ ਹੁਰੀਂ ਦੱਸਦੇ ਨੇ ਕਿ ਦੇਸ਼ ਦੀ ਵੰਡ ਹੋਣ ਤੋਂ ਬਾਅਦ ਅਮਰੀਕ ਸਿੰਘ ਦਾ ਪਰਿਵਾਰ ਜਲੰਧਰ ਆ ਕੇ ਵੱਸ ਗਿਆ ਸੀ। ਉਨ੍ਹਾਂ ਵੇਲਿਆਂ ਵਿਚ ਜਲੰਧਰ ਦੇ ਸ਼ੇਖ਼ਾਂ ਬਾਜ਼ਾਰ ਵਿਚ ਜਾਣ ਵਾਲੇ ਲੋਕਾਂ ਨੇ ਵੇਖਿਆ ਹੋਵੇਗਾ ਕਿ ਅਧਖੜ ਉਮਰ ਦਾ, ਸਰੀਰ ਦਾ ਦੁਬਲਾ ਪਤਲਾ ਮਨੁੱਖ, ਡਰਾਈ-ਕਲੀਨਿੰਗ ਦੀ ਦੁਕਾਨ ਕਰਦਾ ਹੁੰਦਾ ਸੀ। ਇਹੋ ਹੀ ਸੀ ਸਾਡਾ ਗੁੰਮਨਾਮ ਹੀਰੋ ਅਮਰੀਕ ਸਿੰਘ। ਕਿਸੇ ਨੂੰ ਨਹੀਂ ਸੀ ਪਤਾ ਕਿ ਇਸ ਸਾਧਾਰਨ ਜਿਹੇ ਦਿਸਦੇ ਬੰਦੇ ਪਿੱਛੇ ਕਿਸੇ ਵੇਲੇ ਦਾ ਕਿੰਨਾ ਵੱਡਾ ਇਤਿਹਾਸਕ ਵਾਕਿਆ ਛੁਪਿਆ ਹੋਇਆ ਹੈ।

ਅੱਜ ਭਾਵੇਂ ਕਿਸੇ ਨੂੰ ਵੀ ਉਸਦਾ ਚਿੱਤ-ਖ਼ਿਆਲ ਨਾ ਹੋਵੇ ਪਰ ਉਹ ਹਿੰਦੁਸਤਾਨ ਦੀ ਆਜ਼ਾਦੀ ਦੀ ਜੰਗ ਦੇ ਦਿਨਾਂ ਵਿਚ ਉਸ ਘਟਨਾ ਦਾ ਸਚਮੁਚ ਦਾ ਹੀਰੋ ਹੈ, ਜਿਸਨੂੰ ਕਦੀ ਕਿਸੇ ਇਤਿਹਾਸ ਵਿਚ ਨਹੀਂ ਸੀ ਲਿਖਿਆ ਜਾਣਾ ਜੇ ਗੜਗੱਜ ਸਾਹਿਬ ਉਹਦੀ ਕਹਾਣੀ ਲਿਖ ਕੇ ਸਾਡੇ ਤੱਕ ਅੱਪੜਦੀ ਨਾ ਕਰਦੇ। ਅਜਿਹੇ ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀ ਅਣਲਿਖੀਆਂ ਕਹਾਣੀਆਂ ਅਸੀਂ ਕਦੀ ਵੀ ਨਹੀਂ ਜਾਣ ਸਕਣੀਆਂ।

---

## ਕਪਤਾਨ ਦਸੌਂਧਾ ਸਿਹੁੰ

***(ਪਿਛਲੇ ਸਫੇ ਦਾ ਬਾਕੀ)***

ਭੇਜਦੇ ਓ ਤੁਸੀਂ। ਕੋਈ ਵੀ ਕਾਬਿਲ ਨਹੀਂ, ਕਿਸੇ ਨੇ ਵੀ ਪੂਰੀ ਵਿਸਥਾਰ ਪੂਰਵਕ ਜਾਣਕਾਰੀ ਨਹੀਂ ਦਿੱਤੀ।' ਦਸੌਂਧਾ ਸਿਹੁੰ ਨੇ ਕਿਹਾ, 'ਸਾਬ੍ਹ ਮੈਂ ਖ਼ੁਦ ਜਾ ਕੇ ਪਤਾ ਕਰਦਾਂ ਤੇ ਤੁਹਾਨੂੰ ਪੂਰੀ ਵਿਸਥਾਰਿਤ ਰਿਪੋਰਟ ਪੇਸ਼ ਕਰਦਾ ਹਾਂ।'

ਦਸਾਂ ਮਿੰਟਾਂ ਬਾਅਦ ਸੂਬੇਦਾਰ ਮੇਜਰ ਦਸੌਂਧਾ ਸਿਹੁੰ ਨੇ CO ਸਾਬ੍ਹ ਨੂੰ ਰਿਪੋਰਟ ਦਿੱਤੀ, 'ਸਾਬ੍ਹ! ਕੁੱਤੀ ਨੇ ਅੱਠ ਕਤੂਰਿਆਂ ਨੂੰ ਸਵੇਰੇ ਨੌਂ ਵੱਜ ਕੇ ਸੈਂਤੀ ਮਿੰਟ 'ਤੇ ਜਨਮ ਦਿੱਤਾ। ਅੱਠਾਂ ਵਿਚੋਂ ਤਿੰਨ ਕੁੱਤੇ ਆ, ਇਹ ਤਿੰਨੇ ਡੱਬ-ਖੜੱਬੇ ਆ। ਪੰਜ ਕੁੱਤੀਆਂ ਨੇ, ਜਿਨ੍ਹਾਂ ਵਿਚ ਦੋ ਭੂਰੇ ਰੰਗ ਦੀਆਂ ਨੇ, ਤੇ ਤਿੰਨ ਡੱਬ-ਖੜੱਬੀਆਂ ਨੇ। ਜੱਚਾ-ਬੱਚਾ ਬਿਲਕੁਲ ਠੀਕ-ਠਾਕ ਨੇ। ਪਰ ਕੁੱਤੀ ਆਪਦੇ ਕਤੂਰਿਆਂ ਨੂੰ ਦੁੱਧ ਨੀ ਚੁੰਘਣ ਦੇ ਰਹੀ ਸੀ। ਮੈਂ ਜਦੋਂ vet ਕੋਲ਼ ਗਿਆ, ਉਹਨੇ ਆ ਕੇ ਮੁਆਇਨਾ ਕੀਤਾ ਤੇ ਕੁੱਤੀ ਨੂੰ ਟੀਕਾ ਲਾਇਆ। ਹੁਣ ਕਤੂਰੇ ਦੁੱਧ ਚੁੰਘ ਰਹੇ ਸਨ।'

ਸ਼ਾਬਾਸ਼ ਸੂਬੇਦਾਰ ਮੇਜਰ ਸਾਬ੍ਹ। ਇਨ੍ਹਾਂ ਜਵਾਨਾਂ ਨੂੰ ਵੀ ਐਸੀ ਸਿੱਖਿਆ ਦੇਵੋ ਤਾਂ ਕਿ ਇਹ ਵੀ ਤੁਹਾਡੇ ਵਾਂਗ ਤਰੱਕੀਆਂ ਕਰਨ ਅਤੇ ਸੂਬੇਦਾਰ ਮੇਜਰ ਬਣਨ, ਲੈਫ਼ਟੀਨੈਂਟ ਬਣਨ, ਕਪਤਾਨ ਬਣਨ।

# ਪਾਕਿਸਤਾਨ ’ਚ ਭਾਰਤ ਦੀ ਮਹਿਲਾ ਡਿਪਲੋਮੈਟ

ਪਾਕਿਸਤਾਨ ਤੇ ਭਾਰਤ ਦੇ ਸਫ਼ਾਰਤੀ ਸਬੰਧ ਇਸ ਵੇਲੇ ਬਰਫ਼ ਵਿਚ ਲੱਗੇ ਹੋਏ ਹਨ। 2019 ਵਿਚ ਭਾਰਤ ਵੱਲੋਂ ਜੰਮੂ-ਕਸ਼ਮੀਰ ਦੀ ਧਾਰਾ 370 ਅਧੀਨ ਵਿਸ਼ੇਸ਼ ਰੁਤਬਾ ਖ਼ਤਮ ਕੀਤੇ ਜਾਣ ਮਗਰੋਂ ਦੋਵਾਂ ਮੁਲਕਾਂ ਦੇ ਹਾਈ ਕਮਿਸ਼ਨਾਂ (ਸਫਾਰਤਖ਼ਾਨਿਆਂ) ਦੇ ਮੁਖੀ ਹਾਈ ਕਮਿਸ਼ਨਰ ਨਹੀਂ। ਮੁਖੀ ਵਾਲੇ ਕੰਮ ਚਾਰਜ ਡੀ’ਅਫੇਅਰਜ਼ (ਉਪ ਰਾਜਦੂਤ) ਨਿਭਾ ਰਹੇ ਹਨ। ਦੋਵਾਂ ਹਾਈ ਕਮਿਸ਼ਨਾਂ ਜਾਂ ਉਨ੍ਹਾਂ ਦੇ ਕੌਂਸਲੇਟਸ ਵਿਚ ਤਾਇਨਾਤ ਅਮਲੇ ਨੂੰ ਕੁਝ ਨਿਸ਼ਚਿਤ ਸ਼ਹਿਰੀ ਹੱਦਾਂ ਅੰਦਰ ਵਿਚਰਨ ਦੀ ਇਜਾਜ਼ਤ ਹੈ। ਹੱਦਾਂ ਤੋਂ ਬਾਹਰ ਜਾਣ ਵਾਲੇ ਨੂੰ ਸਫ਼ਾਰਤੀ ਪ੍ਰੋਟੋਕੋਲ ਦੀ ਉਲੰਘਣਾ ਦਾ ਦੋਸ਼ੀ ਮੰਨਿਆ ਜਾਂਦਾ ਹੈ। ਅਜਿਹੇ ਦੋਸ਼ ਅਧੀਨ ਉਸ ਨੂੰ 48 ਘੰਟਿਆਂ ਦੇ ਅੰਦਰ-ਅੰਦਰ ਵਤਨ ਪਰਤਣ ਲਈ ਵੀ ਕਿਹਾ ਜਾ ਸਕਦਾ ਹੈ। ਜਦੋਂ ਦੁਵੱਲੀ ਕਸ਼ੀਦਗੀ ਘਟੀ ਹੋਵੇ ਤਾਂ ਸਫ਼ਾਰਤੀ ਭੁੱਲਾਂ-ਚੁੱਕਾਂ ਦੀ ਸਹਿਜੇ ਹੀ



**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਅਣਦੇਖੀ ਕਰ ਦਿੱਤੀ ਜਾਂਦੀ ਹੈ। ਜਦੋਂ ਇਹ ਵਧੀ ਹੋਵੇ ਤਾਂ ਰਾਈ ਦਾ ਪਹਾੜ ਬਣਾਉਣ ਵਿਚ ਦੇਰ ਨਹੀਂ ਲਾਈ ਜਾਂਦੀ। ਬਹੁਤੀ ਵਾਰ ਅਜਿਹਾ ਨਜ਼ਲਾ ਹਾਈ ਕਮਿਸ਼ਨਾਂ ਦੇ ਚੌਥਾ ਜਾਂ ਤੀਜਾ ਦਰਜਾ ਮੁਲਾਜ਼ਮਾਂ ਉੱਤੇ ਹੀ ਝੜਦਾ ਹੈ। ਉਨ੍ਹਾਂ ਨੂੰ ਤਾਂ ਕਈ ਵਾਰ ਖ਼ੁਫ਼ੀਆ ਏਜੰਸੀਆਂ ਹਿਰਾਸਤ ਵਿਚ ਲੈ ਕੇ ਤਸੀਹੇ ਵੀ ਦਿੰਦੀਆਂ ਹਨ। ਇਹ ਅਮਲ ਬਦਲਾਖੋਰੀ ਨੂੰ ਜਨਮ ਦਿੰਦਾ ਹੈ। ਇੱਕ ਮੁਲਕ ਦੀ ਕਾਰਵਾਈ ਦੀ ਦੂਜਾ ਮੁਲਕ ਭਾਜੀ ਮੋੜਦਾ ਹੈ; ਵੱਧ ਸ਼ਿੱਦਤ, ਵੱਧ ਜ਼ਾਲਮਾਨਾ ਢੰਗ ਨਾਲ।

ਕਿਉਂ ਵਾਪਰਦਾ ਹੈ ਇਹ ਸਭ ਕੁਝ? ਕੀ-ਕੀ ਨਿਕਲਦੇ ਹਨ ਅਜਿਹੀਆਂ ਘਟਨਾਵਾਂ ਦੇ ਨਤੀਜੇ? ਕਿਵੇਂ-ਕਿਵੇਂ ਸਿੱਝਿਆ ਜਾਂਦਾ ਹੈ ਇਸ ਕਿਸਮ ਦੇ ਖਿਚਾਅ ਨਾਲ? ਅਜਿਹੇ ਸਵਾਲਾਂ ਦੇ ਜਵਾਬ ਮਿਲਦੇ ਹਨ ਰੁਚੀ ਘਨਸ਼ਿਆਮ ਦੀ ਕਿਤਾਬ ‘ਐਨ ਇੰਡੀਅਨ ਵੂਮੈਨ ਇਨ ਇਸਲਾਮਾਬਾਦ’ (ਪੈਂਗੁਇਨ-ਵਾਈਕਿੰਗ; 229 ਪੰਨੇ; 699 ਰੁਪਏ) ਤੋਂ। ਲੇਖਿਕਾ ਦੀ 1997 ਤੋਂ 2000 ਤੱਕ ਪਾਕਿਸਤਾਨ ਵਿਚ ਤਾਇਨਾਤੀ ਦੇ ਦਿਨਾਂ ਦੀ ਦਾਸਤਾਨ ਹੈ ਇਹ ਕਿਤਾਬ। ਰੁਚੀ 1982 ਬੈਚ ਦੀ ਆਈ. ਐਫ. ਐਸ. ਅਧਿਕਾਰੀ ਸੀ। ਉਹ ਤੇ ਉਸਦਾ ਪਤੀ ਏ.ਆਰ. ਘਨਸ਼ਿਆਮ ਉਪਰੋਕਤ ਸਮੇਂ ਦੌਰਾਨ ਪਾਕਿਸਤਾਨ ਵਿਚਲੇ ਭਾਰਤੀ ਹਾਈ ਕਮਿਸ਼ਨ ਜਾਂ ਮਿਸ਼ਨਾਂ (ਕੌਂਸਲੇਟਾਂ) ਵਿਚ ਕੌਂਸਲਰਾਂ ਵਜੋਂ ਤਾਇਨਾਤ ਰਹੇ। ਉਹ ਪਹਿਲੀ ਭਾਰਤੀ ਮਹਿਲਾ ਡਿਪਲੋਮੈਟ ਸੀ, ਜਿਸ ਨੂੰ ਪਾਕਿਸਤਾਨ ਵਿਚ ਪੋਸਟ ਕੀਤਾ ਗਿਆ। ਬੜੀ ਚੁਣੌਤੀਪੂਰਨ ਸੀ ਇਹ ਨਿਯੁਕਤੀ। 1997 ਤੋਂ 2000 ਦਾ ਸਮਾਂ ਭਾਰਤ-ਪਾਕਿ ਸਬੰਧਾਂ ਵਿਚ ਖਲਬਲੀ ਵਾਲਾ ਸਮਾਂ ਸੀ। ਪਹਿਲਾਂ ਭਾਰਤ ਨੇ ਪਰਮਾਣੂ ਬੰਬਾਂ ਦੀ ਪਰਖ ਕੀਤੀ, ਫਿਰ ਪਾਕਿਸਤਾਨ ਨੇ। ਦੋਵਾਂ ਮੁਲਕਾਂ ਨੇ ਇੱਕ-ਦੂਜੇ ’ਤੇ ਪਰਮਾਣੂ ਕਹਿਰ ਢਾਹੁਣ ਦੀਆਂ ਧਮਕੀਆਂ ਵੀ ਦਿੱਤੀਆਂ। ਦੋਵਾਂ ਉੱਪਰ ਆਲਮੀ ਪੱਧਰ ਦੀਆਂ ਪਾਬੰਦੀਆਂ ਵੀ ਲੱਗੀਆਂ। ਫਿਰ ਸਦਾ-ਇ-ਸਰਹੱਦ ਦਾ ਦੌਰ ਆਇਆ: ਭਾਰਤੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਬੱਸ ’ਤੇ ਬੈਠ ਕੇ ਅਟਾਰੀ-ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਗਏ; ਪਾਕਿਸਤਾਨ ਵਿਚ ਵਜ਼ੀਰ-ਇ-ਆਜ਼ਮ ਨਵਾਜ਼ ਸ਼ਰੀਫ਼ ਨਾਲ ਮਿਲ ਕੇ ਉਨ੍ਹਾਂ ਨੇ ਅਮਨ ਦੇ ਸੋਹਲੇ ਗਾਏ; ਦੋਸਤੀ ਦੇ ਹਲਫ਼ਨਾਮੇ ਦੇ ਰੂਪ ਵਿਚ ਲਾਹੌਰ ਐਲਾਨਨਾਮੇ ਉੱਤੇ ਦਸਤਖ਼ਤ ਹੋਏ ਅਤੇ ਫਿਰ...ਪਾਕਿਸਤਾਨੀ ਦਗ਼ੇਬਾਜ਼ੀ ਦਾ ਮੁਹਾਂਦਰਾ ਕਾਰਗਿਲ ਜੰਗ ਦੇ ਬਾਣੇ ਵਿਚ ਸਾਡੇ ਸਾਹਮਣੇ ਆਇਆ। ਅਮਨ ਖੇਰੂੰ-ਖੇਰੂੰ ਹੋ ਗਿਆ। ਦੁਸ਼ਮਣੀ ਨਵੇਂ ਸਿਰਿਉਂ ਦੁਵੱਲੇ ਰਿਸ਼ਤਿਆਂ ਦੀ ਆਬੋ-ਹਵਾ ਦਾ ਦੁਰਗੰਧਿਤ ਹਿੱਸਾ ਬਣ ਗਈ। ਰੁਚੀ, ਘਨਸ਼ਿਆਮ ਅਤੇ ਉਨ੍ਹਾਂ ਦੇ ਦੋ ਨਿੱਕੇ ਨਿਆਣਿਆਂ ਨੇ ਇਹ ਸਾਰੇ ਪਲ ਆਪਣੇ ਪਿੰਡਿਆਂ ’ਤੇ ਵੀ ਹੰਢਾਏ ਅਤੇ ਮਨਾਂ ’ਤੇ ਵੀ। ਇਹ ਸਾਰਾ ਬਿਰਤਾਂਤ ਇਸ ਕਿਤਾਬ ਦੀ ਜਿੰਦ-ਜਾਨ ਹੈ।


ਅਜਿਹੇ ਵਿਸ਼ਾ-ਵਸਤੂ ਦੇ ਬਾਵਜੂਦ ਕਮਾਲ ਦੀ ਗੱਲ ਇਹ ਹੈ ਕਿ ਇਸ ਬਿਰਤਾਂਤ ਵਿਚ ਸਿਆਹੀ ਘੱਟ ਹੈ, ਸਫ਼ੈਦੀ ਵੱਧ। ਬਦਨੁਮਾਈ ਘੱਟ, ਖ਼ੁਸ਼ਨੁਮਾਈ ਜ਼ਿਆਦਾ। ਸਿਆਸੀ ਦੁਸ਼ਮਣੀਆਂ ਦੀ ਰੇਗਜ਼ਾਰੀ ਵਿਚ ਇਨਸਾਨੀ ਰਿਸ਼ਤਿਆਂ ਦੀ ਹਰਿਆਲੀ ਉੱਗਣ ਦੇ ਤਸੱਵਰਾਂ ਨਾਲ ਲੈਸ ਹੈ ਇਹ। ਰੁਚੀ ਘਨਸ਼ਿਆਮ ਨੇ ਇਨ੍ਹਾਂ ਤਸੱਵਰਾਂ ਨੂੰ ਹਿੰਦ-ਪਾਕਿ ਸਬੰਧਾਂ ਦੀਆਂ ਪੇਚੀਦਗੀਆਂ ਦੇ ਵਿਸ਼ਲੇਸ਼ਣ ਦਾ ਸ਼ਿੰਗਾਰ ਬਣਾਇਆ ਹੈ। ਇਹ ਤੱਤ ਕਿਤਾਬ ਨੂੰ ਰੌਚਿਕ ਤਾਂ ਬਣਾਉਂਦਾ ਹੀ ਹੈ, ਪੇਚੀਦਗੀਆਂ ਦੀ ਅਸਲੀਅਤ ਸਮਝਣ ਵਿਚ ਵੀ ਮਦਦਗਾਰ ਹੁੰਦਾ ਹੈ।

### ਭਾਰਤੀ ਡਿਪਲੋਮੈਟਾਂ ਉੱਤੇ ਬੰਦਿਸ਼ਾਂ

‘ਇਸਲਾਮਾਬਾਦ ਵਿਚ ਰਹਿਣਾ ਆਸਾਨ ਨਹੀਂ ਸੀ। ਸਾਡੇ ’ਤੇ ਹਰ ਵੇਲੇ ਪਾਕਿਸਤਾਨੀ ਖ਼ੁਫ਼ੀਆ ਏਜੰਟਾਂ ਵੱਲੋਂ ਨਜ਼ਰ ਰੱਖੀ ਜਾਂਦੀ ਸੀ। ਸਾਨੂੰ ਅੰਦਾਜ਼ਾ ਸੀ ਕਿ ਸਾਡੇ ਘਰ ਵਿਚ ਵੀ ਸੂਹੀਆ ਯੰਤਰ ਫਿੱਟ ਹਨ ਅਤੇ ਫ਼ੋਨਾਂ ਵਿਚ ਵੀ। ਇਸਲਾਮਾਬਾਦ ਉਦੋਂ ਨਿੱਕਾ ਜਿਹਾ ਸ਼ਹਿਰ ਸੀ; ਉੱਥੇ ਵੀ ਗਿਣਵੀਆਂ ਥਾਵਾਂ ’ਤੇ ਹੀ ਜਾਇਆ ਜਾ ਸਕਦਾ ਸੀ। ਸ਼ਹਿਰ ਦੀਆਂ ਹੱਦਾਂ ਤੋਂ ਬਾਹਰ ਜਾਣ ਵਾਸਤੇ (ਪਾਕਿਸਤਾਨੀ ਵਿਦੇਸ਼ ਦਫ਼ਤਰ ਤੋਂ) ਪ੍ਰਵਾਨਗੀ ਲੈਣੀ ਪੈਂਦੀ ਸੀ। ਪ੍ਰਵਾਨਗੀ ਹਮੇਸ਼ਾ ਛੇਤੀ ਨਹੀਂ ਸੀ ਮਿਲਦੀ। ਰਾਵਲਪਿੰਡੀ ਜਾਂ ਮੱਰੀ ਜਾਣ (ਪਹਾੜੀ ਸਥਾਨ, ਜਿਸ ਦਾ ਨਾਂ ਹਜ਼ਰਤ ਈਸਾ ਮਸੀਹ ਦੀ ਮਾਤਾ ਮਰੀਅਮ ਦੇ ਨਾਂ ’ਤੇ ਹੈ) ਜਾਣ ਦੀ ਖੁੱਲ੍ਹ ਸੀ, ਪਰ ਉੱਥੇ ਵੀ ਕਿੰਨੀ ਕੁ ਵਾਰ ਜਾਇਆ ਜਾ ਸਕਦਾ ਸੀ? ਅਸੀਂ ਖ਼ੈਬਰ ਦੱਰੇ ਦੀ ਵਿਰਾਸਤੀ ਸੈਰ ਦਾ ਪ੍ਰੋਗਰਾਮ ਬਣਾਇਆ, ਪਰ ਇਜਾਜ਼ਤ ਨਹੀਂ ਮਿਲੀ। ਇਸ ਤੋਂ ਵੱਧ ਬੁਰੀ ਗੱਲ ਇਹ ਰਹੀ ਕਿ ਸਾਡੇ 9 ਵਰ੍ਹਿਆਂ ਦੇ ਬੇਟੇ ਅਨੀਕੇਤ, ਜੋ ਕਿ ਅਮੈਰੀਕਨ ਸਕੂਲ ਵਿਚ ਪੜ੍ਹਦਾ ਸੀ, ਨੂੰ ਸਕੂਲ ਦੇ ਇੱਕ ਵਿਦਿਅਕ ਟੂਰ ਦੌਰਾਨ ਆਪਣੇ ਹਮਜਮਾਤੀਆਂ ਨਾਲ ਖੇਵੜਾ ਸਥਿਤ ਲੂਣ ਦੀਆਂ ਖਾਣਾਂ ਦੇਖਣ ਨਹੀਂ ਜਾਣ ਦਿੱਤਾ ਗਿਆ; ਸਿਰਫ਼ ਇਸ ਆਧਾਰ ’ਤੇ ਕਿ ਉਹ ਭਾਰਤੀ ਡਿਪਲੋਮੈਟਾਂ ਦਾ ਬੇਟਾ ਹੈ।...ਇਸਲਾਮਾਬਾਦ ਤੋਂ ਦਿੱਲੀ ਪਰਤਣ ’ਤੇ ਵਿਦੇਸ਼ ਮੰਤਰਾਲੇ ਵਿਚ ਮੇਰੀ ਨਿਯੁਕਤੀ ਡਾਇਰੈਕਟਰ (ਪਾਕਿਸਤਾਨ) ਵਜੋਂ ਹੋਈ। ਸਾਲ ਕੁ ਬਾਅਦ ਪਾਕਿਸਤਾਨੀ ਮਿਸ਼ਨ ਦਾ ਮੇਰਾ ਹਮਰੁਤਬਾ ਅਧਿਕਾਰੀ ਮੈਨੂੰ ਮਿਲਣ ਆਇਆ। ਉਸ ਨੇ ਦੱਸਿਆ ਕਿ ਪਾਕਿਸਤਾਨੀ ਵਿਦੇਸ਼ ਦਫ਼ਤਰ ਨੇ ਭਾਰਤੀ ਹਾਈ ਕਮਿਸ਼ਨ ਦੇ ਅਮਲੇ ਦੀ ਆਮਦੋ-ਰਫ਼ਤ ਨੂੰ ਇਸਲਾਮਾਬਾਦ ਸ਼ਹਿਰ ਦੀਆਂ ਹੱਦਾਂ ਤੱਕ ਸੀਮਤ ਕਰਨ ਦਾ ਫ਼ੈਸਲਾ ਲਿਆ ਹੈ। ਮੈਨੂੰ ਇਹ ਫ਼ੈਸਲਾ ਨਾਗਵਾਰ ਜਾਪਿਆ। ਇਸਲਾਮਾਬਾਦ ਦੱਖਣੀ ਦਿੱਲੀ ਦੇ ਕੁੱਲ ਰਕਬੇ ਤੋਂ ਕਾਫ਼ੀ ਛੋਟਾ ਹੈ। ਉਸ ਪਾਕਿਸਤਾਨੀ ਅਧਿਕਾਰੀ ਨੂੰ ਮੈਂ ਕਿਹਾ ਕਿ ਜੇ ਤੁਹਾਡਾ ਮੁਲਕ ਅਜਿਹਾ ਕਰ ਰਿਹਾ ਹੈ ਤਾਂ ਅਸੀਂ ਵੀ ਤੁਹਾਡੇ ਅਮਲੇ ਦੀਆਂ ਗਤੀਵਿਧੀਆਂ ਨਵੀਂ ਦਿੱਲੀ ਨਗਰ ਕੌਂਸਲ ਦੀਆਂ ਹੱਦਾਂ ਤੱਕ ਮਹਿਦੂਦ ਕਰਨ ਜਾ ਰਹੇ ਹਾਂ। ਪਾਕਿਸਤਾਨੀ ਹਾਈ ਕਮਿਸ਼ਨ ਵੀ ਉੱਥੇ ਪੈਂਦਾ ਹੈ ਅਤੇ ਭਾਰਤੀ ਵਿਦੇਸ਼ ਦਫ਼ਤਰ ਵੀ। ਤੁਹਾਨੂੰ ਕੋਈ ਦਿੱਕਤ ਨਹੀਂ ਹੋਵੇਗੀ। ਉਸ ਨੇ ਝੱਟ ਰੋਸ ਪ੍ਰਗਟਾਇਆ ਕਿ ਇਹ ਬੰਦਿਸ਼ ਨਾਵਾਜਬ ਹੈ; ਸਾਡੇ ਤਾਂ ਬਹੁਤੇ ਅਧਿਕਾਰੀ ਹੀ ਇਸ ਖੇਤਰ ਤੋਂ ਬਾਹਰ ਰਹਿੰਦੇ ਹਨ। ਮੈਂ ‘ਹਲੀਮੀ ਵਿਚ ਲਿਪਟੀ ਸਖ਼ਤੀ’ ਨਾਲ ਕਿਹਾ: ਯਾ ਤਾਂ ਤੁਸੀਂ ਆਪਣੇ ਅਫ਼ਸਰਾਂ ਨੂੰ ਆਪਣੇ ਹਾਈ ਕਮਿਸ਼ਨ ਵਿਚ ਠਹਿਰਾ ਲਓ, ਯਾ ਫਿਰ ਨਿਰਧਾਰਤ ਖੇਤਰ ਤੋਂ ਬਾਹਰ ਜਾਣ ਸਬੰਧੀ ਇਜਾਜ਼ਤ ਹਰ ਰੋਜ਼ ਸਾਡੇ ਦਫ਼ਤਰ ਤੋਂ ਲਉ।...ਇਸ ਵਾਰਤਾਲਾਪ ‘ਤੋਂ ਚੰਦ ਦਿਨਾਂ ਬਾਅਦ ਮੈਨੂੰ ਸੂਚਨਾ ਮਿਲੀ ਕਿ ਪਾਕਿਸਤਾਨੀ ਵਿਦੇਸ਼ ਦਫ਼ਤਰ ਨੇ ਇਸਲਾਮਾਬਾਦ ਸਥਿਤ ਸਾਡੇ ਸਟਾਫ਼ ਉੱਪਰ ਲਾਈਆਂ ਬੰਦਿਸ਼ਾਂ ਹਟਾ ਲਈਆਂ ਹਨ।’

### ਭਾਰਤੀ ਡਿਪਲੋਮੈਟਾਂ ਦੀ ਜਾਸੂਸੀ

ਪਾਕਿਸਤਾਨ ਵਿਚ ਭਾਰਤੀ ਡਿਪਲੋਮੈਟਾਂ ਦੀ 24ਣ7 ਜਾਸੂਸੀ ਦੇ ਬਹੁਤ ਸਾਰੇ ਖੱਟੇ-ਮਿੱਠੇ ਕਿੱਸੇ, ਦਰਜਨਾਂ ਸਫ਼ੀਰਾਂ-ਨਾਇਬ ਸਫ਼ੀਰਾਂ ਦੀਆਂ ਕਿਤਾਬਾਂ ਦਾ ਸ਼ਿੰਗਾਰ ਬਣਦੇ ਆਏ ਹਨ। ਰੁਚੀ ਘਨਸ਼ਿਆਮ ਨੂੰ ਵੀ ਇਸ ਤਰਜ਼ ਦੀ ਜਾਸੂਸੀ ਦਾ ਤਜਰਬਾ ਪਾਕਿਸਤਾਨ ਵਿਚ ਪਹਿਲੇ ਦਿਨ ‘ਤੋਂ ਹੀ ਹੋ ਗਿਆ। ਇਸਲਾਮਾਬਾਦ ਵਿਚ ਭਾਰਤੀ ਹਾਈ ਕਮਿਸ਼ਨਰ ਦੇ ਨਿਵਾਸ ਦੇ ਐਨ ਗੁਆਂਢ ਵਾਲਾ ਬੰਗਲਾ ਘਨਸ਼ਿਆਮ ਜੋੜੇ ਨੂੰ ਪਾਕਿਸਤਾਨੀ ਖ਼ੁਫ਼ੀਆ ਏਜੰਸੀ ‘ਆਈਐੱਸਆਈ’ ਦੀ ‘ਬਰਾਏ ਮਿਹਰਬਾਨੀ’ ਹਾਸਿਲ ਹੋਇਆ। ਪ੍ਰਾਪਰਟੀ ਡੀਲਰ ਨੇ ਇਹ ਬੰਗਲਾ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਦਿਖਾਇਆ। ਕਿਰਾਇਆ ਉਨ੍ਹਾਂ ਦੀ ਹੈਸੀਅਤ ਤੋਂ ਵੱਧ ਹੋਣ ਕਾਰਨ ਜੋੜੇ ਨੇ ਇਹ ਲੈਣ ਤੋਂ ਨਾਂਹ ਕਰ ਦਿੱਤੀ। ਇਸ ਤੋਂ ਬਾਅਦ ਜਿਹੜੇ ਵੀ ਘਰ ਦਿਖਾਏ ਗਏ, ਉਨ੍ਹਾਂ ਵਿਚੋਂ ਜਿਹੜਾ ਘਰ ਪਸੰਦ ਆਇਆ, ਉਸ ਦਾ ਮਾਲਕ ‘ਹਾਂ’ ਕਰਨ ਤੋਂ ਬਾਅਦ ਅਗਲੇ ਹੀ ਦਿਨ ‘ਨਾਂਹ’ ਉੱਤੇ ਉਤਰ ਆਇਆ। ਇਹ ਵਰਤਾਰਾ ਕਈ ਦਿਨ ਚੱਲਿਆ। ਅਖ਼ੀਰ ਪ੍ਰਾਪਰਟੀ ਡੀਲਰ ਉਨ੍ਹਾਂ ਨੂੰ ਮੁੜ ਪਹਿਲਾਂ ਵਾਲੇ ਬੰਗਲੇ ’ਤੇ ਲੈ ਗਿਆ। ਉਸ ਦਾ ਨਿਗਰਾਨ ਪਹਿਲਾਂ ਤਾਂ ਨਾਜ਼-ਨਖ਼ਰੇ ਦਿਖਾਉਂਦਾ ਰਿਹਾ, ਪਰ ਫਿਰ ਅਚਾਨਕ ਕਿਰਾਇਆ ਓਨਾ ਕੁ ਕਰਨ ਲਈ ਰਾਜ਼ੀ ਹੋ ਗਿਆ, ਜਿੰਨਾ ਕੁ ਉਹ ਅਦਾ ਕਰ ਸਕਦੇ




ਸਨ। ਇਸ ਸਾਰੇ ਘਟਨਾਕ੍ਰਮ ‘ਤੋਂ ਉਨ੍ਹਾਂ ਨੂੰ ਇਹ ਅਹਿਸਾਸ ਹੋ ਗਿਆ ਕਿ ਆਈ.ਐੱਸ.ਆਈ. ਉਨ੍ਹਾਂ ਉੱਤੇ ਬਿਹਤਰ ਢੰਗ ਨਾਲ ਨਜ਼ਰ ਰੱਖਣ ਲਈ ਇਹ ਪੂਰੀ ਖੇਡ, ਖੇਡ ਰਹੀ ਸੀ। ਇਹ ਵੱਖਰੀ ਗੱਲ ਹੈ ਕਿ ਉਸ ਬੰਗਲੇ ਦਾ ਅਸਲ ਮਾਲਕ ਤੇ ਉਸ ਦੀ ਬੀਵੀ ਇਸ ਜੋੜੇ ਪ੍ਰਤੀ ਪੂਰੇ ਮੋਹਵੰਤ ਸਾਬਤ ਹੋਏ। ਰੁਚੀ ਘਨਸ਼ਿਆਮ ਲਿਖਦੀ ਹੈ ਕਿ ਘਰੋਂ ਦਫ਼ਤਰ ਤੇ ਦਫ਼ਤਰੋਂ ਘਰ ਜਾਣ ਜਾਂ ਇਸ ਦੌਰਾਨ ਕਿਤੇ ਹੋਰ ਜਾਣ ਸਮੇਂ ਜਿਹੜਾ ਖ਼ੁਫ਼ੀਆ ਏਜੰਟ ਉਸ ਦੀ ਕਾਰ ਦਾ ਪਿੱਛਾ ਕਰਿਆ ਕਰਦਾ ਸੀ, ਉਸ ਨਾਲ ਵੀ ‘ਹੈਲੋ-ਹਾਏ’ ਵਾਲਾ ਰਿਸ਼ਤਾ ਪੈਦਾ ਹੋ ਗਿਆ। ਕਈ ਵਾਰ ਬੰਗਲੇ ਦੇ ਗੇਟ ਬੰਦ ਹੋਣ ’ਤੇ ਉਹ ਏਜੰਟ ਆਪਣੀ ਕਾਰ ਵਿਚੋਂ ਉਤਰ ਕੇ ਗੇਟ ਵੀ ਖੋਲ੍ਹ ਦੇਂਦਾ ਤਾਂ ਜੋ ਰੁਚੀ ਦੀ ਕਾਰ, ਬੰਗਲੇ ਦੇ ਅੰਦਰ ਜਾ ਸਕੇ।

ਕਿਤਾਬ ਇੱਕ ਹੋਰ ਕਿੱਸਾ ਇੰਜ ਬਿਆਨ ਕਰਦੀ ਹੈ: ‘ਅਸੀਂ ਲਾਹੌਰ ਵਿਚ ਸਾਂ, ਬੱਚੇ ਮੰਗ ਕਰਨ ਲੱਗੇ ਕਿ ਉਹ ਕੇ.ਐੱਫ.ਸੀ. ਦੇ ਬਰਗਰ ਖਾਣਾ ਚਾਹੁੰਦੇ ਹਨ। ਉਹ ਮੋਬਾਈਲ ਫੋਨਾਂ ਵਾਲੇ ਦਿਨ ਨਹੀਂ ਸਨ। ਕਾਰ ਘਨਸ਼ਿਆਮ ਚਲਾ ਰਿਹਾ ਸੀ। ਕਾਰ ਵਿਚ ਜੀਪੀਐੱਸ ਸੀ, ਪਰ ਉਹ ਕੇ.ਐੱਫ.ਸੀ.ਦੀ ਜਿਹੜੀ ਲੋਕੇਸ਼ਨ ਦਿਖਾ ਰਿਹਾ ਸੀ, ਉਹ ਸਾਡੀਆਂ ਜਲੇਬੀਆਂ ਹੀ ਬਣਵਾ ਰਹੀ ਸੀ। ਵਾਰ-ਵਾਰ ਚੱਕਰ ਕੱਟ ਕੇ ਅਸੀਂ ਮੁੜ ਪਹਿਲੀ ਥਾਂ ’ਤੇ ਪਹੁੰਚ ਰਹੇ ਸਾਂ। ਅਚਾਨਕ ਮੈਨੂੰ ਉਪਾਅ ਸੁੱਝਿਆ। ਮੈਂ ਘਨਸ਼ਿਆਮ ਨੂੰ ਕਾਰ ਰੋਕਣ ਲਈ ਕਿਹਾ। ਪਿੱਛਾ ਕਰ ਰਿਹਾ ਖ਼ੁਫ਼ੀਆ ਏਜੰਟ ਫ਼ੌਰੀ ਰੁਕ ਨਹੀਂ ਸਕਿਆ ਤੇ ਸਾਡੇ ਬਰਾਬਰ ਆ ਗਿਆ। ਮੈਂ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਅਤੇ ਤਾਕੀ ਦਾ ਸ਼ੀਸ਼ਾ ਹੇਠਾਂ ਕਰ ਕੇ ਪੁੱਛਿਆ, ਕੇ.ਐੱਫ.ਸੀ. ਕਿੱਥੇ ਹੈ? ਉਸ ਨੇ ਸਮਝਾਉਣ ਦਾ ਯਤਨ ਕੀਤਾ, ਪਰ ਮੈਂ ਕਿਹਾ ਕਿ ਉਹ ਆਪਣੀ ਕਾਰ ਅੱਗੇ ਲਾ ਲਵੇ। ਉਹਦਾ ਕੰਮ ਵੀ ਸੌਖਾ ਹੋ ਜਾਵੇਗਾ ਤੇ ਸਾਡਾ ਵੀ। ਉਸ ਵਿਚਾਰੇ ਨੇ ਅਜਿਹਾ ਹੀ ਕੀਤਾ!’

### ‘ਵਤਨ’ ਪ੍ਰਤੀ ਹੇਜ

‘ਪਾਕਿਸਤਾਨੀ ਫ਼ੌਜੀ ਅਧਿਕਾਰੀਆਂ ਦੀਆਂ ਭਾਰਤ ਵਿਚ ਜੰਮੀਆਂ ਪਤਨੀਆਂ ਸਾਡੇ ਨਾਲ ਮੁਲਾਕਾਤਾਂ ਸਮੇਂ ‘ਵਤਨ’ ਨੂੰ ਅਕਸਰ ਯਾਦ ਕਰਦੀਆਂ। ਅਨੇਕਾਂ ਫ਼ੌਜੀ ਐਜਾਜ਼ ਪ੍ਰਾਪਤ ਕਰਨ ਵਾਲੇ ਇੱਕ ਵੱਡੇ ਅਫ਼ਸਰ ਨੂੰ ਮਾਣ ਸੀ ਕਿ ਉਹ ਭਾਰਤ ਨਾਲ ਤਿੰਨ ਜੰਗਾਂ ਲੜਿਆ। ਉਸ ਦਾ ਪਰਿਵਾਰ ਸੰਤਾਲੀ ਵੇਲੇ ਭਾਰਤ ਤੋਂ ਪਾਕਿਸਤਾਨ ਆਇਆ ਸੀ। ਦੂਜੇ ਪਾਸੇ, ਉਸ ਦੀ ਬੀਵੀ ਦੇ ਪੇਕੇ ਭਾਰਤ ਵਿਚ ਸਨ। ਉਹ ਆਪਣੇ ਪਿਤਾ ਦੀ ਪਲੇਠੀ ਬੇਟੀ ਸੀ। ਉਹ ਭਾਰਤੀ ਵਿਚ ਜੰਮੀ-ਪਲੀ ਸੀ ਅਤੇ ਵਿਆਹ ਪਾਕਿਸਤਾਨੀ ਲਫ਼ਟੈਨ ਨਾਲ ਹੋਣ ਕਾਰਨ ਇਥੇ ਆ ਵਸੀ ਸੀ। ਕਈ ਵਰ੍ਹਿਆਂ ਤੱਕ ਉਸ ਦਾ ਪਾਕਿਸਤਾਨ ਵਿਚ ਜੀਅ ਵੀ ਖ਼ੂਬ ਲੱਗਿਆ, ਫਿਰ ‘ਵਤਨ’ ਦਾ ਹੇਜ ਸਤਾਉਣ ਲੱਗਿਆ। ਪਾਕਿਸਤਾਨੀ ਫ਼ੌਜੀ ਅਫ਼ਸਰ ਹੋਣ ਕਾਰਨ ਸ਼ੌਹਰ ਤਾਂ ਭਾਰਤ ਜਾ ਨਹੀਂ ਸੀ ਸਕਦਾ (ਭਾਵੇਂ ਉਸ ਦਾ ਮੁੱਢ ਭਾਰਤੀ ਸੀ), ਪਰ ਬੀਵੀ ਹਰ ਸਾਲ ਪੇਕੇ ਜਾਂਦੀ ਰਹੀ। 1965 ਦੀ ਜੰਗ ਦੌਰਾਨ ਬਹੁਤ ਕੁਝ ਬਦਲ ਗਿਆ। ਚਿੱਠੀਆਂ ਸਿੱਧੀਆਂ ਭੇਜਣ ਦੀ ਥਾਂ ਬਰਾਸਤਾ ਲੰਡਨ ਭੇਜਣ ਦਾ ਸਿਲਸਿਲਾ ਅਪਣਾਇਆ ਗਿਆ। ਚਿੱਠੀਆਂ ਦੇ ਜਵਾਬ ਮਹੀਨੇ-ਮਹੀਨੇ ਬਾਅਦ ਮਿਲਦੇ। 1971 ਦੀ ਜੰਗ ਵੇਲੇ ਮਾਮਲਾ ਹੋਰ ਵੀ ਵਿਗੜ ਗਿਆ। ਉਸ ਨੇ ਸੇਜਲ ਅੱਖਾਂ ਨਾਲ ਦੱਸਿਆ, ‘ਮੈਂ ਆਪਣੇ ਅੱਬਾ ਨੂੰ ਅੰਤਿਮ ਵੇਲੇ ਨਹੀਂ ਦੇਖ ਸਕੀ, ਨਾ ਹੀ ਉਨ੍ਹਾਂ ਦੇ ਜਨਾਜ਼ੇ ਸਮੇਂ ਹਾਜ਼ਿਰ ਹੋ ਸਕੀ।’...ਉਸ ਦੇ ਸ਼ੌਹਰ ਨੇ ਭਾਵੇਂ ਭਾਰਤ ਖ਼ਿਲਾਫ਼ ਤਿੰਨ ਜੰਗਾਂ ਲੜੀਆਂ, ਪਰ ਭਾਰਤ ਪ੍ਰਤੀ ਨਰਮਗੋਸ਼ੀ ਉਸ ਦੇ ਦਿਲ ਵਿਚ ਅਜੇ ਵੀ ਮੌਜੂਦ ਸੀ। ਉਸ ਨੇ ਸਾਨੂੰ ਪੂਰਾ ਘਰ ਦਿਖਾਇਆ। ਉਸ ਵਿਚ ਵੱਖ ਵੱਖ ਦੇਸ਼ਾਂ ਤੇ ਥਾਵਾਂ ਦੀਆਂ ਚੀਜ਼ਾਂ ਮੌਜੂਦ ਸਨ, ਪਰ ਕੁਝ ਵੀ ਭਾਰਤੀ ਨਹੀਂ ਸੀ। ਘਨਸ਼ਿਆਮ ਨੇ ਪੁੱਛਿਆ, ‘ਭਾਰਤ ਤੋਂ ਕੁਝ ਵੀ ਨਹੀਂ?’ ਉਸ ਨੇ ਬੜੀ ਹਲੀਮੀ ਨਾਲ ਝੁਕਦਿਆਂ ਕਿਹਾ, ‘ਔਰ ਯਿਹ ਨਾਚੀਜ਼ ਕਹਾਂ ਸੇ ਹੈ’?’

### ਖ਼ਾਨ ਸਾਹਿਬ ਦਾ ਖਲੂਸ

‘ਖ਼ਾਨ ਸਾਹਿਬ ਸਾਡੇ ਮਕਾਨ ਮਾਲਕ ਸਨ। ਲੰਬਾ ਤੇ ਸੁਨੱਖਾ ਪਠਾਣ ‘ਫਾਟਾ’ (ਕੇਂਦਰੀ ਪ੍ਰਸ਼ਾਸਿਤ ਕਬਾਇਲੀ ਖਿੱਤਾ; ਹੁਣ ਖ਼ੈਬਰ-ਪਖ਼ਤੂਨਖ਼ਵਾ ਸੂਬੇ ਦਾ ਹਿੱਸਾ) ਤੋਂ ਸੀ। ਅਮੀਰ ਵੀ ਸੀ ਤੇ ਵੱਡੇ ਬੰਦਿਆਂ ਨਾਲ ਜੁੜਿਆ ਹੋਇਆ ਵੀ ਸੀ। ਮਜ਼ਹਬੀ ਅਸੂਲਾਂ ਅਤੇ ਪਠਾਣੀ ਤਹਿਜ਼ੀਬ ਦਾ ਪੂਰਾ ਪਾਬੰਦ। ਸਾਡੇ ਵਾਲੇ ਬੰਗਲੇ ਦੇ ਪਿਛਲੇ ਹਿੱਸੇ ਵਿਚ ਬਣੇ ਆਊਟ ਹਾਊਸ ਨੂੰ ਉਨ੍ਹਾਂ ਆਪਣੀਆਂ ਫੇਰੀਆਂ ਦੌਰਾਨ ਠਹਿਰਨ ਲਈ ਅਪਾਰਟਮੈਂਟ ਵਿਚ ਬਦਲਿਆ ਹੋਇਆ ਸੀ। ਉਨ੍ਹਾਂ ਦੀ ਬੀਵੀ ਅਕਸਰ ਉਨ੍ਹਾਂ ਨਾਲ ਆਇਆ ਕਰਦੀ ਸੀ। ਕਈ ਵਾਰ ਪਰਿਵਾਰ ਦੇ ਹੋਰ ਜੀਅ ਵੀ ਆ ਜਾਂਦੇ। ਉਦੋਂ ਅਸੀਂ ਆਪਣੇ ਬੱਚਿਆਂ ਵਾਲੇ ਬੈੱਡਰੂਮ ਉਨ੍ਹਾਂ ਲਈ ਖਾਲੀ ਕਰ ਦਿੰਦੇ। ‘ਫਾਟਾ’ ਖੇਤਰ ਵਿਚ ਭਾਰਤੀ ਡਿਪਲੋਮੈਟ ਨਹੀਂ ਸੀ ਜਾ ਸਕਦੇ। ਲਿਹਾਜ਼ਾ, ਉਨ੍ਹਾਂ ਦੀ ਬੀਵੀ ਪੇਸ਼ਾਵਰੀ ਪਕਵਾਨ ਸਾਨੂੰ ਖਵਾਇਆ ਕਰਦੀ ਸੀ। ਖ਼ਾਨ ਸਾਹਿਬ ਨੂੰ ਪੱਕਾ ਯਕੀਨ ਸੀ ਕਿ ਬੱਕਰੇ ਦਾ ਬਿਹਤਰੀਨ ਗੋਸ਼ਤ ਪੇਸ਼ਾਵਰ ਵਿਚ ਹੀ ਮਿਲਦਾ ਹੈ। ਇਸੇ ਲਈ ਆਪਣੀ ਕਾਰ ਵਿਚ ਚਾਰ-ਪੰਜ ਕਿਲੋ ਗੋਸ਼ਤ ਭਰ ਕੇ ਜ਼ਰੂਰ ਲਿਆਇਆ ਕਰਦੇ ਸਨ। ਕਦੇ ਉਹ ਉਨ੍ਹਾਂ ਦੇ ਘਰ ਪੱਕਦਾ, ਕਦੇ ਸਾਡੇ ਘਰ। ਖਾਂਦੇ ਅਸੀਂ ਇਕੱਠੇ ਸਾਂ। ਖ਼ਾਨ ਸਾਹਿਬ ਅਕਸਰ ਮੈਨੂੰ ਕਹਿੰਦੇ: ‘ਬੀਬੀ, ਹਮਾਰੇ ਪਠਾਨੋਂ ਮੇਂ ਕਹਿਤੇ ਹੈਂ ਕਿ ਹਫ਼ਤੇ ਮੇਂ ਕਮ ਸੇ ਕਮ ਏਕ ਬਾਰ ਗੋਸ਼ਤ ਖਾ ਲੀਆ ਕਰੋ। ਇਮਾਨ ਤਾਜ਼ਾ ਰਹਿਤਾ ਹੈ!’

ਕਾਰਗਿਲ ਜੰਗ ਦੌਰਾਨ ਤੇ ਉਸ ‘ਤੋਂ ਬਾਅਦ ਪਾਕਿਸਤਾਨ ਵਿਚ ਭਾਰਤ-ਵਿਰੋਧੀ ਮਾਹੌਲ ਭਖਿਆ ਹੋਇਆ ਸੀ। ਇਹ ਖ਼ਤਰਾ ਸੀ ਕਿ ਹਿੰਸਕ ਹਜੂਮ ਭਾਰਤੀ ਹਾਈ ਕਮਿਸ਼ਨ ਜਾਂ ਭਾਰਤੀ ਸਫ਼ਾਰਤੀ ਅਮਲੇ ਉੱਤੇ ਹਮਲਾ ਨਾ ਕਰ ਦੇਵੇ। ਰੁਚੀ ਤੇ ਘਨਸ਼ਿਆਮ ਨੇ ਦੋਵੇਂ ਬੇਟੇ ਦਿੱਲੀ ਭੇਜ ਦਿੱਤੇ। ਹਾਈ ਕਮਿਸ਼ਨਰ ਗੋਪਾਲਾਸਵਾਮੀ ਪਾਰਥਾਸਾਰਥੀ ਵੀ ਉਸ ਸਮੇਂ ਦਿੱਲੀ ਗਏ ਹੋਏ ਸਨ। ਉਨ੍ਹਾਂ ਨੂੰ ਉੱਥੇ ਹੀ ਰਹਿਣ ਦੀ ਹਦਾਇਤ ਹੋਈ। ਬਹੁਤਾ ਸਫ਼ਾਰਤੀ ਅਮਲਾ ਹਾਈ ਕਮਿਸ਼ਨ ਦੀ ਇਮਾਰਤ ਦੇ ਅੰਦਰ ਹੀ ਰਹਿਣ ਲੱਗਾ। ਰੁਚੀ ਤੇ ਘਨਸ਼ਿਆਮ ਸੌਂਦੇ ਘੱਟ, ਬਹੁਤਾ ਸਮਾਂ ਫ਼ੋਨ ’ਤੇ ਹੀ ਰਹਿੰਦੇ। ਭਾਰਤੀ ਵਿਦੇਸ਼ ਦਫ਼ਤਰ ਉਨ੍ਹਾਂ ਤੋਂ ਪਲ-ਪਲ ਦੀ ਜਾਣਕਾਰੀ ਮੰਗਦਾ ਸੀ। ਇਨ੍ਹਾਂ ਹਾਲਾਤ ਵਿਚ ਖ਼ਾਨ ਸਾਹਿਬ ਫਲਾਂ ਤੇ ਸਬਜ਼ੀਆਂ ਦੀਆਂ ਟੋਕਰੀਆਂ ਅਤੇ ਹੋਰ ਰਾਸ਼ਨ ਲਿਆਏ। ਜਾਂਦੇ ਹੋਏ ਕਹਿ ਗਏ ਕਿ ਉਹ ਆਪਣੇ ਨਿੱਜੀ ਗੰਨਮੈਨ ਉਨ੍ਹਾਂ ਦੀ ਹਿਫ਼ਾਜ਼ਤ ਲਈ ਭੇਜ ਰਹੇ ਸਨ। ਜੋੜੇ ਨੇ ਉਨ੍ਹਾਂ ਅੱਗੇ ਹੱਥ ਜੋੜੇ ਕਿ ਉਹ ਅਜਿਹਾ ਨਾ ਕਰਨ। ਉਨ੍ਹਾਂ ਦੀ ਆਪਣੀ ਜਾਨ ਨੂੰ ਖ਼ਤਰਾ ਖੜ੍ਹਾ ਹੋ ਸਕਦਾ ਹੈ। ਉਂਜ ਵੀ ਹਾਈ ਕਮਿਸ਼ਨ ਦੀ ਹਿਫ਼ਾਜ਼ਤ, ਪਾਕਿਸਤਾਨ ਸਰਕਾਰ ਦੀ ਜ਼ਿੰਮੇਵਾਰੀ ਹੈ।

### ਮਹਿਲਾ ਹੋਣ ਨਾਲ ਜੁੜੇ ਪੱਖਪਾਤ

ਰੁਚੀ ਘਨਸ਼ਿਆਮ ਲਿਖਦੀ ਹੈ ਕਿ ਇਸਤਰੀਆਂ ਅੱਜ ਸਮਾਜ ਦੇ ਹਰ ਖੇਤਰ ਵਿਚ ਪੁਰਸ਼ਾਂ ਦੇ ਹਾਣ ਦੀਆਂ ਸਾਬਤ ਹੋ ਰਹੀਆਂ ਹਨ, ਫਿਰ ਵੀ ਪੁਰਸ਼-ਪ੍ਰਧਾਨੀ ਸੋਚ ਤੇ ਮਾਨਤਾਵਾਂ ਅਜੇ ਵੀ ਸਾਡੀ ਸਮਾਜਿਕ ਮਾਨਸਿਕਤਾ ਵਿਚ ਅਤੀਤ ਵਾਂਗ ਮੌਜੂਦ ਹਨ। ਭਾਰਤੀ ਵਿਦੇਸ਼ ਸੇਵਾ ਜਾਂ ਭਾਰਤੀ ਪ੍ਰਸ਼ਾਸਨਿਕ ਸੇਵਾ ਵਰਗੀਆਂ ਇਲੀਟ ਸੇਵਾਵਾਂ ਵਿਚ ਵੀ ਪੁਰਸ਼ਾਂ ਦੀ ਕੋਸ਼ਿਸ਼ ਆਪਣੀਆਂ ਮਹਿਲਾ ਕੁਲੀਗਜ਼ ਨੂੰ ‘ਆਸਾਨ ਕੰਮ’ ਦੇਣ ਜਾਂ ਸਜਾਵਟੀ ਅਹੁਦਿਆਂ ’ਤੇ ਰੱਖਣ ਵਾਲੀ ਰਹਿੰਦੀ ਹੈ। ਮਹਿਲਾ ਅਫ਼ਸਰ ਦੀ ਬਿਹਤਰ ਕਾਰਗੁਜ਼ਾਰੀ ਉਨ੍ਹਾਂ ਤੋਂ ਜਰੀ ਨਹੀਂ ਜਾਂਦੀ। ਸਭ ਤੋਂ ਵੱਧ ਸਮੱਸਿਆ ਦਾਅਵਤਾਂ ਤੇ ਪਾਰਟੀਆਂ ਦੌਰਾਨ ਆਉਂਦੀ ਹੈ। ਪੁਰਸ਼ ਅਫ਼ਸਰਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਉਨ੍ਹਾਂ ਦੀਆਂ ਮਹਿਲਾ ਹਮਰੁਤਬਾਵਾਂ ਉਨ੍ਹਾਂ ਵਾਲੇ ਟੋਲਿਆਂ ਵਿਚ ਨਾ ਸ਼ਾਮਿਲ ਹੋਣ। ਇਨ੍ਹਾਂ ਹਮਰੁਤਬਾ ਮਹਿਲਾਵਾਂ ਦੀ ਹਾਜ਼ਰੀ ਵਿਚ ਉਨ੍ਹਾਂ ਨੂੰ ਜ਼ੁਬਾਨ ’ਤੇ ਵੀ ਲਗਾਮ ਲਾਉਣੀ ਪੈਂਦੀ ਹੈ ਅਤੇ ਮੁਫ਼ਤ ਦੀ ਦਾਰੂ ਉੱਤੇ ਵੀ। ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਇਨ੍ਹਾਂ ਮਹਿਲਾਵਾਂ ਨੂੰ ਉਹ ਆਪਣੀਆਂ ਬੀਵੀਆਂ ਵਾਲੇ ਟੋਲੇ ’ਚ ਭੇਜ ਦੇਣ। ਬੀਵੀਆਂ ਦਾ ਟੋਲਾ ਆਪਣੇ ਨਾਲੋਂ ਵੱਧ ਰੁਤਬੇ ਵਾਲੀ ਮਹਿਲਾ ਅੱਗੇ ਅਹਿਸਾਸ-ਇ-ਕਮਤਰੀ ਦਾ ਸ਼ਿਕਾਰ ਹੋ ਜਾਂਦਾ ਹੈ। ਲਿਹਾਜ਼ਾ, ਆਪਸੀ ਸੰਚਾਰ ਦਾ ਸਿਲਸਿਲਾ ਚੱਜ ਨਾਲ ਉਪਜਦਾ ਹੀ ਨਹੀਂ। ਲੇਖਿਕਾ ਮੁਤਾਬਿਕ ਇਹ ਅਨੁਭਵ ਉਸ ਦਾ ਇਕੱਲੀ ਦਾ ਨਹੀਂ, ਹਰ ਮਹਿਲਾ ਅਫ਼ਸਰ ਦਾ ਹੈ। ਉਨ੍ਹਾਂ ਨੂੰ ਪੁਰਸ਼-ਪ੍ਰਧਾਨ ਵਿਵਸਥਾ ਵਿਚ ਮੁਕਾਮ ਬਣਾਉਣ ਲਈ ਦੋਹਰੀ-ਤੀਹਰੀ ਮਿਹਨਤ ਕਰਨੀ ਪੈਂਦੀ ਹੈ। ਸੂਝਵਾਨ ਤੇ ਸਮਰੱਥ ਅਫ਼ਸਰ ਵੀ ਬਣਨਾ ਪੈਂਦਾ ਹੈ, ਸੁਚੱਜੀ ਗ੍ਰਹਿਣੀ ਵੀ ਅਤੇ ਸੁਚੱਜੀ ਮਾਂ ਤੇ ਨੂੰਹ-ਧੀ ਵੀ। ਉਹ ਲਿਖਦੀ ਹੈ ਕਿ ਚੁਣੌਤੀਪੂਰਨ ਪੇਸ਼ੇਵਾਰਾਨਾ ਜ਼ਿੰਮੇਵਾਰੀਆਂ ਲੈਣ ਲਈ ਉਸ ਨੂੰ ਆਪਣੇ ਸੀਨੀਅਰ ਜਾਂ ਸਹਿਕਰਮੀਆਂ ਨਾਲ ਕਈ ਵਾਰ ਤਲਖ਼ ਵੀ ਹੋਣਾ ਪਿਆ। ਅਜਿਹੀਆਂ ਘਟਨਾਵਾਂ ਕਈ ਵਾਰ ਕੁਸੈਲੀਆਂ ਯਾਦਾਂ ਬਣ ਜਾਂਦੀਆਂ ਹਨ।

ਉਂਜ, ਡਿਪਲੋਮੇਸੀ ਦੇ ਖੇਤਰ ਵਿਚ ਮਹਿਲਾ ਹੋਣ ਦੇ ਕਈ ਫ਼ਾਇਦਿਆਂ ਦਾ ਵੀ ਜ਼ਿਕਰ ਕਰਦੀ ਹੈ। ਇੱਕ ਥਾਂ ਲਿਖਦੀ ਹੈ ਕਿ ਸ਼ਰਾਬ ਤੋਂ ਪਰਹੇਜ਼ ਦੇ ਬਾਵਜੂਦ ਉਹ ਕੌਕਟੇਲ ਪਾਰਟੀਆਂ ਵਿਚ ਜਾਣ ਤੋਂ ਕਦੇ ਨਹੀਂ ਸੀ ਝਿਜਕਦੀ, ਕਿਉਂਕਿ ਉੱਥੋਂ ਉਸ ਨੂੰ ਕਈ ਕਿਸਮ ਦੀਆਂ ਜਾਣਕਾਰੀਆਂ ਬਿਨਾ ਉਚੇਚੀ ਮਿਹਨਤ ਦੇ ਮਿਲ ਜਾਂਦੀਆਂ ਸਨ। ਉਸ ਮੁਤਾਬਿਕ ਦਾਰੂ ਦੀਆਂ ਮਹਿਫ਼ਲਾਂ ਵਿਚ ਵੀ ਬਹੁਤੇ ਪੁਰਸ਼, ਪੇਸ਼ੇਵਾਰਾਨਾ ਰਾਜ਼ ਸਾਂਝੇ ਕਰਨ ਤੋਂ ਗੁਰੇਜ਼ ਕਰਦੇ ਹਨ, ਪਰ ਉਨ੍ਹਾਂ ਦੀਆਂ ਬੀਵੀਆਂ ਦੇ ਅੱਡਿਆਂ ਵਿਚ ਚੁਗ਼ਲੀਆਂ ਦਾ ਦੌਰ ਕਈਆਂ ਦੇ ਪਰਦੇ ਉਠਾ ਜਾਂਦਾ ਹੈ। ਡਿਪਲੋਮੈਟਾਂ ਨੂੰ ਹੋਰ ਕੀ ਚਾਹੀਦਾ ਹੁੰਦਾ ਹੈ। ਉਹ ਲਿਖਦੀ ਹੈ ਕਿ ‘ਹਾਈ ਕਮਿਸ਼ਨ ਦੀ ਇੱਕ ਅਹਿਮ ਮੀਟਿੰਗ ਦੌਰਾਨ ਮੈਂ ਕਈ ਪਾਕਿਸਤਾਨੀ ਜਰਨੈਲਾਂ ਤੇ ਸਿਆਸਤਦਾਨਾਂ ਦੇ ਚਿੱਠੇ ਖੋਲ੍ਹਣ ਵਾਲੀਆਂ ਟਿੱਪਣੀਆਂ ਕੀਤੀਆਂ ਤਾਂ ਸਾਰੇ ਸਾਥੀਆਂ ਦੇ ਮੂੰਹ ਅੱਡੇ ਰਹਿ ਗਏ। ਉਨ੍ਹਾਂ ਨੂੰ ਹੈਰਾਨੀ ਸੀ ਕਿ ਮੈਨੂੰ ਏਨਾ ਕੁਝ ਕਿਵੇਂ ਪਤਾ ਹੈ? ਇਹ ਤਾਂ ਘਨਸ਼ਿਆਮ ਨੂੰ ਹੀ ਇਲਮ ਸੀ ਕਿ ਮੇਰੇ ਸਰੋਤ ਕਿਹੜੇ ਕਿਹੜੇ ਹਨ?’

ਕੁਲ ਮਿਲਾ ਕੇ ਕਿਤਾਬ ਵਿਚ ਜਾਣਕਾਰੀ ਵੀ ਹੈ, ਜਾਇਜ਼ੇ ਵੀ ਹਨ ਅਤੇ ਜ਼ਾਇਕੇਦਾਰ ਟੋਟਕੇ ਵੀ। ਇਹ ਸਾਰੀ ਕੌਕਟੇਲ ਇਸ ਨੂੰ ਨਿਹਾਇਤ ਪੜ੍ਹਨਯੋਗ ਬਣਾਉਂਦੀ ਹੈ।

### ਅਰਬੀ ਜ਼ੁਬਾਨ ਦੀ ਵਰਤੋਂ ਨੇ ਘਟਾਇਆ ਤਣਾਅ

ਰੁਚੀ ਘਨਸ਼ਿਆਮ ਦੀ ਕਿਤਾਬ ਦਾ ਇੱਕ ਅਧਿਆਇ ‘ਆਈ.ਸੀ. 814 ਹਾਈਜੈਕਿੰਗ’ ਉਸ ਦੇ ਪਤੀ ਏ.ਆਰ. ਘਨਸ਼ਿਆਮ ਦਾ ਲਿਖਿਆ ਹੋਇਆ ਹੈ। ਉਹ ਇੰਡੀਅਨ ਏਅਰਲਾਈਨਜ਼ ਦੀ 24 ਦਸੰਬਰ 1999 ਦੀ ਉਡਾਣ ਆਈ.ਸੀ. 814 ਦੇ ਅਗਵਾਕਾਰਾਂ ਨਾਲ ਸਿੱਝਣ ਲਈ ਕੰਧਾਰ (ਅਫ਼ਗਾਨਿਸਤਾਨ) ਭੇਜਿਆ ਗਿਆ ਪਹਿਲਾ ਭਾਰਤੀ ਅਧਿਕਾਰੀ ਸੀ। ਅਗਵਾ ਕਾਂਡ ਖ਼ਤਮ ਹੋਣ ਤੋਂ ਬਾਅਦ ਵੀ ਉਸ ਨੂੰ ਅਗਲੇ ਦਿਨ ਤੱਕ ਕੰਧਾਰ ਰੁਕਣਾ ਪਿਆ। ਇਸੇ ਤਰ੍ਹਾਂ ਉਹ ਪਹਿਲਾ ਭਾਰਤੀ ਅਧਿਕਾਰੀ ਸੀ ਜੋ

*(ਬਾਕੀ ਅਗਲੇ ਸਫੇ ’ਤੇ)*

# 'ਮੇਰਾ ਪਿੰਡ' ਵਾਲੇ ਗਿਆਨੀ ਗੁਰਦਿੱਤ ਸਿੰਘ

ਭਾਵੇਂ ਜਨਵਰੀ 2007 ਤੋਂ ਗਿਆਨੀ ਗੁਰਦਿੱਤ ਸਿੰਘ ਜੀ ਨੂੰ ਸਰੀਰਕ ਤੌਰ 'ਤੇ ਵਿਛੜਿਆਂ 18 ਵਰ੍ਹੇ ਹੋ ਚੱਲੇ ਹਨ ਪ੍ਰੰਤੂ ਉਨ੍ਹਾਂ ਵੱਲੋਂ ਸਾਹਿਤ, ਧਰਮ ਵਿਚ ਪਾਏ ਵਡਮੁੱਲੇ ਯੋਗਦਾਨ ਸਦਕਾ ਇੰਜ ਲਗਦਾ ਹੈ ਜਿਵੇਂ ਉਹ ਸਾਡੇ ਇਰਦ-ਗਿਰਦ ਹੀ ਹਨ। ਗਿਆਨੀ ਜੀ ਸਰਬਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਅੰਦਰ ਇਕ ਸਾਹਿਤਕਾਰ, ਗੁਰਬਾਣੀ ਵੇਤਾ, ਵਿਆਖਿਆਕਾਰ ਤੇ ਖ਼ੋਜੀ, ਸਿਆਸਤਦਾਨ ਤੇ ਪੱਤਰਕਾਰ ਦੇ ਗੁਣ ਸਮਰੂਪ ਵਿਚ ਸਮੋਏ ਹੋਏ

**ਕੁਲਦੀਪ ਧਨੌਲਾ**

ਸਨ। ਗਿਆਨੀ ਜੀ ਨੇ 1956 ਵਿਚ ਇਕ ਲੇਖ ਲਿਖਿਆ 'ਮੇਰਾ ਪਿੰਡ', ਜਿਸ ਦੀ ਚਰਚਾ ਅਤੇ ਪ੍ਰਸ਼ੰਸਾ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਨੇ ਇਸ ਤਰ੍ਹਾਂ ਦੇ ਕੁਝ ਹੋਰ ਲੇਖ ਲਿਖੇ। 1961 ਵਿਚ 'ਮੇਰਾ ਪਿੰਡ' ਦਾ ਪਹਿਲਾ ਐਡੀਸ਼ਨ ਛਪਿਆ ਤਾਂ ਇਹ ਪੁਸਤਕ ਪੰਜਵੀਂ ਜਮਾਤ ਤੋਂ ਲੈ ਕੇ ਐਮ.ਏ. ਤਕ ਦੀਆਂ ਕਲਾਸਾਂ ਨੂੰ ਪੜ੍ਹਾਈ ਜਾਣ ਲੱਗੀ। ਛੋਟੀਆਂ ਜਮਾਤਾਂ ਦੇ ਬੱਚਿਆਂ ਲਈ ਇਸ ਕਿਤਾਬ ਵਿਚੋਂ ਲੇਖ ਚੁਣ ਕੇ 'ਸਪਲੀਮੈਂਟਰੀ ਰੀਡਰਜ਼' ਛਾਪੀਆਂ ਗਈਆਂ। ਅੱਜ ਵੀ ਇਹ ਕਿਤਾਬ ਪੰਜਾਬ ਅਤੇ ਦਿੱਲੀ ਦੀਆਂ ਯੂਨੀਵਰਸਿਟੀਆਂ ਅਤੇ ਸਕੂਲਾਂ ਦੀਆਂ ਜਮਾਤਾਂ ਨੂੰ ਪੜ੍ਹਾਈ ਜਾਂਦੀ ਹੈ। ਲਗਪਗ ਸਾਢੇ ਛੇ ਦਹਾਕਿਆਂ 'ਤੋਂ ਛਪਦੀ ਆ ਰਹੀ ਇਸ ਪੁਸਤਕ ਦਾ 21ਵਾਂ ਐਡੀਸ਼ਨ ਛਪ ਰਿਹਾ ਹੈ। ਕਿਸੇ ਲੇਖਕ ਲਈ ਇਸ ਤੋਂ ਵੱਡਾ ਮਾਣ-ਸਨਮਾਨ ਹੋਰ ਕੀ ਹੋ ਸਕਦਾ ਹੈ?

ਗਿਆਨੀ ਗੁਰਦਿੱਤ ਸਿੰਘ ਜੀ ਦਾ ਜਨਮ 24 ਫਰਵਰੀ, 1923 ਨੂੰ ਪਿਤਾ ਸ. ਹੀਰਾ ਸਿੰਘ ਤੇ ਮਾਤਾ ਨਿਹਾਲ ਕੌਰ ਦੇ ਘਰ ਪਿੰਡ ਮਿੱਠੇਵਾਲ, ਰਿਆਸਤ ਮਾਲੇਰਕੋਟਲਾ (ਜ਼ਿਲ੍ਹਾ ਮਾਲੇਰਕੋਟਲਾ) ਵਿਖੇ ਹੋਇਆ। ਪੜ੍ਹਾਈ ਦੇ ਸਾਰੇ ਸਾਧਨਾਂ ਤੋਂ ਦੂਰ ਪਿੰਡ ਦੇ ਗੁਰਦੁਆਰੇ ਦੀ ਪੁਰਾਣੀ ਰੀਤ ਅਨੁਸਾਰ ਆਰੰਭਕ ਪੋਥੀਆਂ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ। ਪੇਂਡੂ ਘਰੇਲੂ ਧੰਦਿਆਂ ਦੇ ਨਾਲ ਸਾਧਾਂ,-ਸੰਤਾਂ ਅਤੇ ਗੁਣਵਾਨਾਂ ਤੋਂ ਨੀਤੀ, ਭਾਖਾ ਪਿੰਗਲ ਤੇ ਕਾਵਯ ਦੇ ਗ੍ਰੰਥ ਪੜ੍ਹੇ।

ਗਿਆਨੀ ਗੁਰਦਿੱਤ ਸਿੰਘ ਦੀ ਮਿੱਠੀ ਬੋਲੀ, ਮਿੱਠੀ ਮੁਸਕਰਾਹਟ ਅਤੇ ਮੱਠੀ ਟਕੋਰ ਨੇ ਪੰਜਾਬੀ ਪਾਠਕਾਂ ਦਾ ਮਨ ਮੋਹ ਲਿਆ। ਸ਼ਾਇਦ ਇਹ ਸਾਰੀਆਂ ਬਰਕਤਾਂ ਉਨ੍ਹਾਂ ਦੇ ਪਿੰਡ ਮਿੱਠੇਵਾਲ ਦੀਆਂ ਹਨ। ਟਿੱਬਿਆਂ ਅਤੇ ਸਰਕੰਡਿਆਂ ਵਿਚ ਵਸੇ ਇਸ ਪਿੰਡ ਵਿਚ ਪਤਾ ਨਹੀਂ ਗੁਲਾਬ ਦਾ ਫੁੱਲ ਕਿਵੇਂ ਖਿੜ ਪਿਆ? ਗਿਆਨੀ ਜੀ ਕਹਿੰਦੇ ਹੁੰਦੇ ਸਨ ਕਿ ਸਾਡੇ ਪਿੰਡ ਦੇ ਵੀਹ-ਵੀਹ ਕੋਹ ਦੂਰ ਕਿਤੇ ਸਕੂਲ ਨਹੀਂ ਸੀ ਹੁੰਦਾ। ਫਿਰ ਵੀ ਮਿੱਠੇਵਾਲ ਨੇ ਪੰਜਾਬੀ ਸਾਹਿਤ ਨੂੰ ਗਿਆਨੀ ਗੁਰਦਿੱਤ ਸਿੰਘ ਵਰਗਾ ਵਿਦਵਾਨ ਭੇਟ ਕੀਤਾ। ਅਸਲ ਵਿਚ ਇਹ ਉਨ੍ਹਾਂ ਵੱਲੋਂ ਦਿਨ-ਰਾਤ ਪੜ੍ਹਾਈ ਕਰਨ ਦੀ ਅਤੇ ਵਿਸ਼ੇਸ਼ ਵਿਦਵਾਨਾਂ ਤੋਂ ਸਮੇਂ-ਸਮੇਂ ਵਿੱਦਿਆ ਪ੍ਰਾਪਤ ਕਰਨ ਦੀ ਘਾਲਣਾ ਦਾ ਫ਼ਲ ਹੈ। ਇਸ ਤੋਂ ਬਾਅਦ ਗਿਆਨ ਦੇ ਬਿਖੜੇ ਰਾਹਾਂ ਤੇ ਗਿਆਨੀ ਜੀ ਤੁਰਦੇ ਰਹੇ ਹਨ।

'ਮੇਰਾ ਪਿੰਡ' ਦੇ ਮੇਰੇ ਵੱਡੇ-ਵਡੇਰੇ ਚੈਪਟਰ ਵਿਚ ਉਹ ਲਿਖਦੇ ਹਨ —ਮੇਰੇ ਦਾਦੇ ਪੜਦਾਦੇ, ਵੱਡ-ਵਡੇਰੇ, ਕਿਸੇ ਰਾਜੇ ਨਵਾਬ ਦੇ ਨੌਕਰ, ਰਈਸ ਜਾਂ ਬਖਤਾਵਰ ਬੰਦੇ ਨਹੀਂ ਸਨ। ਨਾ ਹੀ ਉਹ ਅਧਿਆਤਮਕ ਖੇਤਰ ਵਿਚ ਕੋਈ ਦਰਜਾ ਰੱਖਦੇ ਸੀ, ਤੇ ਵਿਦਵਾਨ ਹੋਣਾ ਤਾਂ ਉਨ੍ਹਾਂ ਲਈ ਇਕ ਦਮ ਹੀ ਅਜਨਬੀ ਹੋਇਆ।

ਮੇਰੇ ਪਿੰਡ ਦਾ ਨਾਂ ਹੈ ਮਿੱਠੇਵਾਲ। ਕਹਿੰਦੇ ਇਹ ਨਾਂ ਇਸ ਕਰਕੇ ਪਿਆ ਸੀ ਕਿ ਸਾਡਾ ਪਿੰਡ ਅਕਬਰ ਦੇ ਸਮੇਂ ਪਰਗਣਾ ਦੀਨਾ ਕਾਂਗੜ ਦੇ ਇੱਕ ਮੁਖੀ ਚੌਧਰੀ ਮਹਿਰ ਮਿੱਠੇ ਨੇ ਬੰਨ੍ਹਿਆ ਸੀ। ਪਹਾੜਾਂ ਜਿੱਡੇ ਉੱਚੇ ਰੇਤੇ ਦੇ ਟਿੱਬਿਆਂ ਅਤੇ ਚੀਲ੍ਹਾਂ ਲੰਮੇ-ਲੰਝੇ ਜ਼ੋਰੀ ਸ਼ੂਕਰਾਂ ਪਾਉਂਦੇ ਸਰਕੜੇ ਦੇ ਸੰਘਣੇ ਜੰਗਲਾਂ ਵਿਚਾਲੇ, ਪਲ੍ਹੋਂ ਵਾਲੀ ਕਾਲੀ ਮਿੱਟੀ ਨਾਲ ਲਿੱਪੇ ਹੋਏ ਕੱਚਿਆਂ ਕੋਠਿਆਂ ਵਾਲਾ ਇੱਕ ਟਾਪੂ ਜਿਹਾ ਹੈ ਮੇਰਾ ਪਿੰਡ, ਜਿਹੜਾ ਆਪਣੇ ਨਾਂ ਨਾਲੋਂ ਵੀ ਵੱਧ ਆਪਣੀਆਂ ਯਾਦਾਂ ਸਮਾਈ ਬੈਠਾ ਹੈ।'

ਉਨ੍ਹਾਂ 1944-45 ਵਿਚ ਲਾਹੌਰ ਤੋਂ ਗਿਆਨੀ ਪਾਸ ਕੀਤੀ। ਖੋਜ ਦੀ ਲਗਨ 'ਵਿਚ ਘਰ-ਬਾਰ ਛੱਡ ਕੇ 1943 ਤੋਂ 47 ਤਕ ਅਣਵੰਡੇ ਦੇਸ਼ ਦਾ ਪੰਜਾ ਸਾਹਿਬ ਤੋਂ ਪਟਨਾ, ਬਨਾਰਸ ਤਕ ਦਾ ਭਰਮਣ ਕੀਤਾ। ਧਰਮ ਸਥਾਨਾਂ ਦੇ ਤੋਸ਼ੇ ਖ਼ਾਨਿਆਂ ਤੋਂ ਲੈ ਕੇ ਲਾਹੌਰ, ਅੰਮ੍ਰਿਤਸਰ,



*ਗਿਆਨੀ ਗੁਰਦਿੱਤ ਸਿੰਘ ਦੀ ਆਪਣੇ ਪੁੱਤਰ ਰੁਪਿੰਦਰ ਸਿੰਘ ਨਾਲ ਯਾਦਗਾਰੀ ਤਸਵੀਰ।*

ਪਟਿਆਲਾ ਦੀਆਂ ਲਾਇਬਰੇਰੀਆਂ ਅਤੇ ਕਾਂਸ਼ੀ ਦੀ ਨਾਗਰੀ ਪ੍ਰਚਾਰਣੀ ਸਭਾ ਦੀ ਲਾਇਬਰੇਰੀ ਘੋਖੀ। ਉੱਘੀਆਂ ਇਤਿਹਾਸਕ ਰਿਆਸਤੀ ਹਸਤੀਆਂ ਅਤੇ ਨਾਭੇ, ਪਟਿਆਲੇ ਦੇ ਸਿੱਖ ਘਰਾਣਿਆਂ 'ਵਿਚ ਹੱਥ ਲਿਖਤਾਂ, ਬੀੜਾਂ ਤੇ ਪੁਸਤਕਾਂ ਦੀ ਖੋਜ ਕੀਤੀ ਤੇ ਨਿਵਾਸ ਲਾਹੌਰ ਅਤੇ ਅੰਮ੍ਰਿਤਸਰ ਰਿਹਾ।

ਮਾਸਿਕ ਪੱਤਰ 'ਜੀਵਨ ਸੰਦੇਸ਼' ਪਟਿਆਲਿ1973 **'ਵਿਚ ਸਿੰਘ ਸਭਾ ਲਹਿਰ ਦੀ ਯਾਦ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੰਘ ਸਭਾ ਸ਼ਤਾਬਦੀ ਕਮੇਟੀ ਦਾ ਕੰਮ ਸੌਂਪਿਆ** ਗਿਆ ਸੀ, ਉਦੋਂ ਆਪ ਦਾ ਨਿਵਾਸ ਅੰਮ੍ਰਿਤਸਰ ਰਿਹਾ। ਪਹਿਲਾਂ ਦੇਸ਼ ਭਰ ਵਿਚ ਪ੍ਰਚਾਰ ਵਹੀਰ ਚਲਾਈ। 1973 'ਵਿਚ ਜਨਰਲ ਸਕੱਤਰ ਅਤੇ 1983 ਤੋਂ 1992 ਤਕ ਕੇਂਦਰੀ ਸਿੰਘ ਸਭਾ ਦੀ ਪ੍ਰਧਾਨਗੀ ਦੇ ਰੂਪ 'ਵਿਚ ਸੇਵਾ ਕੀਤੀ। ਦਰਜਨਾਂ ਸਮਾਗਮ ਅਤੇ ਵਿਚਾਰ ਸੰਮੇਲਨ ਭਾਰਤ ਦੇ ਵੱਡੇ ਸ਼ਹਿਰਾਂ ਅਤੇ ਸਿੱਖਾਂ ਦੇ ਮੁੱਖ ਧਾਮਾਂ ਉੱਤੇ ਕੀਤੇ, ਸਿੰਘ ਸਭਾ ਪੱਤ੍ਰਿਕਾ ਰਸਾਲੇ ਦੇ ਮਹੱਤਵਪੂਰਨ ਵਿਸ਼ੇਸ਼ ਅੰਕ ਕੱਢੇ। ਸਿਧਾਂਤਕ ਇਤਿਹਾਸਿਕ ਮਸਲਿਆਂ ਉੱਤੇ ਵਿਚਾਰ ਸਮਾਗਮ ਕੀਤੇ। ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਜਿਲਦ, ਜੀਵਨ ਭਰ ਦੀ ਖੋਜ ਦਾ ਹਿੱਸਾ, ਭਗਤ ਬਾਣੀ ਦਾ ਇਤਿਹਾਸ ਛਾਪਿਆ, ਜਿਸ ਦਾ ਦੇਸ਼-ਵਿਦੇਸ਼ 'ਵਿਚ ਸਵਾਗਤ ਹੋਇਆ। ਇੰਗਲੈਂਡ, ਅਮਰੀਕਾ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੁਆਰਾ ਲਿਖੀਆਂ ਜੀਵਨੀਆਂ 'ਸਿੰਘ ਸਭਾ ਪੱਤ੍ਰਿਕਾ' 'ਵਿਚ ਛਪੀਆਂ।

ਜਦੋਂ ਗਿਆਨੀ ਗੁਰਦਿੱਤ ਸਿੰਘ ਜੀ ਦੀ ਕੋਈ ਕਿਤਾਬ ਛਪਦੀ ਸੀ ਤਾਂ ਪੰਜਾਬੀ ਸਾਹਿਤ ਦੇ ਸ਼ਾਂਤ ਪਾਣੀਆਂ ਵਿਚ ਹਲਚਲ ਮੱਚ ਜਾਂਦੀ ਸੀ। ਇਸ ਦਾ ਕਾਰਨ ਸੀ ਕਿ ਗਿਆਨੀ ਜੀ, ਜਿਸ ਵਿਸ਼ੇ ਉੱਤੇ ਵੀ ਕਲਮ ਚੁੱਕਦੇ, ਉਸ ਦਾ ਆਧਾਰ ਪਹਿਲਾਂ ਪ੍ਰਗਟ ਕੀਤੇ ਗਏ ਮਾਂਗਵੇਂ ਵਿਚਾਰਾਂ ਨੂੰ ਨਹੀਂ ਸਨ ਬਣਾਉਂਦੇ, ਸਗੋਂ ਸਾਲਾਂਬੱਧੀ ਉਸ ਵਿਸ਼ੇ ਦਾ ਸਵੈ-ਅਧਿਐਨ ਕਰਦੇ ਅਤੇ ਉਸ ਵਿਸ਼ੇ ਨਾਲ ਸਬੰਧਤ ਦੂਰ-ਦੁਰਾਡੀਆਂ ਥਾਵਾਂ ਦੀ ਯਾਤਰਾ ਵੀ ਕਰਦੇ ਸਨ। ਘੋਖ ਉਪਰੰਤ ਜਿਹੜੇ ਵਿਚਾਰ ਅਤੇ ਨਤੀਜੇ ਸਾਹਮਣੇ ਆਉਂਦੇ, ਉਹ ਸੁਭਾਵਿਕ ਹੀ ਲੀਹ ਤੋਂ ਹਟਵੇਂ, ਨਵੇਂ ਅਤੇ ਵਿਲੱਖਣ ਹੁੰਦੇ ਸਨ, ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਅਕਸਰ ਹੈਰਾਨ ਹੋ ਜਾਂਦੇ ਸਨ।

1990 ਵਿਚ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ-ਭਗਤ ਬਾਣੀ ਭਾਗ-1 668 ਪੰਨਿਆਂ ਦੀ ਇਸ ਪੁਸਤਕ ਵਿਚ ਬਾਣੀਕਾਰ ਭਗਤਾਂ ਦੇ ਜੀਵਨ ਅਤੇ ਰਚਨਾ ਬਾਰੇ ਸਮਗਰੀ ਇਕੱਤਰ ਕੀਤੀ ਗਈ। ਗਿਆਨੀ ਜੀ ਨੇ ਇਸ ਪੁਸਤਕ ਵਿਚ ਭਗਤਾਂ ਦੀਆਂ ਜੀਵਨੀਆਂ ਅਤੇ ਉਨ੍ਹਾਂ ਦੀ ਬਾਣੀ ਬਾਰੇ ਅਹਿਮ ਸਵਾਲ ਉਠਾਏ।

ਗਿਆਨੀ ਗੁਰਦਿੱਤ ਸਿੰਘ ਦੀ ਬਹੁ-ਚਰਚਿਤ ਪੁਸਤਕ 'ਮੁੰਦਾਵਣੀ' 2003 ਵਿਚ ਛਪੀ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਰਾਗਮਾਲਾ' ਦੇ ਵਿਸ਼ੇ ਨਾਲ ਸਬੰਧਤ ਹੈ। ਸਿੱਖ ਪੰਥ ਵਿਚ ਰਾਗਮਾਲਾ ਦਾ ਮਸਲਾ ਬਹੁਤ ਅਹਿਮ ਅਤੇ ਗੰਭੀਰ ਹੈ। ਰਾਗਮਾਲਾ ਦਾ ਵਿਵਾਦ ਕਈ ਵਾਰ ਉੱਠਿਆ ਤੇ ਦੱਬਿਆ ਹੈ। ਗਿਆਨੀ ਗੁਰਦਿੱਤ ਸਿੰਘ ਇਸ ਮਸਲੇ ਨੂੰ 60 ਸਾ ਲ ਤੋਂ ਵਾਚਦੇ ਆ ਰਹੇ ਸਨ ਅਤੇ ਨਾਲ ਦੀ ਨਾਲ ਇਸ ਉੱਤੇ ਖੋਜ ਵੀ ਕਰ ਰਹੇ ਸਨ। ਇਸ ਸਬੰਧ ਵਿਚ ਉਨ੍ਹਾਂ ਨੇ ਦੇਸ਼ ਅਤੇ ਵਿਦੇਸ਼ ਵਿਚ ਸੈਂਕੜੇ ਹੱਥ ਲਿਖਤ ਬੀੜਾਂ ਦੇ ਦਰਸ਼ਨ ਕੀਤੇ, ਤਕਰੀਬਨ 500 ਬੀੜਾਂ ਦਾ ਡੂੰਘਾ ਅਧਿਐਨ ਕੀਤਾ ਅਤੇ ਰਾਗਮਾਲਾ ਨਾਲ ਸਬੰਧਤ ਪੰਨਿਆਂ ਦੇ ਚਿੱਤਰ 'ਮੁੰਦਾਵਣੀ' ਵਿਚ ਪ੍ਰਕਾਸ਼ਿਤ ਕੀਤੇ। ਰਾਗਮਾਲਾ ਕੀ ਹੈ? ਇਸ ਦਾ ਕਰਤਾ ਕੌਣ ਹੈ? ਰਾਗਮਾਲਾ ਕਦੋਂ ਲਿਖੀ ਗਈ ਅਤੇ ਕਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੋਈ? ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉਤਰ ਲੱਭਣ ਲਈ ਗਿਆਨੀ ਜੀ ਨੇ ਹੱਥ ਲਿਖਤ ਪੁਰਾਤਨ ਬੀੜਾਂ ਅਤੇ ਪੰਜਾਬੀ ਵਿਚ ਛਪੀਆਂ ਪੁਸਤਕਾਂ ਦੇ ਅਧਿਐਨ ਤੋਂ ਬਿਨਾਂ ਹਿੰਦੀ ਵਿਦਵਾਨਾਂ ਦੀਆਂ ਤਕਰੀਬਨ 32 ਪੁਸਤਕਾਂ ਦਾ ਅਧਿਐਨ ਵੀ ਕੀਤਾ।

ਉਪਰੋਕਤ ਤਿੰਨ ਮੁੱਖ ਰਚਨਾਵਾਂ ਤੋਂ ਬਿਨਾਂ ਗਿਆਨੀ ਜੀ ਦੀ ਸਾਹਿਤ ਘਾਲਣਾ ਵਿਚ ਭੱਟ ਅਤੇ ਉਨ੍ਹਾਂ ਦੀ ਰਚਨਾ, ਪੰਜਾਬ ਦੀਆਂ ਲੋਕ ਕਹਾਣੀਆਂ (ਤਿੰਨ ਭਾਗ) ਅਤੇ ਭਾਈ ਰੂਪ ਚੰਦ ਅਤੇ ਉਨ੍ਹਾਂ ਦਾ ਵੰਸ਼ ਆਦਿ ਪੁਸਤਕਾਂ ਸ਼ਾਮਲ ਹਨ। ਉਨ੍ਹਾਂ ਨੇ 1950 ਵਿਚ 'ਅਮਰ ਨਾਮਾ' ਦੀ ਖੋਜ ਕੀਤੀ ਜੋ ਨਾਂਦੇੜ ਸਾਹਿਬ ਵਿਖੇ ਗੁਰੂ ਗੋਬਿੰਦ ਜੀ ਦੇ ਅੰਤਿਮ ਦਿਨਾਂ ਬਾਰੇ ਦੁਰਲੱਭ ਫ਼ਾਰਸੀ ਰਚਨਾ ਹੈ। ਖ਼ਾਲਸਾ ਸਿਰਜਣਾ ਦੀ ਤ੍ਰੈ-ਸ਼ਤਾਬਦੀ ਸਮੇਂ ਗਿਆਨੀ ਜੀ ਦੇ ਸੁਝਾਅ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਕਰੀਬਨ 100 ਪੁਰਾਣੀਆਂ ਅਤੇ ਅਣ-ਉਪਲਬਧ ਪੁਸਤਕਾਂ ਦੁਬਾਰਾ ਪ੍ਰਕਾਸ਼ਿਤ ਕੀਤੀਆਂ। ਇਹ ਸਾਰੀਆਂ ਪੁਸਤਕਾਂ ਗਿਆਨੀ ਜੀ ਨੇ ਆਪਣੇ ਨਿੱਜੀ ਪੁਸਤਕਾਲਿਆਂ ਵਿਚੋਂ

*(ਬਾਕੀ ਸਫਾ 24 'ਤੇ)*

---

## ਪਾਕਿਸਤਾਨ 'ਚ ਭਾਰਤ ਦੀ ਮਹਿਲਾ ਡਿਪਲੋਮੈਟ

*(ਪਿਛਲੇ ਸਫੇ ਦਾ ਬਾਕੀ)*

ਉਸ ਸਮੇਂ ਤਾਲਿਬਾਨ ਹਾਕਮਾ ਦੇ ਵਜ਼ੀਰਾਂ ਨੂੰ ਸਰਕਾਰੀ ਤੌਰ 'ਤੇ ਮਿਲਿਆ। 35 ਪੰਨਿਆਂ ਦੇ ਅਧਿਆਇ ਦਾ ਸਾਰ-ਅੰਸ਼ ਇਸ ਤਰ੍ਹਾਂ ਹੈ:

24 ਦਸੰਬਰ 1999 ਨੂੰ ਸ਼ਾਮ 4.30 ਵਜੇ ਇੰਡੀਅਨ ਏਅਰਲਾਈਨਜ਼ ਦੀ ਉਡਾਣ ਆਈ.ਸੀ. 814 ਕਾਠਮੰਡੂ (ਨੇਪਾਲ) ਤੋਂ ਨਵੀਂ ਦਿੱਲੀ ਵੱਲ ਰਵਾਨਾ ਹੋਈ। ਇਸ ਏਅਰਬੱਸ 320 ਜਹਾਜ਼ 'ਤੇ 24 ਵਿਦੇਸ਼ੀ ਨਾਗਰਿਕਾਂ ਸਮੇਤ 176 ਮੁਸਾਫ਼ਿਰ ਅਤੇ ਹਵਾਈ ਅਮਲੇ ਦੇ 15 ਮੈਂਬਰ ਸਵਾਰ ਸਨ। ਇਹ ਲਖਨਊ ਦੇ ਉੱਪਰੋਂ ਲੰਘ ਰਿਹਾ ਸੀ ਜਦੋਂ ਪਾਕਿਸਤਾਨੀ ਅਗਵਾਕਾਰਾਂ ਨੇ ਇਸ ਨੂੰ ਅਗਵਾ ਕਰ ਲਿਆ। ਉਨ੍ਹਾਂ ਨੇ ਜਹਾਜ਼ ਨੂੰ ਲਾਹੌਰ ਹਵਾਈ ਅੱਡੇ 'ਤੇ ਉਤਾਰਨ ਅਤੇ ਉੱਥੋਂ ਤੇਲ ਭਰਵਾਉਣ ਦਾ ਹੁਕਮ ਦਿੱਤਾ। ਉਹ ਜਹਾਜ਼ ਨੂੰ ਸ਼ਾਇਦ ਕਾਬਲ ਲਿਜਾਣਾ ਚਾਹੁੰਦੇ ਸਨ। ਲਾਹੌਰ ਦੇ ਅਧਿਕਾਰੀਆਂ ਨੇ ਜਹਾਜ਼ ਉੱਥੇ ਉਤਾਰਨ ਦੀ ਇਜਾਜ਼ਤ ਨਹੀਂ ਦਿੱਤੀ। ਜਹਾਜ਼ ਦਾ ਕੈਪਟਨ ਤੇਲ ਘੱਟ ਹੋਣ ਦੇ ਬਹਾਨੇ ਜਹਾਜ਼ ਨੂੰ ਅੰਮ੍ਰਿਤਸਰ ਲੈ ਆਇਆ। ਉੱਥੇ ਤੇਲ ਭਰਨ ਵਿਚ ਜਾਣ-ਬੁੱਝ ਕੇ ਦੇਰੀ ਕੀਤੇ ਜਾਣ ਅਤੇ ਜਹਾਜ਼ ਅੰਦਰ ਕਮਾਂਡੋ ਐਕਸ਼ਨ ਹੋਣ ਦੇ ਖ਼ਦਸ਼ੇ ਕਾਰਨ ਅਗਵਾਕਾਰਾਂ ਨੇ ਕੈਪਟਨ ਦੇਵੀ ਸ਼ਰਨ ਉੱਪਰ ਫੌਰੀ ਲਾਹੌਰ ਵੱਲ ਰਵਾਨਾ ਹੋਣ ਵਾਸਤੇ ਦਬਾਅ ਪਾਇਆ। ਲਾਹੌਰ ਹਵਾਈ ਅੱਡੇ 'ਤੇ ਫਿਰ ਨਾਂਹ-ਨੁੱਕਰ ਹੋਣ ਦੇ ਬਾਵਜੂਦ ਅਗਵਾਕਾਰਾਂ ਨੇ ਜਹਾਜ਼ ਉੱਥੇ ਜਬਰੀ ਉਤਰਵਾਇਆ। ਰਾਤ 10.30 ਵਜੇ ਜਹਾਜ਼ ਤੇਲ ਭਰਵਾ ਕੇ ਪੱਛਮ ਵੱਲ ਰਵਾਨਾ ਹੋ ਗਿਆ। ਇਸ ਨੂੰ ਸੰਯੁਕਤ ਅਰਬ ਅਮੀਰਾਤ ਦੇ ਇੱਕ ਫ਼ੌਜੀ ਹਵਾਈ ਅੱਡੇ 'ਤੇ ਜਬਰੀ ਉਤਰਵਾਇਆ ਗਿਆ। ਉੱਥੇ 27 ਔਰਤਾਂ ਤੇ ਬੱਚਿਆਂ ਨੂੰ ਤਾਂ ਰਿਹਾਅ ਕਰ ਦਿੱਤਾ ਗਿਆ, ਪਰ ਬਾਕੀਆਂ ਨੂੰ ਨਹੀਂ ਛੱਡਿਆ। ਇੱਕ ਮੁਸਾਫ਼ਿਰ ਨੂੰ ਅਗਵਾਕਾਰਾਂ ਨੇ ਅੰਮ੍ਰਿਤਸਰ ਵਿਚ ਪਾਇਲਟ ਨੂੰ ਡਰਾਉਣ ਲਈ ਮਾਰ ਦਿੱਤਾ ਸੀ। ਉਸ ਦੀ ਲਾਸ਼ ਵੀ ਯੂ.ਏ.ਈ. ਦੇ ਅਧਿਕਾਰੀਆਂ ਦੇ ਹਵਾਲੇ ਕਰ ਦਿੱਤੀ ਗਈ। ਉੱਥੇ ਵੀ ਕਮਾਂਡੋ ਐਕਸ਼ਨ ਹੋਣ ਦੇ ਡਰੋਂ ਪਾਇਲਟ ਨੂੰ ਅਫ਼ਗ਼ਾਨਿਸਤਾਨ ਵੱਲ ਜਾਣ ਵਾਸਤੇ ਮਜਬੂਰ ਕੀਤਾ ਗਿਆ। 25 ਦਸੰਬਰ 1999 ਨੂੰ ਸਵੇਰੇ 8.55 ਵਜੇ ਇਹ ਜਹਾਜ਼ ਕੰਧਾਰ ਹਵਾਈ ਅੱਡੇ 'ਤੇ ਉਤਰਿਆ। ਉੱਥੋਂ ਇਹ ਪਹਿਲੀ ਜਨਵਰੀ 2000 ਨੂੰ ਨਵੀਂ ਦਿੱਲੀ ਪਰਤਾਇਆ ਗਿਆ।

26 ਦਸੰਬਰ ਨੂੰ ਰਾਤ 10 ਵਜੇ ਘਨਸ਼ਿਆਮ ਤੇ ਰੁਚੀ ਨੂੰ ਭਾਰਤੀ ਹਾਈ ਕਮਿਸ਼ਨਰ ਜੀ. ਪਾਰਥਾਸਾਰਥੀ ਨੇ ਆਪਣੇ ਘਰ ਬੁਲਾਇਆ। ਉੱਥੇ ਘਨਸ਼ਿਆਮ ਨੂੰ ਕਿਹਾ ਗਿਆ ਕਿ ਭਾਰਤ ਸਰਕਾਰ ਚਾਹੁੰਦੀ ਹੈ ਕਿ ਉਹ ਫ਼ੌਰੀ ਕੰਧਾਰ ਪਹੁੰਚੇ ਅਤੇ ਅਗਵਾਕਾਰਾਂ ਨਾਲ ਸੌਦੇਬਾਜ਼ੀ ਲਈ ਲੋੜੀਂਦਾ ਆਧਾਰ ਤਿਆਰ ਕਰੇ। ਨਾਂਹ-ਨੁੱਕਰ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। 27 ਦਸੰਬਰ ਨੂੰ ਤੜਕਸਾਰ ਘਨਸ਼ਿਆਮ ਇਸਲਾਮਾਬਾਦ ਹਵਾਈ ਅੱਡੇ 'ਤੇ ਪਹੁੰਚ ਗਿਆ, ਜਿੱਥੋਂ ਸੰਯੁਕਤ ਰਾਸ਼ਟਰ ਦੇ ਜਹਾਜ਼ ਰਾਹੀਂ ਉਸ ਨੂੰ ਕੰਧਾਰ ਪਹੁੰਚਾਇਆ ਗਿਆ। ਕੰਧਾਰ ਹਵਾਈ ਅੱਡਾ, ਹਵਾਈ ਅੱਡਾ ਘੱਟ ਤੇ ਕਬਾੜੀਏ ਦਾ ਵਾੜਾ ਵੱਧ ਸੀ। ਥਾਂ ਥਾਂ ਟੁੱਟੇ-ਫੁੱਟੇ ਜਹਾਜ਼ ਅਤੇ ਸਟੀਲ ਦੇ ਪੱਤਰੇ। ਸੰਯੁਕਤ ਰਾਸ਼ਟਰ ਦੇ ਮਿਸ਼ਨ ਦਾ ਜਹਾਜ਼ ਜਿੱਥੇ ਰੁਕਿਆ, ਅਗਵਾਕਾਰਾਂ ਵਾਲਾ ਭਾਰਤੀ ਜਹਾਜ਼ ਉੱਥੋਂ 150 ਮੀਟਰ ਦੇ ਫ਼ਾਸਲੇ 'ਤੇ ਖੜ੍ਹਾ ਸੀ। ਇੱਥੇ ਹੀ ਘਨਸ਼ਿਆਮ ਦੀ ਮੁਲਾਕਾਤ ਤਾਲਿਬਾਨ ਦੇ ਵਿਦੇਸ਼ ਮੰਤਰੀ ਵਕੀਲ ਅਹਿਮਦ ਮੁਤੱਵਕਿਲ ਨਾਲ ਹੋਈ। ਮੁਤੱਵਕਿਲ ਬਹੁਤੀ ਅੰਗਰੇਜ਼ੀ ਨਹੀਂ ਸੀ ਬੋਲ ਸਕਦਾ। ਘਨਸ਼ਿਆਮ ਨੂੰ ਪਸ਼ਤੋ ਨਹੀਂ ਸੀ ਆਉਂਦੀ। ਇਸ ਲਈ ਗੱਲਬਾਤ ਬਹੁਤ ਸੰਖੇਪ ਜਿਹੀ ਰਹੀ। ਉਸ ਨੂੰ ਹਦਾਇਤ ਹੋਈ ਕਿ ਭਾਰਤੀ ਜਹਾਜ਼ ਅੰਦਰਲੇ ਅਗਵਾਕਾਰਾਂ ਨਾਲ ਉਹ ਗੱਲ ਸ਼ੁਰੂ ਕਰੇ। ਅਗਵਾਕਾਰ ਕਾਹਲੇ ਪਏ ਹੋਏ ਸਨ। ਮੁੱਢਲੀ ਗੱਲਬਾਤ ਹਵਾਈ ਅੱਡੇ ਦੇ ਕੰਟਰੋਲ ਟਾਵਰ ਤੋਂ ਹੋਈ। ਉਹ ਦਿਨ ਰਮਜ਼ਾਨ ਦੇ ਸਨ। ਗੱਲਬਾਤ ਕਰਨ ਵਾਲਾ ਅਗਵਾਕਾਰ ਰੋਜ਼ਾ ਰੱਖਿਆ ਹੋਣ ਦੇ ਬਾਵਜੂਦ ਭਾਰਤ ਨੂੰ ਲੰਮਾ ਸਮਾਂ ਨਿੰਦਦਾ ਰਿਹਾ ਅਤੇ ਫਿਰ ਸ਼ਾਇਦ ਥੱਕ ਗਿਆ। ਇਸ ਮਗਰੋਂ ਉਹ ਧਮਕੀਆਂ 'ਤੇ ਉਤਰ ਆਇਆ। ਘਨਸ਼ਿਆਮ ਨੇ ਉਸ ਨੂੰ ਕਿਹਾ ਕਿ ਭਾਰਤੀ ਉੱਚ ਅਧਿਕਾਰੀਆਂ ਦੀ ਟੀਮ ਛੇਤੀ ਹੀ ਕੰਧਾਰ ਆ ਰਹੀ ਹੈ। ਗੱਲਬਾਤ ਤਾਂ ਉਹ ਕਰੇਗੀ। 'ਮੈਂ ਤਾਂ ਗੱਲਬਾਤ ਦਾ ਰਾਹ ਤਿਆਰ ਕਰਨ ਆਇਆ ਹਾਂ।'

ਹਵਾਈ ਅੱਡੇ ਦੇ ਲਾਊਂਜ ਵਿਚ ਮੁਤੱਵਕਿਲ ਫਿਰ ਮੌਜੂਦ ਸੀ। ਘਨਸ਼ਿਆਮ ਨੂੰ ਥੋੜ੍ਹੀ ਬਹੁਤ ਅਰਬੀ ਆਉਂਦੀ ਸੀ। ਉਸ ਨੇ ਤਾਲਿਬਾਨ ਵਿਦੇਸ਼ ਮੰਤਰੀ ਨਾਲ ਵਾਰਤਾ ਲਈ ਇਹ ਜ਼ੁਬਾਨ ਅਜ਼ਮਾਈ। ਉਹ ਇਹ ਭਾਸ਼ਾ ਸੁਣ ਕੇ ਬਾਗ਼ੋ-ਬਾਗ਼ ਹੋ ਗਿਆ। ਮਾਹੌਲ ਵਿਚੋਂ ਖਿਚਾਅ ਘਟ ਗਿਆ। ਰਿਹਾਈ ਦੀ ਸੂਰਤ ਵਿਚ ਮੁਸਾਫ਼ਿਰਾਂ ਤੇ ਹਵਾਈ ਅਮਲੇ ਦੇ ਮੈਂਬਰਾਂ ਦੀ ਮਦਦ ਲਈ ਖ਼ੁਰਾਕੀ ਸਮੱਗਰੀ, ਪਾਣੀ ਤੇ ਡਾਕਟਰੀ ਸਹਾਇਤਾ ਦੇ ਪ੍ਰਬੰਧ ਵੀ ਹੋ ਗਏ। ਦਿੱਲੀ ਤੋਂ ਭਾਰਤੀ ਵਾਰਤਾਕਾਰਾਂ ਦੀ ਟੀਮ 28 ਦਸੰਬਰ ਨੂੰ ਪਹੁੰਚੀ। ਇਸ ਵਿਚ ਕੈਬਨਿਟ ਸਕੱਤਰੇਤ ਤੋਂ ਸੀ.ਡੀ. ਸਹਾਏ ਤੇ ਆਨੰਦ ਅਰਨੀ, ਇੰਟੈਲੀਜੈਂਸ ਬਿਊਰੋ ਤੋਂ ਅਜੀਤ ਡੋਵਾਲ ਤੇ ਨਿਹਚਲ ਸੰਧੂ ਅਤੇ ਵਿਦੇਸ਼ ਮੰਤਰਾਲੇ ਤੋਂ ਵਿਵੇਕ ਕਾਟਜੂ ਸ਼ਾਮਲ ਸਨ। ਇਸ ਟੀਮ ਦੀ ਆਮਦ ਮਗਰੋਂ ਘਨਸ਼ਿਆਮ ਨੂੰ ਪਤਾ ਲੱਗਾ ਕਿ ਜਿਸ ਗੈਸਟ ਹਾਊਸ ਵਿਚ ਭਾਰਤੀਆਂ ਦੇ ਰੁਕਣ ਦਾ ਇੰਤਜ਼ਾਮ ਕੀਤਾ ਗਿਆ ਸੀ, ਉਸ ਦੇ ਨਾਲ ਵਾਲੀ ਇਮਾਰਤ ਵਿਚ ਪਾਕਿਸਤਾਨੀ ਆਈ.ਐਸ.ਆਈ. ਦੀ ਟੋਲੀ ਵੀ ਰੁਕੀ ਹੋਈ ਸੀ।

ਅਗਵਾਕਾਰਾਂ ਨੇ 38 ਮੰਗਾਂ ਰੱਖੀਆਂ। ਇਨ੍ਹਾਂ ਵਿਚ 36 ਕਸ਼ਮੀਰੀ ਅਤਿਵਾਦੀਆਂ ਜਾਂ ਪਾਕਿਸਤਾਨੀ ਦਹਿਸ਼ਤੀਆਂ ਦੀ ਭਾਰਤੀ ਜੇਲ੍ਹਾਂ ਵਿਚੋਂ ਰਿਹਾਈ ਬਾਰੇ ਸਨ। ਇੱਕ ਮੰਗ ਹਜ਼ਰਤ-ਉਲ-ਮੁਜਾਹਿਦੀਨ ਦੇ ਮੋਢੀ ਸੱਜਾਦ ਅਫ਼ਗਾਨੀ ਦੀ ਦਫ਼ਨਾਈ ਹੋਈ ਦੇਹ ਕਬਰ ਵਿਚੋਂ ਕੱਢ ਕੇ ਪਾਕਿਸਤਾਨ ਭੇਜੇ ਜਾਣ ਦੀ ਸੀ। ਆਖ਼ਰੀ ਮੰਗ 20 ਕਰੋੜ ਡਾਲਰਾਂ ਦੀ ਰਕਮ ਸੌ-ਸੌ ਦੇ ਨੋਟਾਂ ਦੀਆਂ ਦੱਥੀਆਂ ਵਿਚ ਫਿਰੌਤੀ ਵਜੋਂ ਅਦਾ ਕੀਤੇ ਜਾਣ ਦੀ ਸੀ। ਭਾਰਤੀ ਵਾਰਤਾਕਾਰ ਦੋ ਦਿਨਾਂ ਦੀ ਸੌਦੇਬਾਜ਼ੀ ਰਾਹੀਂ ਸੌਦਾ ਤਿੰਨ ਦਹਿਸ਼ਤੀ ਸਰਗਨਿਆਂ ਦੀ ਰਿਹਾਈ ਅਤੇ ਫਿਰੌਤੀ ਦੀ ਅਦਾਇਗੀ ਤੱਕ ਖਿੱਚ ਲਿਆਏ। ਜਹਾਜ਼ ਚਾਰ ਦਿਨਾਂ ਤੋਂ ਹਵਾਈ ਅੱਡੇ 'ਤੇ ਖੜ੍ਹਾ ਹੋਣ, ਇਸ ਦੇ ਪਾਖ਼ਾਨੇ ਗੰਦ ਨਾਲ ਲਬਾਲਬ ਹੋਣ ਕਾਰਨ ਜਹਾਜ਼ ਦੇ ਅੰਦਰ ਫੈਲੀ ਸੜਿਆਂਦ ਅਤੇ ਮੁਸਾਫ਼ਿਰਾਂ ਵਾਂਗ ਅਗਵਾਕਾਰ ਵੀ ਭੁੱਖਣ-ਭਾਣੇ ਹੋਣ ਵਰਗੇ ਤੱਤਾਂ ਨੇ ਅਗਵਾਕਾਰਾਂ ਨੂੰ ਆਪਣੀ ਬਹੁਤੀਆਂ ਮੰਗਾਂ ਛੱਡਣ ਲਈ ਮਜਬੂਰ ਕਰ ਦਿੱਤਾ। 31 ਦਸੰਬਰ ਨੂੰ ਭਾਰਤੀ ਵਿਦੇਸ਼ ਮੰਤਰੀ ਜਸਵੰਤ ਸਿੰਘ ਦੇ ਤਿੰਨ ਦਹਿਸ਼ਤੀ ਸਰਗਨਿਆਂ ਨਾਲ ਕੰਧਾਰ ਪੁੱਜਣ ਤੱਕ 20 ਕਰੋੜ ਡਾਲਰਾਂ ਵਾਲੀ ਮੰਗ ਵੀ ਖੂਹ ਖਾਤੇ ਪੈ ਗਈ। ਅਗਲੀਆਂ ਕਾਰਵਾਈਆਂ ਸਿਰੇ ਚੜ੍ਹਵਾਉਣ ਵਿਚ ਤਾਲਿਬਾਨ ਚੰਗੇ ਮਦਦਗਾਰ ਸਾਬਤ ਹੋਏ। ਮਾਮਲਾ ਸਿਰੇ ਚੜ੍ਹਦਿਆਂ ਹੀ ਪੰਜੋਂ ਅਗਵਾਕਾਰ, ਤਿੰਨਾਂ ਦਹਿਸ਼ਤੀ ਸਰਗਨਿਆਂ ਸਮੇਤ ਆਈ.ਐਸ.ਆਈ. ਦੇ ਏਜੰਟਾਂ ਦੀਆਂ ਜੀਪਾਂ 'ਤੇ ਸਵਾਰ ਹੋ ਕੇ ਗਾਇਬ ਹੋ ਗਏ। ਇੱਕ ਅਫ਼ਗ਼ਾਨ ਅਧਿਕਾਰੀ ਨੇ ਘਨਸ਼ਿਆਮ ਨੂੰ ਦੱਸਿਆ ਕਿ ਆਈ.ਐਸ.ਆਈ. ਗੁਪਤ ਰਾਹ ਰਾਹੀਂ ਉਨ੍ਹਾਂ ਨੂੰ ਸਿੱਧਾ ਪਾਕਿਸਤਾਨ ਲੈ ਗਈ।

ਮੁਸਾਫ਼ਿਰਾਂ ਤੇ ਜਹਾਜ਼ੀ ਅਮਲੇ ਸਮੇਤ ਭਾਰਤੀ ਅਧਿਕਾਰੀ ਦੋ ਜਹਾਜ਼ਾਂ ਰਾਹੀਂ ਨਵੀਂ ਦਿੱਲੀ ਪਰਤ ਗਏ। ਅਗਵਾ ਜਹਾਜ਼ ਦੀ ਸਫ਼ਾਈ ਤੇ ਨਿੱਕੀ ਮੋਟੀ ਮੁਰੰਮਤ ਰਾਤ ਵੇਲੇ ਵੀ ਜਾਰੀ ਰਹੀ। ਉਸ ਰਾਤ ਘਨਸ਼ਿਆਮ, ਦੋ ਪਾਇਲਟਾਂ ਤੇ ਦੋ ਇੰਜਨੀਅਰਾਂ ਸਮੇਤ 13 ਹਵਾਈ ਕਰਮਚਾਰੀ ਹਵਾਈ ਅੱਡੇ ਦੇ ਲਾਊਂਜ ਵਿਚ ਹੀ ਟਿਕੇ ਰਹੇ। ਦਰਅਸਲ, ਘਨਸ਼ਿਆਮ ਨੂੰ ਗੈਸਟ ਹਾਊਸ ਵਿਚ ਰਾਤ ਕੱਟਣ ਦੀ ਥਾਂ ਲਾਊਂਜ ਵਿਚ ਰੁਕੇ ਰਹਿਣ ਦੀ ਹਦਾਇਤ ਬਿਨਾਂ ਕੋਈ ਕਾਰਨ ਦੱਸੇ ਵਿਦੇਸ਼ ਮੰਤਰੀ ਜਸਵੰਤ ਸਿੰਘ ਨੇ ਕੀਤੀ ਸੀ। ਉਨ੍ਹਾਂ ਨੂੰ ਸ਼ਾਇਦ ਖ਼ਦਸ਼ਾ ਸੀ ਕਿ ਆਈ.ਐਸ.ਆਈ., ਜੋ ਕਿ ਘਨਸ਼ਿਆਮ ਦੀ ਕੰਧਾਰ ਵਿਚ ਮੌਜੂਦਗੀ ਤੋਂ ਖ਼ਫ਼ਾ ਸੀ, ਗੈਸਟ ਹਾਊਸ ਨੂੰ ਬੰਬ ਨਾਲ ਉਡਾ ਸਕਦੀ ਸੀ। ਲਾਊਂਜ ਉਡਾਉਣਾ ਸੰਭਵ ਨਹੀਂ ਸੀ। ਅਗਲੀ ਸਵੇਰ ਭਾਰਤੀ ਜਹਾਜ਼ ਵਤਨ ਵੱਲ ਰਵਾਨਾ ਹੋਣ ਮਗਰੋਂ ਘਨਸ਼ਿਆਮ ਵੀ ਸੰਯੁਕਤ ਰਾਸ਼ਟਰ ਦੇ ਨਿੱਕੇ ਜਿਹੇ ਜਹਾਜ਼ ਰਾਹੀਂ ਇਸਲਾਮਾਬਾਦ ਪਰਤ ਗਿਆ। ਉਸੇ ਸ਼ਾਮ ਜਸਵੰਤ ਸਿੰਘ ਨੇ ਫੋਨ ਰਾਹੀਂ ਉਸ ਦਾ ਹਾਲ-ਚਾਲ ਪੁੱਛਿਆ। ਇਸ ਕਿਸਮ ਦਾ ਸਿਸ਼ਟਾਚਾਰ ਸਿਰਫ਼ ਜਸਵੰਤ ਸਿੰਘ ਹੀ ਦਿਖਾ ਸਕਦੇ ਸਨ।

* * *

ਅਗਵਾਕਾਰਾਂ, ਭਾਰਤੀ ਅਧਿਕਾਰੀਆਂ ਤੇ ਤਾਲਿਬਾਨ ਦੇ ਪ੍ਰਤੀਨਿਧਾਂ ਦਰਮਿਆਨ ਗੱਲਬਾਤ ਸੰਭਵ ਬਣਾਉਣ ਲਈ ਜਿਸ ਦੁਭਾਸ਼ੀਏ ਨੂੰ ਬੁਲਾਇਆ ਗਿਆ, ਉਸ ਦਾ ਨਾਮ ਸੱਯਦ ਰਹਿਮਤਉੱਲਾ ਹਾਸ਼ਮੀ ਸੀ। ਉਹ ਛੇ ਜ਼ੁਬਾਨਾਂ-ਦਾਰੀ, ਪਸ਼ਤੋ, ਫ਼ਾਰਸੀ, ਉਰਦੂ, ਅੰਗਰੇਜ਼ੀ ਤੇ ਅਰਬੀ ਆਸਾਨੀ ਨਾਲ ਬੋਲਦਾ ਸੀ। ਉਸ ਨੇ ਘਨਸ਼ਿਆਮ ਨੂੰ ਦੱਸਿਆ ਕਿ ਅਫ਼ਗ਼ਾਨਿਸਤਾਨ ਵਿਚ ਇੱਕ ਵਹਿਮ ਬਹੁਤ ਪ੍ਰਚੱਲਿਤ ਹੈ ਕਿ ਜਦੋਂ ਕੋਈ ਬੱਚਾ ਦੋ ਵਰ੍ਹਿਆਂ ਦਾ ਹੋਣ 'ਤੇ ਵੀ ਬੋਲਣਾ ਸ਼ੁਰੂ ਨਹੀਂ ਕਰਦਾ ਤਾਂ ਉਸ ਦੀ ਮਾਂ ਉਸ ਨੂੰ ਕਿਸੇ ਸਿੱਖ ਪਰਿਵਾਰ ਦੇ ਘਰ ਲੈ ਜਾਂਦੀ ਹੈ। ਉਸ ਘਰ ਦੀ ਰੋਟੀ ਖਾਣ ਮਗਰੋਂ ਬੱਚਾ ਬੋਲਣਾ ਸ਼ੁਰੂ ਕਰ ਦਿੰਦਾ ਹੈ। ਹਾਸ਼ਮੀ ਦਾ ਕਹਿਣਾ ਸੀ ਕਿ ਅਜਿਹੇ ਬੱਚਿਆਂ ਵਿਚ ਉਹ ਵੀ ਸ਼ਾਮਿਲ ਸੀ।

* * *

**ਰੁਚੀ ਦੇ ਲਿਖਣ ਮੁਤਾਬਿਕ ਬਹੁਤ ਲੋਕ ਪੁੱਛਦੇ ਰਹੇ ਕਿ ਘਨਸ਼ਿਆਮ ਨੂੰ ਕੰਧਾਰ ਜਾਣ ਦਾ ਹੁਕਮ ਸੁਣਾਏ ਜਾਣ 'ਤੇ ਕੀ ਉਸ ਨੂੰ ਡਰ ਨਹੀਂ ਸੀ ਲੱਗਿਆ। ਉਸ ਦਾ ਜਵਾਬ ਇਹੋ ਰਹਿੰਦਾ ਕਿ ਡਰ ਤਾਂ ਬਹੁਤ ਲੱਗਿਆ ਸੀ, ਪਰ ਨਾਲ ਹੀ ਅਫ਼ਗ਼ਾਨ ਵਿਵਹਾਰ ਜ਼ਾਬਤੇ (ਪਸ਼ਤੂਨਵਾਲੀ) ਬਾਰੇ ਸੋਚ ਕੇ ਇਹ ਢਾਰਸ ਬੱਝ ਜਾਂਦਾ ਸੀ ਕਿ ਪਸ਼ਤੂਨ ਆਪਣੇ ਮਹਿਮਾਨ ਦੀ ਪੂਰੀ ਹਿਫ਼ਾਜ਼ਤ ਕਰਨਗੇ। ਤਾਲਿਬਾਨ ਨੇ ਇਸੇ ਜ਼ਾਬਤੇ ਨੂੰ ਪੂਰੀ ਤਰ੍ਹਾਂ ਨਿਭਾਇਆ।**

# ਬੁੱਕ.ਲ

ਚੁੰਨੀ ਔਰਤ ਦੇ ਸ਼ਿੰਗਾਰ ਦਾ ਹਿੱਸਾ ਹੈ। ਪਰ ਚੁੰਨੀ ਜੇ ਬੁੱਕਲ ਮਾਰ ਕੇ ਲਈ ਜਾਵੇ ਤਾਂ ਔਰਤ ਦੇ ਸੁਹੱਪਣ ਨੂੰ ਚਾਰ ਚੰਨ ਲਾ ਦਿੰਦੀ ਹੈ।

ਮੈਨੂੰ ਚੁੰਨੀ ਦੀ ਬੁੱਕ.ਲ ਮਾਰਨਾ ਵਧੀਆ ਲੱਗਦਾ ਹੈ। ਅੱਜ ਵੀ ਜਦੋਂ ਕਿਸੇ ਸੁਖ,ਦੁਖ ਚ ਜਾਈਦਾ ਕੋਸ਼ਿਸ਼ ਹੁੰਦੀ ਆ ਕਿ ਬੁੱਕਲ ਮਾਰ ਕੇ ਸਿਰ ਢਕਿਆ ਜਾਵੇ। ਬੁੱਕਲ ਦਾ ਮਤਲਬ ਆਪਣੇ ਆਪ ਨੂੰ ਢਕਣਾ ਹੈ।



ਬੁੱਕਲ ਦੋ ਤਰਾਂ ਨਾਲ ਮਾਰੀ ਜਾਂਦੀ ਆ, ਸੱਜੀ ਅਤੇ ਖੱਬੀ। ਜ਼ਿਆਦਾਤਰ ਬੁੱਕਲ ਸੱਜੀ ਈ ਮਾਰੀ ਜਾਂਦੀ ਆ। ਜੇ ਕਿਸੇ ਨੂੰ ਖੱਬੇ ਹੱਥ ਨਾਲ ਕੰਮ ਕਰਨ

ਜਤਿੰਦਰ ਕੌਰ ਬੁਆਲ
ਸਮਰਾਲਾ

ਦੀ ਆਦਤ ਹੋਵੇ, ਉਹ ਖੱਬੀ ਬੁੱਕਲ ਮਾਰ ਲੈਂਦੇ ਹਨ ,ਖੱਬੀ ਬੁੱਕਲ ਓਨੀ ਜਚਦੀ ਨਹੀਂ ਜਿੰਨੀ ਸੱਜੀ ਬੁੱਕਲ ਸਜਦੀ ਆ। ਬੁੱਕਲ ਮਾਰਨ ਦਾ ਆਪਣਾ ਢੰਗ ਹੁੰਦਾ ,ਜਿਵੇਂ ਪਹਿਲਾਂ ਸਿਰ ਤੇ ਦੁਪੱਟਾ ਲੈ ਕੇ ਫੇਰ ਇਕ ਲੜ ਛੋਟਾ ਤੇ ਦੂਜਾ ਵੱਡਾ ਰੱਖ ਕੇ ਬੁੱਕਲ ਮਾਰਨੀ ਤੇ ਵੱਡਾ ਲੜ ਥੱਲੇ ਧਰਤੀ ਨਾ ਸੰਭਰੇ ਪਰ ਪਿੰਜਣੀ ਤੱਕ ਲਮਕੇ। ਏਦਾਂ ਮਾਰੀ ਬੁੱਕਲ ਅੱਗੋਂ ਵੀ ਢਕਦੀ ਤੇ ਪਿਛੋਂ ਵੀ।



ਮੈਨੂੰ ਅੱਜ ਵੀ ਯਾਦ ਆ ਜਦੋਂ ਕਾਲਜ ਜਾਂ ਕਿਤੇ ਹੋਰ ਜਾਣ ਵੇਲੇ ਐਦਾਂ ਬੁੱਕਲ ਮਾਰਨੀ ਇਕ ਲੜ ਵੱਡਾ ਰਹਿ ਜਾਣਾ ਤਾਂ ਬੀਜੀ ਨੇ ਕਹਿਣਾ, ਕੁੜੀਏ ਚੁੰਨੀ ਚੱਕ ਲਿਬੜਦੀ ਆ ਤਾਂ ਕਈ ਵਾਰ ਖਿਝ ਆ ਜਾਣੀ ਤਾਂ ਮਾਤਾ ਨੇ ਕਹਿਣਾ ਇਹ ਔਰਤ ਦਾ ਸ਼ਿੰਗਾਰ ਵੀ ਆ ਇੱਜ਼ਤ ਵੀ ਆ ਏਹਨੂੰ ਥੱਲੇ ਨਹੀਂ ਲੱਗਣ ਦੇਣਾ ,ਪੁੱਤ ਚੁੰਨੀ ਸਾਂਭ ਕੇ ਤੁਰਿਆ ਕਰੋ। ਸੋ ਉਸ ਦਿਨ ਤੋਂ ਮੇਰੀ ਕੋਸ਼ਿਸ਼ ਹੁੰਦੀ ਆ ਕਿ ਜਾਣ ਵੇਲੇ ਚੁੰਨੀ ਦੇ ਲੜ ਨੂੰ ਵਾਰ ਵਾਰ ਵੇਖਣਾ ਕਿ ਕਿਤੇ ਥੱਲੇ ਤਾਂ ਨਹੀਂ ਲਗਦਾ।

ਬੁੱਕਲ ਅਜੇ ਜਿਉਂਦੀ ਤਾਂ ਹੈ ਪਰ ਦਿਨੋ-ਦਿਨ ਇਹਦਾ ਰੁਝਾਨ ਘੱਟ ਰਿਹਾ ਹੈ। ਇਹ ਘੱਟਣਾ ਨਹੀਂ ਚਾਹੀਦਾ, ਬੁੱਕਲ ਸਾਡੇ ਸੱਭਿਆਚਾਰ ਦਾ ਹਿੱਸਾ ਵੀ ਆ। ਸਗੋਂ ਸਾਨੂੰ ਇਸ ਨੂੰ ਸਾਂਭਣਾ ਚਾਹੀਦਾ। ਘਰ ਚ ਛੋਟੀਆਂ ਬੱਚੀਆਂ ਨੂੰ ਬੁੱਕਲ ਵਾਰੇ ਦੱਸਣਾ ਚਾਹੀਦਾ।ਉਹਨਾਂ ਨੂੰ ਬੁੱਕਲ ਮਾਰਨੀ ਸਿਖਾਈ ਜਾਵੇ । ਹੁਣ ਤਾਂ ਵਿਆਹ ਵਾਲੀ ਬੀਬੀ ਦੀ ਬੁੱਕਲ, ਸੂਈਆਂ,ਬਕਸੂਏ ਲਾ ਕੇ ਈ ਖੜਾਈ ਜਾਂਦੀ ਆ,ਉਸ ਦਿਨ ਈ ਜ਼ਰੂਰੀ ਹੁੰਦੀ ਆ ਫੇਰ ਤਾਂ ਬੁੱਕਲ ਮਾਰਨੀ ਹੀ ਨਹੀਂ।

ਆਦਮੀ ਲੋਕ ਵੀ ਲੋਈਆਂ ,ਕੰਬਲਾਂ ਤੇ ਖੇਸੀਆਂ ਦੀ ਬੁੱਕਲ ਮਾਰਦੇ ਹਨ। ਆਓ ਆਪਣੇ ਵਿਰਸੇ ਨੂੰ ਸਾਂਭੀਏ ਕਿਤੇ ਇਹ ਬੁੱਕਲ ਮੁਹਾਵਰਿਆਂ ਜੋਗੀ ਨਾ ਰਹਿ ਜਾਵੇ

ਜਿਵੇਂ:-ਫਲਾਣਾ ਤਾਂ ਬੁੱਕਲ ਦਾ ਸੱਪ ਆ
ਬੁੱਕਲ 'ਚ ਗੁੜ ਭੰਨਣਾ ਆਦਿ।

ਬੁੱਕਲ ਮਾਰਿਆ ਕਰੀਏ, ਬੁੱਕਲ ਮਾਰਨ ਨਾਲ ਦੁਪੱਟੇ ਚ ਵੱਟ ਵੀ ਘੱਟ ਪੈਂਦੇ ਨੇ, ਦੁਪੱਟੇ ਖਿਲਾਰ ਕੇ ਲਏ ਸੋਹਣੇ ਵੀ ਲਗਦੇ ਨੇ।

-0-

# ਰਿਸ਼ਤੇ ਅਤੇ ਵਿਸ਼ਵਾਸ

***ਪਰਮਾਤਮਾ ਕਿਹੜਾ ਕਿਸੇ ਨੇ ਦੇਖਿਆ ਹੈ। ਉਹ ਵੀ ਤਾਂ ਇੱਕ ਯਕੀਨ ਹੀ ਹੈ। ਉਸ ਤੇ ਅਸੀਂ ਕਦੀ ਸ਼ੱਕ ਨਹੀਂ ਕਰਦੇ। ਸਾਡਾ ਦਿਲ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਪਰਮਾਤਮਾ ਜੋ ਕਰੇਗਾ ਠੀਕ ਹੀ ਕਰੇਗਾ।***

ਰਿਸ਼ਤਿਆਂ ਵਿਚ ਵਿਸ਼ਵਾਸ ਦੀ ਇੱਕ ਨਾਜ਼ੁਕ ਪਰ ਮਜ਼ਬੂਤ ਤੰਦ ਹੁੰਦੀ ਹੈ। ਇਹ ਤੰਦ ਹੈ ਜੋ ਰਿਸ਼ਤੇ ਨੂੰ ਜੋੜੀ ਰੱਖਦੀ ਹੈ। ਪਰ ਜੇਕਰ ਕੋਈ ਰਿਸ਼ਤਾ ਛੋਟੀ ਜਿਹੀ ਗਲਤ ਫਹਿਮੀ ਦਾ ਭਾਰ ਨਹੀਂ ਝੱਲ ਸਕਦਾ ਤਾਂ ਅਜਿਹੇ ਰਿਸ਼ਤੇ ਦਾ ਟੁੱਟ ਜਾਣਾ ਹੀ ਬਿਹਤਰ ਹੈ।

ਜਦੋਂ ਤੁਸੀਂ ਕਿਸੇ ਦੀ ਸੁਣੀ ਸੁਣਾਈ ਗੱਲ ਤੇ ਯਕੀਨ ਕਰਕੇ ਆਪਣੇ ਪਿਆਰੇ ਜਾਂ



ਸਨੇਹੀ ਤੇ ਸ਼ੱਕ ਕਰਦੇ ਹੋ ਤਾਂ ਅਸਲ ਵਿਚ ਤੁਸੀਂ ਇਹ ਸਾਬਤ ਕਰਦੇ ਹੋ ਕਿ ਰਿਸ਼ਤੇ ਵਿਚ ਤੰਦ ਮਜ਼ਬੂਤ ਨਹੀਂ ਹੈ। ਜਿੱਥੇ ਭਰੋਸਾ ਹੋਵੇ

ਹਰਪ੍ਰੀਤ ਕੌਰ ਸੰਧੂ
9041073310

ਉੱਥੇ ਸ਼ੱਕ ਦੀ ਗੁੰਜਾਇਸ਼ ਹੀ ਨਹੀਂ ਹੁੰਦੀ। ਤੁਹਾਡਾ ਯਕੀਨ ਜੇਕਰ ਇੰਨਾ ਕੱਚਾ ਹੈ ਕਿ ਕਿਸੇ ਦੀ ਇੱਕ ਗੱਲ ਸੁਣ ਕੇ ਟੁੱਟ ਜਾਂਦਾ ਹੈ ਤਾਂ ਇਸਦਾ ਟੁੱਟ ਜਾਣਾ ਹੀ ਬਿਹਤਰ ਹੈ।

ਜਦੋਂ ਅਸੀਂ ਆਪਣੇ ਪਿਆਰੇ ਜਾਂ ਮਿੱਤਰ ਨੂੰ ਜਾਣਦੇ ਹਾਂ ਸਮਝਦੇ ਹਾਂ ਤਾਂ ਸਾਨੂੰ ਉਸ ਬਾਰੇ ਕੋਈ ਸ਼ੱਕ ਸ਼ੁਭਾਅ ਹੋਣਾ ਹੀ ਨਹੀਂ ਚਾਹੀਦਾ। ਕਿ ਮਨੁੱਖ ਨੂੰ ਆਪਣੇ ਨਜ਼ਦੀਕੀ ਲੋਕਾਂ ਬਾਰੇ ਪਤਾ ਨਹੀਂ ਹੁੰਦਾ? ਕੀ ਉਹ ਨਹੀਂ ਜਾਣਦਾ ਕਿ ਉਹ ਕਿਸ ਹੱਦ ਤੱਕ ਜਾ ਸਕਦੇ ਹਨ? ਆਪਣੇ ਪ੍ਰਤੀ ਉਨਾਂ ਦੀ ਸੋਚ ਬਾਰੇ ਕਿ ਉਸਨੂੰ ਜਾਣਕਾਰੀ ਨਹੀਂ ਹੁੰਦੀ।

ਜੇਕਰ ਇਹ ਸਭ ਨਹੀਂ ਹੁੰਦਾ ਤਾਂ ਫਿਰ ਰਿਸ਼ਤਾ ਮਜਬੂਤ ਨਹੀਂ ਹੈ। ਕੱਚੇ ਪੱਕੇ ਜਿਹੇ ਰਿਸ਼ਤੇ ਜ਼ਿੰਦਗੀ ਨੂੰ ਤਕਲੀਫ ਜਿਆਦਾ ਦਿੰਦੇ ਹਨ। ਕੋਈ ਰਿਸ਼ਤਾ ਜਿਸ ਦਾ ਹਰ ਵੇਲੇ ਟੁੱਟਣ ਦਾ ਡਰ ਬਣਿਆ ਰਵੇ ਉਹ ਜਾਣ ਦਾ ਖੌ ਬਣ ਜਾਂਦਾ ਹੈ। ਬੰਦਾ ਹਰ ਵੇਲੇ ਸਹਿਮਿਆ ਹੀ ਰਹਿੰਦਾ ਹੈ ਹੈ ਕਿ ਮੇਰਾ ਆਪਣਾ ਪਿਆਰਾ ਪਤਾ ਨਹੀਂ ਕਿਸ ਗੱਲ ਤੇ ਨਾਰਾਜ਼ ਹੋ ਜਾਵੇ। ਪਤਾ ਨਹੀਂ ਕਦੋਂ ਕਿਸੇ ਦੀ ਚੱਕ ਵਿਚ ਆ ਕੇ ਕੋਈ ਫੈਸਲਾ ਲੈ ਲਵੇ।

ਯਕੀਨ ਹੋਵੇ ਤਾਂ ਇਨਾ ਕਿ ਪਰਮਾਤਮਾ ਵੀ ਆ ਕੇ ਕਹੇ ਤਾਂ ਬੰਦਾ ਮੰਨੇ ਨਾ। ਇਹੀ ਤਾਂ ਹੁੰਦਾ ਹੈ ਯਕੀਨ। ਜਿਹੜਾ ਨਿੱਕੀ ਜਿਹੀ ਗਲਤ ਫਹਿਮੀ ਨਾਲ ਇੱਕ ਪਹਾੜ ਖੜਾ ਕਰ ਲਵੇ ਦੋਹਾਂ ਦੇ ਦਰਮਿਆਨ ਉਸਨੂੰ ਯਕੀਨ ਕਿੱਥੇ ਹੈ। ਉਹ ਤਾਂ ਸਿਰਫ ਯਕੀਨ ਦੇ ਭੁਲੇਖਿਆਂ ਵਿਚ ਜੀ ਰਿਹਾ ਹੈ।

ਪਰਮਾਤਮਾ ਕਿਹੜਾ ਕਿਸੇ ਨੇ ਦੇਖਿਆ ਹੈ। ਉਹ ਵੀ ਤਾਂ ਇੱਕ ਯਕੀਨ ਹੀ ਹੈ। ਉਸ ਤੇ ਅਸੀਂ ਕਦੀ ਸ਼ੱਕ ਨਹੀਂ ਕਰਦੇ। ਸਾਡਾ ਦਿਲ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਪਰਮਾਤਮਾ ਜੋ ਕਰੇਗਾ ਠੀਕ ਹੀ ਕਰੇਗਾ। ਕਿਸੇ ਵੀ ਮੁਸੀਬਤ ਵਿਚ ਅਸੀਂ ਉਸ ਨੂੰ ਧਿਆਉਂਦੇ ਹਾਂ। ਇਹ ਹੁੰਦਾ ਹੈ ਯਕੀਨ।

ਇਸ ਗੱਲ ਦਾ ਧਿਆਨ ਰੱਖੋ ਕਿ ਜਿਸ ਰਿਸ਼ਤੇ ਵਿਚ ਗਲਤ ਫਹਿਮੀ ਤਰੇੜ ਪਾ ਦਿੰਦੀ ਹੈ ਉਹ ਰਿਸ਼ਤਾ ਜ਼ਿੰਦਗੀ ਲਈ ਪਰੇਸ਼ਾਨੀ ਹੀ ਰਹਿੰਦਾ ਹੈ। ਚਾਹੀਦਾ ਤਾਂ ਇਹ ਹੈ ਕਿ ਜਦੋਂ ਆਪਣਿਆਂ ਦੇ ਖਿਲਾਫ ਕੋਈ ਬੋਲੇ ਤਾਂ ਉਹਨਾਂ ਦੀ ਗੱਲ ਤੇ ਯਕੀਨ ਕਰਨ ਦੀ ਬਜਾਏ ਉਹਨਾਂ ਨੂੰ ਇਹ ਦੱਸਿਆ ਜਾਵੇ ਕਿ ਮੈਨੂੰ ਆਪਣਿਆਂ ਤੇ ਭਰੋਸਾ ਹੈ। ਤੁਹਾਡੇ ਇਹਨਾਂ ਬੇਬੁਦਨਿਆਦ ਇਲਜ਼ਾਮਾਂ ਨਾਲ ਮੇਰਾ ਮਨ



ਨਹੀਂ ਬਦਲੇਗਾ।

ਪਰ ਅਕਸਰ ਹੁੰਦਾ ਇਸ ਦੇ ਉਲਟ ਹੈ। ਝੂਠੇ ਤੇ ਬੇਬੁਨਿਆਦ ਇਲਜ਼ਾਮਾਂ ਦੇ ਸਿਰ ਤੇ ਸੱਚੇ ਰਿਸ਼ਤੇ ਦਮ ਤੋੜ ਦਿੰਦੇ ਹਨ। ਸੱਚਾ ਬੰਦਾ ਇਸ ਕਰਕੇ ਚੁੱਪ ਹੁੰਦਾ ਹੈ ਕਿ ਕੀ ਸਬੂਤ ਦੇਵੇ। ਭਲਾ ਕਦੀ ਸੱਚਾਈ ਦੇ ਵੀ ਸਬੂਤ ਹੁੰਦੇ ਹਨ। ਸੱਚ ਤਾਂ ਸੱਚ ਹੀ ਹੈ। ਸਾਬਤ ਝੂਠ ਨੂੰ ਕਰਨਾ ਪੈਂਦਾ।

ਅੱਜ ਦੇ ਇਸ ਨਿਰਮੋਹੇ ਸਮੇਂ ਵਿਚ ਇਸ ਗੱਲ ਦਾ ਧਿਆਨ ਰੱਖੋ ਕਿ ਤੁਹਾਡੇ ਆਪਣੇ ਸਿਰਫ ਉਹ ਹਨ ਜੋ ਤੁਹਾਡੇ ਤੇ ਯਕੀਨ ਕਰਦੇ ਹਨ। ਜੋ ਛੋਟੀ ਜਿਹੀ ਗਲਤ ਫਹਿਮੀ ਤੇ ਆ ਕੇ ਤੁਹਾਨੂੰ ਪੁੱਛਦੇ ਹਨ ਕਿ ਗੱਲ ਕੀ ਹੈ। ਉਹ ਨਹੀਂ ਜੋ ਗਲਤ ਫਹਿਮੀ ਦੀ ਗੰਢ ਮਾਰ ਕੇ ਰਿਸ਼ਤਾ ਤੋੜ ਲੈਂਦੇ ਹਨ। ਅਜਿਹੇ ਲੋਕਾਂ ਤੋਂ ਜਿੰਨੀ ਛੇਤੀ ਦੂਰ ਹੋ ਜਾਵੋਗੇ ਉਨਾ ਹੀ ਜ਼ਿੰਦਗੀ ਸੌਖੀ ਹੋ ਜਾਵੇਗੀ।

ਵਿਸ਼ਵਾਸ ਕਰੋ ਇਹ ਲੋਕ ਤੁਹਾਡੇ ਲਈ ਨਹੀਂ ਬਣੇ। ਅਜਿਹੇ ਲੋਕਾਂ ਤੋਂ ਫਾਸਲਾ ਰੱਖੋ। ਰਿਸ਼ਤੇ ਤੁਹਾਡੇ ਲਈ ਹਨ ਤੁਸੀਂ ਰਿਸ਼ਤਿਆਂ ਲਈ ਨਹੀਂ। ਛੋਟੀ ਜਿਹੀ ਗੱਲ ਨੂੰ ਜੀਣ ਮਰਨ ਦਾ ਸਵਾਲ ਬਣਾ ਲੈਣਾ ਸਹੀ ਨਹੀਂ। ਪਤਾ ਹੈ ਜਿਨਾਂ ਬਿਨਾਂ ਸਰਦਾ ਨਹੀਂ ਉਹਨਾਂ ਨਾਲ ਖੁੱਲ ਕੇ ਗੱਲ ਕਰ ਲਵੋ।

ਲੋਕਾਂ ਦੀਆਂ ਗੱਲਾਂ ਤੇ ਯਕੀਨ ਕਰਨ ਦੀ ਬਜਾਏ ਆਪਣਿਆਂ ਤੇ ਯਕੀਨ ਕਰੋ। ਵਿਸ਼ਵਾਸ ਵਿਚ ਬੜੀ ਤਾਕਤ ਹੁੰਦੀ ਹੈ। ਇਹ ਪੱਥਰ ਨੂੰ ਰੱਬ ਬਣਾ ਦਿੰਦਾ ਹੈ। ਬੰਦਾ ਤਾਂ ਫਿਰ ਬੰਦਾ ਹੈ।

-0-

## ਕਲਾ ਪਰਿਕਰਮਾ

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 1 ਫਰਵਰੀ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-675



**ਦੇਸ਼ ਗਰੀਬੜੇ ਜਨਮ ਲਿਆ ਹੈ, ਭੁੱਖਾਂ ਦੁੱਖਾਂ ਦੇ ਮਾਰੇ ਲੋਕ,**
**ਦੇਖੋ ਕੀ-ਕੀ ਪਾਪੜ ਪੈਂਦੇ ਵੇਲਣੇ, ਐਸੇ ਕਰਨ ਗੁਜ਼ਾਰੇ ਲੋਕ।**
**ਸੁੱਕ ਸੁੱਕ ਪੇਟ ਹੈ ਤਾਂਬਾ ਜੁੜਿਆ, ਹਾਕਮ ਦੇ ਦੁਰਕਾਰੇ ਲੋਕ,**
**ਉਮਰ ਤੋਂ ਪਹਿਲਾਂ ਬੁੱਢੇ ਜਾਪਣ, ਨਸੀਬ ਦੇ ਇਹ ਮਾਰੇ ਲੋਕ।**

## ਕੈਪਸ਼ਨ ਮੁਕਾਬਲਾ-673



ਕੁੱਕੜਾਂ ਦੇ ਨਾਲ ਕੀਤੀ ਮੀਟਿੰਗ
ਖੁਦ ਸਿਰ 'ਤੇ ਕਲਗੀ ਲਾ ਕੇ।
ਆਕੜ ਆਕੜ ਬੈਠ ਗਏ ਸਭ
ਪਹੁੰਚਿਆਂ ਤਾਈਂ ਲਮਕਾ ਕੇ।
ਮਿੱਠੀਆਂ ਗੱਲਾਂ ਦੇ ਵਿਚ ਆ ਗੇ
ਆਪਣੀ ਹੋਣੀ ਤਾਈਂ ਭੁਲਾ ਕੇ।
***-ਜਗਮੀਤ ਸਿੰਘ ਪੰਧੇਰ***
***ਫੋਨ: +91-98783-37222***

---

ਸੀਲ ਕੁੱਕੜ ਨੇਤਾਵਾਂ ਵਰਗੇ,
ਲੋਕਾਂ ਵਿੱਚ ਰਹਿੰਦੇ ਲੜਦੇ,
ਖੁੱਡੇ ਚ ਬੀਬੇ ਭਰਾਵਾਂ ਵਰਗੇ,
ਚੁੱਪ-ਚਾਪ ਸਭ ਜਾ ਵੜਦੇ।
ਇਕੱਠੇ ਹੋ ਕੇ ਕਰਨ ਸਲਾਹਾਂ,
ਵੋਟਰ ਨੂੰ ਕਿੰਝ ਰਿਝਾਈਏ,
ਝੂਠੇ ਮੂਠੇ ਲਾਰਿਆਂ ਦੇ ਨਾਲ਼,
ਜਨਤਾ ਨੂੰ ਫੇਰ ਪਤਿਆਈਏ।
***-ਸੇਵਾ ਸਿੰਘ ਨੂਰਪੁਰੀ***

---

ਲੱਗਦੈ ਮੁਰਗਿਆਂ ਦੀ ਕੋਕਟੇਲ ਪਾਰਟੀ,
ਸਦਭਾਵਨਾ ਵਾਲੇ ਮਾਹੌਲ 'ਚ ਹੋ ਰਹੀ।
ਭਾਵੇਂ ਨੀਅਤ ਸਭ ਦੀ
ਸਿਆਸਤੀਆਂ ਵਰਗੀ
ਪਤਾ ਨ੍ਹੀਂ ਕਦੋਂ ਹੋ ਜਾਵੇ ਖੋਹਾ-ਖੋਹੀ।
ਕੁੱਕੜਾਂ ਦੀ ਕੌਂਸਲ ਕਰੇ ਸਲਾਹਾਂ,
ਕਿਵੇਂ ਰੂੜ੍ਹੀਆਂ ਦੀ ਕਰੀਏ ਸਫਾਈ।
ਬਾਂਗਾਂ ਦੇ ਦੇ ਸ਼ੋਰ ਮਚਾਉਣਾ
ਦੁਨੀਆ 'ਚ ਸਾਡੀ ਪੈ ਜਾਵੇ ਦੁਹਾਈ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਖੇਹ ਹੀ ਨਹੀਂ
ਜੱਖਣਾ ਪੱਟ ਦਿੱਤੀ
ਕਲਗੀ ਸਜਦੀ ਸੀ ਰਾਜੇ ਮਹਾਰਾਜਿਆਂ ਦੇ
ਦੌੜ ਹੈ ਕੁਰਸੀ, ਰੁਤਬਾ, ਮੁਨਾਫ਼ਾ ਅੱਜ
ਚੁਣੇ ਪੰਜ ਪਹਿਲਾਂ ਜੋ ਸਨ ਅਸੂਲਨ
ਦੋ ਹੋਰ ਰਲਾ ਦਿੱਤੇ
ਪੀੜਤ ਧਿਰ ਵਲੋਂ
ਦੋਸ਼ੀ ਮੰਨ ਸਾਰੇ ਦੂਸ਼ਣ ਪਾਏ ਝੋਲੀ
ਆਕੜਿਆ ਫਿਰ ਝੂਠੇ ਇਲਜ਼ਾਮ ਸਨ
ਕੌਣ ਕਿਸ ਨੂੰ ਸੁਣੇ
ਅੰਨ੍ਹਾ ਬੋਲੇ ਨੂੰ ਘੜੀਸੀ ਜਾ ਰਿਹਾ
ਦਾਗੀ ਬਾਗੀ ਸਾਰੇ ਘਚੋਲੇ ਦੇ ਭਾਗੀ
ਭੂਸਰਿਆ ਕੁੱਕੜ ਵੀ ਮਾਣ ਨਹੀਂ ਹੁੰਦਾ
ਕਰ ਆਪਣੇ ਹੀ ਫੰਗ ਥੱਲੇ ਉੱਤੇ
ਅਕੜਾ ਕਲਗੀ ਸਿੱਧੀ ਖੌਰੂ ਪੱਟਦਾ
ਆਪਣੇ ਹੀ ਖੁੱਡੇ ਦੁਆਲੇ।
***-ਦਰਸ਼ਨ ਪਾਲ ਦੋਸਾਂਝ।***

# ਇਜ਼ਰਾਈਲ ਅਤੇ ਗਾਜ਼ਾ ਵਿਚਕਾਰ ਜੰਗਬੰਦੀ ਦੀ ਸਮੀਖਿਆ

ਕਰਨਲ ਡਾ. ਦਲਵਿੰਦਰ ਸਿੰਘ ਗਰੇਵਾਲ

ਕਤਰ, ਮਿਸਰ ਅਤੇ ਸੰਯੁਕਤ ਰਾਜ ਅਮਰੀਕਾ ਦੀ ਵਿਚੋਲਗੀ ਰਾਹੀਂ ਹਮਾਸ ਅਤੇ ਇਜ਼ਰਾਈਲ ਜੰਗਬੰਦੀ ਦੇ ਸਮਝੌਤੇ 'ਤੇ ਦਸਤਖਤ ਹੋ ਗਏ ਹਨ। ਕਤਰ ਦੇ ਪ੍ਰਧਾਨ ਮੰਤਰੀ ਸ਼ੇਖ ਮੁਹੰਮਦ ਬਿਨ ਅਬਦੁਲ ਰਹਿਮਾਨ ਬਿਨ ਜਾਸਿਮ ਅਲ ਥਾਨੀ ਨੇ 15 ਜਨਵਰੀ, 2025 ਨੂੰ ਐਲਾਨ ਕੀਤਾ ਕਿ ਇਹ ਸਮਝੌਤਾ 19 ਜਨਵਰੀ, 2025 ਤੋਂ ਲਾਗੂ ਹੋਵੇਗਾ।

ਇਤਿਹਾਸਕ ਸਮਝੌਤੇ ਵਿਚ ਕਤਰ-ਮਿਸਰ ਦੀ ਵਿਚੋਲਗੀ ਤਹਿਤ ਪਹਿਲੇ ਦਿਨ ਇਜ਼ਰਾਇਲੀ ਬੰਧਕਾਂ ਦੇ ਪਹਿਲੇ ਸਮੂਹ ਵਿਚ 33 ਬੰਧਕ ਇਜ਼ਰਾਇਲੀਆਂ ਦੀ ਅਤੇ 2,000 ਫਲਸਤੀਨੀ ਕੈਦੀਆਂ ਦੀ ਰਿਹਾਈ ਅਤੇ ਗਾਜ਼ਾ ਤੋਂ ਇਜ਼ਰਾਇਲੀ ਫੌਜਾਂ ਦੀ ਵਾਪਸੀ ਸ਼ਾਮਲ ਹੈ ਜਿਸ ਨਾਲ ਗਾਜ਼ਾ ਵਿਚ ਬੰਦੂਕਾਂ ਸ਼ਾਂਤ ਹੋ ਜਾਣ ਦੀ ਸੰਭਾਵਨਾ ਹੈ। ਸਮਝੌਤੇ ਅਨੁਸਾਰ ਲਗਭਗ 600 ਮਾਨਵਤਾਵਾਦੀ ਸਹਾਇਤਾ ਟਰੱਕਾਂ ਨੂੰ ਰੋਜ਼ਾਨਾ ਅਧਾਰ 'ਤੇ ਪੱਟੀ ਵਿਚ ਜਾਣ ਦੀ ਆਗਿਆ ਦਿੱਤੀ ਜਾਵੇਗੀ। ਫਲਸਤੀਨੀ ਇਲਾਕੇ ਵਿਚ ਜੰਗ ਤੋਂ ਬਾਅਦ ਮੁੜ ਉਸਾਰੀ ਦੇ ਯਤਨ ਵੀ ਸ਼ਾਮਿਲ ਹਨ, ਜਿੱਥੇ 7 ਅਕਤੂਬਰ, 2023 ਤੋਂ ਲਗਾਤਾਰ ਇਜ਼ਰਾਇਲੀ ਬੰਬਾਰੀ ਵਿਚ 70 ਪ੍ਰਤੀਸ਼ਤ ਤੋਂ ਵੱਧ ਇਮਾਰਤਾਂ ਢਹਿ-ਢੇਰੀ ਹੋ ਗਈਆਂ ਹਨ। ਸਮਝੌਤੇ ਦੇ ਸੱਤਵੇਂ ਦਿਨ, 25 ਜਨਵਰੀ ਨੂੰ ਅੰਦਰੂਨੀ ਤੌਰ 'ਤੇ ਵਿਸਥਾਪਤ ਫਲਿਸਤੀਨੀਆਂ ਨੂੰ ਉੱਤਰੀ ਗਾਜ਼ਾ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ।

ਇਜ਼ਰਾਈਲ ਦੀ ਗਾਜ਼ਾ ਪੱਟੀ ਵਿਚ ਫਲਿਸਤੀਨੀਆਂ ਵਿਰੁੱਧ ਲੜਾਈ ਨੂੰ 467 ਦਿਨ ਹੋ ਗਏ ਹਨ। 7 ਅਕਤੂਬਰ, 2023 ਨੂੰ ਫਲਸਤੀਨੀ ਗਰੁੱਪ ਹਮਾਸ ਦੀ ਅਗਵਾਈ ਵਾਲੇ ਦੱਖਣੀ ਇਜ਼ਰਾਈਲ 'ਤੇ ਹਮਲਿਆਂ ਤੋਂ ਬਾਅਦ ਇਜ਼ਰਾਇਲੀ ਹਮਲਾ ਸ਼ੁਰੂ ਹੋਇਆ ਸੀ, ਜਿਸ ਦੌਰਾਨ 15 ਮਹੀਨਿਆਂ ਵਿਚ 1100 ਤੋਂ ਵੱਧ ਲੋਕ ਮਾਰੇ ਗਏ, ਅਤੇ ਲਗਭਗ 240 ਨੂੰ ਬੰਦੀ ਬਣਾ ਲਿਆ ਗਿਆ ਸੀ। ਬਹੁਤ ਸਾਰੇ ਬੰਦੀਆਂ ਨੂੰ ਜਾਂ ਤਾਂ ਨਵੰਬਰ 2023 ਵਿਚ ਕੈਦੀ ਅਦਲਾ-ਬਦਲੀ ਵਿਚ ਰਿਹਾਅ ਕੀਤਾ ਗਿਆ ਸੀ ਜਾਂ ਬਾਅਦ ਵਿਚ ਇਜ਼ਰਾਇਲੀ ਹਮਲਿਆਂ ਦੌਰਾਨ ਮਾਰੇ ਗਏ ਸਨ। ਇਜ਼ਰਾਈਲ ਨੇ ਬਾਅਦ ਵਿਚ ਹਵਾਈ ਹਮਲਾ ਸ਼ੁਰੂ ਕੀਤਾ ਅਤੇ ਗਾਜ਼ਾ ਉਤੇ 2007 ਤੋਂ ਲਾਗੂ ਆਪਣੀ ਨਾਕਾਬੰਦੀ ਨੂੰ ਹੋਰ ਸਖ਼ਤ ਕਰ ਦਿੱਤਾ।

ਪਿਛਲੇ 15 ਮਹੀਨਿਆਂ ਵਿਚ ਗਾਜ਼ਾ ਵਿਚ ਜੰਗ ਦੌਰਾਨ ਲਗਪਗ 46,707 ਲੋਕ ਮਾਰੇ ਗਏ, ਜਿਨ੍ਹਾਂ ਵਿਚ 18,000 ਦੇ ਕਰੀਬ ਬੱਚੇ ਸ਼ਾਮਲ ਹਨ ਅਤੇ 110,265 ਲੋਕ ਜ਼ਖ਼ਮੀ ਹੋਏ ਹਨ। ਬਹੁਤ ਸਾਰੇ ਵਿਸ਼ਲੇਸ਼ਕਾਂ ਅਤੇ ਅਧਿਕਾਰ ਸਮੂਹਾਂ ਦਾ ਮੰਨਣਾ ਹੈ ਕਿ ਮਾਰੇ ਗਏ ਲੋਕਾਂ ਦੀ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਹੈ। ਵਿਸ਼ਵ-ਵਿਆਪੀ ਨਿੰਦਾ ਅਤੇ ਅੰਤਰਰਾਸ਼ਟਰੀ ਸੰਗਠਨਾਂ ਅਤੇ ਅਧਿਕਾਰ ਸਮੂਹਾਂ ਦੀਆਂ ਬੇਨਤੀਆਂ ਦੇ ਬਾਵਜੂਦ, ਇਜ਼ਰਾਈਲ ਨੇ ਘੇਰਾਬੰਦੀ ਵਾਲੇ ਐਨਕਲੇਵ 'ਤੇ ਸਮੂਹਿਕ ਸਜ਼ਾ ਦੀ ਮੁਹਿੰਮ ਜਾਰੀ ਰੱਖੀ ਹੈ, ਜਿੱਥੇ ਅੱਧੀ ਆਬਾਦੀ 18 ਸਾਲ ਤੋਂ ਘੱਟ ਉਮਰ ਦੀ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਅਨੁਸਾਰ, ਜ਼ਖਮੀ ਹੋਏ ਲਗਪਗ 22,500 ਲੋਕਾਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਫਲਸਤੀਨੀ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਦੀ ਏਜੰਸੀ ੂੰਓ ਅਨੁਸਾਰ, ਇਜ਼ਰਾਈਲ ਦੀ ਨਾਕਾਬੰਦੀ ਕਾਰਨ ਹਰ ਰੋਜ਼ 10 ਬੱਚੇ ਅਪਰੇਸ਼ਨਾਂ ਅਤੇ ਅੰਗ ਕੱਟੇ ਜਾਣ ਕਰਕੇ ਇੱਕ ਜਾਂ ਦੋਵੇਂ ਲੱਤਾਂ ਗੁਆ ਦਿੰਦੇ ਹਨ। ਮ੍ਰਿਤਕਾਂ ਦੀ ਪੁਸ਼ਟੀ ਹੋਣ ਤੋਂ ਇਲਾਵਾ ਹਜ਼ਾਰਾਂ ਲੋਕਾਂ ਦੇ ਮਲਬੇ ਹੇਠ ਦੱਬੇ ਹੋਣ ਦਾ ਖਦਸ਼ਾ ਹੈ। ਗਾਜ਼ਾ ਵਿਚ ਲਗਭਗ 19 ਲੱਖ ਲੋਕ ਬੇਘਰ ਹੋ ਗਏ ਹਨ, ਜਿਨ੍ਹਾਂ ਵਿਚੋਂ ਲਗਭਗ 80 ਫੀਸਦੀ ਅਸਥਾਈ ਪਨਾਹਗਾਹਾਂ ਵਿਚ ਕੱਪੜਿਆਂ ਜਾਂ ਠੰਢ ਤੋਂ ਸੁਰੱਖਿਆ ਦੇ ਬਿਨਾ ਰਹਿ ਰਹੇ ਹਨ।



ਇਕ ਵਿਸ਼ਲੇਸ਼ਣ ਦੇ ਅਨੁਸਾਰ, ਉੱਤਰੀ ਗਾਜ਼ਾ ਵਿਚ 70% ਅਤੇ ਗਾਜ਼ਾ ਸ਼ਹਿਰ ਵਿਚ 74% ਇਮਾਰਤਾਂ ਦੇ ਨੁਕਸਾਨੇ ਜਾਣ ਜਾਂ ਨਸ਼ਟ ਹੋਣ ਦੀ ਸੰਭਾਵਨਾ ਹੈ। 23 ਲੱਖ ਫਲਿਸਤੀਨੀਆਂ ਦੇ ਘਰ ਖੰਡਰ ਵਿਚ ਬਦਲ ਗਏ ਹਨ। ਗਾਜ਼ਾ ਦੀ 90 ਫੀਸਦੀ ਤੋਂ ਵੱਧ ਆਬਾਦੀ ਜੰਗ ਕਾਰਨ ਬੇਘਰ ਹੋ ਗਈ ਹੈ। ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ ਦਾ ਅੰਦਾਜ਼ਾ ਹੈ ਕਿ ਤਕਰੀਬਨ ਪੰਜ ਲੱਖ ਲੋਕ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਹਨ। ਗਾਜ਼ਾ ਦੇ ਅਧਿਕਾਰੀਆਂ ਨੇ ਕਿਹਾ ਕਿ ਗਾਜ਼ਾ ਪੱਟੀ ਵਿਚ ਆਸਰੇ ਵਜੋਂ ਵਰਤੇ ਜਾ ਰਹੇ 13,5000 ਟੈਂਟਾਂ ਵਿਚੋਂ ਲਗਭਗ 1,10,000 ਖਰਾਬ ਹੋ ਚੁੱਕੇ ਹਨ ਅਤੇ ਵਰਤੋਂ ਲਈ ਯੋਗ ਨਹੀਂ ਹਨ। ਮਲਬੇ ਹੇਠ ਆਉਣ ਕਾਰਨ ਮਾਰੇ ਗਏ ਲੋਕਾਂ ਦਾ ਕੁਝ ਪਤਾ ਨਹੀਂ ਲੱਗ ਸਕਿਆ। ਫਲਸਤੀਨ ਦੀ ਵਾਤਾਵਰਣ ਗੁਣਵੱਤਾ ਅਥਾਰਟੀ ਦੇ ਅਨੁਸਾਰ, ਗਾਜ਼ਾ 'ਤੇ ਅੰਦਾਜ਼ਨ 85,000 ਟਨ ਵਿਸਫੋਟਕ ਸੁੱਟੇ ਗਏ ਹਨ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਦੇ ਅਨੁਸਾਰ, ਮਾਹਿਰਾਂ ਨੇ ਭਵਿੱਖਬਾਣੀ ਕੀਤੀ ਹੈ ਕਿ ਬੰਬ ਧਮਾਕਿਆਂ ਕਾਰਨ ਤਬਾਹ ਹੋਈਆਂ ਇਮਾਰਤਾਂ ਦੇ 420 ਲੱਖ ਟਨ ਤੋਂ ਵੱਧ ਦੇ ਮਲਬੇ ਨੂੰ ਸਾਫ਼ ਕਰਨ ਵਿਚ ਇੱਕ ਦਹਾਕੇ ਤੋਂ ਵੱਧ ਸਮਾਂ ਲੱਗ ਸਕਦਾ ਹੈ। ਮਲਬੇ ਨੂੰ ਸਾਫ਼ ਕਰਨ ਦੇ ਨਾਲ-ਨਾਲ ਅਣਪਛਾਤੇ ਬੰਬਾਂ ਨਾਲ ਨਜਿੱਠਣ ਦਾ ਖ਼ਤਰਾ ਵੀ ਬਰਕਰਾਰ ਹੈ।

ਫਲਿਸਤੀਨੀਆਂ ਤੋਂ ਇਲਾਵਾ ਇਜ਼ਰਾਈਲ ਦਾ ਵੀ ਨੁਕਸਾਨ ਹੋਇਆ ਹੈ। 31 ਦਸੰਬਰ 2024 ਤੱਕ ਦੇ ਅੰਕੜਿਆਂ ਅਨੁਸਾਰ ਇਜ਼ਰਾਈਲ ਦੇ 987 ਸੁਰੱਖਿਆ ਕਰਮੀ ਅਤੇ 982 ਨਾਗਰਿਕ ਮਾਰੇ ਗਏ ਅਤੇ 13,500 ਇਜ਼ਰਾਇਲੀ ਜ਼ਖਮੀ ਹੋਏ ਹਨ। 251 ਜਣਿਆਂ ਨੂੰ ਕੈਦੀ ਬਣਾਇਆ ਗਿਆ ਜਾਂ ਅਗਵਾ ਕਰ ਲਿਆ ਗਿਆ ਹੈ।

ਕਈ ਫਲਿਸਤੀਨੀਆਂ ਨੇ ਅਲ ਜਜ਼ੀਰਾ ਨੂੰ ਦੱਸਿਆ ਕਿ ਉਹ ਮੌਕਾ ਮਿਲਣ 'ਤੇ ਆਪਣੇ ਕਸਬਿਆਂ ਅਤੇ ਪਿੰਡਾਂ ਨੂੰ ਵਾਪਸ ਜਾਣ ਦੀ ਯੋਜਨਾ ਬਣਾ ਰਹੇ ਹਨ। 19 ਜਨਵਰੀ 2025 ਤੋਂ ਸ਼ੁਰੂ ਹੋਣ ਵਾਲਾ ਸਮਝੌਤਾ ਤਿੰਨ ਪੜਾਵਾਂ ਵਿਚ ਲਾਗੂ ਹੋਣ ਦੀ ਉਮੀਦ ਹੈ, ਇਸ ਸੌਦੇ ਨੂੰ ਹਮਾਸ ਸਮੂਹ ਨੇ 15 ਜਨਵਰੀ 2025 ਨੂੰ ਮਨਜ਼ੂਰੀ ਦਿੱਤੀ ਹੈ। ਇਸ ਸਮਝੌਤੇ ਵਿਚ ਮਨੁੱਖੀ ਸਹਾਇਤਾ ਵਿਚ ਵਾਧਾ, ਇਜ਼ਰਾਇਲੀ ਬਲਾਂ ਦੀ ਹੌਲੀ-ਹੌਲੀ ਵਾਪਸੀ ਅਤੇ ਫਲਸਤੀਨੀ ਕੈਦੀਆਂ ਦੇ ਬਦਲੇ ਇਜ਼ਰਾਇਲੀ ਬੰਦੀਆਂ ਦੀ ਰਿਹਾਈ ਸ਼ਾਮਲ ਹੈ।


ਜੰਗਬੰਦੀ ਦੀ ਸ਼ੁਰੂਆਤ ਤੋਂ ਬਾਅਦ 16ਵੇਂ ਦਿਨ 3 ਫਰਵਰੀ ਤੋਂ ਬਾਅਦ, ਪਾਰਟੀਆਂ ਦੂਜੇ ਪੜਾਅ ਦੀ ਗੱਲਬਾਤ ਸ਼ੁਰੂ ਕਰਨ ਲਈ ਸਹਿਮਤ ਹੋਈਆਂ ਹਨ। 22ਵੇਂ ਦਿਨ, 9 ਫਰਵਰੀ ਨੂੰ ਨਾਗਰਿਕਾਂ ਨੂੰ ਬਿਨਾ ਜਾਂਚ ਕੀਤੇ ਅਲ-ਰਸ਼ੀਦ ਸਟਰੀਟ ਅਤੇ ਸਲਾਹ ਅਲ-ਦੀਨ ਸਟਰੀਟ ਤੋਂ ਉੱਤਰ ਵੱਲ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ। 1 ਮਾਰਚ (ਦਿਨ 42) ਨੂੰ ਪਹਿਲਾ ਪੜਾਅ ਪੂਰਾ ਹੋਵੇਗਾ। ਇਸ ਤਾਰੀਖ ਤੱਕ, 100 ਫਲਸਤੀਨੀ ਕੈਦੀਆਂ ਦੇ ਬਦਲੇ 33 ਇਜ਼ਰਾਇਲੀ ਬੰਦੀਆਂ ਨੂੰ ਰਿਹਾਅ ਕੀਤਾ ਜਾਣਾ ਹੈ।

ਜੇਕਰ ਪਹਿਲਾ ਪੜਾਅ ਠੀਕ ਤਰ੍ਹਾਂ ਪੂਰਾ ਹੋਇਆ ਤਾਂ ਇਸ ਪਿੱਛੋਂ ਦੂਜਾ ਪੜਾਅ ਸ਼ੁਰੂ ਹੋਵੇਗਾ। ਬਦਲੇ ਵਿਚ, ਇਜ਼ਰਾਈਲ, ਗਾਜ਼ਾ ਤੋਂ ਪਿੱਛੇ ਹਟੇਗਾ ਅਤੇ ਸਥਾਈ ਜੰਗਬੰਦੀ ਮੰਨਣ ਲਈ ਵਚਨਬੱਧ ਹੋਵੇਗਾ। 1,000 ਤੋਂ ਵੱਧ ਫਲਿਸਤੀਨੀਆਂ ਦੇ ਬਦਲੇ 94 ਇਜ਼ਰਾਇਲੀ ਬੰਦੀ, ਮਰੇ ਜਾਂ ਜ਼ਿੰਦਾ, ਨੂੰ ਰਿਹਾਅ ਕੀਤਾ ਜਾਵੇਗਾ। ਇਸ ਵਿਚ ਬਾਕੀ ਰਹਿੰਦੇ 65 ਇਜ਼ਰਾਇਲੀ ਬੰਦੀਆਂ ਦੀ ਰਿਹਾਈ ਵੀ ਸ਼ਾਮਲ ਹੈ। ਮੰਨਿਆ ਜਾਂਦਾ ਹੈ ਕਿ 94 ਵਿਚੋਂ 30 ਦੇ ਕਰੀਬ ਬੰਧਕ ਮਰ ਚੁੱਕੇ ਹਨ। 9 ਮਾਰਚ (ਦਿਨ 50) ਨੂੰ ਇਜ਼ਰਾਇਲੀ ਫੌਜਾਂ ਗਾਜ਼ਾ ਨੂੰ ਮਿਸਰ ਤੋਂ ਵੱਖ ਕਰਦੇ ਫਿਲਾਡੇਲਫੀਆ ਲਾਂਘੇ ਤੋਂ ਵੀ ਆਪਣੀ ਵਾਪਸੀ ਸ਼ੁਰੂ ਕਰਨਗੀਆਂ। ਕਾਰਾਂ ਅਤੇ ਕਿਸੇ ਵੀ ਗੈਰ-ਪੈਦਲ ਚੱਲਣ ਵਾਲੇ ਟ੍ਰੈਫਿਕ ਨੂੰ ਨੇਜ਼ਾਰਿਮ ਕੋਰੀਡੋਰ ਜੋ ਗਾਜ਼ਾ ਨੂੰ ਉੱਤਰ ਅਤੇ ਦੱਖਣ ਵਿਚਕਾਰ ਵੰਡਦਾ ਹੈ, ਦੇ ਉੱਤਰ ਵੱਲ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ। ਹਾਲਾਂਕਿ ਇਜ਼ਰਾਈਲ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਦੁਸ਼ਮਣੀ ਮੁੜ ਸ਼ੁਰੂ ਹੋਣ ਤੋਂ ਇਨਕਾਰ ਕਰਨ ਲਈ ਕੋਈ ਲਿਖਤੀ ਗਾਰੰਟੀ ਨਹੀਂ ਦਿੱਤੀ ਗਈ ਹੈ। ਹਮਾਸ ਨੂੰ ਕਥਿਤ ਤੌਰ 'ਤੇ ਮਿਸਰ, ਕਤਰ ਅਤੇ ਅਮਰੀਕਾ ਦੁਆਰਾ ਜ਼ਬਾਨੀ ਗਾਰੰਟੀ ਦਿੱਤੀ ਗਈ ਸੀ ਕਿ ਗੱਲਬਾਤ ਜਾਰੀ ਰਹੇਗੀ।

ਤੀਜਾ ਪੜਾਅ 12 ਅਪ੍ਰੈਲ (ਦਿਨ 84) ਨੂੰ ਸ਼ੁਰੂ ਹੋਣਾ ਹੈ ਜਿਸਦੇ ਵੇਰਵੇ ਅਜੇ ਅਸਪੱਸ਼ਟ ਹਨ। ਇਹ ਪੜਾਅ ਦੂਜੇ ਪੜਾਅ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾਣ 'ਤੇ ਹੀ ਸ਼ੁਰੂ ਹੋਵੇਗਾ, ਜਦੋਂ ਬਾਕੀ ਰਹਿੰਦੇ ਬੰਦੀਆਂ ਅਤੇ ਬਚੇ ਬੰਦੀਆਂ ਦੀਆਂ ਲਾਸ਼ਾਂ ਨੂੰ ਅੰਤਰਰਾਸ਼ਟਰੀ ਨਿਗਰਾਨੀ ਹੇਠ ਤਿੰਨ ਤੋਂ ਪੰਜ ਸਾਲਾਂ ਦੀ ਪੁਨਰ ਨਿਰਮਾਣ ਯੋਜਨਾ ਦੇ ਬਦਲੇ ਸੌਂਪਿਆ ਜਾਣਾ ਹੈ। ਫਿਲਹਾਲ ਇਸ ਗੱਲ 'ਤੇ ਕੋਈ ਸਮਝੌਤਾ ਨਹੀਂ ਹੋਇਆ ਕਿ ਜੰਗਬੰਦੀ ਤੋਂ ਬਾਅਦ ਗਾਜ਼ਾ ਦਾ ਪ੍ਰਬੰਧਨ ਕੌਣ ਕਰੇਗਾ। ਅਮਰੀਕਾ ਨੇ ਅਜਿਹਾ ਕਰਨ ਲਈ ਫਲਸਤੀਨੀ ਅਥਾਰਟੀ ਦੇ ਸੁਧਾਰੇ ਗਏ ਸੰਸਕਰਣ ਲਈ ਦਬਾਅ ਪਾਇਆ ਹੈ। ਸਹਾਇਤਾ ਏਜੰਸੀਆਂ ਨੇ ਗਾਜ਼ਾ ਤੱਕ ਨਿਰਵਿਘਨ ਮਾਨਵਤਾਵਾਦੀ ਪਹੁੰਚ ਦੀ ਮੰਗ ਕੀਤੀ ਹੈ, ਜਿੱਥੇ ਕਾਲ ਪੈ ਸਕਦਾ ਹੈ। ਕਈ ਫਲਿਸਤੀਨੀਆਂ ਨੇ ਦੱਸਿਆ ਕਿ ਉਹ ਮੌਕਾ ਮਿਲਣ 'ਤੇ ਆਪਣੇ ਕਸਬਿਆਂ ਅਤੇ ਪਿੰਡਾਂ ਨੂੰ ਵਾਪਸ ਜਾਣ ਦੀ ਯੋਜਨਾ ਬਣਾ ਰਹੇ ਹਨ। 66 ਸਾਲਾ ਔਰਤ ਉਮ ਮੁਹੰਮਦ, ਜਿਸਨੇ ਇਜ਼ਰਾਇਲੀ ਬੰਬਾਰੀ ਵਿਚ ਆਪਣੇ 10 ਬੱਚਿਆਂ ਵਿਚੋਂ ਦੋ ਨੂੰ ਗੁਆ ਦਿੱਤਾ, ਨੇ ਦੱਸਿਆ "ਜੰਗਬੰਦੀ ਹੁੰਦਿਆਂ ਹੀ, ਮੈਂ ਉੱਤਰੀ ਗਾਜ਼ਾ ਵਿਚ ਆਪਣੀ ਧਰਤੀ 'ਤੇ ਵਾਪਸ ਜਾਵਾਂਗੀ ਅਤੇ ਇਸ ਨੂੰ ਚੁੰਮਾਂਗੀ।"

ਕੀ ਇਹ ਸਮਝੌਤਾ ਸਿਰੇ ਚੜ੍ਹੇਗਾ ਇਸ ਬਾਰੇ ਯਕੀਨ ਨਾਲ ਅਜੇ ਕੁੱਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਜੰਗਬੰਦੀ ਸਮਝੌਤੇ ਦਾ ਐਲਾਨ ਹੋਣ ਤੋਂ ਬਾਅਦ ਇਜ਼ਰਾਈਲ ਦੇ ਹਵਾਈ ਹਮਲਿਆਂ 'ਚ ਘੱਟੋ-ਘੱਟ 80 ਫਲਸਤੀਨੀ ਮਾਰੇ ਗਏ ਹਨ। ਸਮਝੌਤੇ ਨਾਲ ਗਾਜ਼ਾ ਵਾਸੀਆਂ ਨੂੰ ਮੁੜ ਨਵੀਂ ਜ਼ਿੰਦਗੀ ਅਤੇ ਨਵੇਂ ਘਰ ਮਿਲਣ ਦੀ ਆਸ ਤਾਂ ਬੱਝੀ ਹੈ ਪਰ ਜ਼ਮੀਨੀ ਤੱਥਾਂ ਤੋਂ ਪਤਾ ਲਗਦਾ ਹੈ ਕਿ ਅਗਲੇ 72 ਘੰਟਿਆਂ ਵਿਚ ਗਾਜ਼ਾ ਵਿਚ ਹਮਲਿਆਂ ਦੇ ਪੈਮਾਨੇ ਦੇ ਵਿਸਥਾਰ ਨੂੰ ਲੈ ਕੇ ਨਾਗਰਿਕ ਅਜੇ ਵੀ ਪੂਰੀ ਤਰ੍ਹਾਂ ਡਰੇ ਹੋਏ ਹਨ। ਆਮ ਲੋਕਾਂ ਦਾ ਵਿਸ਼ਵਾਸ ਹੈ ਕਿ ਇਜ਼ਰਾਈਲ ਦਾ ਜੰਗਬੰਦੀ ਸਮਝੌਤਿਆਂ ਪ੍ਰਤੀ ਵਚਨਬੱਧਤਾ ਦੇ ਸਬੰਧ ਵਿਚ ਉਲੰਘਣਾਵਾਂ ਦਾ ਬਹੁਤ ਲੰਮਾ ਇਤਿਹਾਸ ਹੈ ਤੇ ਉਨ੍ਹਾਂ ਨੂੰ ਯਕੀਨ ਨਹੀਂ ਕਿ ਇਜ਼ਰਈਲ ਇਸ ਸਮਝੌਤੇ 'ਤੇ ਪੂਰਾ ਉਤਰੇਗਾ। ਇਜ਼ਰਾਈਲ ਦੇ ਕੁੱਝ ਸੱਜੇ ਪੱਖੀ ਵੀ ਇਸ ਸਮਝੌਤੇ ਨੂੰ ਮੰਨਣ ਦੇ ਹੱਕ ਵਿਚ ਨਹੀਂ। ਸਮਝੌਤਾ ਅਸਥਾਈ ਹੈ ਪੱਕਾ ਨਹੀਂ। ਪੱਕੀ ਸ਼ਾਂਤੀ ਦੀ ਸੰਭਾਵਨਾ ਲਈ ਇਜ਼ਰਾਈਲ, ਗਾਜ਼ਾ ਸਮੇਤ ਫਲਸਤੀਨ ਨੂੰ ਆਪਣੀ ਬਸਤੀ ਸਮਝਣ ਦੀ ਥਾਂ ਇੱਕ ਵੱਖ ਦੇਸ਼ ਦੀ ਮਾਨਤਾ ਦੇਵੇ ਤੇ ਦੋਨਾਂ ਦੇਸ਼ਾਂ ਵਿਚ ਚਿਰ ਸਥਾਈ ਸਮਝੌਤਾ ਹੋਵੇ।

# ਗਾਜ਼ਾ ਪੱਟੀ ਦੀ ਕਹਾਣੀ 'ਅਰਸ਼ਦ' ਥੀਏਟਰ ਦੀ ਜ਼ੁਬਾਨੀ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੈਡੀਟਰੇਨੀਅਨ ਸਾਗਰ ਦੇ ਤੱਟ 'ਤੇ ਪੈਂਦੀ ਗਾਜ਼ਾ ਪੱਟੀ ਦੇ ਵਸਨੀਕਾਂ ਦਾ ਬਖੇੜਾ 75 ਵਰ੍ਹਿਆਂ ਤੋਂ ਖਬਰਾਂ ਵਿਚ ਹੈ। ਅੱਜ ਤੋਂ ਤਿੰਨ ਹਜ਼ਾਰ ਸਾਲ ਪਹਿਲਾਂ ਜਦ ਦੁਨੀਆ ਭਰ ਦੇ ਆਦਿਵਾਸੀ ਲੋਕ ਰੇਤ ਦੇ ਟਿੱਬਿਆਂ ਵਾਂਗ ਮੌਲਦੇ, ਵਿਗਸਦੇ ਤੇ ਟੱਪਰੀਵਾਸਾਂ ਵਾਂਗ ਨਿੱਤ ਨਵੇਂ ਟਿਕਾਣੇ ਲੱਭਦੇ ਸਨ ਏਥੇ ਰਹਿਣ ਵਾਲਿਆਂ ਨੇ ਇਸ ਪੱਟੀ ਦੇ ਰੇਤਿਆਂ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਸੀ। ਏਸ ਪੱਟੀ ਦੇ ਦੱਖਣ ਵਿਚ ਮਿਸਰ ਦੇਸ਼ ਸੀ ਤੇ ਉੱਤਰ ਵਿਚ ਸੀਰੀਆ। ਮਿਸਰੀਆਂ ਨੇ ਇਨ੍ਹਾਂ ਲੋਕਾਂ ਨੂੰ ਜਿਨ੍ਹਾਂ ਵਿਚ ਫਿਲਸਤੀਨੀ ਵੀ ਸ਼ਾਮਲ ਸਨ, 'ਸਾਗਰ ਜਾਏ' ਕਹਿਣਾ ਸ਼ੁਰੂ ਕਰ ਦਿੱਤਾ। ਫੇਰ ਜਦੋਂ ਇਨ੍ਹਾਂ ਰੇਤਿਆਂ ਵਿਚ ਇਜ਼ਰਾਇਲੀ ਵੀ ਆ ਵੜੇ ਤਾਂ ਗਾਜ਼ਾ ਪੱਟੀ ਵਾਲਿਆਂ ਨੇ ਇਜ਼ਰਾਇਲੀਆਂ ਦੇ ਉਥੇ ਪੈਰ ਨਹੀਂ ਲੱਗਣ ਦਿੱਤੇ।

ਗਾਜ਼ਾ ਪੱਟੀ ਵਾਲੇ ਲੋਕ ਨਵੀਆਂ ਵਸਤਾਂ ਬਣਾਉਣ ਤੇ ਵਰਤਣ ਦੇ ਸ਼ੌਕੀਨ ਸਨ। ਖਾਣ-ਪੀਣ ਦੇ ਵੀ। ਉਹ ਸ਼ਰਾਬ ਵੀ ਕੱਢਣੀ ਜਾਣਦੇ ਸਨ ਤੇ ਆਪਣੀ ਵਰਤੋਂ ਲਈ ਲੋਹਾ ਤੇ ਤਾਂਬਾ ਢਾਲ ਕੇ ਬਰਤਨ ਤੇ ਹਥਿਆਰ ਤੱਕ ਬਣਾ ਲੈਂਦੇ ਸਨ। ਉਹ ਇਜ਼ਰਾਇਲੀਆਂ ਨੂੰ ਆਪਣੀ ਇਸ ਕਲਾ ਦੀ ਸੂਹ ਨਹੀਂ ਸਨ ਲੱਗਣ ਦਿੰਦੇ। ਉਹ ਰੰਬੇ ਚੰਡਣ ਜਾਂ ਦਾਤਰੀਆਂ ਦੇ ਦੰਦੇ ਕੱਢਣ ਲਈ ਵੀ ਇਜ਼ਰਾਇਲੀਆਂ ਤੋਂ ਨਕਦੀ ਲੈਂਦੇ ਸਨ। ਸਹਿਜੇ-ਸਹਿਜੇ ਉਨ੍ਹਾਂ ਨੇ ਇਸ ਪੱਟੀ ਵਿਚ ਪੰਜ ਵੱਡੇ ਟਿਕਾਣੇ ਹੋਂਦ ਵਿਚ ਲੈ ਆਂਦੇ ਜਿਨ੍ਹਾਂ ਦੇ ਨਾਂ ਅਸ਼ੋਧ, ਐਕਰੋਨ, ਐਸ਼ਕੀ ਲੋਨ, ਗਾਥ ਤੇ ਗਾਜ਼ਾ ਹਨ। ਉਹ ਹਰ ਸ਼ਹਿਰ ਦੇ ਮੁਖੀ ਨੂੰ ਰਾਜਾ ਕਹਿੰਦੇ ਸਨ ਤੇ ਪੰਜ ਰਾਜੇ ਮਿਲ ਕੇ ਆਪਣੇ ਸਮਾਜਿਕ ਤੇ ਆਰਥਿਕ ਮਸਲੇ ਵੀ ਹੱਲ ਕਰਦੇ ਸਨ ਤੇ ਆਪਣੀ ਰੱਖਿਆ ਲਈ ਇਸ ਤਰ੍ਹਾਂ ਦੀ ਸੈਨਾ ਵੀ ਤਿਆਰ ਕਰਦੇ ਸਨ। ਅਰਬ ਦੇਸ਼ ਵੀ ਉਨ੍ਹਾਂ ਦੀ ਪਿੱਠ ਥਾਪੜਦੇ ਸਨ। ਉਦੋਂ ਤੱਕ ਇਹ ਸਭ ਕੁਝ ਠੀਕ-ਠਾਕ ਚਲਦਾ ਰਿਹਾ ਜਦੋਂ ਤੱਕ ਇਜ਼ਰਾਇਲੀਆਂ ਨੇ ਇਨ੍ਹਾਂ ਨੂੰ ਦਬਾਉਣ ਤੇ ਇਨ੍ਹਾਂ ਤੋਂ ਕੰਮ ਲੈਣ ਜਾਂ ਇਨ੍ਹਾਂ ਦੇ ਹੱਕ ਖੋਹਣ ਦੀ ਵਿਉਂਤਬੰਦੀ ਨਹੀਂ ਕੀਤੀ।

ਪੰਜ ਵੱਡੇ ਸ਼ਹਿਰਾਂ ਦੀ ਗੱਲ ਤਾਂ ਇਕ ਪਾਸੇ ਰਹੀ ਇਸ ਤਰ੍ਹਾਂ ਦੀ ਤਬਾਹੀ ਦਾ ਸ਼ਿਕਾਰ ਹੋਏ ਪਿੰਡਾਂ ਦੀ ਗਿਣਤੀ 400 ਹੈ ਜਿਨ੍ਹਾਂ ਦੇ ਵਸਨੀਕਾਂ ਨੂੰ ਉਨ੍ਹਾਂ ਦੀ ਆਪਣੀ ਜ਼ਮੀਨ ਤੋਂ ਬੇਦਖਲ ਕਰ ਦਿੱਤਾ ਗਿਆ। ਉਨ੍ਹਾਂ ਦੇ ਸਕੂਲ, ਕਾਲਜ, ਹਸਪਤਾਲ ਤੇ ਬੁਨਿਆਦੀ ਢਾਂਚਾ ਟੁੱਟਣ-ਫੁੱਟਣ ਕਾਰਨ ਉਹ ਸ਼ਰਨਾਰਥੀ ਕੈਂਪਾਂ ਵਿਚ ਰਹਿਣ ਲਈ ਮਜਬੂਰ ਹਨ। ਬਰਤਾਨਵੀ ਹਾਕਮਾਂ ਦੀ ਚੜ੍ਹਤ ਦੇ ਦਿਨਾਂ ਵਿਚ ਕੀ ਫਲਸਤੀਨੀ ਤੇ ਕੀ ਇਜ਼ਰਾਇਲੀ ਬਰਤਾਨੀਆ ਦੇ ਅਧੀਨ ਹੋ ਗਏ। ਜਦੋਂ 1948 ਵਿਚ ਗੋਰਿਆਂ ਨੂੰ ਉਹ ਧਰਤੀ ਛੱਡਣੀ ਪਈ ਤਾਂ ਉਹ ਜਾਂਦੇ ਸਾਰੇ ਹੱਕ ਇਜ਼ਰਾਇਲੀਆਂ ਨੂੰ ਦੇ ਗਏ। ਕੁਝ ਏਸੇ ਤਰ੍ਹਾਂ ਦਾ ਵਰਤਾਰਾ ਜਿਹੋ ਜਿਹਾ ਅਖੰਡ ਹਿੰਦੁਸਤਾਨ ਦੇ ਟੋਟੇ ਕਰਨ ਵੇਲੇ ਹੋਇਆ। ਉਹ ਫੇਰ ਵੀ ਜੀ ਰਹੇ ਹਨ ਤੇ ਜ਼ਿੰਦਗੀ ਮਾਨਣ ਦੀ ਇੱਛਾ ਰਖਦੇ ਹਨ।

ਪਿਛਲੇ ਦੋ ਦਹਾਕਿਆਂ ਤੋਂ ਅਰਸ਼ਦ ਨਾਂ ਦੀ 'ਥੀਏਟਰ' ਮੰਡਲੀ ਨੇ ਆਪਣੇ ਮੰਚਨ ਰਾਹੀਂ ਇਨ੍ਹਾਂ ਦੇ ਦੁਖ ਦਰਦ ਨੂੰ ਆਮ ਲੋਕਾਂ ਤੱਕ ਪਹੁੰਚਾਇਆ ਹੈ। ਪੰਜਾਬ ਤੋਂ 'ਹੁਣ' ਨਾਂ ਦੀ ਪੁਸਤਕ ਲੜੀ ਨੇ ਅਰਸ਼ਦ ਥੀਏਟਰ ਦੀਆਂ ਮਨ-ਬਚਨੀਆਂ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਦਾ ਕਰਨ ਦਾ ਉਪਰਾਲਾ ਕੀਤਾ ਹੈ। ਅਨੁਵਾਦ ਕਮਲ ਦੁਸਾਂਝ ਦਾ ਹੈ। ਨਿੱਕ-ਸੁੱਕ ਦਾ ਮੰਤਵ ਵੀ ਇਸ ਨੂੰ ਅੱਗੇ ਤੋਰਨਾ ਹੈ। ਪੇਸ਼ ਹਨ ਚੋਣਵੀਆਂ ਮਨੋ-ਬਚਨੀਆਂ ਦੇ ਚੋਣਵੇਂ ਬੋਲ:

ਇਹ ਪਹਿਲੀ ਵਾਰ ਸੀ ਕਿ ਗਾਜ਼ਾ ਦੀਆਂ ਗਲੀਆਂ ਸਾਫ ਸਨ। ਕਿਧਰੇ ਕਾਗਜ਼ ਦਾ ਟੁਕੜਾ ਜਾਂ ਲਕੜੀ ਦਾ ਡੱਕਾ ਨਹੀਂ ਸੀ। ਖਾਣਾ ਬਣਾਉਣ ਦਾ ਸਵਾਲ ਹੀ ਨਹੀਂ ਸੀ। ਮੇਰੀ ਅੰਮੀ ਨੇ ਓਵਨ ਤੋਂ ਬਰੈੱਡ ਲਿਆਉਣ ਲਈ ਕਿਹਾ। ਕੀ ਵੇਖਦਾ ਹਾਂ ਕਿ ਬਰੈੱਡ ਲੈਣ ਵਾਲਿਆਂ ਦੀ ਕਤਾਰ ਗਾਜ਼ਾ ਤੋਂ ਵੈਸਟ ਬੈਂਕ ਤਕ ਲੰਮੀ ਸੀ। ਲੋਕੀਂ ਅੱਠ ਘੰਟੇ ਤੋਂ ਉਡੀਕ ਰਹੇ ਸਨ। ਬਰੈੱਡ ਦੀ ਥਾਂ ਇਜ਼ਰਾਇਲੀ ਜਹਾਜ਼ਾਂ ਦੀ ਬੰਬਾਰੀ ਸ਼ੁਰੂ ਹੋ ਗਈ। ਹਫੜਾ-ਦਫੜੀ ਮੱਚ ਗਈ। ਕਈ ਭੱਜਣ ਵਾਲਿਆਂ ਦੇ ਹੱਥਾਂ ਵਿਚ ਅੱਧੀ ਬਰੈੱਡ ਦੇ ਟੁਕੜੇ ਸਨ, ਜਿਹੜੇ ਉਨ੍ਹਾਂ ਨੇ ਆਪਣੀਆਂ ਹਿੱਕਾਂ ਨਾਲ ਲਾਏ ਹੋਏ ਸਨ। ਲੋਕ ਜ਼ਖ਼ਮੀ ਹੋ ਰਹੇ ਸਨ। ਮਰ ਰਹੇ ਸਨ। ਮੈਂ ਖਾਲੀ ਹੱਥ ਖੜ੍ਹਾ ਸਾਂ। ਕਿਸੇ ਦੇ ਬੋਲ ਸੁਣਾਈ ਦਿੱਤੇ, "ਸ਼ੁਕਰ ਹੈ ਅੱਲ੍ਹਾ ਦਾ ਤੂੰ ਬਚ ਗਿਆ।" ਮੈਂ ਖਾਲੀ ਹੱਥ ਘਰ ਪਹੁੰਚਿਆ ਤਾਂ ਅੰਮੀ ਦੀਆਂ ਝਿੜਕਾਂ ਉਹ ਅੱਜ ਤੱਕ ਨਹੀਂ ਜਾਣਦੀ ਕਿ ਮੈਂ ਖਾਲੀ ਹੱਥ ਕਿਉਂ ਸਾਂ।

-ਮਹਿਮੂਦ ਨਾਜ਼ਿਮ ਜਨਮ 1994

ਮੈਂ ਪਾਸਪੋਰਟ ਮੰਤਰਾਲਾ ਨੇੜਲੇ ਰੀਗਲ ਸਕੂਲ ਵਿਚ ਪੜ੍ਹਦੀ ਹਾਂ। ਇਹ ਮੰਤਰਾਲਾ ਸਭ ਤੋਂ ਪਹਿਲਾਂ ਜੰਗ ਦੀ ਮਾਰ ਥੱਲੇ ਆਇਆ। ਮੈਂ ਉਦੋਂ ਪੰਜ ਸਾਲ ਦੀ ਸਾਂ। ਸਾਰੇ ਮੰਤਰੀ ਭੱਜ ਕੇ ਸਕੂਲ ਵਿਚ ਆ ਵੜੇ। ਮੇਰੇ ਤੋਂ ਬਿਨਾਂ ਸਾਰੀਆਂ ਕੁੜੀਆਂ ਰੋਣ ਲੱਗੀਆਂ। ਸਿਰਫ ਮੈਂ ਹੀ ਹੱਸ ਰਹੀ ਸਾਂ। ਕਿਉਂ? ਇਸਦੀ ਮੈਨੂੰ ਅੱਜ ਤੱਕ ਵੀ ਸਮਝ ਨਹੀਂ ਆਈ। ਮੈਂ ਤਾਂ ਕੇਵਲ ਏਨਾ ਜਾਣਦੀ ਹਾਂ ਕਿ ਉਸ ਤੋਂ ਬਾਅਦ ਮੈਂ ਹੋਰ ਦਲੇਰ ਹੋ ਗਈ ਹਾਂ ਤੇ ਪੂਰੀ ਦਲੇਰੀ ਨਾਲ ਭਵਿੱਖ ਵੱਲ ਵਧ ਰਹੀ ਹਾਂ।

-ਹੀਬਾ ਦਾ ਊਦ ਜਨਮ 1995

ਗਾਜ਼ਾ ਵਿਚ ਮੇਰਾ ਵੱਡੇ ਹੋਣਾ ਵੀ ਪ੍ਰਾਪਤੀ ਸੀ। ਉਥੇ ਤਾਂ ਹਰ ਬੱਚੇ ਦੇ ਦਰਵਾਜ਼ੇ ਉੱਤੇ ਪਹਿਰਾ ਸੀ। ਫਲਸਤੀਨ ਬੱਚੇ ਬੁਢੇ ਜੰਮਦੇ ਹੀ ਹਨ। ਏਥੇ ਬੱਚਾ ਭਾਵੇਂ ਛੇ ਸਾਲ ਦੀ ਉਮਰ ਦਾ ਹੈ ਉਹ ਪਰਿਵਾਰ ਨੂੰ ਸਹਾਰਾ ਦਿੰਦਾ ਹੈ।

-ਯਾਸਮੀਨ ਕਾਤੇਬ ਜਨਮ 1996

ਸ਼ਾਮ ਨੂੰ ਹਨੇਰਾ ਹੁੰਦੇ ਸਾਰ ਅਕਾਸ਼ ਰਾਕੇਟਾਂ ਨਾਲ ਚਮਕਣ ਲਗਦਾ ਹੈ। ਸਾਰੇ ਸਿਰਾਂ ਉੱਤੇ ਰਾਤ ਮੰਡਰਾਉਂਦੀ ਹੈ ਤੇ ਰਾਤ ਦਾ ਚਾਨਣ ਦਿਨ ਵਾਂਗ ਚਮਕਦਾ ਹੈ। ਗਾਜ਼ਾ ਵਿਚ ਵਕਤ ਦੀ ਰਫਤਾਰ ਨਾਪਣ ਦੇ ਮਾਪਤੋਲ ਵਖਰੇ ਨੇ। ਘੰਟੇ ਦਾ ਮਤਲਬ 60 ਸ਼ਹੀਦ ਤੇ 33,600 ਜ਼ਖ਼ਮੀ ਹੈ। 60 ਘਰ ਤਬਾਹ ਹੋ ਜਾਣ ਤਾਂ ਇੱਕ ਮਿੰਟ ਤੇ ਜੇ 60 ਮਾਵਾਂ ਰੁਦਨ ਕਰਨ ਤਾਂ ਇੱਕ ਸਕਿੰਟ।

-ਮਹਿਮੂਦ ਬਲਾਵੀ ਜਨਮ 2014

ਮੇਰੇ ਅੰਦਰਲਾ ਸਭ ਕੁਝ ਮਰ ਰਿਹਾ ਹੈ। ਰੌਲਾ-ਰੱਪਾ, ਚੀਖ ਚਿਹਾੜਾ, ਐਬੂਲੈਂਸਾਂ ਤੇ ਸਾਇਰਨ। ਆਲੇ-ਦੁਆਲੇ ਖੰਡਰ ਤੇ ਤਬਾਹੀ। ਕੋਈ ਚੀਖ ਚੀਖ ਕੇ ਨਵੀਨ ਕਹਿ ਰਿਹਾ ਹੈ। ਮੈਂ ਉੱਤਰ ਨਹੀਂ ਦੇ ਸਕਦਾ। ਮੇਰੇ ਮੂੰਹ ਵਿਚ ਧੂੜ ਤੇ ਮਿੱਟੀ ਭਰ ਗਈ ਹੈ। ਮੇਰੇ ਨੇੜੇ ਕੋਈ ਨਹੀਂ ਰਿਹਾ। ਮੇਰੀ ਧੌਂਕਣੀ ਮੈਨੂੰ ਪ੍ਰੇਸ਼ਾਨ ਕਰ ਰਹੀ ਹੈ। ਘਿਸਰ ਘਿਸਰ ਕੇ ਆਪਣੇ ਦਰਵਾਜ਼ੇ ਤੱਕ ਪੁਜਦਾ ਹਾਂ ਤਾਂ ਘਰ ਮਲਬਾ ਹੋ ਚੁੱਕਿਆ ਹੈ। ਸਾਰੇ ਮੈਂਬਰ ਘਰ ਖਾਲੀ ਕਰ ਰਹੇ ਹਨ। ਜਿਸ ਰਿਸ਼ਤੇਦਾਰ ਦੇ ਘਰ ਪਹੁੰਚਦੇ ਹਾਂ ਉਥੇ 30 ਤੋਂ ਵੱਧ ਲੋਕ ਹਨ। ਧਮਕੀ ਆਉਂਦੀ ਹੈ ਤਾਂ ਆਪਣੇ ਹੀ ਘਰ ਪਰਤਦੇ ਹਾਂ। ਕੇਵਲ ਮਰਨ ਖਾਤਰ। ਬਿਖਰੀਆਂ ਚੀਜ਼ਾਂ ਲਭਦਾ ਹਾਂ। ਤਾਂ ਬੰਬਾਂ ਦੇ ਖੋਲ ਮਿਲਦੇ ਹਨ। ਇਹ ਦਹਿਲਾ ਦੇਣ ਵਾਲਾ ਸੁਪਨਾ ਤੇ ਵਰਤਾਰਾ 51 ਦਿਨ ਚਲਦਾ ਹੈ।

ਕਈ ਪਿਆਰੇ ਛੱਡ ਗਏ। ਬਹਿਸ਼ਤੀ ਜਾ ਵੜੇ। ਮੈਨੂੰ ਦੁਖ, ਦਰਦ ਤੇ ਪੀੜਾ ਦੇਖਣ ਲਈ ਛੱਡ ਗਏ। ਮੈਂ ਨਹੀਂ ਮਰਿਆ। ਮੇਰੀ ਆਤਮਾ ਮਰ ਗਈ ਹੈ।

-ਨਿਵੀਨ ਜ਼ੈਦ ਜਨਮ 2014

***ਅੰਤਿਕਾ***

ਸੁਰਜੀਤ ਪਾਤਰ/ਜਨਮ ਦਿਨ 14 ਜਨਵਰੀ
ਮੇਰੇ ਪਿਆਰੇ ਪਿੰਡ, ਮਾਏਂ ਧਰਤੀਏ
ਪਰਤੀਏ ਇਉਂ, ਜਿਉਂ ਸੀ ਪੂਰਨ ਪਰਤਿਆ
ਬਾਗ ਜੋ ਸੁੱਕਾ ਸੀ ਹਰਿਆ ਹੋ ਗਿਆ
ਬੋਲ ਸੁਣ ਕੇ ਕਹਿੰਦੀ ਅੰਨ੍ਹੀ ਇੱਛਰਾਂ
ਤੂੰ ਮੇਰਾ ਪੂਰਨ ਏਂ, ਲਗਦਾ ਇਸ ਤਰ੍ਹਾਂ
ਮਾਂ ਦੇ ਸੀਨੇ ਲੱਗ ਕੇ ਪੂਰਨ ਰੋ ਪਿਆ
ਮਾਂ ਦਾ ਦਿਲ ਮਮਤਾ ਦਾ ਸੋਮਾ ਹੋ ਗਿਆ
ਦੁੱਧ ਦੀਆਂ ਬੂੰਦਾਂ ਸੀ ਸੀਨਿਓਂ ਸਿੰਮੀਆਂ
ਤੱਕਿਆ ਚੜ੍ਹਦਾ ਚੰਨ ਅੱਖਾਂ ਅੰਨ੍ਹੀਆਂ
ਧਰਤ ਮਾਂ ਲਈ ਹਾਂ ਅਸੀਂ ਪੂਰਨ ਸਮਾਨ
ਪਿੰਡ ਨੇ ਸਾਨੂੰ ਪਾਲਿਆ ਕੀਤਾ ਜਵਾਨ।

# ਜਨਤਕ ਸੰਸਥਾਵਾਂ ਦੀ ਮਜ਼ਬੂਤੀ: ਸੰਤੁਲਿਤ ਵਿਕਾਸ ਦਾ ਅਧਾਰ

2024 ਦੇ ਅਰਥ ਵਿਗਿਆਨ ਵਿਚ ਨੋਬੇਲ ਇਨਾਮ ਜਿੱਤਣ ਵਾਲੇ ਤਿੰਨ ਅਮਰੀਕਨ ਅਰਥ ਵਿਗਿਆਨੀਆਂ ਦੀ ਖੋਜ ਦਾ ਮੂਲ ਆਧਾਰ ਇਹ ਹੈ ਕਿ ਕਿਸੇ ਵੀ ਦੇਸ਼ ਦੀ ਖੁਸ਼ਹਾਲੀ ਤੇ ਤਰੱਕੀ ਉਨ੍ਹਾਂ ਦੀਆਂ ਸੰਸਥਾਵਾਂ ਦੇ ਰੋਲ 'ਤੇ ਨਿਰਭਰ ਕਰਦੀ ਹੈ। ਉਹ ਸਮਾਜ ਜਿਨ੍ਹਾਂ ਵਿਚ ਸੰਸਥਾਵਾਂ ਤੇ ਕਾਨੂੰਨ ਮਾੜੇ ਹਾਲਤਾਂ ਵਿਚ ਹਨ ਅਤੇ ਆਪਣੀ ਜਨਸੰਖਿਆ ਦੇ ਸ਼ੋਸ਼ਣ ਵਿਚ ਸਹਾਈ ਹਨ



ਡਾ. ਸੁਖਦੇਵ ਸਿੰਘ

ਉਥੇ ਚੰਗੇਰੇ ਤੇ ਲਾਭਕਾਰੀ ਵਿਕਾਸ ਵਾਲੀ ਤਬਦੀਲੀ ਨਹੀਂ ਉਪਜਦੀ। ਆਪਣੀ ਲੰਬੀ ਖੋਜ ਪ੍ਰਕਿਰਿਆ ਵਿਚੋਂ ਉਨ੍ਹਾਂ ਨੇ ਦਰਸਾਇਆ ਹੈ ਕਿ ਯੂਰਪੀਨ ਦੇਸ਼ਾਂ ਨੇ ਜਦੋਂ ਸੰਸਾਰ ਵਿਚ ਆਪੋ-ਆਪਣੀਆਂ ਬਸਤੀਆਂ/ਦੇਸ਼ਾਂ 'ਤੇ ਕਬਜ਼ਾ ਕੀਤਾ ਤਾਂ ਉਨ੍ਹਾਂ ਨੇ ਪਹਿਲਾ ਕੰਮ ਕਬਜ਼ੇ ਅਧੀਨ ਕੀਤੇ ਮੁਲਕਾਂ ਦੀਆਂ ਸੰਸਥਾਵਾਂ ਨੂੰ ਤਹਿਸ-ਨਹਿਸ ਕੀਤਾ ਅਤੇ ਫੇਰ ਆਪਣੇ ਹੱਕਵਾਦੀ ਨਵੀਆਂ ਸੰਸਥਾਵਾਂ ਦਾ ਸੰਗਠਨ ਕਰਕੇ ਉਥੋਂ ਦੇ ਬਾਸ਼ਿੰਦਿਆਂ ਦਾ ਸ਼ੋਸ਼ਣ ਕੀਤਾ ਅਤੇ ਉਥੇ ਗਏ ਆਪਣੇ ਪ੍ਰਵਾਸੀ ਮਜ਼ਦੂਰਾਂ ਤੇ ਸ਼ਾਸਕਾਂ ਨੂੰ ਭਰਪੂਰ ਲਾਭ ਦਿਵਾਇਆ ਤੇ ਕਾਬਜ਼ ਦੇਸ਼ਾਂ ਦੇ ਕੁਦਰਤੀ ਤੇ ਮਾਨਵੀ ਸਾਧਨਾਂ ਨੂੰ ਬੇਹਿਸਾਬਾ ਲੁੱਟਿਆ। ਸਾਮਰਾਜੀ ਤਾਕਤਾਂ ਵਲੋਂ ਲੋਕਲ ਲੋਕਾਂ ਦੀ ਭਾਗੀਦਾਰੀ ਦਾ ਢਕਵੰਜ ਕਰਕੇ ਕੁਝ ਸੰਸਥਾਵਾਂ ਨੂੰ ਮਾਨਵਵਾਦੀ ਦਰਸਾਇਆ, ਪ੍ਰੰਤੂ ਅਸਿੱਧੇ ਤੌਰ 'ਤੇ ਉਹ ਆਪਣਾ ਹੀ ਫਾਇਦਾ ਦੇਖਦੇ ਰਹੇ। ਬਹੁਤ ਸਾਰੇ ਕਾਬਜ਼ ਦੇਸ਼ ਲੋਟੂ ਸੰਸਥਾਵਾਂ ਦੇ ਚੱਕਰ ਵਿਚ ਫਸ ਗਏ ਅਤੇ ਆਰਥਿਕ ਖੁਸ਼ਹਾਲੀ ਉਨ੍ਹਾਂ ਤੋਂ ਕਾਫੀ ਦੂਰ ਰਹੀ। ਜਦੋਂ ਵੀ ਸਾਮਰਾਜੀ ਤਾਕਤਾਂ ਨੂੰ ਕੋਈ ਇਨਕਲਾਬੀ ਤਾਕਤ ਨਜ਼ਰ ਆਉਦੀਂ ਤਾਂ ਉਹ ਸੀਮਤ ਲੋਕਤੰਤਰ ਦਾ ਵਿਖਾਵਾ ਤੇ ਲੋਕਾਂ ਨੂੰ ਭੱਵਿਖ ਵਿਚ ਤਰੱਕੀ ਦਾ ਸੁਪਨਾ ਦਿਖਾ ਰਾਜ ਕਰਦੇ ਰਹੇ। ਕਈ ਵਾਰ ਉਨ੍ਹਾਂ ਦੇ ਸੋਚੇ ਮਨਸੂਬੇ ਫੇਲ੍ਹ ਵੀ ਹੋਏ ਅਤੇ ਅੰਤ ਨੂੰ ਸੱਤਾ ਛੱਡਣੀ ਪਈ। ਉਨ੍ਹਾਂ ਨੇ ਹੋਰ ਖੋਜ ਪੁਸਤਕਾਂ ਤੋਂ ਇਲਾਵਾ 2023 ਵਿਚ 'ਪਾਵਰ ਐਂਡ ਪ੍ਰੋਗਰੈਸ: ਅਵਰ ਥਾਊਜ਼ੈਂਡ ਈਅਰ ਸਟਰਗਲ ਓਵਰ ਟੈਕਨਾਲੌਜੀ ਐਂਡ ਪ੍ਰਾਸਪੈਰਟੀ' ਨਾਮੀ ਕਿਤਾਬ ਪਬਲਿਸ਼ ਕੀਤੀ ਜੋ ਉਨ੍ਹਾਂ ਦੇ ਇਨਾਮ ਦਾ ਅਧਾਰ ਬਣਿਆ। ਉਨ੍ਹਾਂ ਮੁਤਾਬਿਕ ਦੁਰਭਾਗਵਸ ਗਰੀਬੀ ਦੀ ਨਿਰੰਤਰਤਾ ਬਣੀ ਰਹਿਣੀ ਰਾਜਨੀਤਕ ਤੇ ਆਰਥਿਕ ਸੰਸਥਾਵਾਂ ਦੀ ਬਣਤਰ ਕਾਰਨ ਹੀ ਹੈ। ਇਨ੍ਹਾਂ ਅਰਥ ਵਿਗਿਆਨੀਆਂ ਨੇ ਬੜੀ ਸ਼ਿੱਦਤ ਨਾਲ ਬਿਆਨਿਆ ਹੈ ਕਿ ਅਜੋਕੇ ਸਮੇਂ ਵਿਚ ਵਧ ਰਹੇ ਆਰਥਿਕ ਪਾੜਿਆਂ ਨੂੰ ਘੱਟ ਕਰਨਾ ਸਾਡੇ ਇੱਕ ਗੰਭੀਰ ਚੈਲੰਜ ਹੈ।

ਉਪਰੋਕਤ ਸਿਧਾਂਤਕ ਤੱਥ ਨੂੰ ਧਿਆਨ ਵਿਚ ਰੱਖਦੇ ਵਿਚਾਰ ਕੀਤਾ ਜਾ ਸਕਦਾ ਹੈ ਕਿ ਕੀ ਅਜਿਹਾ ਹੁਣ ਵੀ ਵਾਪਰ ਹੈ? ਕੀ ਸਾਡੇ ਮੁਲਕ ਅਤੇ ਰਾਜ ਵਿਚ ਆਰਥਿਕ, ਸਮਾਜਿਕ, ਸਭਿਆਚਾਰ ਤੇ ਰਾਜਨੀਤਕ ਸੰਸਥਾਵਾਂ ਦੀ ਕਾਰਗੁਜਾਰੀ ਤੇ ਮਜ਼ਬੂਤੀ ਸਮੁੱਚੇ ਸਮਾਜ ਦੇ ਵਿਕਾਸ ਨੂੰ ਆਪਣੇ ਕਲਾਵੇ ਵਿਚ ਸਮੋਦੀਂ ਹੈ? ਸਾਡੇ ਦੇਸ਼ ਤੇ ਸੂਬੇ ਦੀ ਆਰਥਿਕਤਾ ਹਾਲੇ ਵੀ ਖੇਤੀ ਸੈਕਟਰ 'ਤੇ ਨਿਰਭਰ ਹੈ ਭਾਵੇਂ ਕਿ ਨਿਰੋਲ ਘਰੇਲੂ ਆਮਦਨ ਵਿਚ ਇਸ ਦਾ ਹਿੱਸਾ ਘੱਟ ਗਿਆ ਹੈ। ਜਦੋਂ ਸਾਡੇ ਦੇਸ਼ ਨੇ ਰਾਜਨੀਤਕ ਅਜਾਦੀ ਹਾਸਲ ਕੀਤੀ ਤਾਂ ਖੇਤੀ, ਉਦਯੋਗ, ਤਕਨੀਕੀ ਵਿਗਿਆਨ, ਸੇਵਾਵਾਂ ਆਦਿ ਰਾਹੀਂ ਆਰਥਿਕ ਸੈਕਟਰ ਦੀ ਮਜ਼ਬੂਤੀ ਲਈ ਬਹੁਤ ਸਾਰੇ ਅਦਾਰੇ ਤੇ ਸੰਸਥਾਵਾਂ ਖੜੀਆਂ ਕੀਤੀਆਂ ਤਾਂ ਜੋ ਦੇਸ਼ ਨੂੰ ਤਰੱਕੀਯਾਫਤਾ ਬਣਾਇਆ ਜਾ ਸਕੇ। ਖੇਤੀ ਲਈ ਨਵੀਂ ਮਸ਼ੀਨਰੀ ਤੇ ਉਤਪਾਦਨ ਲਈ ਯੂਨਿਟਾਂ ਦੀ ਸਥਾਪਨਾ, ਕਿਸਾਨਾਂ ਲਈ ਲੋੜੀਦੀਂ ਵਿੱਤੀ ਸਹਾਇਤਾ ਲਈ ਸਹਿਕਾਰੀ ਸੈਕਟਰ ਨੂੰ ਖੜਾ ਕਰਨਾ, ਲੋੜੀਦੇਂ ਬੀਜਾਂ, ਖਾਦਾਂ, ਕੀਟ ਤੇ ਨਦੀਨ ਨਾਸ਼ਕਾਂ ਦੀ ਭਰੋਸੇਯੋਗ ਸਪਲਾਈ ਦੇ ਉਪਰਾਲੇ ਕੀਤੇ ਗਏ। ਇਨ੍ਹਾਂ ਅਦਾਰਿਆਂ ਦੀ ਸਥਾਪਨਾ ਤੇ ਯੋਗ ਪ੍ਰਸ਼ਾਸਨਕ ਨੀਤੀਆਂ ਕਾਰਨ ਖੇਤੀ ਸੈਕਟਰ ਤਰੱਕੀ ਦੇ ਰਾਹ ਪਿਆ। ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਸ਼ਬਦ ਇਤਿਹਾਸਕ ਹਨ ਕਿ 'ਹੋਰ ਸਾਰੇ ਸੈਕਟਰ ਇੰਤਜਾਰ ਕਰ ਸਕਦੇ ਹਨ ਪ੍ਰੰਤੂ ਖੇਤੀਬਾੜੀ ਨਹੀਂ' ਕਿਉਂਕਿ ਦੇਸ਼ ਦੀ ਜਨਤਾ ਦਾ ਪੇਟ ਭਰਨ ਲਈ ਅਨਾਜ ਬਾਹਰੋਂ ਮੰਗਵਾਉਣਾ ਪੈਂਦਾ ਸੀ। ਇਨ੍ਹਾਂ ਕੋਸ਼ਿਸ਼ਾਂ ਕਰਕੇ ਖੇਤੀ ਅਨਾਜ ਏਨਾ ਪੈਦਾ ਹੋਣਾ ਸ਼ੁਰੂ ਹੋਇਆ ਕਿ ਨਾ ਸਿਰਫ ਜਨਤਾ ਦਾ ਪੇਟ ਭਰਿਆ ਬਲਕਿ ਦੇਸ਼ ਅਨਾਜ ਨੂੰ ਨਿਰਯਾਤ ਕਰਨ ਦੀ ਹਾਲਤ ਵਿਚ ਪਹੁੰਚ ਗਿਆ। 1980 ਤੱਕ ਅਜਿਹਾ ਰਾਹ ਠੀਕ ਚਲਦਾ ਰਿਹਾ, ਪ੍ਰੰਤੂ ਇਸ ਤੋਂ ਬਾਅਦ ਤੇ ਖਾਸ ਕਰਕੇ 1991-92 ਵਿਚ ਨਵੀਆਂ ਆਰਥਿਕ ਨੀਤੀਆਂ ਸਦਕਾ ਨਿੱਜੀਕਰਣ ਕਰਕੇ ਕਾਰਪੋਰੇਟ ਸੈਕਟਰ ਦਾ ਹੱਥ ਖੇਤੀ ਵੱਲ ਜਾਣ ਕਰਕੇ ਕਿਸਾਨ ਪੱਖੀ ਨੀਤੀਆਂ ਨੂੰ ਤਲਾਂਜਲੀ ਦੇਣ ਨਾਲ ਅੱਜ ਕਿਸਾਨ ਦਾ ਕੀ ਹਾਲ ਹੈ, ਕਿਸੇ ਤੋਂ ਭੁਲਿਆ ਨਹੀਂ। ਕਿਸਾਨੀ ਕਰਜ਼ਾ, ਆਤਮ ਹੱਤਿਆਵਾਂ, ਖੇਤੀ ਧੰਦੇ ਨੂੰ ਛੱਡਣਾ ਆਦਿ ਪ੍ਰਤੱਖ ਉਦਾਹਰਨਾਂ ਹਨ। ਆਰਥਿਕ ਖੁਸ਼ਹਾਲੀ ਦਾ ਪ੍ਰਮੁੱਖ ਧੁਰਾ ਹੈ ਸਮਾਜ ਵਿਚ ਉਦਯੋਗਿਕ ਵਿਕਾਸ ਤੇ ਰੁਜ਼ਗਾਰ ਮੌਕਿਆਂ ਦੀ ਉਪਜ। 1950 ਤੋ ਲੈ ਕੇ 1970 ਤੱਕ ਜਨਤਕ ਸੈਕਟਰ ਵਿਚ ਵੱਡੇ ਪ੍ਰੋਜੈਕਟ ਅਧੀਨ ਉਦਯੋਗਿਕ ਪਲਾਟਾਂ ਦੀ ਸਥਾਪਨਾ ਕੀਤੀ ਗਈ ਅਤੇ ਨਤੀਜੇ ਵਜੋਂ ਲੋਕਾਂ ਨੂੰ ਰੁਜ਼ਗਾਰ ਮਿਲਣਾ ਸ਼ੁਰੂ ਹੋਇਆ। ਇਸ ਦੇ ਨਾਲ ਹੀ ਜਨਤਕ ਅਦਾਰਿਆਂ, ਜਿਵੇਂ ਕਿ ਬੈਂਕ, ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਬਿਜਲੀ ਬੋਰਡ, ਪਨਸਪ ਅਤੇ ਅਨੇਕਾਂ ਹੀ ਹੋਰ ਅਜਿਹੇ ਮਹਿਕਮੇ, ਜਿਨ੍ਹਾਂ ਵਿਚ ਆਮ ਲੋਕਾਂ ਦੇ ਬੱਚੇ ਵੀ ਆਪਣੀ ਵਿਦਿਅਕ ਯੋਗਤਾ ਮੁਤਾਬਕ ਮਾਧਿਅਮ ਕਿਸਮ ਦੇ ਰੋਜਗਾਰ ਹਾਸਲ ਕਰ ਲੈਂਦੇ। ਅਜੋਕੇ ਨਿੱਜੀਕਰਣ ਦੇ ਦੌਰ ਵਿਚ ਇਹ ਸੰਸਥਾਵਾਂ ਖਾਤਮੇ ਦੀ ਕਗਾਰ 'ਤੇ ਹਨ। ਜਨਤਕ ਉਦਯੋਗਾਂ ਵਿਚ ਰੁਜ਼ਗਾਰ ਖਤਮ ਹੋ ਰਿਹਾ ਹੈ। ਬਹੁਤ ਸਾਰੀਆਂ



ਸੇਵਾਵਾਂ ਨੂੰ ਠੇਕਾ ਅਧਾਰਤ ਕੀਤਾ ਜਾ ਰਿਹੈ। ਜਨਤਕ ਉਦਯੋਗਿਕ ਪਲਾਟਾਂ ਨੂੰ ਛੱਡ ਨਿਰੋਲ ਨਿੱਜੀਕਰਣ ਕਰਕੇ ਕੁਝ ਖਾਸ ਮੁਹਾਰਤ ਜਾਂ ਮਹਿੰਗੀ ਪੜਾਈ ਇੰਜੀਨੀਅਰ ਆਦਿ ਕਰਕੇ ਹੀ ਰੁਜ਼ਗਾਰ ਮਿਲਦਾ ਹੈ ਅਤੇ ਉਹ ਵੀ ਘੱਟ ਵਿੱਤ 'ਤੇ, ਅਤੇ ਜਿਥੇ ਨੋਕਰੀਓਂ ਕੱਢੇ ਜਾਣ ਦਾ ਖਦਸ਼ਾ ਹਮੇਸ਼ਾਂ ਬਣਿਆ ਰਹਿੰਦਾ ਹੈ।

ਬਾਕੀ ਕਸਰ ਤਕਨਾਲੌਜੀ ਤੇ ਰੋਬੋਟ ਕੱਢੀ ਜਾਂਦੇ ਹਨ, ਜੋ ਰੁਜ਼ਗਾਰ ਦੇ ਮੌਕਿਆਂ ਨੂੰ ਹੋਰ ਸੁਕੇੜ ਰਹੇ ਹਨ। ਕੋਈ ਸਮਾਂ ਸੀ ਖਾਸ ਅਖਬਾਰਾਂ ਦੇ ਨਿਰਧਾਰਤ ਪੰਨਿਆਂ ਨੂੰ ਖੋਲ੍ਹ ਕੇ ਇਸ਼ਤਿਹਾਰ ਹੋਈਆਂ ਪੋਸਟਾਂ ਲਈ ਲੋਕ ਅਪਲਾਈ ਕਰਦੇ ਤੇ ਇੱਕ ਸਰਕਲ ਜਿਹਾ ਬਣਿਆ ਰਹਿੰਦਾ। ਹੁਣ ਅਜਿਹੀ ਰੋਸ਼ਨੀ ਦੀ ਕਿਰਨ ਕਿਤੇ ਨਜ਼ਰ ਨਹੀਂ ਆਉਂਦੀ। ਕਈ ਵਿਭਾਗਾਂ ਵਿਚ ਪਿਛਲੇ 20-25 ਸਾਲਾਂ ਤੋਂ ਵੀ ਕੋਈ ਪੋਸਟ ਨਹੀਂ ਭਰੀ ਗਈ ਅਤੇ ਕਈ ਵਿਭਾਗ ਤਾਂ ਰੱਬ ਨੂੰ ਹੀ ਪਿਆਰੇ ਕਰ ਦਿੱਤੇ ਗਏ ਹਨ। ਸਿੱਟੇ ਵਜੋਂ ਅੱਜ ਦੇਸ਼ ਤੇ ਸਾਡੇ ਸੂਬੇ ਵਿਚ ਬੇਰੁਜ਼ਗਾਰੀ ਚਰਮ ਸੀਮਾ 'ਤੇ ਪਹੁੰਚੀ ਹੋਈ ਹੈ। ਕੁਝ ਕੁ ਪੋਸਟਾਂ ਲਈ ਲੱਖਾਂ ਉਮੀਦਵਾਰਾਂ ਵੱਲੋ ਅਪਲਾਈ ਕਰਨਾ ਆਮ ਪੜ੍ਹਨ ਨੂੰ ਮਿਲਦਾ ਰਹਿੰਦਾ ਹੈ। ਲੋਕਾਂ ਦਾਂ ਸਰਕਾਰਾਂ ਤੇ ਇਥੋਂ ਤੱਕ ਨਿੱਜੀ ਖੇਤਰਾਂ ਤੋਂ ਵੀ ਮਨ ਵਿਚਲਤ ਹੈ। ਪੰਜਾਬ ਦੇ ਵਧੇਰੇ ਬੱਚੇ ਵਿਦੇਸ਼ਾਂ ਵਿਚ ਪ੍ਰਵਾਸ ਕਰ ਰਹੇ ਹਨ। ਇਨ੍ਹਾਂ ਬੱਚਿਆਂ ਨੇ ਮੁੜ ਵਤਨ ਆ ਨਹੀਂ ਵਸਣਾ। ਵੱਡੀ ਪੀੜ ਹੈ ਕਿ ਪੰਜਾਬ ਦੀ ਜਵਾਨੀ ਬਾਹਰ ਜਾ ਰਹੀ ਹੈ ਅਤੇ ਕਈ ਪਿੰਡ ਤਾਂ ਖਾਲਮ-ਖਾਲੀ ਹੋ ਗਏ ਹਨ। ਕੁਝ ਪਿੰਡ ਬਿਰਧ ਆਸ਼ਰਮਾਂ ਦਾ ਰੂਪ ਧਾਰਣ ਕਰ ਗਏ ਹਨ। ਖੈਰ ਮੰਗੀਏ ਪੰਜਾਬ ਦੀ। ਦੇਸ਼ ਦੇ ਅੰਦਰ ਅਤੇ ਅੰਤਰਦੇਸ਼ੀ ਆਰਥਿਕ ਪਾੜੇ ਇੰਨੇ ਵਧ ਗਏ ਹਨ, ਸਿਟੇ ਵਜੋਂ ਧਨ ਦੌਲਤਾਂ ਦੇ ਸ੍ਰੋਤ ਕੁਝ ਕੁ ਹੱਥਾਂ ਵਿਚ ਚੱਲੇ ਗਏ ਹਨ। 1980 ਤੋਂ ਪਹਿਲਾਂ ਸਾਡੇ ਮੁਲਕ ਵਿਚ 2-4 ਹੀ ਖਰਬਪਤੀ ਸਨ ਅੱਜ ਉਨ੍ਹਾਂ ਦੀ ਗਿਣਤੀ 200 ਤੋਂ ਵਧੇਰੇ ਹੈ। ਭਾਰਤ ਦੇ 10% ਲੋਕਾਂ ਕੋਲ ਦੇਸ਼ ਦੇ 60% ਵਸੀਲੇ ਹਨ ਜਦਕਿ 60% ਗਰੀਬਾਂ ਕੋਲ ਕੇਵਲ 4% ਦੇ ਕਰੀਬ ਹਨ। ਅੱਤ ਖੁਦਾ ਦਾ ਵੈਰ ਵਾਲੀ ਸਥਿਤੀ ਜਾਪਦੀ ਹੈ।

ਆਰਥਿਕ ਕਾਰਨ ਤੋਂ ਬਿਨਾ ਸਿਹਤ ਅਤੇ ਸਿਖਿਆ ਅਜਿਹੇ ਤੱਥ ਹਨ, ਜਿਨ੍ਹਾਂ ਤੋਂ ਕਿਸੇ ਦੇਸ਼ ਦੀ ਤੱਰਕੀ ਤੇ ਖੁਸ਼ਹਾਲੀ ਦਾ ਨਿਰਧਾਰਣ ਕੀਤਾ ਜਾਂਦਾ ਹੈ। ਦੇਸ਼ ਦੀ ਅਜਾਦੀ ਤੋਂ ਬਾਅਦ ਸਿਖਿਆ ਤੇ ਸਿਹਤ ਸੰਸਥਾਵਾਂ ਦਾ ਵੱਡੇ ਪੱਧਰ ਤੇ ਵਿਸਤਾਰ ਕੀਤਾ ਗਿਆ। ਲੱਖਾਂ ਹੀ ਵੱਖ ਵੱਖ ਪੱਧਰ ਦੇ ਸਕੂਲ, ਹਜਾਰਾਂ ਹੀ ਕਾਲਜ, ਤਕਨੀਕੀ ਸੰਸਥਾਵਾਂ ਤੇ ਸੈਂਕੜੇ ਹੀ ਯੂਨੀਵਰਸਿਟੀਆਂ ਜਨਤਕ ਤੌਰ ਤੇ

(ਬਾਕੀ ਅਗਲੇ ਸਫੇ 'ਤੇ)

# ਰਾਸ਼ਟਰਪਤੀ ਹੱਥੋਂ ਪਦਮ-ਭੂਸ਼ਨ ਪ੍ਰਾਪਤ ਕਰਨ ਵਾਲੀ ਇਕਲੌਤੀ ਸਿੱਖ ਔਰਤ - ਡਾ. ਇੰਦਰਜੀਤ ਕੌਰ

ਜਨਮ-ਦਿਨ 'ਤੇ ਵਿਸ਼ੇਸ਼

ਭਾਰਤ ਸਰਕਾਰ ਵੱਲੋਂ 1954 ਵਿਚ ਸ਼ੁਰੂ ਕੀਤੇ ਗਏ ਸਿਵਲ ਸਨਮਾਨਾਂ ਵਿਚੋਂ ਪਦਮ-ਭੂਸ਼ਨ ਤੀਸਰੇ ਨੰਬਰ ਦਾ ਸਨਮਾਨ ਕਿਹਾ ਜਾਂਦਾ ਹੈ ਕਿਉਂਕਿ ਭਾਰਤ ਰਤਨ ਅਤੇ ਪਦਮ-ਵਿਭੂਸ਼ਨ ਇਸ ਤੋਂ ਉਪਰਲੇ ਪੱਧਰ ਦੇ ਸਨਮਾਨ ਗਿਣੇ ਜਾਂਦੇ ਹਨ। ਪਦਮ-ਭੂਸ਼ਨ ਹਰ ਸਾਲ ਅਜਿਹੇ ਵਿਅਕਤੀਆਂ ਨੂੰ ਮਿਲਦਾ ਹੈ, ਜਿਨ੍ਹਾਂ ਜ਼ਿੰਦਗੀ ਵਿਚ ਉੱਚ-ਪਾਏ ਦਾ ਵਿਲੱਖਣ ਕਾਰਜ ਕੀਤਾ ਹੋਵੇ ਅਤੇ ਸਮਾਜ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੋਵੇ। ਇਨ੍ਹਾਂ ਪੁਰਸਕਾਰਾਂ ਦੀ ਘੋਸ਼ਣਾ ਹਰ ਸਾਲ ਗਣਤੰਤਰ ਦਿਵਸ ਮੌਕੇ ਕੀਤੀ ਜਾਂਦੀ ਹੈ, ਜਿਨ੍ਹਾਂ ਦੀ ਚੋਣ ਪ੍ਰਧਾਨ ਮੰਤਰੀ ਵੱਲੋਂ ਨਾਮਜ਼ਦ ਇੱਕ ਕਮੇਟੀ ਕਰਦੀ ਹੈ। ਇਹ ਪੁਰਸਕਾਰ ਕਲਾ,



ਡਾ. ਆਸਾ ਸਿੰਘ ਘੁੰਮਣ
ਫੋਨ: 97798-53245

ਸਮਾਜ-ਸੇਵਾ, ਖੇਡਾਂ, ਡਾਕਟਰੀ ਖੇਤਰ, ਵਿਗਿਆਨ, ਇੰਜਨੀਅਰਿੰਗ, ਸਾਹਿਤ ਅਤੇ ਸਿੱਖਿਆ ਆਦਿ ਖੇਤਰਾਂ ਵਿਚ ਕੰਮ ਕਰ ਰਹੇ ਵਿਲੱਖਣ ਅਤੇ ਵਿਸ਼ੇਸ਼ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ, ਜਿਸ ਲਈ ਹਰ ਸਾਲ ਤਜਵੀਜ਼ਾਂ ਮੰਗੀਆਂ ਜਾਂਦੀਆਂ ਹਨ। ਰਾਜ ਸਰਕਾਰਾਂ, ਕੇਂਦਰ ਸਰਕਾਰ ਦੇ ਮੰਤਰੀ, ਰਾਜ ਮੁੱਖ ਮੰਤਰੀ, ਭਾਰਤ ਰਤਨ ਤੇ ਪਦਮ-ਵਿਭੂਸ਼ਨ ਅਵਾਰਡੀ ਅਤੇ ਨਾਮਵਰ ਸੰਸਥਾਵਾਂ 15 ਸਤੰਬਰ ਤੱਕ ਕਿਸੇ ਵਿਅਕਤੀ ਦਾ ਨਾਂ ਤਜਵੀਜ਼ ਕਰ ਸਕਦੀਆਂ ਹਨ। ਇਨ੍ਹਾਂ ਪੁਰਸਕਾਰਾਂ ਦੀ ਗਿਣਤੀ ਨਿਸ਼ਚਿਤ ਨਹੀਂ ਹੁੰਦੀ ਅਤੇ ਨਾ ਹੀ ਕੋਈ ਸਟੇਟ-ਕੋਟਾ ਹੁੰਦਾ ਹੈ।

ਪਿਛਲੇ 70 ਸਾਲਾਂ ਵਿਚ ਹੁਣ ਤੱਕ ਕੇਵਲ ਇੱਕ ਹੀ ਸਿੱਖ ਔਰਤ ਨੂੰ ਭਾਰਤ ਦੇ ਰਾਸ਼ਟਰਪਤੀ ਹੱਥੋਂ ਪਦਮ ਭੂਸ਼ਣ ਪ੍ਰਾਪਤ ਕਰਨ ਦਾ ਮੌਕਾ ਨਸੀਬ ਹੋਇਆ ਹੈ ਅਤੇ ਉਹ ਹਨ ਸਤਿਕਾਰਯੋਗ ਬੀਬੀ ਇੰਦਰਜੀਤ ਕੌਰ ਜੀ, ਪਿੰਗਲਵਾੜਾ ਅੰਮ੍ਰਿਤਸਰ ਵਾਲੇ, ਜਿਨ੍ਹਾਂ ਨੂੰ ਮਾਨਵ-ਸੇਵਾ ਦੇ ਖੇਤਰ ਵਿਚ ਨਿਵੇਕਲਾ ਕਾਰਜ ਕਰਨ ਕਾਰਨ ਇਹ ਵਕਾਰੀ ਕੌਮੀ ਪੁਰਸਕਾਰ 2008 ਵਿਚ ਉਸ ਸਮੇਂ ਦੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਹੱਥੋਂ ਪ੍ਰਾਪਤ ਹੋਇਆ। ਇਸ ਦੀ ਸੂਚਨਾ ਉਨ੍ਹਾਂ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ 25 ਜਨਵਰੀ ਨੂੰ ਪ੍ਰਾਪਤ ਹੋਈ। ਭਾਵੇਂ ਕਿ ਇਨ੍ਹਾਂ ਸਨਮਾਨਾਂ ਦੀ ਹੱਕਦਾਰੀ ਬਾਰੇ ਸਮੇਂ ਸਮੇਂ ਕਈ ਵਿਵਾਦ ਵੀ ਛਿੜਦੇ ਰਹਿੰਦੇ ਹਨ ਪਰ ਇਹ ਵੀ ਸੱਚ ਹੈ ਕਿ ਬਹੁਤੀ ਵਾਰੀ ਇਹ ਸਨਮਾਨ ਕਾਬਲ ਅਤੇ ਹੱਕਦਾਰ ਵਿਅਕਤੀਆਂ ਨੂੰ ਹੀ ਮਿਲਦੇ ਰਹੇ ਹਨ। ਅਜਿਹੇ ਵਿਅਕਤੀਆਂ ਦੀ ਲਿਸਟ ਵਿਚ ਬੀਬੀ ਇੰਦਰਜੀਤ ਕੌਰ ਜੀ ਦਾ ਨਾਂ ਲਿਸ਼ਕੋਰਾਂ ਮਾਰਦਾ ਹੈ, ਜਿਨ੍ਹਾਂ ਨੂੰ ਕਈ ਵਾਰ ਪਿਆਰ-ਸਤਿਕਾਰ ਨਾਲ ਪੰਜਾਬ ਦੀ ਮਦਰ ਟਰੀਸਾ ਵੀ ਕਹਿ ਦਿੱਤਾ ਜਾਂਦਾ ਹੈ। ਜਿਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਪਿੰਗਲਵਾੜੇ ਦੇ ਮਜ਼ਲੂਮਾਂ ਦੀ ਸੇਵਾ ਕਰਦੇ ਵੇਖਿਆ ਹੈ, ਉਹ ਭਲੀ-ਭਾਂਤ ਜਾਣਦੇ ਹਨ ਕਿ ਉਹ ਕਿੱਡਾ ਮਹਾਨ ਸ਼ੁੱਭ-ਕਰਮਨ ਕਰ ਰਹੇ ਹਨ।

ਬੀਬੀ ਇੰਦਰਜੀਤ ਕੌਰ ਜੀ ਦਾ ਪਰਿਵਾਰ ਪਿੱਛੋਂ ਗੁਜਰਾਂਵਾਲੇ ਦਾ ਸੀ, ਪਰ ਉਨ੍ਹਾਂ ਦੇ ਪਿਤਾ ਹਰਬੰਸ ਸਿੰਘ ਨੇ 1930 ਵਿਚ ਮਿਸ਼ਨਰੀ ਭਾਵਨਾ ਨਾਲ ਸੰਗਰੂਰ ਵਿਖੇ ਆਯੁਰਵੈਦਿਕ ਪ੍ਰੈਕਟਿਸ ਸ਼ੁਰੂ ਕਰ ਦਿੱਤੀ ਸੀ। ਏਥੇ ਹੀ ਇੰਦਰਜੀਤ ਕੌਰ ਦਾ ਜਨਮ 25 ਜਨਵਰੀ 1942 ਨੂੰ ਹੋਇਆ। ਉਸਦੇ ਮਾਤਾ ਰਣਜੀਤ ਕੌਰ ਅਤੇ ਪਿਤਾ ਭਗਤ ਪੂਰਨ ਸਿੰਘ ਦੀ ਸੇਵਾ ਭਾਵਨਾ ਤੋਂ ਬਹੁਤ ਪ੍ਰਭਾਵਤ ਸਨ। ਬੀਬੀ ਜੀ ਦੀ ਸ਼ਖਸੀਅਤ 'ਤੇ ਉਨ੍ਹਾਂ ਦੀ ਦਾਦੀ ਕੇਸਰ ਦੇਵੀ ਦਾ ਵੀ ਬਹੁਤ ਪ੍ਰਭਾਵ ਸੀ ਜੋ ਕਿ ਬੜੇ ਦ੍ਰਿੜੀ ਅਤੇ ਸਿਰੜੀ ਸ਼ਖਸੀਅਤ ਦੇ ਮਾਲਕ ਸਨ। ਉਨ੍ਹਾਂ ਦੇ ਭੂਆ ਸ਼ਾਂਤਾ ਨੇ ਵੀ ਗ੍ਰਿਹਸਥ-ਜੀਵਨ ਨਾ ਅਪਨਾਉਣ ਦਾ ਫੈਸਲਾ ਕਰਕੇ ਰਾਜਸਥਾਨ ਵਿਚ ਡਾਕਟਰ ਦੇ ਤੌਰ 'ਤੇ ਮਾਨਵੀ ਭਾਵਨਾ ਨਾਲ ਸੇਵਾਵਾਂ ਨਿਭਾਉਣ ਦਾ ਫੈਸਲਾ ਕੀਤਾ ਸੀ। ਫਿਰ ਵੀ ਡਾਕਟਰ ਇੰਦਰਜੀਤ ਕੌਰ ਨੇ ਕਦੀ ਸੁਫਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਉਨ੍ਹਾਂ ਨੂੰ ਪਿੰਗਲਵਾੜੇ ਵਰਗੀ ਸੰਸਥਾ ਦੀਆਂ ਸੇਵਾਵਾਂ ਨਿਭਾਉਣੀਆਂ ਪੈ ਜਾਣਗੀਆਂ। ਉਂਝ ਛੇ ਭੈਣ ਭਰਾਵਾਂ ਵਿਚੋਂ ਸਭ ਤੋਂ ਵੱਡੀ ਹੋਣ ਕਰਕੇ ਉਹ ਹਮੇਸ਼ਾਂ ਆਪਣੇ ਭੈਣ-ਭਰਾਵਾਂ ਪ੍ਰਤੀ ਜ਼ਿੰਮੇਵਾਰ ਮਹਿਸੂਸ ਕਰਦੇ ਸਨ ਅਤੇ ਸੇਵਾ-ਭਾਵਨਾ ਦੇ ਗੈਬੀ ਅਹਿਸਾਸ ਕਰਕੇ ਉਨ੍ਹਾਂ ਵੀ ਆਪਣੇ ਭੂਆ ਵਾਂਗ ਆਪਣੇ ਪਿਤਾ ਨੂੰ ਟਾਈਮ ਨਾਲ ਹੀ ਕਹਿ ਦਿੱਤਾ ਸੀ, 'ਮੈਰਿਜ ਇਜ਼ ਨਾਟ ਮਾਈ ਕੱਪ ਆਫ ਟੀ'। ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਸਰਕਾਰੀ ਮੈਡੀਕਲ ਸਰਵਿਸ ਛੱਡ ਕੇ ਪਿਤਾ ਦਾ ਨਾਂ ਚਮਕਾਉਣ ਲਈ 'ਡਾਕਟਰ ਹਰਬੰਸ ਸਿੰਘ ਮਮੋਰੀਅਲ ਹੌਸਪੀਟਲ' ਸਥਾਪਤ ਕਰ ਦਿੱਤਾ। ਉਹ ਇਸ ਹਸਪਤਾਲ ਨੂੰ ਮਿੱਸ ਬ੍ਰਾਊਨ ਹਸਪਤਾਲ ਲੁਧਿਆਣੇ ਵਰਗਾ ਦੇਖਣ ਲਈ ਬੜੀ ਸ਼ਿੱਦਤ ਨਾਲ ਕੰਮ ਕਰ ਰਹੇ ਸਨ। ਪਿਤਾ ਦੀ ਮੌਤ ਤੋਂ ਬਾਅਦ ਪਰਿਵਾਰ ਨੇ ਭਗਤ ਪੂਰਨ ਸਿੰਘ ਜੀ ਨੂੰ ਪਿਉਆਂ ਵਾਲਾ ਪਿਆਰ-ਅਸਥਾਨ ਦੇਣਾ ਸ਼ੁਰੂ ਕਰ ਦਿੱਤਾ। ਭਗਤ ਜੀ ਗਾਹੇ-ਬਗਾਹੇ ਸੰਗਰੂਰ ਆਉਂਦੇ ਰਹਿੰਦੇ। ਡਾ. ਇੰਦਰਜੀਤ ਕੌਰ ਲਗਾਤਾਰ ਸੰਗਰੂਰ ਤੋਂ ਪਿੰਗਲਵਾੜੇ ਵਿਚ ਡਾਕਟਰੀ ਸੇਵਾਵਾਂ ਦੇਣ ਲਈ ਅੰਮ੍ਰਿਤਸਰ ਆਉਂਦੇ ਰਹਿੰਦੇ ਅਤੇ ਭਗਤ ਜੀ ਵੱਲੋਂ ਦਿੱਤੀਆਂ ਨਿੱਕੀਆਂ-ਮੋਟੀਆਂ ਸੇਵਾਵਾਂ ਭਗਤੀ-ਭਾਵਨਾ ਨਾਲ ਨਿਭਾਉਂਦੇ।



ਦਾਦੀ ਜੀ ਅਤੇ ਪਿਤਾ ਜੀ ਦੇ ਚਲੇ ਜਾਣ ਤੋਂ ਬਾਅਦ ਉਨ੍ਹਾਂ ਆਪਣੇ ਭੈਣ ਭਰਾਵਾਂ ਲਈ ਆਦਰਸ਼ ਪਿਤਰੀ ਰੋਲ ਅਦਾ ਕੀਤਾ ਤਾਂ ਕਿ ਆਪਣੇ ਬੱਚਿਆਂ ਨੂੰ ਉੱਚ ਵਿਦਿਆ ਦੇਣ ਦਾ ਪਿਤਾ ਦਾ ਸੁਫਨਾ ਕਿਤੇ ਅਧੂਰਾ ਨਾ ਰਹਿ ਜਾਵੇ। ਉਨ੍ਹਾਂ ਦੀ ਛੋਟੀ ਭੈਣ ਨੇ ਬੀ.ਐੱਸ.ਸੀ., ਬੀ.ਐੱਡ. ਕਰਕੇ ਸਰਕਾਰੀ ਨੌਕਰੀ ਪ੍ਰਾਪਤ ਕਰ ਲਈ ਜਦੋਂ ਕਿ ਤੀਸਰੀ ਭੈਣ ਪਰੀਤ ਇੰਦਰਜੀਤ ਕੌਰ ਬੀ.ਐੱਸ.ਸੀ., ਐੱਲ.ਐੱਲ.ਬੀ. ਕਰਕੇ ਪੰਜਾਬ ਸਰਕਾਰ ਦੀ ਅਸਿਸਟੈਂਟ ਡਿਸਟਰਿਕਟ ਅਟਾਰਨੀ ਬਣ ਗਈ। ਚੌਥੀ ਭੈਣ ਨੇ ਐਮ.ਬੀ.ਬੀ.ਐੱਸ. ਕੀਤੀ ਅਤੇ ਐੱਮ.ਐੱਸ./ਐੱਮ.ਡੀ. ਕਰਨ ਤੋਂ ਪਹਿਲਾਂ ਹੀ ਰਾਜਸਥਾਨ ਵਿਚ ਸਰਕਾਰੀ ਡਾਕਟਰ ਲੱਗ ਗਈ, ਜਿੱਥੇ ਉਸਦੇ ਭੂਆ ਜੀ ਡਾਕਟਰੀ ਸੇਵਾਵਾਂ ਨਿਭਾ ਰਹੇ ਸਨ। ਬਾਅਦ ਵਿਚ ਉਨ੍ਹਾਂ ਦੀ ਸਿਲੈਕਸ਼ਨ ਯੂਨੀਸੈਫ ਵਿਚ ਹੋ ਗਈ। ਸਭ ਤੋਂ ਛੋਟੀ ਭੈਣ ਬੀ.ਐੱਡ. ਕਰਨ ਉਪਰੰਤ ਕੇਂਦਰ ਸਰਕਾਰ ਦੀ ਨੌਕਰੀ 'ਤੇ ਲੱਗ ਗਈ ਅਤੇ ਸ. ਗੋਬਿੰਦ ਸਿੰਘ ਲੌਂਗੋਵਾਲ ਨਾਲ ਵਿਆਹੀ ਗਈ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਅਤੇ ਦੋ ਵਾਰ ਪੰਜਾਬ ਦੇ ਐੱਮ.ਐੱਲ.ਏ. ਰਹੇ ਹਨ।

ਭਗਤ ਪੂਰਨ ਸਿੰਘ ਜੀ ਦੇ ਬਿਮਾਰ ਹੋਣ 'ਤੇ ਬੀਬੀ ਜੀ ਉਨ੍ਹਾਂ ਨੂੰ ਬੜੇ ਸਤਿਕਾਰ ਸਹਿਤ ਆਪਣੇ ਪਿਤਾ ਜੀ ਨਾਲੋਂ ਵੀ ਵੱਧ ਸੇਵਾ-ਭਾਵਨਾ ਨਾਲ ਸਾਂਭਦੇ ਰਹੇ। ਭਗਤ ਜੀ ਨੇ ਜਲਦ ਹੀ ਦੇਖ ਲਿਆ ਸੀ ਕਿ ਜੇ ਉਨ੍ਹਾਂ ਤੋਂ ਬਾਦ ਕੋਈ ਪਿੰਗਲਵਾੜੇ ਨੂੰ ਸਾਂਭ ਸਕਦਾ ਹੈ ਤਾਂ ਉਹ ਕੇਵਲ 'ਬੀਬੀ' ਜੀ ਹੀ ਹੋ ਸਕਦੇ ਹਨ। ਉਨ੍ਹਾਂ 1988 ਵਿਚ ਆਪਣੇ ਹੁੰਦਿਆਂ ਹੀ ਬੀਬੀ ਨੂੰ ਪਿੰਗਲਵਾੜਾ ਸੋਸਾਇਟੀ ਦਾ ਵਾਇਸ-ਪ੍ਰੈਜ਼ੀਡੈਂਟ ਬਣਾ ਦਿੱਤਾ ਸੀ ਅਤੇ ਉਨ੍ਹਾਂ ਨੂੰ ਉਤਰਾਧਿਕਾਰੀ ਬਣਾਉਣ ਬਾਰੇ ਵੀ ਗੁਪਤ ਵਸੀਅਤ ਲਿਖ ਛੱਡੀ ਸੀ, ਜੋ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ 14 ਅਗਸਤ 1992 ਨੂੰ ਹੀ ਜੱਗ-ਜ਼ਾਹਿਰ ਕੀਤੀ ਗਈ। ਬੀਬੀ ਜੀ ਦਾ ਆਪਣੇ ਪਿਤਾ ਜੀ ਦੇ ਨਾਂ 'ਤੇ ਸ਼ੁਰੂ ਕੀਤੇ ਹਸਪਤਾਲ ਨਾਲ ਏਨਾ ਮੋਹ-ਪਿਆਰ ਸੀ ਕਿ ਉਸਨੂੰ ਛੱਡਣਾ ਅਸੰਭਵ ਲੱਗ ਰਿਹਾ ਸੀ। ਉਹ ਚਾਰ ਸਾਲ ਤਾਂ ਸੰਗਰੂਰ ਤੋਂ ਹੀ ਹਫਤੇ ਵਿਚ ਇੱਕ ਦਿਨ ਪਿੰਗਲਵਾੜੇ ਆਉਂਦੇ ਰਹੇ, ਪਰ ਕੁਝ ਘਟਨਾਵਾਂ ਐਸੀਆਂ ਵਾਪਰੀਆਂ ਜਿਨ੍ਹਾਂ ਨੇ ਉਨ੍ਹਾਂ ਨੂੰ ਪਿੰਗਲਵਾੜੇ ਜਾਂ 'ਪ੍ਰੀਤਮ ਸਿੰਘ ਮੈਮੋਰੀਅਲ ਹੌਸਪੀਟਲ' ਵਿਚੋਂ ਇੱਕ ਦੀ ਚੋਣ ਕਰਣ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਅੰਤਰ-ਧਿਆਨ ਹੁੰਦਿਆਂ, ਆਪਣੀ ਆਤਮਾ ਦੀ ਆਵਾਜ਼ ਅਤੇ ਭਗਤ ਪੂਰਨ ਸਿੰਘ ਜੀ ਵੱਲੋਂ ਉਨ੍ਹਾਂ ਦੀ ਸਮਰੱਥਾ ਉਤੇ ਕੀਤੇ ਗਏ ਵਿਸ਼ਵਾਸ ਨੂੰ ਮੁੱਖ ਰੱਖਦਿਆਂ ਆਪਣੇ ਆਪ ਨੂੰ ਪਿੰਗਲਵਾੜੇ ਲਈ ਸਮਰਪਿਤ ਕਰ ਦਿੱਤਾ।

ਛੇਤੀ ਹੀ ਮਾਨਾਂਵਾਲਾ ਵਿਖੇ 16 ਏਕੜ ਜਗ੍ਹਾ ਲੈ ਕੇ ਓਥੇ ਕਈ ਵਾਰਡ ਬਚਾਉਣੇ ਸ਼ੁਰੂ ਕਰ ਦਿੱਤੇ, ਕਿਉਂਕਿ ਅੰਮ੍ਰਿਤਸਰ ਵਾਲੇ ਕੈਂਪਸ ਵਿਚ ਵਿਸਥਾਰ ਦੀ ਕੋਈ ਗੁੰਜਾਇਸ਼ ਨਹੀਂ ਸੀ। ਧਰਮਾਂ ਅਤੇ ਜਾਤਾਂ-ਪਾਤਾਂ ਤੋਂ ਉਪਰ ਉੱਠ ਕੇ ਮਾਨਵਤਾ ਦੀ ਸੇਵਾ-ਸੰਭਾਲ ਦੇ ਨਾਲ-ਨਾਲ ਬੀਬੀ ਜੀ ਵੱਲੋਂ ਕਈ ਕਿਸਮ ਦੇ ਪ੍ਰੋਜੈਕਟ ਆਰੰਭੇ ਗਏ। ਮਾਨਸਿਕ ਰੋਗ ਦੇ ਵਧਣ ਦੇ ਕਾਰਨਾਂ ਨੂੰ ਲੱਭਣ ਲਈ ਸੈਮੀਨਾਰ-ਕਾਨਫਰੰਸਾਂ ਸ਼ੁਰੂ ਕੀਤੀਆਂ ਗਈਆਂ ਅਤੇ ਉਨ੍ਹਾਂ 'ਤੇ ਫਾਲੋ-ਅੱਪ ਐਕਸ਼ਨ ਲਈ ਜੰਡਿਆਲਾ ਵਿਖੇ ਔਰਗੈਨਿਕ ਫਾਰਮ ਸ਼ੂਰੂ ਕੀਤਾ ਗਿਆ, ਜਿਸਨੂੰ ਨੇੜਿਓਂ ਵੇਖਣ ਲਈ ਆਪਣੇ 2011 ਦੇ ਦੌਰੇ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਉਚੇਚੇ ਤੌਰ 'ਤੇ ਪਹੁੰਚੇ।

2008 ਵਿਚ ਮਿਲੇ ਪਦਮ ਭੂਸ਼ਨ ਤੋਂ ਬਿਨਾ ਉਨ੍ਹਾਂ ਨੂੰ ਦੇਸ਼ਾਂ-ਵਿਦੇਸ਼ਾਂ ਤੋਂ ਕਈ ਮਾਣ-ਸਨਮਾਨ ਪ੍ਰਾਪਤ ਹੋ ਚੁੱਕੇ ਹਨ ਜਿਨ੍ਹਾਂ ਦੇ ਉਹ ਵਾਕਿਆ ਹੀ ਹੱਕਦਾਰ ਹਨ। ਉਹ ਹੁਣ 82 ਸਾਲ ਦੇ ਹੋ ਚੁੱਕੇ ਹਨ ਅਤੇ ਉਸ ਪਰਮਾਤਮਾ ਦੇ ਭਾਣੇ ਵਿਚ ਰਹਿੰਦੇ ਹੋਏ ਬੜੀ ਸਮਰਪਣਾ ਨਾਲ 'ਦਾੜੀਧਾਰੀ ਮਦਰ ਟਰੀਸਾ' ਭਗਤ ਪੂਰਨ ਸਿੰਘ ਜੀ ਵੱਲੋਂ ਸ਼ੁਰੂ ਕੀਤੇ ਪਿੰਗਲਵਾੜੇ ਨੂੰ ਇੱਕ ਮਿਸਾਲੀ ਸੰਸਥਾ ਵਾਂਗੂੰ ਚਲਾ ਰਹੇ ਹਨ। ਪਰਮਾਤਮਾ ਉਨ੍ਹਾਂ ਨੂੰ ਲੰਬੀ, ਸਿਹਤਮੰਦ ਆਯੂ ਬਖਸ਼ੇ!

# ਬੰਦੇ ਦਾ ਬਦਲ ਲੱਭਦਾ ਬੰਦਾ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


ਬੰਦਾ ਆਪਣਾ ਬਦਲ ਲੱਭਣ ਲਈ ਹਮੇਸ਼ਾ ਯਤਨਸ਼ੀਲ। ਕਦੇ ਉਸ ਨੇ ਗ਼ੁਲਾਮ ਪ੍ਰਥਾ ਰਾਹੀਂ ਆਪਣਾ ਕੰਮ-ਕਾਜ ਦੂਸਰਿਆਂ ਕੋਲੋਂ ਕਰਵਾਇਆ। ਕਦੇ ਰਾਜੇ-ਰਾਣੀਆਂ, ਅਮੀਰਾਂ ਅਤੇ ਜਗੀਰਦਾਰਾਂ ਵਿਚ ਨੌਕਰ ਰੱਖਣ ਦੀ ਪਿਰਤ। ਦਰਅਸਲ ਇਹ ਬੰਦੇ ਦੀ ਬੰਦੇ ਨੂੰ ਨਿੱਜੀ ਮੁਫ਼ਾਦ ਅਤੇ ਅਰਾਮਪ੍ਰਸਤੀ ਲਈ ਵਰਤਣ ਦੀ ਖ਼ਾਹਿਸ਼। ਇਸ ਮਾਨਸਿਕ ਬਿਰਤੀ ਨੇ ਸਮੇਂ ਨਾਲ ਕਈ ਹੋਰ ਰੂਪ ਅਖ਼ਤਿਆਰ ਕੀਤੇ ਜਿਸ ਕਾਰਨ ਬੰਦੇ ਵੱਲੋਂ ਖ਼ੁਦ ਦੀ ਬਜਾਏ ਹੱਥੀ ਤਿਆਰ ਕੀਤੇ ਔਜ਼ਾਰ, ਵਿਗਿਆਨਕ ਲਭਤਾਂ, ਸਿਹਤ-ਸਹੂਲਤਾਂ ਤੇ ਨਿਰਭਰਤਾ ਦਿਨ-ਬ-ਦਿਨ ਵਧਦੀ ਜਾ ਰਹੀ। ਇਸ ਬਿਰਤੀ ਨੇ ਮਨੁੱਖ ਨੂੰ ਆਲਸੀ ਅਤੇ ਆਤਮ ਨਿਰਭਰਤਾ ਤੋਂ ਹੀਣਾ ਬਣਾ ਛੱਡਿਆ। ਮਨੁੱਖ ਵਿਚ ਰੋਬੋਟੀ ਆਦਤਾਂ ਦਾ ਆ ਜਾਣਾ ਬਹੁਤ ਹੀ ਸੁਭਾਵਕ ਵਰਤਾਰਾ ਬਣਦਾ ਜਾ ਰਿਹਾ। ਯਾਦ ਰੱਖਣਾ ਜਦੋਂ ਮਨ ਵਿਚੋਂ ਮਨੁੱਖੀ ਸੰਵੇਦਨਾਵਾਂ ਮਨਫ਼ੀ ਹੋ ਜਾਣ ਅਤੇ ਉਸ ਦੀ ਅੱਖ ਵਿਚ ਕਿਸੇ ਦੀ ਪੀੜਾ ਨੂੰ ਦੇਖ ਹੰਝੂ ਨਾ ਆਵੇ ਤਾਂ ਸਮਝੋ ਬੰਦਾ ਜਿਊਂਦੀ ਉਹਦੀ ਬਣ ਚੁੱਕਾ ਹੈ।

ਕਦੇ ਸਮਾਂ ਸੀ ਕਿ ਖੇਤਾਂ ਵਿਚ ਹੱਥੀ ਉਗਾਈਆਂ ਸਬਜ਼ੀਆਂ, ਦਾਲਾਂ, ਅਨਾਜ ਆਦਿ ਘਰ ਨੂੰ ਬਹਿਸ਼ਤ ਬਣਾਉਂਦੀਆਂ ਅਤੇ ਹਰ ਜੀਅ ਲਈ ਨਿਆਮਤਾਂ ਹੁੰਦੀ। ਖੇਤੀਂ ਗੇੜਾ ਮਾਰ ਕੇ ਨਿੱਤ ਦਿਨ ਵਧਦੀਆਂ ਫ਼ਸਲਾਂ ਨੂੰ ਨਿਹਾਰਨਾ ਅਤੇ ਉਨ੍ਹਾਂ ਨੂੰ ਔਲਾਦ ਵਾਂਗ ਪਾਲਣਾ, ਮਨੁੱਖ ਦਾ ਧਰਮ ਸੀ। ਜ਼ਰਖੇਜ਼ ਧਰਤੀ, ਸਾਫ਼ ਹਵਾ ਅਤੇ ਪਾਕ ਪਾਣੀ ਮਨੁੱਖ ਦੀ ਸਿਹਤਯਾਬੀ ਦਾ ਰਾਜ਼ ਸਨ। ਜਦ ਤੋਂ ਮਨੁੱਖ ਨੇ ਜੀਐਮ ਬੀਜ, ਕੀਟਨਾਸ਼ਕ ਦਵਾਈਆਂ ਅਤੇ ਰਸਾਇਣਿਕ ਖਾਂਦਾ ਦੀ ਬਹੁਤਾਤ ਵਰਤੋਂ ਵਿਚੋਂ ਜ਼ਿਆਦਾ ਕਮਾਈ ਦਾ ਰਾਹ ਲੱਭਿਆ ਹੈ, ਉਸ ਨੇ ਮਨੁੱਖ ਨੂੰ ਖੇਤਾਂ ਤੋਂ ਤਾਂ ਦੂਰ ਕੀਤਾ ਹੀ, ਸਗੋਂ ਧਰਤੀ ਨੂੰ ਬਾਂਝ, ਮਨੁੱਖ ਨੂੰ ਨਾਮਰਦ, ਵਾਤਾਵਰਣ ਨੂੰ ਜ਼ਹਿਰੀਲਾ ਅਤੇ ਪਾਣੀ ਨੂੰ ਪਲੀਤ ਕਰਕੇ ਆਪਣੀ ਕਬਰ ਪੁੱਟਣੀ ਸ਼ੁਰੂ ਕਰ ਦਿੱਤੀ। ਹੱਥੀਂ ਕਿਰਤ ਨੂੰ ਤਿਆਗ ਕੇ ਵਿਹਲੜ ਬਣਿਆ ਮਨੁੱਖ ਅਲਾਮਤਾਂ ਦਾ ਸ਼ਿਕਾਰ। ਸਾਡੇ ਬਜ਼ੁਰਗ 90-95 ਸਾਲ ਤੱਕ ਬਿਨਾਂ ਕਿਸੇ ਦਵਾਈ ਤੋਂ ਅਰੋਗ ਰਹੇ ਕਿਉਂਕਿ ਉਨ੍ਹਾਂ ਦੇ ਮਨਾਂ ਵਿਚ ਕਿਰਤ-ਕਮਾਈ ਦਾ ਸੁੱਚਮ ਅਤੇ ਕੁਦਰਤ ਨਾਲ ਸਾਂਝ, ਉਨ੍ਹਾਂ ਦੀ ਜੀਵਨ-ਸ਼ੈਲੀ ਸੀ।

ਮਾਵਾਂ ਹੱਥੀਂ ਖਾਣਾ ਬਣਾਉਂਦੀਆਂ ਜਿਨ੍ਹਾਂ ਵਿਚ ਉਨ੍ਹਾਂ ਦੇ ਚਾਅ-ਲਾਡ ਅਤੇ ਦੁਆਵਾਂ ਗੁੰਨੀਆਂ ਹੁੰਦੀਆਂ। ਡੱਬਾਬੰਦ ਖਾਣਾ ਖਾ ਕੇ ਅਸੀਂ ਮਮਤਾਈ ਮੋਹ ਤੋਂ ਵਿਰਵੇ ਤਾਂ ਹੋਣਾ ਹੀ ਸੀ, ਸਗੋਂ ਇਨ੍ਹਾਂ ਖਾਣਿਆਂ ਵਿਚ ਮਿਲੇ ਹੋਏ ਰਸਾਇਣਾਂ ਕਾਰਨ ਆਪਣੀ ਸਿਹਤ ਨੂੰ ਵੀ ਅਸੀਂ ਖ਼ੁਦ ਹੀ ਵਿਗਾੜਿਆ। ਅਸੀਂ ਹੱਥੀ ਖਾਣਾ ਬਣਾਉਣ ਦਾ ਬਦਲ ਤਾਂ ਲੱਭ ਲਿਆ, ਪਰ ਇਹ ਸੋਚਿਆ ਹੀ ਨਹੀਂ, ਕਿ ਜਦ ਸਾਡੇ ਬੱਚੇ ਮੋਟਾਪੇ ਦਾ ਸ਼ਿਕਾਰ ਹੋ ਗਏ, ਦਿਲ ਦੀਆਂ ਬਿਮਾਰੀਆਂ ਲੱਗ ਗਈਆਂ ਅਤੇ ਵਡੇਰੀ ਉਮਰ ਵਾਲੀਆਂ ਬਿਮਾਰੀਆਂ ਛੋਟੀ ਉਮਰੇ ਹੀ ਲੱਗ ਗਈਆਂ ਤਾਂ ਇਹ ਆਪਣੀ ਉਮਰ ਕਿੰਨੀ ਪੀੜਾ ਨਾਲ ਭੋਗਣਗੇ? ਦਿਨ ਤਾਂ ਅਜੇਹੇ ਵੀ ਆ ਜਾਣੇ ਕਿ ਖਾਣੇ ਦਾ ਇਕ ਕੈਪਸੂਲ ਖਾ ਕੇ ਹੀ ਕਈ ਕਈ ਦਿਨ ਭੁੱਖ ਨਹੀਂ ਲੱਗਣੀ ਜਿਵੇਂ ਪੁਲਾੜ ਯਾਤਰੀਆਂ ਨੂੰ ਮਜਬੂਰੀ ਵੱਸ ਖਾਣੇ ਪੈਂਦੇ ਹਨ। ਇਨ੍ਹਾਂ ਕੈਪਸੂਲਾਂ ਨੇ ਸਾਹਾਂ ਦੀ ਗਿਣਤੀ ਨੂੰ ਪੁੱਠਾ ਗੇੜ ਦੇ ਦੇਣਾ।

ਕਦੇ ਸਮਾਂ ਸੀ ਕਿ ਬਜ਼ੁਰਗ ਕਦਮਾਂ ਨਾਲ ਖੇਤ ਮਿਣ ਲਿਆ ਕਰਦੇ। ਗਿੱਠਾਂ ਨਾਲ ਲੰਬਾਈ-ਚੌੜਾਈ ਅਤੇ ਗੁਣਾ-ਘਟਾਓ ਮੂੰਹ ਜ਼ੁਬਾਨੀ ਕਰ ਲਿਆ ਕਰਦੇ ਸਨ। ਪਹਾੜੇ ਤਾਂ ਸਾਨੂੰ ਹੁਣ ਤੀਕ ਵੀ ਯਾਦ ਆ। ਪਰ ਬੰਦੇ ਨੇ ਇਨ੍ਹਾਂ ਦਾ ਬਦਲ ਕੈਲਕੂਲੇਟਰ ਕਿਹਾ ਲੱਭਿਆ ਕਿ ਦਿਮਾਗ਼ੀ ਵਰਤੋਂ ਹੀ ਖ਼ਤਮ ਕਰ ਲਈ। ਕੀ ਦਿਮਾਗ਼ੀ ਕਸਰਤ ਤੋਂ ਬਗੈਰ ਬੰਦੇ ਦਾ ਦਿਮਾਗ਼ੀ ਸੰਤੁਲਨ ਕਾਇਮ ਰਹਿ ਸਕਦਾ? ਦਰਅਸਲ ਬੰਦੇ ਨੇ ਸੋਚਿਆ ਕਿ ਐਵੇਂ ਮਗ਼ਜ਼ ਖਪਾਈ ਦੀ ਕੀ ਲੋੜ ਹੈ ਪਰ ਇਹ ਮਹਿੰਗੀ ਬਹੁਤ ਪੈਣੀ ਹੈ।

ਕਦੇ ਅਧਿਆਪਕ ਪੂਰਨਿਆਂ ਰਾਹੀਂ ਸਾਡੀ ਲਿਖਤ ਨੂੰ ਨਿਖਾਰਦੇ ਪਰ ਅਸੀਂ ਕੰਪਿਊਟਰ ਤੇ ਕੇਹੇ ਨਿਰਭਰ ਹੋ ਗਏ ਕਿ ਸਾਡੀ ਲਿਖਤ ਦੀ ਸੁੰਦਰਤਾ ਹੀ ਖ਼ਤਮ ਹੋ ਗਈ। ਇਹ ਕੇਹੀ ਤਰੱਕੀ ਕਿ ਬੰਦੇ ਨੂੰ ਕੁਝ ਵੀ ਸੋਚਣ, ਸਮਝਣ ਜਾਂ ਸਿਰਜਣਾਤਮਿਕਤਾ ਦੀ ਲੋੜ ਹੀ ਨਾ ਰਹੇ? ਕੀ ਕਲਾ ਅਤੇ ਸਿਰਜਣ ਜਿਊਂਦੀ ਰਹੇਗੀ? ਕੀ ਚੈਟਜੀਪੀ ਰਾਹੀਂ ਲਿਖੀ ਕਹਾਣੀ, ਲੇਖ ਜਾਂ ਨਾਟਕ ਵਿਚ ਲਿਖਾਰੀ ਦੇ ਨਿੱਜੀ ਅਨੁਭਵ, ਜਜ਼ਬਾਤ ਅਤੇ ਮਾਨਵੀ ਭਾਵਨਾਵਾਂ ਨੂੰ ਦਰਸਾਇਆ ਜਾ ਸਕੇਗਾ? ਇਹ ਬੰਦੇ ਦੀ ਤਰਾਸਦੀ ਹੀ ਕਹੀ ਜਾ ਸਕਦੀ ਕਿ ਅੱਜ ਕੱਲ੍ਹ ਆਰਟੀਫਿਸ਼ੀਅਲ ਇੰਟੈਲੀਜੈਂਸ ਟੀਚਿੰਗ, ਮੀਡੀਆ, ਮਨੋਰੰਜਨ ਅਤੇ ਸਮਾਜਿਕ ਖੇਤਰਾਂ ਵਿਚ ਬੜੀ ਤੇਜ਼ੀ ਨਾਲ ਪੈਰ ਪਸਾਰ ਰਹੀ ਹੈ। ਹੁਣ ਤਾਂ ਤੁਹਾਨੂੰ ਇਕੱਲ ਵੀ ਮਹਿਸੂਸ ਨਹੀਂ ਹੋਵੇਗੀ। ਤੁਸੀਂ ਸੀਰੀ ਰਾਹੀਂ ਕਿਸੇ ਵੀ ਵਿਸ਼ੇ ਅਤੇ ਨਿੱਜੀ ਭਾਵਨਾਵਾਂ ਬਾਰੇ ਖੁੱਲ ਕੇ ਗੱਲਬਾਤ ਕਰ ਸਕਦੇ ਹੋ ਜਾਂ ਰੋਬੋਟੀ ਜੀਵਨ-ਸਾਥੀ ਰਾਹੀਂ ਦਿਲਲਗੀਆਂ ਕਰ ਸਕਦੇ ਹੋ (ਇਸ ਬਾਰੇ ਪਿੱਛੇ ਜਿਹੇ ਪੰਜਾਬੀ ਕਹਾਣੀ ਵੀ ਛਪੀ ਹੈ)। ਪਰ ਇਕ ਦੂਜੇ ਦਾ ਸਪਰਸ਼, ਇਕ ਦੂਜੇ ਵੰਨੀ ਮੋਹਭਿਜੀ ਤੱਕਣੀ, ਬਾਂਹਾਂ ਦੀ ਗਲਵੱਕੜੀ ਦਾ ਨਿੱਘ ਜਾਂ ਸਹਿਲਾਉਣ ਵਰਗੇ ਅਹਿਸਾਸ ਤਾਂ ਆਪਣਾ ਮਾਤਮ ਮਨਾਉਣ ਜੋਗੇ ਰਹਿ ਜਾਣਗੇ। ਪਰਿਵਾਰ ਦਾ ਨਿੱਘ, ਮਿੱਤਰਾਂ ਦਾ ਸਾਥ, ਮੱਸਿਆ-ਮੇਲਿਆਂ ਦੀਆਂ ਰੌਣਕਾਂ ਅਤੇ ਤਿਉਹਾਰਾਂ ਦੌਰਾਨ ਮਿਲਣ ਵਾਲਾ ਹੁਲਾਸ ਅਤੇ ਦਿਲੀ ਚਾਅ ਦੀ ਭਰਪਾਈ ਕੌਣ ਕਰੇਗਾ?




ਬੰਦੇ ਨੇ ਆਪਣਾ ਬਦਲ ਲੱਭਣ ਦਾ ਕਿਹਾ ਅਸਾਨ ਤਰੀਕਾ ਲੱਭਿਆ ਕਿ ਰੋਬੋਟ ਬਣਾਏ ਜਾਣ। ਅਜਿਹੀ ਪ੍ਰੋਗਰਾਮਿੰਗ ਕੀਤੀ ਜਾਵੇ ਕਿ ਉਹ ਬੰਦੇ ਦੀਆਂ ਲੋੜਾਂ ਨੂੰ ਸਮਝ ਕੇ ਪੂਰਾ ਕਰ ਸਕੇ। ਪਰ ਕੀ ਰੋਬੋਟ ਬੰਦਾ ਬਣ ਸਕਦਾ ਹੈ? ਕੀ ਬੰਦੇ ਦੇ ਮਨ ਵਿਚ ਆਏ ਅਚਨਚੇਤੀ ਹਾਵ-ਭਾਵ ਅਤੇ ਮਨ ਦੀਆਂ ਉਡਾਣ ਨੂੰ ਪਕੜ ਸਕਦਾ ਹੈ? ਕੀ ਉਹ ਇਹ ਸਮਝ ਸਕੇਗਾ ਕਿ ਕੀ ਅਮਰੀਕਾ ਵਿਚ ਬੈਠਾ ਸ਼ਖ਼ਸ ਮਨ ਵਿਚ ਆਪਣੇ ਪਿੰਡ ਵਿਚਲੇ ਘਰ ਨੂੰ ਚਿਤਾਰਦੈ? ਖੇਤਾਂ ਦਾ ਗੇੜਾ ਲਾਉਣ ਲਈ ਫਿਰਨੀ ਤੋਂ ਬਾਹਰ ਜਾ ਰਿਹਾ ਹੈ? ਕੀ ਬੰਦਾ ਚਾਹੁੰਦਾ ਹੈ ਕਿ ਧਰਤੀ ਨੂੰ ਰੋਬੋਟਾਂ ਦੀ ਬਸਤੀ ਹੀ ਬਣਾ ਲਿਆ ਜਾਵੇ। ਫਿਰ ਬੰਦੇ ਦੇ ਰਹਿਣ ਦਾ ਕੀ ਅਰਥ ਰਹਿ ਜਾਵੇਗਾ? ਰੋਬੋਟਾਂ ਵਿਚ ਘਿਰਿਆ ਬੰਦਾ ਰੋਬੋਟ ਹੀ ਬਣ ਜਾਵੇਗਾ ਅਤੇ ਬੰਦੇ ਦਾ ਨਾਮੋ-ਨਿਸ਼ਾਨ ਸਦਾ ਲਈ ਮਿਟ ਜਾਵੇਗਾ।

ਬੰਦੇ ਨੇ ਕਾਰ ਚਲਾਉਣ ਦੀ ਜ਼ਹਿਮਤ ਤੋਂ ਛੁਟਕਾਰਾ ਪਾਉਣ ਲਈ ਡਰਾਈਵਰ ਲੈਸ ਕਾਰਾਂ ਦੀ ਖੋਜ ਤਾਂ ਕਰ ਲਈ ਤਾਂ ਕਿ ਉਹ ਕਾਰ ਵਿਚ ਜਾਂਦਿਆਂ ਸੌਂ ਸਕੇ ਜਾਂ ਫ਼ੋਨ ਤੇ ਸੋਸ਼ਲ ਮੀਡੀਆ ਅੱਪਡੇਟ ਕਰਦਾ ਰਹੇ। ਪਰ ਕਾਰ ਚਲਾਉਂਦਿਆਂ ਸਾਥੀ ਸਵਾਰੀ ਨਾਲ ਕੋਸੀ-ਕੋਸੀ ਗੁਫ਼ਤਗੂ, ਆਲੇ-ਦੁਆਲੇ ਦੇ ਦ੍ਰਿਸ਼ਾਂ ਨੂੰ ਨਿਹਾਰਨਾ ਅਤੇ ਕੁਦਰਤ ਦੀ ਅਸੀਮ ਸੁੰਦਰਤਾ ਨੂੰ ਆਪਣੇ ਅੰਤਰੀਵ ਵਿਚ ਉਤਾਰਨ ਦਾ ਵਿਸਮਾਦ ਤਾਂ ਸਦਾ ਲਈ ਮਰਨ ਮਿੱਟੀ ਹੋ ਜਾਵੇਗਾ। ਕੰਪਿਊਟਰ ਰਾਹੀਂ ਪ੍ਰੋਗਰਾਮਡ ਕਾਰ ਡਰਾਈਵਰ ਕੀ ਕੋਈ ਅਚਨਚੇਤੀ ਫ਼ੈਸਲਾ ਕਰ ਸਕਦਾ ਹੈ ਜਦ ਇਕ ਦਮ ਕੋਈ ਹਿਰਨ ਆ ਜਾਵੇ, ਰਾਹ ਵਿਚ ਖੱਡਾ ਹੋਵੇ ਜਾਂ ਕਾਰ ਵਿਚ ਕੋਈ ਟੈਕਨੀਕਲ ਨੁਕਸ ਪੈ ਜਾਵੇ ਤਾਂ ਵੱਡੇ ਜਾਨੀ ਨੁਕਸਾਨ ਜਾਂ ਹੋਰ ਆਰਥਿਕ ਨੁਕਸਾਨ ਹੋਣ ਦਾ ਡਰ ਤਾਂ ਬਣਿਆ ਰਹੇਗਾ। ਨੈੱਟਵਰਕਿੰਗ ਵਿਚ ਆਏ ਨੁਕਸ ਜਾਂ ਟੈਕਨੀਕਲ ਕਾਰਨਾਂ ਕਰਕੇ ਕਈ ਵਾਰ ਕੁਝ ਘੰਟਿਆਂ ਲਈ ਕਈ ਏਅਰਲਾਈਨਾਂ ਦੀਆਂ ਉਡਾਣਾਂ ਹੀ ਬੰਦ ਹੋ ਜਾਂਦੀਆਂ ਹਨ। ਟੈਕਨਾਲੋਜੀ ਤੇ ਬਹੁਤ ਜ਼ਿਆਦਾ ਨਿਰਭਰਤਾ ਨੁਕਸਾਨ ਦੇਹ ਹੋ ਸਕਦੀ ਹੈ ਕਿਉਂਕਿ ਟੈਕਨਾਲੋਜੀ ਮਨੁੱਖ ਨਹੀਂ ਹੋ ਸਕਦੀ, ਜੋ ਬਦਲਦੇ ਹਾਲਤਾਂ ਵਿਚ ਲੋੜ ਅਨੁਸਾਰ ਕੋਈ ਫ਼ੈਸਲਾ ਲੈ ਲਵੇ।

ਟੈਕਨਾਲੋਜੀ ਨੇ ਜੀਵਨ ਦੇ ਹਰ ਖੇਤਰ ਵਿਚ ਹੀ ਪੈਰ ਪਸਾਰ ਲਏ ਹਨ ਜਿਸ ਕਰਕੇ ਇਸ ਤੋਂ ਨਿਜਾਤ ਪਾਉਣਾ ਹੁਣ ਮੁਸ਼ਕਲ ਜਾਪਦਾ ਹੈ। ਮਨੁੱਖੀ ਮੁਹਾਰਤ ਅਤੇ ਸੁਹਜ ਸੰਵੇਦਨਾ ਨਾਲ ਜੁੜੇ ਮੈਡੀਕਲ ਵਰਗੇ ਕਿੱਤਿਆਂ ਵਿਚ ਜਦ ਟੈਲੀ ਮੈਡੀਸਨ, ਰੋਬੋਟ ਸਰਜਰੀ ਸਮੇਤ ਬਹੁਤ ਸਾਰੀਆਂ ਮੈਡੀਕਲ ਸਹੂਲਤਾਂ ਪ੍ਰਦਾਨ ਕਰਨ ਦਾ ਆਗਾਜ਼ ਹੋ ਜਾਵੇ ਤਾਂ ਮਰੀਜ਼ ਅਤੇ ਡਾਕਟਰ ਵਿਚਲੇ ਮਾਨਵੀ ਭਾਵਨਾ ਵਾਲੇ ਮਨੁੱਖੀ ਸੰਸਕਾਰਾਂ ਦਾ ਕੀ ਬਣੇਗਾ? ਮਰੀਜ਼ ਲਈ ਰੱਬ ਵਰਗੇ ਡਾਕਟਰ ਦੀ ਪੂਜਾ ਕਰਨੀ ਤਾਂ ਦੂਰ ਦੀ ਗੱਲ ਹੋ ਜਾਵੇਗੀ। ਮਰੀਜ਼ ਦੀ ਨਬਜ਼ ਟੋਹ ਕੇ ਉਸ ਦੀ ਧੜਕਣ ਵਿਚੋਂ ਉਸ ਦੀਆਂ ਅਲਾਮਤਾਂ ਦੀ ਉਹਦੀਆਂ ਕਰਦਿਆਂ ਉਸ ਮਰੀਜ਼ ਦੇ ਨੈਣਾਂ ਦੀ ਉਦਾਸੀ ਅਤੇ ਨਿਰਾਸ਼ਾ ਦੀ ਥਾਵੇਂ ਉਮੀਦ ਦੀ ਕਿਰਨ ਧਰਨ ਵਾਲੇ ਡਾਕਟਰ ਦਾ ਇਸ ਕਿੱਤੇ ਵਿਚੋਂ ਸੂਖਮ ਰੂਪ ਵਿਚ ਅਲੋਪ ਹੋ ਜਾਣਾ, ਮਰੇ ਮਨੁੱਖੀ ਅਹਿਸਾਸਾਂ ਦੀ ਚੀਸ ਬਣ ਜਾਵੇਗਾ।

ਜਦ ਅਸੀਂ ਕੁਰਸੀ 'ਤੇ ਬੈਠੇ ਅਲੈਕਸਾ ਜਾਂ ਸੀਰੀ ਨੂੰ ਹੁਕਮ ਦਿੰਦੇ ਹਾਂ-ਫਲਾਣੀ ਲਾਈਟ ਬੁਝਾ ਦੇ, ਫਲਾਣਾ ਪੱਖਾ ਚਲਾ ਦੇ, ਕਮਰੇ ਦੀ ਸਫ਼ਾਈ ਸ਼ੁਰੂ ਕਰ ਦੇ ਜਾਂ ਫਲਾਣੇ ਵਿਅਕਤੀ ਨੂੰ ਫ਼ੋਨ ਲਗਾ ਦੇ ਜਾਂ ਮੈਨੂੰ ਇਹ ਜਾਣਕਾਰੀ ਦੇ ਤਾਂ ਇਹ ਬੰਦੇ ਦੇ ਆਲਸ, ਨਿਕੰਮੇਪਣ ਅਤੇ ਸੁਸਤੀ ਦਾ ਪ੍ਰਤੀਕ ਹੁੰਦੈ। ਉਹ ਹੱਥੀਂ ਕੁਝ ਵੀ ਕਰਨ ਜਾਂ ਦਿਮਾਗ਼ ਨਾਲ ਸੋਚਣ ਦੀ ਬਜਾਏ ਸਿਰਫ਼ ਹੁਕਮ ਚਲਾਉਣਾ ਜਾਣਦੈ। ਉਹ ਸਮਝਦਾ ਹੈ, ਇਹ ਟੈਕਨਾਲੋਜੀ ਉਸ ਦੀ ਗ਼ੁਲਾਮ ਹੈ। ਪਰ ਸੱਚ ਇਹ ਹੈ ਕਿ ਅਜੋਕਾ ਮਨੁੱਖ ਟੈਕਨਾਲੋਜੀ ਦਾ ਗ਼ੁਲਾਮ ਹੋ ਗਿਆ ਹੈ॥ ਕਦੇ ਸਮਾਂ ਸੀ ਕਿ ਆਪਣੇ ਨੇੜਲਿਆਂ ਦੇ ਘਰ ਦੇ ਪਤੇ ਜਾਂ ਫ਼ੋਨ ਨੰਬਰ ਯਾਦ ਹੁੰਦੇ ਸਨ। ਪਰ ਅਸੀਂ ਸਭ ਕੁਝ ਹੀ ਭੁੱਲ ਗਏ, ਕਿਉਂਕਿ ਸਾਨੂੰ ਲੱਗਦਾ ਹੈ ਕਿ ਚੇਤੇ ਰੱਖਣ ਦੀ ਲੋੜ ਨਹੀਂ, ਜਦੋਂ ਮਰਜ਼ੀ ਫ਼ੋਨ ਵਿਚੋਂ ਲੱਭ ਲਵਾਂਗੇ। ਕੀ ਅਸੀਂ ਦਿਮਾਗ਼ੀ ਯਾਦਦਾਸ਼ਤ ਤਾਂ ਨਹੀਂ ਗਵਾ ਰਹੇ? ਕੀ ਸਾਡਾ ਦਿਮਾਗ਼ ਸਾਡੇ ਵਾਂਗ ਵਿਹਲੜ ਤਾਂ ਨਹੀਂ ਹੋ ਰਿਹਾ? ਕੀ ਇਸ ਆਦਤ ਨੇ ਸਾਨੂੰ ਪਾਰਕਿਨਸਨ ਵਰਗੀਆਂ ਬਿਮਾਰੀਆਂ ਤਾਂ ਨਹੀਂ ਦਿੱਤੀਆਂ?

ਮਨੁੱਖ ਦੇ ਸਮੁੱਚੇ ਵਿਕਾਸ ਦਾ ਮੂਲ ਅਧਾਰ ਹੈ ਸਰੀਰਕ ਸਬੰਧਾਂ ਦੀ ਸਾਰਥਿਕਤਾ। ਅਜੋਕਾ ਮਨੁੱਖ ਤਾਂ ਅਜਿਹੀ ਸਾਰਥਿਕਤਾ ਵੀ ਭੁੱਲਦਾ ਜਾ ਰਿਹਾ। ਉਹ ਕਈ ਵਾਰ ਤਾਂ ਗੈਰ-ਕੁਦਰਤੀ ਸਰੀਰਕ ਸਬੰਧਾਂ ਵਿਚੋਂ ਮਾਨਸਿਕ ਤ੍ਰਿਪਤੀ ਭਾਲਦਾ ਹੈ। ਵਿਆਹ ਵਰਗੀ ਪਾਕ-ਪਰੰਪਰਾ ਨੂੰ ਉਲੰਘ ਕੇ ਲਿਵ ਇਨ ਰਿਲੇਸ਼ਨ ਵਰਗੇ ਸੰਬੰਧ ਬਣਾ ਰਿਹਾ ਹੈ। ਕੀ ਇਹ ਸੰਬੰਧ ਮਨੁੱਖੀ ਸਿਹਤ ਅਤੇ ਸਮਾਜਿਕ ਵਰਤਾਰੇ ਲਈ ਸਹੀ ਹਨ? ਕੀ ਜੀਵਨ ਸਾਥੀ ਨਾਲ ਰੂਹ ਨਾਲ ਸਥਾਪਤ ਹੋਏ ਸੰਬੰਧਾਂ ਦੀ ਖ਼ੁਸ਼ਬੂ ਅਤੇ ਖ਼ੂਬਸੂਰਤੀ ਨੂੰ ਮਾਣਿਆ ਜਾ ਸਕਦਾ ਹੈ? ਅਜੇਹੇ ਵਰਤਾਰੇ ਵਿਚੋਂ ਹੀ ਫਰਟਿਲਿਟੀ ਸੈਂਟਰਾਂ ਦਾ ਉਭਾਰ ਹੋਇਆ। ਪਰ ਇਸ ਤੋਂ ਵੀ ਖ਼ਤਰਨਾਕ ਹੈ ਸਿਹਤਮੰਦ ਜੋੜੇ ਵੱਲੋਂ ਆਪਣੀ ਸਰੀਰਕ ਦਿੱਖ ਨੂੰ ਸੰਭਾਲਣ ਲਈ, ਔਲਾਦ ਪੈਦਾ ਕਰਨ ਵਾਸਤੇ ਕਿਰਾਏ ਦੀ ਕੁੱਖ ਲੈਣ ਦਾ ਰੁਝਾਨ। ਭਲਾ ਨੌਂ ਮਹੀਨੇ ਆਪਣੀ ਕੁੱਖ ਵਿਚ ਬੱਚੇ ਨੂੰ ਪਾਲਣ, ਉਸ ਨਾਲ ਹਰ ਪਲ ਤੇ ਹਰ ਸਾਹ ਜੁੜੇ ਰਹਿਣਾ ਅਤੇ ਉਸ ਨਾਲ ਕਰਨ ਵਾਲੀ ਮੋਹ-ਭਿੱਜੀ ਵਾਰਤਾਲਾਪ ਦਾ ਕੀ ਬਣੇਗਾ? ਕੁੱਖ ਵਿਚ ਪਲਣ ਵਾਲੇ ਬੱਚੇ ਬਾਰੇ ਮਾਂ ਦੇ ਲਏ ਹੋਏ ਸੁਪਨਿਆਂ ਦਾ ਸੋਗ ਉਸ ਬੱਚੇ ਨੂੰ ਹੰਢਾਉਣਾ ਪਵੇਗਾ। ਕੀ ਅਜਿਹੀ ਔਲਾਦ ਕਿਰਾਏ ਦੀ ਕੁੱਖ ਵਾਲੀ ਔਰਤ ਦੀ ਭਾਵਨਾਵਾਂ ਦੀ ਤਰਜਮਾਨ ਨਹੀਂ ਹੋਵੇਗੀ ਜਿਸ ਨੇ ਨੌਂ ਮਹੀਨੇ ਕੁੱਖ ਵਿਚ ਬੱਚੇ ਨੂੰ ਪਾਲਿਆ ਹੋਵੇਗਾ? ਗਰਭ ਵਿਚ ਪਲ ਰਹੇ ਬੱਚੇ ਬਾਰੇ ਉਸ ਔਰਤ ਦੀ ਸੰਵੇਦਨਾ ਕੀ ਹੋਵੇਗੀ ਜਿਸ ਦਾ ਉਸ ਜੋੜੇ ਨੂੰ ਬਿਲਕੁਲ ਅਹਿਸਾਸ ਨਹੀਂ ਹੋਵੇਗਾ ਜਿਸ ਨੇ ਕੁੱਖ ਨੂੰ ਕਿਰਾਏ 'ਤੇ ਲਿਆ ਹੋਵੇਗਾ। ਸੋਚਣਾ! ਕੀ ਅਜਿਹੀ ਔਲਾਦ ਖ਼ੂਬਸੂਰਤ ਸੰਸਾਰ ਲਈ ਇਕ ਵਰਦਾਨ ਹੋਵੇਗੀ ਜਾਂ ਸਰਾਪ? ਗੰਭੀਰ ਪ੍ਰਸ਼ਨ ਹਨ।

ਕਲੋਨਿੰਗ ਦਾ ਮੁੱਢ ਤਾਂ ਕਈ ਸਾਲ ਪਹਿਲਾਂ ਹੀ ਬੱਝ ਚੁੱਕਾ ਹੈ। ਅਗਰ ਇਸ ਕਲੋਨਿੰਗ ਨੇ ਮਨੁੱਖੀ ਕਲੋਨਿੰਗ ਦਾ ਰੂਪ ਧਾਰ ਲਿਆ ਤਾਂ ਕੋਈ ਵੀ ਆਪਣੀ ਮਨਮਰਜ਼ੀ ਦਾ ਮਨੁੱਖੀ ਕਲੋਨ ਪੈਦਾ ਕਰ ਸਕੇਗਾ। ਉਸ ਦੀਆਂ ਅੱਖਾਂ ਦਾ ਰੰਗ ਕੀ ਹੋਵੇ, ਮੁਹਾਂਦਰਾ ਕਿਹਾ ਹੋਵੇ, ਨੈਣ-ਨਕਸ਼, ਚਮੜੀ ਦਾ ਰੰਗ ਅਤੇ ਕਿਸ ਨਸਲ ਦਾ ਹੋਵੇ, ਇਹ ਸਭ ਕੁਝ ਨਿਰਧਾਰਿਤ ਕੀਤਾ ਜਾ ਸਕੇਗਾ। ਇਹ ਵੀ ਸੰਭਵ ਹੋ ਸਕਦਾ ਕਿ ਇਕ ਅਮੀਰ ਵਿਅਕਤੀ ਆਪਣੇ ਵਰਗੇ ਕਲੋਨਾਂ ਦੀ ਫ਼ੌਜ ਹੀ ਤਿਆਰ ਕਰ ਲਵੇ? ਤੁਸੀਂ ਕੁਝ ਵੀ ਨਹੀਂ ਕਰ ਸਕਦੇ।

ਯਾਦ ਰਹੇ ਕਿ ਟੈਕਨਾਲੋਜੀ ਪੰਜਾਹ ਬੰਦਿਆਂ ਦਾ ਬਦਲ ਤਾਂ ਹੋ ਸਕਦੀ ਹੈ ਪਰ ਇਕ ਬਹੁਤ ਹੀ ਚਿੰਤਨਸ਼ੀਲ, ਸੰਵੇਦਨਸ਼ੀਲ ਅਤੇ ਸੋਚਵਾਨ ਦਾ ਕਦੇ ਬਦਲ ਨਹੀਂ ਹੋ ਸਕਦੀ।

ਬੰਦਾ ਤਾਂ ਹਾਲਤਾਂ ਅਨੁਸਾਰ ਖ਼ੁਦ ਨੂੰ ਬਦਲ ਲੈਂਦਾ, ਆਪਣੇ ਆਪ ਨੂੰ ਹਰ ਹਾਲਤ ਵਿਚ ਢਾਲਣਾ, ਮਾਨਸਿਕ ਤੌਰ ਤੇ ਸੰਤੁਲਨ ਰੱਖਣਾ ਅਤੇ ਚੌਗਿਰਦੇ ਅਨੁਸਾਰ ਖ਼ੁਦ ਨੂੰ ਢਾਲ ਲੈਣਾ, ਬੰਦੇ ਦਾ ਹਾਸਲ। ਟੈਕਨਾਲੋਜੀ ਕਦੇ ਵੀ ਬੰਦੇ ਦਾ ਬਦਲ ਨਹੀਂ ਹੋ ਸਕਦੀ।

ਬਹੁਤ ਕੁਝ ਅਣਚਾਹਿਆ ਅਤੇ ਅਣਕਿਆਸਿਆ ਭਵਿੱਖ ਵਿਚ ਵਾਪਰ ਸਕਦੈ, ਕਿਉਂਕਿ ਬੰਦਾ ਖ਼ੁਦ ਨੂੰ ਮਨਫ਼ੀ ਕਰਕੇ ਆਪਣੇ ਬਦਲ ਵਿਚੋਂ ਹੀ ਸੁਖਨ ਭਾਲਣ ਦੀ ਬੇਕਾਰ ਕੋਸ਼ਿਸ਼ ਕਰ ਰਿਹਾ ਹੈ। ਦਰਅਸਲ ਬੰਦਾ ਆਪਣਾ ਬਦਲ ਭਾਲਦਿਆਂ-ਭਾਲਦਿਆਂ ਖ਼ੁਦ ਹੀ ਗਵਾਚ ਗਿਆ ਹੈ। ਉਸ ਦੇ ਗਵਾਚਣ ਨਾਲ ਗਵਾਚ ਰਹੀ ਹੈ, ਮਨੁੱਖੀ ਸੰਵੇਦਨਾ, ਸੁਹਜ ਸੰਬੰਧਾਂ ਵਿਚਲੀ ਸਾਫ਼ਗੋਈ, ਸਲੀਕਾ ਅਤੇ ਸਮਝਦਾਰੀ। ਇਹ ਹੀ ਸਭ ਤੋਂ ਖ਼ਤਰਨਾਕ ਰੁਝਾਨ ਅਤੇ ਇਸ ਨੇ ਕਰਨਾ ਮਨੁੱਖ ਦਾ ਸਭ ਤੋਂ ਵੱਧ ਨੁਕਸਾਨ।

ਮਨੁੱਖ ਵੱਲੋਂ ਕਿਸੇ ਕਾਰਜ ਦੀ ਕਾਮਯਾਬੀ ਅਤੇ ਕੀਰਤੀ ਨੂੰ ਵਧਾਉਣ ਲਈ ਟੈਕਨਾਲੋਜੀ ਵਰਤਣਾ ਮਾੜਾ ਨਹੀਂ, ਪਰ ਟੈਕਨਾਲੋਜੀ ਦਾ ਮਨੁੱਖ ਤੇ ਹਾਵੀ ਹੋ ਜਾਣਾ ਅਤੇ ਇਸ ਵਰਤਾਰੇ ਦੌਰਾਨ ਮਨੁੱਖ ਦੇ ਵਜੂਦ ਨੂੰ ਪੈਦਾ ਹੋਣ ਵਾਲੇ ਖ਼ਤਰੇ ਤੋਂ ਅਨਜਾਣਤਾ ਮਨੁੱਖੀ ਵਿਨਾਸ਼ ਦਾ ਆਰੰਭ ਹੋ ਸਕਦੀ ਹੈ। ਰੋਬੋਟ ਕੰਟਰੋਲਡ ਐਟਮ ਬੰਬਾਂ ਦਾ ਜ਼ਖ਼ੀਰਾ ਅਗਰ ਖ਼ੁਦ-ਨਾ-ਖਾਸਤਾ ਰੋਬੋਟਾਂ ਦੀ ਕਿਸੇ ਗ਼ਲਤੀ ਕਾਰਨ ਐਟਮ ਯੁੱਧ ਹੋ ਜਾਂਦਾ ਹੈ ਤਾਂ ਇਸ ਧਰਤੀ ਤੋਂ ਮਨੁੱਖ ਦਾ ਖ਼ਤਮ ਹੋ ਜਾਣਾ ਲਾਜ਼ਮੀ ਹੈ। ਅਜੇਹੇ ਭਵਿੱਖੀ ਖ਼ਤਰਨਾਕ ਅਤੇ ਮਨੁੱਖ ਮਾਰੂ ਸੰਭਾਵਨਾਵਾਂ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਟੈਕਨਾਲੋਜੀ 'ਤੇ ਨਿਰਭਰਤਾ ਘਟਾਈ ਜਾਵੇ। ਪਰ ਇਸ ਲਈ ਪਹਿਲ ਵੀ ਤਾਂ ਮਨੁੱਖ ਨੂੰ ਹੀ ਕਰਨੀ ਪੈਣੀ ਹੈ।

## ਜਨਤਕ ਸੰਸਥਾਵਾਂ ਦੀ ਮਜ਼ਬੂਤੀ: ਸੰਤੁਲਿਤ ਵਿਕਾਸ ਦਾ ਅਧਾਰ

*(ਪਿਛਲੇ ਸਫੇ ਦਾ ਬਾਕੀ)*

ਹੋਂਦ ਵਿਚ ਆਈਆਂ। ਇਨ੍ਹਾਂ ਸਿਖਿਆ ਸੰਸਥਾਵਾਂ ਦੀ ਵਿਲੱਖਣਤਾ ਸੀ ਕਿ ਘੱਟ ਖਰਚਿਆਂ ਵਿਚ ਆਮ ਲੋਕਾਂ ਨੂੰ ਵੀ ਸਿਖਿਆ ਮਿਲਣ ਲਗ ਪਈ ਤੇ ਅਮੀਰ-ਗਰੀਬ ਕੁਝ ਰੁਜਗਾਰ ਪਾ ਲੈਂਦੇ। ਅੱਜ ਹਾਲਤ ਬਿਲਕੁਲ ਉਲਟ ਹੋ ਗਈ ਲਗਦੀ ਹੈ। ਸਿਖਿਆ ਦਾ ਨਿੱਜੀਕਰਨ ਹੋਣ ਕਰਕੇ ਵਪਾਰ ਬਣ ਗਿਆ ਹੈ। ਜਨਤਕ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਨੂੰ ਜਾਣ-ਬੁਝ ਕੇ ਖਤਮ ਕੀਤਾ ਜਾ ਰਿਹਾ ਹੈ ਅਤੇ ਪ੍ਰਾਈਵੇਟ ਅਦਾਰਿਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਨੈਸ਼ਨਲ ਸਾਂਪਲ ਸਰਵੇ ਦੇ ਆਂਕੜੇ ਏਸ ਤੱਥ ਦੀ ਗਵਾਹੀ ਭਰਦੇ ਹਨ। ਜਿਥੇ ਪਹਿਲਾਂ ਟਕਿਆਂ ਵਿਚ ਸਕੂਲਾਂ ਦੀ ਪੜਾਈ ਹੋ ਜਾਂਦੀ ਸੀ ਉਹ ਹੁਣ ਲੱਖਾਂ ਖਰਚ ਕੇ ਵੀ ਮੁਸ਼ਕਿਲ ਨਾਲ ਹਾਸਲ ਹੁੰਦੀ ਹੈ। ਵਿਦਿਆ ਮਹਿੰਗੀ ਹੋਣ ਕਰਕੇ ਆਮ ਲੋਕਾਂ ਦਾ ਕਚੂੰਬਰ ਨਿਕਲਿਆ ਪਿਆ ਹੈ। ਲੇਖਕ ਦੇ ਇੱਕ ਵਿਦਿਆਰਥੀ ਵਲੋਂ ਕਿਸਾਨੀ ਪਰਿਵਾਰਾਂ ਦੀ ਵਿਦਿਆ ਸੰਬਧੀ ਕੀਤੀ ਖੋਜ 'ਚੋਂ ਸਿੱਟਾ ਨਿਕਲਿਆ ਕਿ ਛੋਟੇ ਕਿਸਾਨਾਂ ਦੀ ਲੱਗਭਗ ਅੱਧੀ ਕਮਾਈ ਬੱਚਿਆਂ ਦੀ ਸਿਖਿਆ 'ਤੇ ਖਰਚ ਹੋ ਜਾਂਦੀ ਹੈ। 1950 ਤੋਂ 1960-65 ਵੇਲੇ ਤੱਕ ਜਨਤਕ ਸਿਹਤ ਸੰਸਥਾਵਾਂ, ਡਿਸਪੈਂਸਰੀਆਂ, ਛੋਟੇ ਤੇ ਵੱਡੇ ਹਸਪਤਾਲਾਂ ਦੀ ਸਥਾਪਨਾ ਵੀ ਤੇਜ਼ੀ ਨਾਲ ਕੀਤੀ ਗਈ ਕਿ ਲੋਕ ਮਹਿੰਗੇ ਇਲਾਜਾਂ ਦੀ ਮਾਰ ਤੋਂ ਬਚੇ ਰਹਿਣ। ਅੱਜ ਹਾਲਾਤ ਬਿਲਕੁਲ ਉਲਟ ਹੋ ਗਏ ਹਨ। ਸਿਹਤ ਸੰਸਥਾਵਾਂ ਪ੍ਰਾਈਵੇਟ ਹੱਥਾਂ ਵਿਚ ਆ ਗਈਆਂ ਹਨ। ਸਰਕਾਰੀ ਢਾਂਚੇ ਤਹਿਤ ਕਾਰਜਸ਼ੀਲ ਸਿਹਤ ਅਦਾਰਿਆਂ ਨੂੰ ਜਾਣ-ਬੁਝ ਕੇ ਖਤਮ ਕੀਤਾ ਜਾ ਰਿਹਾ ਹੈ। ਹੋਟਲਨੁਮਾ ਪ੍ਰਾਈਵੇਟ ਹਸਪਤਾਲਾਂ ਦੀਆਂ ਇਮਾਰਤਾਂ 'ਤੇ ਇਸ਼ਤਿਹਾਰਬਾਜ਼ੀ ਕਰਕੇ ਇਲਾਜ ਹੱਦੋਂ ਵੱਧ ਮਹਿੰਗੇ ਹਨ। ਖਾਦ-ਖੁਰਾਕ ਵਿਚ ਵਧ ਰਹੇ ਜ਼ਹਿਰੀਲੇ ਅੰਸ਼ ਕੈਂਸਰ ਸਮੇਤ ਨਵੀਆਂ ਬਿਮਾਰੀਆਂ ਨੂੰ ਉਪਜਾ ਰਹੇ ਤੇ ਇਲਾਜ ਵੀ ਮਹਿੰਗੇ।

ਕੋਈ ਢਾਈ ਸੌ ਸਾਲ ਪਹਿਲਾਂ ਵਿਦੇਸ਼ੀ ਧਾੜਵੀਆਂ ਦੀ ਮਾੜੀ ਰਾਜਨੀਤੀ ਤੇ ਬੁਰਸ਼ਾਗਰਦੀ ਨੂੰ ਦੇਖ ਵਾਰਿਸ ਸ਼ਾਹ ਨੇ ਸ਼ਹਿਰ ਕਸੂਰ ਬਾਰੇ ਲਿਖਿਆ ਸੀ ਕਿ 'ਸਾਰੇ ਦੇਸ਼ ਖਰਾਬ ਪੰਜਾਬ ਵਿਚੋਂ ਮੈਨੂੰ ਵੱਡਾ ਅਫਸੋਸ ਕਸੂਰ ਦਾ ਏ'। ਬੇਬਾਕ ਸਿਰਮੌਰ ਸੂਫ਼ੀ ਕਵੀ ਬੁਲ੍ਹੇ ਸ਼ਾਹ ਦੇ ਅਠਾਰਵੀਂ ਸਦੀ ਵਿਚ ਬੋਲੇ ਸ਼ਬਦ ਅੱਜ ਵੀ ਪੰਜਾਬ ਲਈ ਢੁਕਵੇਂ ਲਗਦੇ ਹਨ ਕਿ 'ਦਰ ਖੁਲ੍ਹਾ ਹਸ਼ਰ ਅਜ਼ਾਬ ਦਾ। ਬੁਰਾ ਹਾਲ ਹੋਇਆ ਪੰਜਾਬ ਦਾ'। ਅੱਜ ਵੀ ਹਲਾਤ ਲਗਭੱਗ ਉਹੋ ਜਿਹੇ ਹੀ ਹਨ।

ਰਾਜਨੀਤਕ ਤੌਰ 'ਤੇ ਦੇਖੀਏ ਤਾਂ ਅਜ਼ਾਦੀ ਤੋਂ ਬਾਅਦ ਸਾਡੇ ਰਾਜਨੀਤੀਵਾਨਾਂ ਦਾ ਵਰਤਾਰਾ ਤੇ ਕਿਰਦਾਰ ਹੁਣ ਦੇ ਮੁਕਾਬਲੇ ਬਹੁਤ ਠੀਕ ਸੀ। ਹੁਣ ਤਾਂ ਕਹਿਣ ਨੂੰ ਹੀ ਲੋਕਤੰਤਰ ਲਗਦਾ ਹੈ ਪ੍ਰੰਤੂ ਸੱਤਾ ਦੀ ਡੋਰੀ ਇੱਕ ਵਿਅਕਤੀ ਜਾਂ ਕੁਝ ਪਰਿਵਾਰਾਂ ਤੱਕ ਹੀ ਸੀਮਤ ਹੋ ਗਈ ਹੈ। ਨਵੀਂ ਪਨੀਰੀ ਨੂੰ ਰਾਜਨੀਤੀ ਵਿਚ ਥਾਂ ਬਹੁਤ ਘੱਟ ਮਿਲ ਰਹੀ ਹੈ। ਇਸੇ ਕਰਕੇ ਹੀ ਧਨ-ਦੌਲਤ ਦਾ ਕੁਝ ਹੱਥਾਂ ਵਿਚ ਆਉਣਾ ਤੇ ਵਪਾਰਕ ਸੋਚ ਸਮੁੱਚੇ ਸਮਾਜ ਦਾ ਭਲਾ ਨਹੀਂ ਕਰ ਸਕਦੇ। ਸਭਿਆਚਾਰ ਵਿਚ ਉਪਜਾਏ ਜਾ ਰਹੇ ਵਿਗਾੜਾਂ ਕਾਰਨ ਹਿੰਸਾ ਵਧ ਰਹੀ ਹੈ। ਸਾਂਝਾਂ ਤੇ ਭਾਈਚਾਰਾ ਵੀ ਹੁਣ ਬੀਤੇ ਦੀਆਂ ਗੱਲਾਂ ਲਗਦੇ ਹਨ।

ਪੰਜਾਬ ਦੀ ਮੌਜੂਦਾ ਸਰਕਾਰ ਲੋਕਾਂ ਨੇ ਏਸ ਕਰਕੇ ਚੁਣੀ ਸੀ ਕਿ ਰਵਾਇਤੀ ਪਾਰਟੀਆਂ ਤੋਂ ਕੁੱਝ ਅਲੱਗ ਕਰ ਕੇ ਦਿਖਾਵੇਗੀ। ਅਫਸੋਸ ਕਿ ਇਹ ਵੀ ਪੰਜਾਬ ਨੂੰ ਲੀਹਾਂ 'ਤੇ ਨਹੀਂ ਲਿਆ ਸਕੀ। ਛੋਟੇ-ਮੋਟੇ ਮੁੱਦੇ-ਜਿਵੇਂ ਕਿ ਕੁਝ ਟੀਚਰਾਂ ਨੂੰ ਬਾਹਰੋਂ ਟ੍ਰੇਨਿੰਗ ਬਾਰੇ ਦਿਖਾਵਾ, ਮੰਡੀਆਂ ਵਿਚ ਰੁਲ ਰਹੇ ਝੋਨੇ ਦਾ ਹੱਲ ਨਾ ਕਰਨਾ, ਲਗਭੱਗ ਹਰੇਕ ਵਿਭਾਗ ਦੇ ਮੁਲਾਜ਼ਮਾਂ ਵਲੋਂ ਆਪਣੇ ਹੱਕਾਂ ਵਾਸਤੇ ਧਰਨੇ ਲਾਉਣਾ, ਪ੍ਰਵਾਸ, ਨਸ਼ਾ, ਬੇਰੁਜ਼ਗਾਰੀ, ਸਿਹਤ ਤੇ ਸਿਖਿਆ ਸੰਸਥਾਵਾਂ ਦੇ ਸੁਧਾਰਾਂ ਤੋਂ ਭਾਂਜ, ਪੰਜਾਬ ਸਿਰ ਵਧ ਰਿਹਾ ਕਰਜ਼ਾ ਤੇ ਹੋਰ ਅਨੇਕਾਂ ਹੀ ਲੋਕ ਮੁੱਦਿਆਂ ਨੂੰ ਛੱਡ ਛੋਟੀਆਂ-ਮੋਟੀਆਂ ਗੱਲਾਂ ਵਿਚ ਉਲਝ ਰਹੇ ਅਜੋਕੇ ਪੰਜਾਬੀ ਸਮਾਜ ਨੂੰ ਦੇਖ ਕੇ ਕਿਹਾ ਜਾ ਸਕਦਾ ਕਿ ਮੌਜੂਦਾ ਭਗਵੰਤ ਮਾਨ ਸਰਕਾਰ ਜਿਸ ਬਦਲਾਅ ਦੇ ਨਾਅਰੇ ਸਦਕਾ ਹੋਂਦ ਵਿਚ ਆਈ ਸੀ ਉਹ ਹੁਣ ਬੁਤਾ-ਸਾਰ ਸਰਕਾਰ ਵਿਚ ਤਬਦੀਲ ਹੋ ਰਹੀ ਹੈ। ਉਪਰੋਕਤ ਨੂੰ ਧਿਆਨ ਗੋਚਰ ਕਰਦੇ ਸਰਕਾਰ ਨੂੰ ਅਪੀਲ ਹੈ ਕਿ ਸਾਰਥਿਕ ਕਦਮ ਚੁੱਕ ਕੇ ਸਮਾਜ ਦੇ ਵੱਖ-ਵੱਖ ਪੱਖਾਂ ਦੀ ਤੱਰਕੀ ਤੇ ਜਨਤਕ ਸੰਸਥਾਵਾਂ ਦੀ ਮੁੜ ਸੁਰਜੀਤੀ ਲਈ ਕੋਸ਼ਿਸ਼ਾਂ ਕੀਤੀਆਂ ਜਾਣ।

**ਸਾਬਕਾ ਪ੍ਰੋਫੈਸਰ ਸਮਾਜਵਿਗਿਆਨ, ਪੀ.ਏ.ਯੂ, ਲੁਧਿਆਣਾ*

# ਟੋਏ-ਟੋਏ 'ਤੇ ਤੋਏ-ਤੋਏ

ਬੋਲਣਾ ਇੱਕ ਕਲਾ ਹੈ, ਚੁੱਪ ਰਹਿਣਾ ਉਸ ਤੋਂ ਵੱਡੀ ਕਲਾ। ਕਿਤੇ ਇਹ ਗੱਲ ਭਾਜਪਾਈ ਰਮੇਸ਼ ਬਿਧੂੜੀ ਪੱਲੇ ਬੰਨ੍ਹ ਲੈਂਦਾ ਤਾਂ ਦਿੱਲੀ ਚੋਣਾਂ 'ਚ ਤੋਏ-ਤੋਏ ਨਹੀਂ ਹੋਣੀ ਸੀ। ਆਖ਼ਰ ਬਿਧੂੜੀਪੁਣਾ ਦਿਖਾ ਹੀ ਗਿਆ। ਦਿੱਲੀ ਦੀਆਂ ਸੜਕਾਂ 'ਤੇ ਟੋਏ ਹੀ ਟੋਏ ਨੇ, ਚਰਤੋ ਦੇਵੀ ਦੇ ਮੁੰਡੇ ਬਿਧੂੜੀ ਤੋਂ ਰਿਹਾ ਨਾ ਗਿਆ। ਮੁਖਾਰਬਿੰਦ ਤੋਂ ਇੰਜ ਫ਼ਰਮਾਏ, ਪਿਆਰੇ ਵੋਟਰੋ! ਤੁਸੀਂ ਦਾਸ ਨੂੰ ਜਿਤਾਓ, ਸੜਕਾਂ ਪ੍ਰਿਅੰਕਾ ਗਾਂਧੀ ਦੀਆਂ ਗੱਲ੍ਹਾਂ ਵਰਗੀਆਂ ਬਣਾ ਦਿਆਂਗਾ। ਬਿਧੂੜੀ ਦੇ ਮੂੰਹ 'ਚੋਂ ਕਿਰੇ ਫੁੱਲਾਂ ਨੇ ਨਵੀਂ ਭਸੂੜੀ ਪਾ ਦਿੱਤੀ।

ਪੁਆੜੇ ਦੀ ਅਸਲ ਜੜ੍ਹ ਲਾਲੂ ਪ੍ਰਸ਼ਾਦ ਯਾਦਵ ਨੇ। ਯਾਦ ਕਰੋ ਉਹ ਦਿਨ ਜਦੋਂ ਕਿਸੇ ਨੇ ਲਾਲੂ ਨੂੰ ਕਿਹਾ ਕਿ ਨੇਤਾ ਜੀ! ਬਿਹਾਰ 'ਚ ਸੜਕਾਂ ਦਾ ਹਾਲ ਓਮਪੁਰੀ ਦੀਆਂ ਗੱਲ੍ਹਾਂ ਵਰਗਾ ਹੋਇਆ ਪਿਐ, ਕੁਝ ਤਾਂ ਕਰੋ। ਅੱਗਿਓਂ ਬਿਹਾਰੀ ਬਾਬੂ ਨੇ ਆਪਣਾ ਇਸ਼ਟ ਧਿਆ ਵਾਅਦਾ ਕਰ'ਤਾ ਕਿ 'ਬਿਹਾਰੀ ਸੜਕਾਂ ਨੂੰ ਹੇਮਾ ਮਾਲਿਨੀ ਦੀਆਂ ਗੱਲ੍ਹਾਂ ਵਰਗੀਆਂ ਬਣਾ ਦੇਣਗੇ।' 'ਕੋਠਾ ਉੱਸਰਿਆ, ਤਰਖਾਣ ਵਿੱਸਰਿਆ'। 'ਢੂੰਡਤੇ ਰਹਿ ਜਾਓਗੇ' ਵਾਂਗ ਜਨਤਾ ਟੋਇਆਂ ਵਿਚੋਂ ਸੜਕਾਂ ਲੱਭਦੀ ਘੁੰਮ ਰਹੀ ਹੈ।

ਲਾਲੂ ਦੀ ਹਾਜ਼ਰ ਜੁਆਬੀ ਦੇਖੋ, ਭਲਿਓ! ਹੇਮਾ ਮਾਲਿਨੀ ਦੀਆਂ ਗੱਲ੍ਹਾਂ 'ਚ ਵੀ ਤਾਂ ਟੋਏ ਹੀ ਨੇ। ਅਸਾਂ ਤਾਂ ਤੁਸਾਂ ਦੇ ਹੀ ਬੋਲ ਪੁਗਾਏ ਨੇ। ਕੋਈ ਸ਼ੱਕ ਹੋਵੇ ਤਾਂ ਹਰਭਜਨ ਮਾਨ ਦਾ ਗਾਣਾ ਵਜਾ ਲੈਣਾ... 'ਗੱਲ੍ਹਾਂ ਗੋਰੀਆਂ, ਦੇ ਵਿਚ ਟੋਏ...।' ਲਾਲੂ ਨੂੰ ਕੋਈ ਪੁੱਛਣ ਵਾਲਾ ਪੁੱਛੇ ਕਿ ਬਈ! ਕਿਥੇ ਹੇਮਾ ਮਾਲਿਨੀ, ਕਿਥੇ ਓਮਪੁਰੀ ਦੀਆਂ ਗੱਲਾਂ। ਕਿਥੇ ਰਾਜਾ ਭੋਜ ਤੇ ਕਿਥੇ ਗੰਗੂ ਤੇਲੀ। ਜਮਹੂਰੀ ਦਰਬਾਰ ਦਾ ਗੰਗੂ ਤੇਲੀ ਤਾਂ ਸੜਕਾਂ ਨੂੰ ਹੀ ਤਰਸ ਗਿਐ। ਨੇਤਾਜਣਾਂ ਨੇ ਉਹਦੀ ਜ਼ਿੰਦਗੀ ਦਾ ਤੇਲ ਜੋ ਕੱਢ ਰੱਖਿਐ।

ਜਦੋਂ ਅਗਲੀ ਚੋਣ ਤਸ਼ਰੀਫ਼ ਲਿਆਉਂਦੀ ਹੈ ਤਾਂ ਆਖਦੇ ਨੇ, 'ਤੇਲ ਦੇਖੋ, ਤੇਲ ਦੀ ਧਾਰ ਦੇਖੋ।' ਦੇਸ਼ ਹੁਣ ਦਿੱਲੀ ਚੋਣਾਂ ਨੂੰ ਦੇਖ ਰਿਹਾ ਹੈ। ਬਿਧੂੜੀ ਵਰਗੇ ਸੱਜਣ ਤਾਂ ਦੀਵਾ ਲੈ ਕੇ ਭਾਲਣੇ ਪੈਂਦੇ ਨੇ, ਭਾਜਪਾ ਨੇ ਪਤਾ ਨੀ ਕਿਵੇਂ ਲੱਭੇ ਨੇ। ਦਿੱਲੀ ਚੋਣਾਂ 'ਚ ਕਾਹਦਾ ਕੁੱਦਿਆ, ਬਿਧੂੜੀ ਤਾਂ ਹੁਣ ਮਿਰਜ਼ੇ ਦਾ ਸਾਂਢੂ ਬਣਿਆ ਫਿਰਦੈ। ਆਪਣੇ ਤਰਕਸ਼ ਵਿਚੋਂ ਕੱਢ ਪਹਿਲਾ ਤੀਰ ਆਤਿਸ਼ੀ 'ਤੇ, ਦੂਜਾ ਪ੍ਰਿਅੰਕਾ ਗਾਂਧੀ ਵੱਲ ਚਲਾ ਦਿੱਤਾ। ਬਿਧੂੜੀ ਨੂੰ ਕੌਣ ਆਖੇ, 'ਧੀਆਂ ਭੈਣਾਂ ਵਾਲਾ ਘਰ ਐ, ਭਾਈ! ਮੂੰਹ ਸੰਭਾਲ ਕੇ ਬੋਲ। ਮਨੋ-ਮਨੀ ਜ਼ਰੂਰ ਕਿਸੇ ਮਾਈ ਨੇ ਕਿਹਾ ਹੋਊ, 'ਦੇਖ ਕਿਵੇਂ ਲੁਤਰੋ ਚੱਲਦੀ ਐ।'

ਮਾਈ ਇੱਥੇ ਤਾਂ ਆਵਾ ਹੀ ਊਤਿਆ ਪਿਐ। ਰਾਜਸਥਾਨ ਦੇ ਇੱਕ ਮੰਤਰੀ ਨੇ ਥੋੜ੍ਹੇ ਸਾਲ ਪਹਿਲਾਂ ਜਦੋਂ ਲੋਕਾਂ ਨੂੰ ਹੇਮਾ ਮਾਲਿਨੀ ਦੀਆਂ ਗੱਲਾਂ ਵਰਗੀਆਂ ਸੜਕਾਂ ਬਣਾਏ ਜਾਣ ਦੀ ਗੱਲ ਕੀਤੀ ਤਾਂ ਵਿਚੋਂ ਕਿਸੇ ਨੇ ਟੋਕ ਦਿੱਤਾ, 'ਹੇਮਾ ਮਾਲਿਨੀ ਤਾਂ ਬੁੱਢੀ ਹੋ ਗਈ ਐ।' ਚਲੋ ਫਿਰ ਕੈਟਰੀਨਾ ਕੈਫ ਦੀਆਂ ਗੱਲਾਂ ਵਰਗੀਆਂ ਬਣਾ ਦਿੰਦੇ ਹਾਂ, ਮੰਤਰੀ ਇੰਨਾ ਆਖ ਤੁਰਦੇ ਬਣੇ। ਇੱਕ ਵਾਰੀ ਮਹਾਰਾਸ਼ਟਰ ਦੇ ਭਾਜਪਾਈ ਮੰਤਰੀ ਵਿਜੇ ਕੁਮਾਰ



ਗਾਇਤ ਨੇ ਬਿਨਾਂ ਮੰਗਿਆ ਮਸ਼ਵਰਾ ਲੋਕਾਂ ਨੂੰ ਦਿੱਤਾ, 'ਐਸ਼ਵਰਿਆ ਰਾਏ ਰੋਜ਼ਾਨਾ ਮੱਛੀ ਖਾਂਦੀ ਹੈ, ਤੁਸੀਂ ਖਾਉਗੇ ਤਾਂ ਥੋਡੀਆਂ ਅੱਖਾਂ ਵੀ ਐਸ਼ਵਰਿਆ ਵਰਗੀਆਂ ਹੋ ਜਾਣਗੀਆਂ।'

ਸਿਆਣੇ ਆਖਦੇ ਨੇ, ਚਰਿੱਤਰ ਅਜਿਹੀ ਸ਼ੈਅ ਹੈ ਜਿਹੜੀ ਕਿਸੇ ਵੀ ਧੋਬੀ ਘਾਟ 'ਤੇ ਨਹੀਂ ਧੋਤੀ ਜਾ ਸਕਦੀ। ਚੁਣਾਵੀ ਮਾਹੌਲ ਲੋਹੜੀ ਵਰਗਾ ਹੁੰਦੈ, ਜਿੱਥੇ ਨੇਤਾ ਰਿਉੜੀਆਂ ਵੰਡਦੇ ਨੇ, ਜਨਤਾ ਲੱਪ ਭਰ-ਭਰ ਛਕਦੀ ਹੈ। ਉੱਪਰੋਂ ਨੇਤਾਵਾਂ ਦੇ ਬਿਧੂੜੀ ਪ੍ਰਵਚਨ ਮੁਫਤੋ-ਮੁਫ਼ਤ 'ਚ ਮਿਲਦੇ ਨੇ। ਇਨ੍ਹਾਂ ਨਾਲੋਂ ਤਾਂ ਅਸਾਡਾ ਜਥੇਦਾਰ ਸੁਖਬੀਰ ਬਾਦਲ ਸੌ ਗੁਣਾ ਚੰਗੈ, ਪਹਿਲਾਂ ਜਰਨੈਲੀ ਸੜਕਾਂ ਬਣਾਈਆਂ, ਫਿਰ ਜੈਕਾਰਾ ਛੱਡ ਕੇ ਇੰਜ ਗੱਜੇ ਸਨ, 'ਆਹ ਚੁੱਕੋ ਬੰਬਾਂ ਵਾਲੀਆਂ ਸੜਕਾਂ, ਮਜਾਲ ਐ ਕੋਈ ਸੜਕ ਟੁੱਟ ਜਾਏ।' ਪੰਜਾਬ ਦੀ 'ਆਪ' ਸਰਕਾਰ ਦੇ ਇੱਕ ਮੰਤਰੀ ਨੂੰ ਕਿਸੇ ਨੇ ਟੁੱਟੀਆਂ ਸੜਕਾਂ ਦਿਖਾਈਆਂ ਤਾਂ ਅੱਗਾ-ਪਿੱਛਾ ਦੇਖ ਕੇ ਮੰਤਰੀ ਜੀ ਫ਼ਰਮਾਏ, 'ਭਾਊ ਦੇਖਦੇ ਜਾਇਓ, ਸੜਕਾਂ ਬਣਾਵਾਂਗੇ ਰਾਘਵ ਚੱਢੇ ਦੀਆਂ ਗੱਲ੍ਹਾਂ ਵਰਗੀਆਂ।'

ਸਿਆਸੀ ਨੇਤਾ ਮਰਦ ਬੱਚੇ ਹੁੰਦੇ ਨੇ ਜਿਨ੍ਹਾਂ ਨੂੰ ਨਾ ਸ਼ਰਮ ਲੱਗਦੀ ਹੈ ਅਤੇ ਨਾ ਹੀ ਠੰਢ। ਦਿੱਲੀ ਚੋਣਾਂ 'ਚ ਕਾਵਾਂ ਰੌਲੀ ਪਈ ਹੋਈ ਹੈ, ਦਿੱਲੀ ਦੀ ਜਨਤਾ ਦੀ ਹਾਲਤ ਗ਼ਾਲਿਬ ਦੇ ਸ਼ੇਅਰ ਵਰਗੀ ਹੋਈ ਪਈ ਐ, 'ਮੈਂ ਭੀ ਮੂੰਹ ਮੇਂ ਜ਼ੁਬਾਨ ਰਖਤਾ ਹੂੰ, ਕਾਸ਼! ਪੂਛੋ ਕਿ ਮੁੱਦਾ ਕਿਆ ਹੈ।' ਸਿਆਸੀ ਲੋਕ ਕੁੱਛੜ 'ਚ ਲੱਕੜ ਦੇ ਮੁੰਡੇ ਚੁੱਕੀ ਫਿਰਦੇ ਨੇ। ਦਿੱਲੀ 'ਚ ਪੇਚ ਫਸਿਐ। ਕੇਜਰੀਵਾਲ ਦੀ ਜਿੰਦ ਕੁੜਿੱਕੀ 'ਚ ਫਸੀ ਹੋਈ ਐ। ਕਦੇ ਪੇਂਟ ਵਾਲਾ ਡੱਬਾ ਚੁੱਕ ਪੰਜਾਬ ਨੂੰ ਰੰਗਲਾ ਬਣਾਉਣ ਲਈ ਦੌੜਨਾ ਪੈਂਦੈ, ਕਦੇ ਦਿੱਲੀ 'ਚ ਰਿਉੜੀਆਂ ਵਾਲਾ ਝੋਲਾ ਚੁੱਕਣਾ ਪੈਂਦੈ।

ਦਿੱਲੀ ਦੀ ਕੱਟੜ ਇਮਾਨਦਾਰੀ ਨੂੰ ਪੰਜਾਬ ਨੀਝ ਨਾਲ ਦੇਖਦਾ ਪਿਐ। ਮਾੜੇ ਬੰਦੇ ਕੋਲ ਇੱਕ 'ਬਦਲਾ' ਹੀ ਹੁੰਦਾ ਹੈ ਜੋ ਜਮਹੂਰੀ ਵਰਕਸ਼ਾਪ ਦਾ ਸਭ ਤੋਂ ਘਾਤਕ ਸੰਦ ਹੁੰਦਾ ਹੈ ਪਰ ਵਰਤਿਆ ਚੋਣਾਂ 'ਚ ਹੀ ਜਾਂਦੈ। ਪੜ੍ਹੇ-ਲਿਖੇ ਇਸ ਨੂੰ ਸੰਦ ਨਹੀਂ, ਵੋਟ ਆਖਦੇ ਨੇ। ਪੰਜਾਬ ਤੰਦੂਰ ਵਾਂਗੂ ਤਪਣ ਲੱਗਿਐ, ਪਤਾ ਨਹੀਂ ਕਿਹੜੇ ਵੇਲੇ ਕੀਹਦਾ ਵਹਿਮ ਕੱਢ ਦੇਵੇ। ਦਿੱਲੀ ਤੇ ਪੰਜਾਬ 'ਚ ਇੱਕੋ 'ਇਨਕਲਾਬੀ' ਸਾਂਝ ਹੈ ਕਿ ਦੋਵਾਂ ਦੀਆਂ ਸੜਕਾਂ ਦੇ ਟੋਇਆ ਦਾ ਸਾਈਜ਼ ਇੱਕੋ ਜੇਹਾ ਹੈ। ਸੁਰਿੰਦਰ ਕੌਰ ਪਤਾ ਨੀ ਕਿਹੜੀ ਸੜਕ ਦੀ ਗੱਲ ਪਈ ਕਰਦੀ ਐ, 'ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ...।'

ਕਿਸੇ ਜਲਸੇ 'ਚ ਸੰਤੋਖ ਸਿੰਘ ਧੀਰ ਵਾਂਗੂ ਉਂਗਲ ਸਿੱਧੀ ਕਰ ਕੇ ਪ੍ਰਤਾਪ ਬਾਜਵਾ ਬੋਲੇ, 'ਦਿਖਾਓ ਕਿਥੇ ਹੈ ਵਿਕਾਸ'। ਪਿੱਛੇ ਖੜੀ ਇੱਕ ਪ੍ਰਵਾਸੀ ਦੀ ਪਤਨੀ ਨੇ ਕੁੱਛੜ ਚੁੱਕੇ ਮੁੰਡੇ ਨੂੰ ਉਪਰ ਹਵਾ 'ਚ ਉਛਾਲਿਆ, 'ਆਹ ਦੇਖ ਲੋ ਵਿਕਾਸ'। ਅਸਲ 'ਚ ਬੀਬੀ ਦੇ ਬੱਚੇ ਦਾ ਨਾਮ ਹੀ ਵਿਕਾਸ ਯਾਦਵ ਸੀ। ਹਾਸੜ ਉਦੋਂ ਮੱਚਿਆ ਜਦੋਂ ਮਝੈਲ ਬਾਜਵੇ ਨੇ ਮੋੜਵੇਂ ਜੁਆਬ 'ਚ ਕਿਹਾ ਕਿ 'ਬੀਬਾ ਜੀ! ਵਿਕਾਸ ਹਾਲੇ ਨਿਆਣੈ।' ਗੱਲ ਦਿੱਲੀ ਦੀ ਕਰਦੇ ਪਏ ਸੀ, ਹੋਰ ਪਾਸੇ ਹੀ ਤਿਲਕ ਗਈ, ਅਸਲ 'ਚ ਮਲਾਈਦਾਰ ਸੜਕਾਂ 'ਤੇ ਤਿਲ੍ਹਕਣ ਹੀ ਲੋਹੜੇ ਦੀ ਹੈ।

ਚੋਣਾਂ ਮੌਕੇ ਮਜਮਾ ਹੀ ਬੱਝਦੈ। ਲੀਡਰਾਂ ਦੀਆਂ ਸਿਆਸੀ ਲੋਰੀਆਂ ਸੁਣ-ਸੁਣ ਕੇ ਮੁੱਦੇ ਸੌਂ ਹੀ ਜਾਂਦੇ ਨੇ। ਜਦੋਂ ਜਾਗ ਖੁੱਲ੍ਹਦੀ ਹੈ, ਉਦੋਂ ਕੋਈ ਨਵਾਂ ਜਣਾ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕ ਰਿਹਾ ਹੁੰਦਾ ਹੈ। ਨੇਤਾ ਲੋਕ ਹਰ ਕਲਾਬਾਜ਼ੀ ਤੋਂ ਜਾਣੂ ਹੁੰਦੇ ਨੇ, ਤੁਸੀਂ ਇਨ੍ਹਾਂ ਨੂੰ ਸ਼ਾਹਰੁੱਖ਼ ਖ਼ਾਨ ਵਾਲੀ ਫ਼ਿਲਮ ਬਾਜ਼ੀਗਰ ਹੀ ਸਮਝੋ। ਕਦੇ ਗੁਰਸ਼ਰਨ ਭਾ'ਜੀ ਦਾ ਨਾਟਕ 'ਟੋਆ' ਵੀ ਦੇਖਿਓ। ਟੋਏ 'ਚ ਡਿੱਗਿਆ ਆਮ ਆਦਮੀ ਲੇਲ੍ਹੜੀਆਂ ਕੱਢਦੈ ਕਿ ਬਈ ਕੋਈ ਤਾਂ ਮੈਨੂੰ ਬਾਹਰ ਕੱਢੋ। ਕਦੇ ਸਾਧੂ ਆਉਂਦਾ ਤੇ ਕਦੇ ਨੇਤਾ, ਜੋ ਟੋਏ ਵਿਚਲੀ ਆਵਾਜ਼ ਸੁਣ ਆਸ਼ੀਰਵਾਦ ਦੇ ਛੱਡਦੇ ਨੇ, ਬੱਚਾ! ਜਿੱਥੇ ਵੀ ਰਹੋ, ਖ਼ੁਸ਼ ਰਵੋ। ਟੋਏ ਵਿਚੋਂ ਉਦਾਸਮਈ ਆਵਾਜ਼ ਆਈ, 'ਚਾਹੇ ਟੋਏ 'ਚ ਹੀ ਰਵਾਂ?' ਹਾਂ ਬੱਚਾ, ਅੱਗਿਓਂ ਜੁਆਬ ਮਿਲਦੈ।

ਦਿੱਲੀ ਦੀ ਕੱਟੜ ਇਮਾਨਦਾਰੀ ਤਰਫ਼ੋਂ ਇੱਕ ਬਾਬਾ ਹੱਥ ਜੋੜ ਮੁਆਫ਼ੀ ਮੰਗ ਰਿਹਾ ਹੈ, 'ਮਾਫ਼ ਕਰਨਾ ਜੀ ਅਸੀਂ ਨਿਮਾਣਿਆਂ ਨੂੰ, ਕੌਣ ਜੰਮਿਆ ਜੋ ਗੁਨਾਹਗਾਰ ਨਾਹੀਂ।' ਚੋਣਾਂ ਅਤੇ ਵਿਆਹ ਦਾ ਮਾਹੌਲ ਇੱਕੋ ਜੇਹਾ ਜਾਪਦੈ। ਜਿਵੇਂ ਵਿਆਹ 'ਚ ਫੁੱਫੜ ਅਬਾ-ਤਬਾ ਬੋਲਦੈ, ਉਵੇਂ ਨੇਤਾ ਜਣ ਚੋਣਾਂ ਮੌਕੇ ਚਾਂਭਲ ਜਾਂਦੇ ਨੇ। ਚੋਣਾਂ ਮੌਕੇ ਨਫ਼ਰਤ ਦੀ ਦੁਕਾਨ ਦਿਨ-ਰਾਤ ਖੁੱਲ੍ਹਦੀ ਹੈ। ਬਿਧੂੜੀ ਭਈਆ! ਨਿਰਾਸ਼ ਨਹੀਂ ਹੋਣਾ, ਤੇਰਾ ਅਪਮਾਨ ਵੀ ਨਹੀਂ ਹੋਣਾ। ਬੀਬਾ ਆਤਿਸ਼ੀ ਹੋਵੇ ਤੇ ਚਾਹੇ ਪ੍ਰਿਅੰਕਾ, ਕਿਸੇ ਦੀ ਕੀ ਮਜਾਲ ਹੈ। ਤੇਰਾ ਵਾਲ ਵਿੰਗਾਂ ਨਹੀਂ ਹੋਣ ਦਿਆਂਗੇ। ਅਪਮਾਨ ਦੀ ਕਲੋਰੋਫ਼ਾਰਮ ਕਿੰਨਾ ਕੁ ਕੰਮ ਕਰਦੀ ਹੈ, ਦਿੱਲੀ ਦੀ ਜਨਤਾ ਵੋਟਾਂ ਵਾਲੇ ਦਿਨ ਦੱਸੇਗੀ। ਨਗਰੀ ਵੱਸਦੀ ਭਲੀ, ਸਾਧੂ ਚੱਲਦੇ ਭਲੇ। ਛੱਡੋ ਜੈਕਾਰਾ! ਬਿਧੂੜੀ ਤੇਰੀ ਸੋਚ 'ਤੇ...।

**-ਚਰਨਜੀਤ ਭੁੱਲਰ**

## ਕਾਵਿ-ਕਿਆਰੀ

### ਸੂਰਤ ਸਿੰਘ ਤੇ ਡੱਲੇਵਾਲ ਜੀ

ਅੱਖਾਂ ਮੂਹਰੇ ਮੂਰਤ, ਚੇਤੇ ਰਹਿਣੀ ਏ
ਸੂਰਤ ਸਿੰਘ ਦੀ ਸੂਰਤ, ਚੇਤੇ ਰਹਿਣੀ ਏ।

ਆਪਣੀ ਬਣਦੀ ਡਿਊਟੀ ਤੁਸਾਂ ਨਿਭਾ ਦਿੱਤੀ
ਜ਼ਿੰਦਗੀ ਆਪਣੀ ਕੌਮ ਦੇ ਲੇਖੇ ਲਾ ਦਿੱਤੀ
ਜਿਹੜੀ ਝੱਲੀ ਪੀੜ, ਸੌਖੀ ਨਾ ਸਹਿਣੀ ਏ
ਸੂਰਤ ਸਿੰਘ ਜੀ ਸੂਰਤ ਥੋਡੀ, ਚੇਤੇ ਰਹਿਣੀ ਏ।

ਸਰਕਾਰਾਂ ਨੂੰ ਤੂੰ, ਵਖਤ ਬਾਬਿਆ ਪਾ'ਤੇ ਸੀ
ਤਖਤ ਦਿੱਲੀ ਦੇ, ਯੋਧਿਆ ਜੜੋਂ ਹਿਲਾ'ਤੇ ਸੀ
ਜਿਹੜੀ ਖਿੱਚਤੀ ਲੀਕ, ਕਦੇ ਨਾ ਢਹਿਣੀ ਏ
ਸੂਰਤ ਸਿੰਘ ਦੀ ਸੂਰਤ, ਚੇਤੇ ਰਹਿਣੀ ਏ।

ਇੱਕ ਤਾਂ ਬਾਬਾ ਤੁਰ ਗਿਆ, ਦੂਜਾ ਸਾਂਭ ਲਵੋ
ਜਾ ਖਨੌਰੀ ਬਾਡਰ 'ਤੇ, ਸੁੱਖ ਸਾਂਦ ਲਵੋ
ਆਜੋ ਸੁੱਖਾਂ ਮੰਗੀਏ ਡੱਲੇਵਾਲ ਦੀਆਂ
ਆਜੋ ਬਾਹਾਂ ਫੜੀਏ, ਕੌਮ ਦੇ ਲਾਲ ਦੀਆਂ
ਘੇਰੇ ਪਾਏ ਗਦਾਰਾਂ, ਰਾਖੀ ਕਰਨੀ ਪੈਣੀ ਏ
ਸੂਰਤ ਸਿੰਘ ਦੀ ਸੂਰਤ ਸਦਾ ਹੀ, ਚੇਤੇ ਰਹਿਣੀ ਏ।

ਚੰਦਰੇ ਲੋਕੀਂ ਜਿਉਂਦਿਆਂ ਦਾ ਮੁੱਲ ਪਾਉਂਦੇ ਨਹੀਂ
ਮਰਿਆਂ 'ਤੇ ਫੁੱਲ ਪਾਉਂਦੇ, ਜਿਓਂਦਿਆਂ ਆਉਂਦੇ ਨਹੀਂ
ਡਾਣਸੀਵਾਲੀਆ ਦੁਨੀਆ ਬੜੀ ਕਲਹਿਣੀ ਏ
ਸੂਰਤ ਸਿੰਘ ਦੀ ਸੂਰਤ ਚੇਤੇ ਰਹਿਣੀ ਏ।

**- ਕੁਲਵੀਰ ਸਿੰਘ ਡਾਨਸੀਵਾਲ**
**ਫੋਨ: 778 863 2472**

---

### ਕਿੰਝ ਮਿਲੀ ਸਾਨੂੰ ਆਜ਼ਾਦੀ

ਪੁੱਤਰਾਂ ਦੀ ਕੁਰਬਾਨੀ ਨੂੰ ਝੋਲੀ ਵਿਚ ਪਾਇਆ ਮਾਵਾਂ।
ਕਿੰਝ ਮਿਲੀ ਆਜ਼ਾਦੀ ਸਾਨੂੰ ਉਸ ਦਾ ਹਾਲ ਸੁਣਾਵਾਂ।
ਰਾਜਗੁਰੂ, ਸੁਖਦੇਵ, ਭਗਤ ਸਿੰਘ ਭਾਰਤ ਮਾਂ ਦੇ ਜਾਏ।

ਦੇ ਕੇ ਖੂਨ ਕਰਾਂਤੀ ਵਾਲਾ ਸਿਰ 'ਤੇ ਤਾਜ ਸਜਾਏ।
ਉਨ੍ਹਾਂ ਕਰਕੇ ਅੱਜ ਜੱਗ ਉਤੇ ਸੁੰਦਰ ਸੁੰਦਰ ਰਾਵਾਂ।
ਕਿੰਝ ਮਿਲੀ ਆਜ਼ਾਦੀ ਸਾਨੂੰ ਉਸ ਦਾ ਹਾਲ ਸੁਣਾਵਾਂ।

ਨਹਿਰੂ, ਲਾਜਪਤ ਰਾਇ, ਮਹਾਤਮਾ ਗਾਂਧੀ ਦੇ ਸੰਗਰਾਮ ਨੇ।
ਊਧਮ ਸਿੰਘ,ਸੁਭਾਸ਼ ਚੰਦਰ, ਕੂਕਾ ਲਹਿਰ ਦੇ ਕੁਹਰਾਮ ਨੇ।
ਧੁੱਪਾਂ ਚੀਰ ਕੇ ਪੈਦਾ ਕੀਤੀਆਂ ਠੰਡੀਆਂ-ਠੰਡੀਆਂ ਛਾਂਵਾਂ।
ਕਿੰਝ ਮਿਲੀ ਆਜ਼ਾਦੀ ਸਾਨੂੰ ਉਸ ਦਾ ਹਾਲ ਸੁਣਾਵਾਂ।

ਸੰਨ ਸੰਤਾਲੀ ਦੀ ਵੰਡ ਪਾਈ ਸੀ ਅੰਗਰੇਜ਼ਾਂ ਆ ਕੇ।
ਪਾਕਿ-ਹਿੰਦ 'ਚ ਭਾਈ ਵੰਡੇ ਕਤਲੋਗ਼ਾਰਤ ਪਾ ਕੇ।
ਲੁੱਟੀਆਂ ਗਈਆਂ ਆਪਸ ਦੇ ਵਿਚ ਸਧਰਾਂ ਰੀਝਾਂ ਹਾਵਾਂ।
ਕਿੰਝ ਮਿਲੀ ਆਜ਼ਾਦੀ ਸਾਨੂੰ ਉਸ ਦਾ ਹਾਲ ਸੁਣਾਵਾਂ।

ਕਾਨੂੰਨ ਅਵਸਥਾ ਦਾ ਸੰਵਿਧਾਨ ਅੰਬੇਦਕਰ ਨੇ ਬਣਾਇਆ।
ਭਾਰਤ ਮਾਂ ਨੂੰ ਸਭਿਆਚਾਰ 'ਚ ਦੁਹਲਨ ਵਾਂਗ ਸਜਾਇਆ।
ਅਪਣਾ ਫੇਰ ਤਿਰੰਗਾ ਉਚਾ ਸਰਹੱਦ ਉਤੇ ਲਹਿਰਾਵਾਂ।
ਕਿੰਝ ਮਿਲੀ ਆਜ਼ਾਦੀ ਸਾਨੂੰ ਉਸ ਦਾ ਹਾਲ ਸੁਣਾਵਾਂ।

ਇਸ ਦੇ ਸੱਚੇ ਪੁੱਤਰਾਂ ਇਸ ਦੀ ਸ਼ਾਨ ਵਧਾ ਕੇ ਦੱਸੀ।
ਅੰਬਰ ਤੀਕ ਤਰੱਕੀ ਇਸ ਦੀ ਹੋਰ ਉਠਾ ਕੇ ਦੱਸੀ।
ਵੱਖ-ਵੱਖ ਧਰਮਾਂ-ਜਾਤੀ ਦੀਆਂ ਇਕ ਤਨ ਉਤੇ ਥਾਵਾਂ।
ਕਿੰਝ ਮਿਲੀ ਆਜ਼ਾਦੀ ਸਾਨੂੰ ਉਸ ਦਾ ਹਾਲ ਸੁਣਾਵਾਂ।

ਲੱਖਾਂ ਦੇਸ਼ ਭਗਤ ਸੀ ਹੋਏ ਇਸ ਉਤੇ ਕੁਰਬਾਨ।
'ਬਾਲਮ' ਫ਼ਿਰ ਜਾ ਕੇ ਬਣਿਆ ਸੀ ਮੇਰਾ ਭਾਰਤ ਮਹਾਨ।
ਭਾਰਤ ਮਾਂ ਦੇ ਮੱਥੇ ਉਤੇ ਸੂਰਜ ਦਾ ਤਿਲਕ ਲਗਾਵਾਂ।
ਕਿੰਝ ਮਿਲੀ ਆਜ਼ਾਦੀ ਸਾਨੂੰ ਉਸ ਦਾ ਹਾਲ ਸੁਣਾਵਾਂ।

**-ਬਲਵਿੰਦਰ ਬਾਲਮ**

---

### ਸਾਂਝੀ ਧਰਤੀ ਸਾਂਝਾ ਆਕਾਸ਼

ਚਾਰੇ ਕੂੰਟਾਂ ਵਿਚ ਵਹਿੰਦੇ ਪਾਣੀਆਂ ਦੀ,
ਹਵਾਵਾਂ ਰੁਮਕਦੀਆਂ ਦੀ ਏ ਆਵਾਜ਼ ਓਹੀ।
ਸਾਰੇ ਦੀਪਾਂ, ਲੋਆਂ, ਮੰਡਲਾਂ ਤਾਰਿਆਂ ਦੇ,
ਉਡਦੇ ਪੰਛੀਆਂ ਦੀ ਏ ਪਰਵਾਜ਼ ਓਹੀ।

ਕਾਲੇ, ਗੋਰੇ, ਭੂਰੇ ਇਨਸਾਨੀ ਸੀਨਿਆਂ ਵਿਚ,
ਧੜਕਦੇ ਦਿਲਾਂ ਦਾ ਵੀ ਏ ਸਾਜ਼ ਓਹੀ।
ਗਰੀਬ ਨਿਰਧਨਾਂ, ਧੰਨ ਦੇ ਮਾਲਕਾਂ ਵਿਚ,
ਰੱਬ ਨੇ ਪਾਈ ਏ ਜਮੀਰ ਤੇ ਲਾਜ ਓਹੀ।

ਇਕੋ ਧਰਤੀ ਸਭਨਾ ਦੇ ਰਹਿਣ ਖ਼ਾਤਰ,
ਉੱਤੇ ਸਾਰਿਆਂ ਦੇ ਵੀ ਹੈ ਅਸਮਾਨ ਇਕੋ।
ਇਕੋ ਰੰਗ ਏ ਲਹੂ, ਚਰਬੀ, ਹੱਡੀਆਂ ਦਾ;
ਅੰਦਰ ਸਭ ਦੇ ਕਿਸਮ ਹੈ ਜਾਨ ਇਕੋ।

ਬੋਲੀਆਂ ਵੱਖ-ਵੱਖ ਭਾਵੇਂ ਸਭ ਬੋਲਦੇ ਨੇ,
ਮੂੰਹ ਸਭ ਵਿਚ ਲੱਗੀ ਹੈ ਜ਼ੁਬਾਨ ਇਕੋ।
ਢੰਗ ਆਪੋ-ਆਪਣੇ ਭਾਵੇਂ ਪਏ ਵਰਤਣ,
ਹੁੰਦਾ ਸਭ 'ਤੇ ਰੱਬ ਹੈ ਮਿਹਰਬਾਨ ਇਕੋ।

ਬਾਪ ਸਾਂਝਾ ਹੈ ਸਾਰੀ ਮਨੁੱਖਤਾ ਦਾ,
ਇਕੱਠੇ ਭਾਈ-ਭਾਈ ਫੇਰ ਕਿਉਂ ਨਾ ਬਹਿੰਦੇ ਨੇ।
ਸਾਂਝੇ ਧਰਤੀ ਅਕਾਸ਼ ਮਿਲੇ ਸਾਰਿਆਂ ਨੂੰ,
ਕੰਧਾਂ, ਹੱਦਾਂ ਤੋਂ ਬਿਨਾਂ ਕਿਉਂ ਨਾ ਰਹਿੰਦੇ ਨੇ।

ਇਕੋ ਜੋਤ ਵਰਤਦੀ ਹੈ ਕੁੱਲ ਮਨੁੱਖਤਾ ਵਿਚ,
ਹੋਂਦ ਦੂਜੇ ਦੀ ਫੇਰ ਕਿਉਂ ਨਾ ਸਹਿੰਦੇ ਨੇ।
ਤੱਕ ਜ਼ੋਰ-ਜ਼ੁਲਮ ਅਨਰਥ ਬੇਦੋਸ਼ਿਆਂ ਤੇ,
ਹੰਝੂ ਦੂਜਿਆਂ ਦੀ ਅੱਖ ਕਿਉਂ ਨਾ ਵਹਿੰਦੇ ਨੇ।

ਕਿਉਂ ਨਾ ਬੰਦੇ ਨੂੰ ਬੰਦਾ, ਬੰਦਾ ਜਾਣੇ,
ਰੱਬ ਅੰਦਰ ਬੈਠੇ ਨੂੰ ਕਿਉਂ ਨਾ ਪਛਾਣਦਾ ਏ।
ਕਿਤੇ ਰੁਲਦਾ ਫਿਰੇ ਬੰਦਾ ਖ਼ਾਕ ਨਿਆਈਂ,
ਕਿਤੇ ਬੰਦਾ ਰੰਗ ਰਲੀਆਂ ਮਾਣਦਾ ਏ।

ਮੋਟਰ ਗੱਡੀ ਬਿਨਾਂ ਨਾ ਕੋਈ ਪੈਰ ਪੁੱਟੇ,
ਕੋਈ ਗਲੀਓ-ਗਲੀ ਖ਼ਾਕ ਛਾਣਦਾ ਏ।
ਮੰਜ਼ਿਲ ਬੰਦੇ ਦੀ ਅੰਤ ਏ ਰੱਬ ਬਣਨਾ,
ਬੰਦਾ ਬਣਿਆ ਨਾ ਅਜੇ ਬੰਦੇ ਹਾਣਦਾ ਏ।

ਇਕ ਰਾਹ ਏ ਮਿਲਿਆ ਸਾਂਝੀਵਾਲਤਾ ਦਾ,
ਨਾਨਕ ਗੁਰੂ ਨੇ ਜਗ ਨੂੰ ਦਿਖਾਇਆ ਏ।
ਰਾਜੇ ਸ਼ਾਸ਼ਕਾਂ ਨੂੰ ਉਨ੍ਹਾਂ ਦੇ ਫ਼ਰਜ਼ ਦੱਸੇ,
ਚੌਧਰ ਛੱਡ ਖ਼ਲਕਤ ਦੀ ਸੇਵਾ ਲਾਇਆ ਏ।

ਜ਼ੁਲਮ ਕਰਨਾ ਤੇ ਸਹਿਣਾ ਵੀ ਜ਼ੁਲਮ ਦੱਸੇ,
ਢਾਲ ਬਣਨਾ ਏ ਕਿਵੇਂ ਸਮਝਾਇਆ ਏ।
ਡਰ ਖੌਫ ਸਹਿਮ ਸਿਤਮ ਨਾ ਹੋਣ ਜਿੱਥੇ,
ਐਸਾ ਬੇਗਮਪੁਰਾ ਸਿਰਜਣਾ ਸਿਖਾਇਆ ਏ।

ਆਓ ਰਲ ਬਹੀਏ ਸੁਣੀਏ ਕਹੀਏ ਸਹੀਏ।
ਵਾਂਗ ਪੰਖੇਰੂਆਂ ਵਿੱਚ ਆਲ੍ਹਣਿਆਂ ਰਹੀਏ।
ਹੋਵੇ ਥੋੜ੍ਹਾ ਜੇ ਤਾਂ ਵੰਡ ਥੋੜ੍ਹਾ-ਥੋੜ੍ਹਾ ਲਈਏ।
ਆਵੇ ਦੁੱਖ ਸੰਗੀ ਨੂੰ, ਨਾ ਕਦੇ ਕੰਡ ਦਈਏ।

***-ਗੁਰਬਖ਼ਸ਼ ਸਿੰਘ 'ਨਾਕਾਮ'***
***ਫੋਨ: 864 318 5500***

---

### ਹੋ ਹੋ ਸੱਜਣਾ ਬਸੰਤ ਬਹਾਰ ਆਈ

ਸੁੱਕੇ ਢੀਂਗਰਾਂ ਨੂੰ ਫੁੱਲ ਨੇ ਲੱਗੇ, ਹਰਿਆਲੀ ਤੋਂ ਪਹਿਲੇ।
ਰੁੱਤ ਬਸੰਤ ਨੇ ਲਈ ਅੰਗੜਾਈ, ਚਾਈਂ ਚਾਈਂ ਪਹਿਲੇ।
ਹਜੇ ਤਾਂ ਕਾਦਰ ਨੇ ਰੰਗ ਭਰਨੇ, ਬੈਂਗਣੀ, ਹਰੇ ਤੇ ਪੀਲ਼ੇ।
ਲਾਲ, ਗੁਲਾਨਾਰੀ, ਸੰਤਰੀ ਝਰਨੇ, ਰੰਗੀਲੇ ਛਬ ਛਬੀਲੇ।
ਵਿਚ ਟਾਹਣੀਆਂ ਪੀੜਾ ਉੱਠਣੀ, ਅੰਗ ਉਮੰਗ ਰਸੀਲੇ।
ਤੇ ਕੁਦਰਤ ਰਾਣੀ ਦੇਊ ਲੋਰੀਆਂ, ਪੱਤੇ ਕੂਲੇ ਸਾਵੇ ਨੀਲੇ।
ਜੀਵ ਜੰਤੂ ਵਿਸਮਾਦ 'ਚ ਨੱਚਣ, ਤਨ ਮਨ ਚਿੱਤ ਡੋਲੇ।
ਹੌਲ਼ੀ ਹੌਲ਼ੀ ਮੌਸਮ ਬਦਲ ਰਿਹੈ, ਭੇਦ ਜੀਵਨ ਦੇ ਖੋਲ੍ਹੇ।

***-ਸੇਵਾ ਸਿੰਘ 'ਨੂਰਪੁਰੀ'***

---

### ਸਿੱਕੇਬੰਦ ਯਾਰ

ਵਿਰਲਿਆਂ ਦੇ ਹੌਂਸਲੇ ਬੁਲੰਦ ਹੁੰਦੇ ਨੇ।
ਟਾਵੇਂ-ਟਾਵੇਂ ਸਮੇਂ ਦੇ ਪਾਬੰਦ ਹੁੰਦੇ ਨੇ।

ਜਾਨ ਵਾਰ ਦਿੰਦੇ ਜਿਹੜੇ ਕੌਮ ਵਾਸਤੇ,
ਜੱਗ'ਚ ਅਜਿਹੇ ਬੰਦੇ ਚੰਦ ਹੁੰਦੇ ਨੇ।

ਬਣਦੇ ਅੜਿੱਕਾ ਜਿਹੜੇ ਪੈਰ-ਪੈਰ ਤੇ,
ਐਹੋ-ਜਿਹੇ ਬੰਦੇ ਹੀ ਮਸੰਦ ਹੁੰਦੇ ਨੇ।

ਔਖੀ ਘੜੀ ਵਿਚ ਜਿਹੜੇ ਨਾਲ ਖੜ੍ਹਦੇ,
ਯਾਰ-ਬੇਲੀ ਉਹੀ ਸਿੱਕੇਬੰਦ ਹੁੰਦੇ ਨੇ।

ਮਿੱਥ ਕੇ ਨਿਸ਼ਾਨਾ ਜਿਹੜੇ ਚੱਲ ਪੈਂਦੇ ਨੇ,
ਉਨ੍ਹਾਂ ਲਈ ਸੁਖ਼ਾਲੇ ਸਾਰੇ ਪੰਧ ਹੁੰਦੇ ਨੇ।

ਨਿੱਕੀ ਜਿਹੀ ਗੱਲ ਰੱਖ ਦਿੰਦੀ ਤੋੜ ਕੇ,
ਚੰਗੇ-ਭਲੇ ਬਣੇ ਹੋਏ ਸਬੰਧ ਹੁੰਦੇ ਨੇ।

ਰੱਖਦੇ ਖਿਆਲ ਜਿਹੜੇ ਖਾਣ-ਪੀਣ ਦਾ,
'ਨਾਗਰਾ' ਉਹ ਬੰਦੇ ਸਿਹਤਮੰਦ ਹੁੰਦੇ ਨੇ।

***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'***
***ਫੋਨ:+1360-448-1989***

# ਤੈਮੂਰ ਦੇ ਪੁਆੜੇ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਭਾਰਤ ਵਿਚ ਘੱਟ ਗਿਣਤੀਆਂ, ਖਾਸ ਤੌਰ 'ਤੇ ਮੁਸਲਮਾਨਾਂ ਪ੍ਰਤੀ ਜਿਸ ਪ੍ਰਕਾਰ ਦਾ ਨਫਰਤ-ਜਿਹਾਦ ਖੜ੍ਹਾ ਕੀਤਾ ਜਾ ਰਿਹਾ ਹੈ ਉਸ ਦੇ ਅੰਤਰਗਤ ਇਸ ਸਮੁਦਾਇ ਲਈ ਆਪਣੀ ਪਛਾਣ ਦਾ ਕਿਸੇ ਵੀ ਤਰ੍ਹਾਂ ਦਾ ਇਜ਼ਹਾਰ ਕਰਨਾ ਖਤਰੇ ਤੋਂ ਖਾਲੀ ਨਹੀਂ ਰਿਹਾ। ਉਨ੍ਹਾਂ ਦੇ ਇਬਾਦਤਗਾਹਾਂ 'ਤੇ ਨਾ ਸਿਰਫ਼ ਹਮਲੇ ਹੀ ਹੋ ਰਹੇ ਹਨ, ਬਲਕਿ ਸਰਕਾਰੀ ਸ਼ਹਿ ਨਾਲ ਉਨ੍ਹਾਂ ਨੂੰ ਹਿੰਦੂ ਧਾਰਮਿਕ ਸਥਾਨ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੀ ਪੁਸ਼ਾਕ, ਖਾਣ-ਪੀਣ, ਇਤਿਹਾਸ/ਮਿਥਹਾਸ, ਅਕੀਦੇ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਸਿੱਖ ਅਤੇ ਇਸਾਈ ਵੀ ਇਸ ਦੀ ਲਪੇਟ ਵਿਚ ਆ ਰਹੇ ਹਨ। ਦੇਸ਼ ਦੇ ਵਿਸ਼ਾਲ ਹਿੰਦੂ ਜਨ-ਸਮੂਹ ਦੇ ਅੰਦਰ ਇਸ ਤਰ੍ਹਾਂ ਦਾ ਪ੍ਰਭਾਵ ਪੈਦਾ ਕੀਤਾ ਜਾ ਰਿਹਾ ਹੈ ਕਿ ਸਿੱਖ ਖਾਲਿਸਤਾਨੀ ਹੁੰਦੇ ਹਨ। ਗਾਇਕ ਦਿਲਜੀਤ ਦੁਸਾਂਝ ਨੇ ਇੱਕ ਟਵੀਟ ਵਿਚ ਪੰਜਾਬ ਦੇ ਅੰਗ੍ਰੇਜ਼ੀ ਸ਼ਬਦ ਜੋੜਾਂ ਵਿਚ 'ਯੂ' ਅੱਖਰ ਦੇ ਥਾਂ 'ਏ' ਕੀ ਪਾ ਦਿੱਤਾ, ਖਰਦਿਮਾਗ ਭਗਤਾਂ ਨੇ ਇਲਜ਼ਾਮ ਲਾਉਣਾ ਸ਼ੁਰੂ ਕਰ ਦਿੱਤਾ ਕਿ ਦਿਲਜੀਤ ਅੰਦਰੋਂ ਪਾਕਿਸਤਾਨੀ ਹੈ ਕਿਉਂਕਿ ਉਧਰ ਪੰਜਾਬ ਦੇ ਹੇਜੇ ਵਿਚ 'ਏ' ਲਾਇਆ ਜਾਂਦਾ ਹੈ, ਹਾਲਾਂਕਿ ਪਾਕਿਸਤਨੀ ਪੰਜਾਬ ਯੂਨੀਵਰਸਿਟੀ ਵਿਚ ਪੰਜਾਬ ਦੇ ਨਾਂ ਵਿਚ 'ਯੂ' ਹੈ ਜਦ ਕਿ ਭਾਰਤ ਦੀ ਪੰਜਾਬ ਯੂਨੀਵਰਸਿਟੀ ਵਿਚ 'ਏ' ਹੀ ਹੈ।

ਹਿੰਦੂ ਤੁਅੱਸਬ ਬਦ ਤੋਂ ਬਦਤਰ ਹੁੰਦਾ ਜਾ ਰਿਹਾ ਹੈ। ਪਿਛਲੇ ਸਾਲਾਂ ਦੌਰਾਨ ਤੇ ਅੱਜ ਵੀ ਸੱਜ-ਪਿਛਾਕੜੀ/ਹਿੰਦੂਤਵ ਰਾਜ ਅਧੀਨ ਘੱਟ ਗਿਣਤੀਆਂ ਖ਼ਿਲਾਫ਼ ਕਈ ਤਰ੍ਹਾਂ ਦੇ ਭਾਸ਼ਾਈ ਹਮਲੇ ਹੋ ਰਹੇ ਹਨ। ਮੁਸਲਮਾਨਾਂ ਨੂੰ ਰਾਖਸ਼ ਤੱਕ ਕਿਹਾ ਜਾ ਰਿਹਾ ਹੈ। ਇਸਲਾਮੀ ਇਤਿਹਾਸ ਨਾਲ ਜੁੜੇ ਕਿੰਨੇ ਹੀ ਸਥਾਨ-ਨਾਂ ਬਦਲ ਦਿੱਤੇ ਗਏ ਹਨ ਅਤੇ ਕਿੰਨਿਆਂ ਦੇ ਬਦਲਣ ਦੀ ਤਜਵੀਜ਼ ਸਮੇਂ-ਸਮੇਂ ਸਾਹਮਣੇ ਆ ਰਹੀ ਹੈ। ਮਿਸਾਲ ਵਜੋਂ ਇਲਾਹਾਬਾਦ ਦਾ ਨਾਂ ਬਦਲ ਕੇ ਪ੍ਰਯਾਗਰਾਜ ਕਰ ਦਿੱਤਾ ਗਿਆ ਹੈ। ਅਮਿਤ ਸ਼ਾਹ ਨੇ ਸੰਕੇਤ ਦਿੱਤਾ ਹੈ ਕਿ ਕਸ਼ਮੀਰ ਦਾ ਨਾਂ ਕਸ਼ਿਅਪ ਚਾਹੀਦਾ ਹੈ ਕਿਉਂਕਿ ਹਿੰਦੂ ਮਿਥਿਹਾਸ ਅਨੁਸਾਰ ਕਸ਼ਿਅਪ ਰਿਸ਼ੀ ਨੇ ਕਸ਼ਮੀਰ ਪੈਦਾ ਕੀਤਾ। ਹੈਦਰਾਬਾਦ ਦਾ ਨਾਂ ਭਾਗਯਨਗਰ ਰੱਖਣ ਲਈ ਜ਼ੋਰ ਪਾਇਆ ਜਾ ਰਿਹਾ ਹੈ। ਤਾਜ ਮਹਿਲ ਦਾ ਨਾਂ ਤਾਜੋ ਮਾਈ ਰੱਖਣ ਦੀਆਂ ਗੱਲਾਂ ਤਾਂ ਚਿਰਾਂ ਤੋਂ ਸੁਣਦੇ ਆਏ ਹਾਂ। ਮੁਸਲਮਾਨਾਂ 'ਤੇ ਦੋਸ਼ ਲਾਇਆ ਜਾ ਰਿਹਾ ਹੈ ਕਿ ਉਹ ਇੱਕ ਏਜੰਡੇ ਅਧੀਨ ਲਵ-ਜਿਹਾਦ ਕਰਕੇ ਹਿੰਦੂ ਕੁੜੀਆਂ ਨੂੰ ਫਸਾਉਂਦੇ ਹਨ ਤੇ ਉਨ੍ਹਾਂ ਨਾਲ ਵਿਆਹ ਕਰਕੇ ਉਨ੍ਹਾਂ ਨੂੰ ਮੁਸਲਮਾਨ ਬਣਾ ਰਹੇ ਹਨ। ਇਸੇ ਤਰ੍ਹਾਂ ਉਨ੍ਹਾਂ ਸਿਰ ਲੈਂਡ-ਜਿਹਾਦ, ਵੋਟ ਜਿਹਾਦ, ਪਾਪੂਲੇਸ਼ਨ ਜਿਹਾਦ ਤੇ ਪਤਾ ਨਹੀਂ ਹੋਰ ਕਿਹੜੇ-ਕਿਹੜੇ ਜਿਹਾਦ ਖੜ੍ਹੇ ਕਰਨ ਦਾ ਸ਼ੋਰ ਮਚਾਇਆ ਜਾ ਰਿਹਾ ਹੈ। ਕੁਝ ਸਾਲ ਪਹਿਲਾਂ ਇੱਕ ਕੰਪਨੀ ਨੇ ਦੀਵਾਲੀ ਦੇ ਤਿਉਹਾਰ ਲਈ ਅਖਬਾਰਾਂ ਵਿਚ ਦਿੱਤੇ ਆਪਣੇ ਇਸ਼ਤਿਹਾਰ ਦਾ ਸਿਰਲੇਖ 'ਜਸ਼ਨੇ-ਰਿਵਾਜ' ਛਪਵਾ ਦਿੱਤਾ ਤਾਂ ਇਸ 'ਤੇ ਏਨਾ ਬਵਾਲ ਉਠਿਆ ਕਿ ਕੰਪਨੀ ਨੂੰ ਇਹ ਇਸ਼ਤਿਹਾਰ ਵਾਪਸ ਲੈਣਾ ਪਿਆ ਅਖੇ 'ਜਸ਼ਨੇ-ਰਿਵਾਜ' ਮੁਸਲਮਾਨ/ਉਰਦੂ ਅਭਿਵਿਅੰਜਨ ਹੈ। ਉਰਦੂ ਨੂੰ ਮੁਸਲਮਾਨਾਂ ਦੀ ਜ਼ਬਾਨ ਸਮਝਦਿਆਂ ਇਸ ਦੇ ਲਫਜ਼ ਹਿੰਦੀ ਵਿਚੋਂ ਚੁਣ ਚੁਣ ਕੇ ਕੱਢੇ ਜਾ ਰਹੇ ਹਨ। ਏਥੋਂ ਤੱਕ ਕਿ ਹਿੰਦੂ ਧਰਮ ਲਈ ਵੀ ਅੱਛੋਪਲੇ ਸਨਾਤਨ ਧਰਮ ਦੀ ਵਰਤੋਂ ਜ਼ੋਰ ਫੜ ਰਹੀ ਹੈ ਕਿਉਂਕਿ ਹਿੰਦੂ ਸ਼ਬਦ ਮੁਸਲਮਾਨਾਂ ਦੀ ਜ਼ਬਾਨ ਅਰਬੀ ਨੇ ਬਣਾਇਆ ਹੈ। ਦੇਸ਼ ਦੇ ਸੰਵਿਧਾਨ ਵਲੋਂ ਪ੍ਰਵਾਨਤ ਇੱਕ ਨਾਂ 'ਇੰਡੀਆ' ਵੀ ਹਟਾ ਕੇ ਸਿਰਫ਼ ਭਾਰਤ ਰੱਖਣ ਦੀਆਂ ਸਕੀਮਾਂ 'ਤੇ ਵਿਚਾਰ ਹੋਣ ਲੱਗ ਪਿਆ ਸੀ। ਹੋਰ ਹਾਸੋ-ਹੀਣੀ ਗੱਲ ਦੇਖੋ। ਵਰਤਮਾਨ ਵਿਚ ਚੱਲ ਰਹੇ ਮਹਾਂਕੁੰਭ ਮੇਲੇ ਦੌਰਾਨ ਸਾਧੂਆਂ ਨੇ ਘੋਸ਼ਣਾ ਕੀਤੀ ਹੈ ਕਿ ਉਹ ਕੁੰਭ ਵਿਚ ਸਾਧੂਆਂ ਵਲੋਂ ਕੀਤੇ ਜਾਂਦੇ 'ਸ਼ਾਹੀ ਸਨਾਨ' ਅਤੇ 'ਪੇਸ਼ਵਾਈ ਸਨਾਨ' ਨੂੰ ਸਨਾਤਨ ਧਰਮ ਅਨੁਸਾਰ ਕ੍ਰਮਵਾਰ 'ਰਾਜਸੀ ਸਨਾਨ' ਅਤੇ 'ਛਾਵਣੀ ਪ੍ਰਵੇਸ਼' ਆਖਣਗੇ ਕਿਉਂਕਿ 'ਸ਼ਾਹੀ' ਤੇ 'ਪੇਸ਼ਵਾਈ' ਸ਼ਬਦਾਂ ਤੋਂ ਉਰਦੂ-ਫਾਰਸੀ ਦੀ ਬੂ ਆਉਂਦੀ ਹੈ। ਰਾਜਸਥਾਨ ਪੁਲੀਸ ਨੂੰ ਸਰਕਾਰ ਨੇ ਆਦੇਸ਼ ਦਿੱਤਾ ਹੈ ਕਿ ਉਹ ਲਿਖਤ-ਪੜ੍ਹਤ ਦੀ ਕਾਰਵਾਈ ਕਰਦਿਆਂ ਉਰਦੂ ਲਫਜ਼ ਜਿਵੇਂ ਇਤਲਾਹ, ਮੁਕੱਦਮਾ, ਮੁਲਜ਼ਿਮ, ਇਲਜ਼ਾਮ, ਚਸ਼ਮਦੀਦ ਆਦਿ ਦੀ ਥਾਂ ਹਿੰਦੀ ਸ਼ਬਦ ਵਰਤਣ। ਅੱਜ ਜੇ ਤੁਸੀਂ ਹਿੰਦੀ ਦੀਆਂ ਲਿਖਤਾਂ ਪੜ੍ਹੋ ਤਾਂ ਤੁਹਾਨੂੰ ਪ੍ਰਭਾਵ ਮਿਲੇਗਾ ਕਿ ਉਸ ਵਿਚ ਆਮ ਵਰਤੀਂਦੇ ਅਰਬੀ-ਫਾਰਸੀ ਪਿਛੋਕੜ ਦੇ ਸ਼ਬਦਾਂ ਦਾ ਪ੍ਰਯੋਗ ਸੁਚੇਤ ਤੌਰ 'ਤੇ ਘਟਾਇਆ ਜਾ ਰਿਹਾ ਹੈ। ਸੰਸਕ੍ਰਿਤ ਦੇ ਬੋਝ ਥੱਲੇ ਦੱਬੀਆਂ ਇਨ੍ਹਾਂ ਰਚਨਾਵਾਂ ਦੀ ਭਾਸ਼ਾ ਵਿਚ ਸਹਿਜਤਾ ਅਤੇ ਸੰਚਾਰ ਦੀ ਢੇਰ ਕਮੀ ਦਿਸਦੀ ਹੈ।



ਮੁਸਲਮਾਨਾਂ ਖਿਲਾਫ਼ ਭਾਸ਼ਾਈ ਹਮਲੇ ਦੇ ਹੋਰ ਅਨੇਕਾਂ ਸਥੂਲ ਤੇ ਸੂਖਮ ਆਯਾਮ ਹਨ ਪਰ ਅੱਜ ਅਸੀਂ ਇਕ ਨਾਂ ਦੀ ਚਰਚਾ ਕਰਨੀ ਹੈ ਜਿਸ ਉਪਰ ਸੰਘੀ ਅੰਧਭਗਤਾਂ ਨੇ ਆਪਣੀ ਘਿਰਣਾ ਦਾ ਬਹੁਤ ਹੋਛੇ ਪੱਧਰ 'ਤੇ ਦਿਖਾਵਾ ਕੀਤਾ ਹੈ। ਐਕਟਰ ਜੋੜੀ ਕਰੀਨਾ ਕਪੂਰ ਅਤੇ ਸੈਫ਼ ਅਲੀ ਖਾਨ ਨੇ ਜਦ 2016 ਵਿਚ ਜਨਮੇ ਆਪਣੇ ਬੇਟੇ ਨੂੰ 14ਵੀਂ ਸਦੀ ਦੇ ਤੁਰਕ ਰਾਜੇ ਤੈਮੂਰ ਦਾ ਨਾਂ ਦਿੱਤਾ ਤਾਂ ਹਿੰਦੂਤਵ ਜਗਤ ਵਿਚ ਉਨ੍ਹਾਂ ਪ੍ਰਤੀ ਘਿਰਣਾ ਦਾ ਭੂਚਾਲ ਹੀ ਉਮਡ ਆਇਆ। ਉਸ ਬੇਕਸੂਰ ਬੱਚੇ ਨੂੰ ਵੀ ਨਾ ਬਖਸ਼ਦਿਆਂ ਅਤਿਵਾਦੀ ਗਰਦਾਨ ਦਿੱਤਾ ਗਿਆ। ਇਹ ਬਕ-ਬਕ ਅਜੇ ਮੱਠੀ ਹੀ ਹੋ ਰਹੀ ਸੀ ਕਿ ਕੁਮਾਰ ਵਿਸ਼ਵਾਸ ਨਾਂ ਦੇ ਕਵੀ ਅਤੇ ਘਟੀਆ ਰਾਜਨੀਤੀ ਕਰਨ ਵਾਲੇ ਨੇ ਉਸ ਦੇ ਬੇਟੇ ਤੈਮੂਰ 'ਤੇ ਘਿਨਾਉਣੀ ਟਿੱਪਣੀ ਕਰਦਿਆਂ ਧਮਕਾਇਆ ਕਿ 'ਇਹ ਨਹੀਂ ਚੱਲੇਗਾ'। ਸੈਫ਼ ਅਲੀ ਦੇ ਘਰ ਅੱਧੀ ਰਾਤੀਂ ਇੱਕ ਬੰਦੇ ਦੇ ਵੜਨ ਅਤੇ ਉਸ ਵਲੋਂ ਸੈਫ਼ 'ਤੇ ਕਾਤਲਾਨਾ ਹਮਲਾ ਕਰਨ ਦੀ ਘਟਨਾ ਨੇ ਇਸ ਨੂੰ ਫੇਰ ਹਵਾ ਦੇ ਦਿੱਤੀ। ਕਾਰਨ? ਤੈਮੂਰ ਮੁਸਲਮਾਨ ਸੀ ਅਤੇ ਉਸ ਨੇ ਭਾਰਤ 'ਤੇ ਹਮਲਾ ਕਰ ਕੇ ਏਥੇ ਦੇ ਲੋਕਾਂ 'ਤੇ ਜ਼ੁਲਮ ਢਾਹੇ। ਚਲੋ ਤੈਮੂਰ ਦੀ ਏਸ਼ੀਆ ਮਾਰੋ-ਮਾਰ ਬਾਰੇ ਕੁਝ ਜਾਣਕਾਰੀ ਲੈ ਲਈਏ।

ਤੈਮੂਰ ਤੁਰਕ-ਮੰਗੋਲ ਪਿਛੋਕੜ ਦਾ ਅਜੋਕੇ ਉਜ਼ਬੇਕਿਸਤਾਨ ਵਿਚ ਜਨਮਿਆ ਯੋਧਾ ਸੀ ਜਿਸ ਨੇ ਚੌਦਵੀਂ ਸਦੀ ਦੀ ਤੀਸਰੀ ਚੌਥਾਈ ਦੌਰਾਨ ਪੱਛਮੀ ਅਤੇ ਮੱਧ ਏਸ਼ੀਆ 'ਤੇ ਭਾਰੀ ਜਿੱਤਾਂ ਪ੍ਰਾਪਤ ਕਰ ਕੇ ਵਿਸ਼ਾਲ ਤੈਮੂਰ ਰਾਜਵੰਸ਼ ਦੀ ਨੀਂਹ ਰੱਖੀ। ਜਵਾਨੀ ਵਿਚ ਹੀ ਉਸ ਦੀ ਇੱਕ ਲੱਤ 'ਤੇ ਸੱਟ ਲੱਗਣ ਕਾਰਨ ਉਹ ਲੰਗੜਾ ਹੋ ਗਿਆ ਜਿਸ ਕਰਕੇ ਇਤਿਹਾਸ ਵਿਚ ਉਹ ਤੈਮੂਰ ਲੰਗ ਦੇ ਕੁਨਾਂ ਵਜੋਂ ਕੁਖਿਆਤ ਕੀਤਾ ਗਿਆ। ਹੋਰ ਭਾਸ਼ਾਵਾਂ ਵਿਚ ਇਸ ਨਾਂ ਦੇ ਹੋਰ ਰੁਪਾਂਤਰ ਵੀ ਹਨ। ਸਾਡੀ ਭਾਸ਼ਾ ਵਿਚ ਹੀ ਇਸ ਨਾਂ ਨੂੰ ਵਿਗਾੜ ਕੇ ਤੇ ਉਸ ਨੂੰ ਹੋਰ ਨੀਚਾ ਦਿਖਾਉਣ ਹਿੱਤ 'ਤਿਮਿਰਲਿੰਗ' ਵੀ ਕਿਹਾ ਜਾਣ ਲੱਗਾ। ਹੋਰ ਤਾਂ ਹੋਰ ਕਿਸੇ ਵੀ ਲੰਗੜੇ ਆਦਮੀ ਲਈ ਉਸ ਦੀ ਪਿੱਠ ਪਿੱਛੇ ਲੋਕ ਤਿਮਿਰਲਿੰਗ ਛੇੜ ਪਾ ਦਿੰਦੇ ਹਨ। ਤੈਮੂਰ ਦਾ ਸਾਮਰਾਜ ਅਜੋਕੇ ਤੁਰਕੀ, ਸੀਰੀਆ, ਇਰਾਕ, ਕੁਵੈਤ, ਕਜ਼ਾਖਸਤਾਨ, ਅਫਗਾਨਿਸਤਾਨ, ਉਜ਼ਬੇਕਿਸਤਾਨ, ਰੂਸ, ਚੀਨ ਅਤੇ ਭਾਰਤ ਤੱਕ ਫੈਲ ਗਿਆ। ਆਪਣੇ ਰਾਜ ਵਿਸਤਾਰ ਦੌਰਾਨ ਉਸ ਨੇ ਮਾਰ-ਧਾੜ ਦੀ ਹੱਦ ਟੱਪ ਦਿੱਤੀ ਜਿਸ ਕਾਰਨ ਦਮਿਸ਼ਕ, ਬਗਦਾਦ, ਦਿੱਲੀ ਅਤੇ ਫਾਰਸ, ਅਰਬ ਤੇ ਤੁਰਕ ਇਲਾਕੇ ਦੇ ਹੋਰ ਕਈ ਸ਼ਹਿਰ ਬੁਰੀ ਤਰ੍ਹਾਂ ਲੁੱਟੇ ਅਤੇ ਨੇਸਤੋ-ਨਾਬੂਦ ਕੀਤੇ ਗਏ। ਪਰ ਮੱਧ ਏਸ਼ੀਆ ਦਾ ਇਲਾਕਾ ਇਸ ਦੌਰ ਵਿਚ ਵਿਕਾਸ ਦੇ ਸਿਰੇ 'ਤੇ ਪੁੱਜ ਗਿਆ। ਇਸੇ ਕਰਕੇ ਉਸ ਨੂੰ ਮੱਧ ਏਸ਼ੀਆ ਵਿਚ ਵਡਿਆਇਆ ਜਾਂਦਾ ਹੈ ਜਦ ਕਿ ਹੋਰ ਥਾਈਂ ਉਸ ਪ੍ਰਤੀ ਅਤਿ ਘਿਰਣਾ ਹੈ। ਪੱਛਮੀ ਏਸ਼ੀਆ ਦੇ ਦੇਸ਼ਾਂ ਵਿਚ ਅਜੇ ਵੀ ਲੋਕ ਆਪਣੇ ਬੱਚਿਆਂ ਦਾ ਨਾਂ ਫਖ਼ਰ ਨਾਲ ਤੈਮੂਰ ਰੱਖਦੇ ਹਨ। ਫਾਰਸੀ ਸਾਹਿਤ ਵਿਚ ਉਸ ਨੂੰ ਫਤਿਹ ਜਹਾਨ ਕਰ ਕੇ ਵਡਿਆਇਆ ਜਾਂਦਾ ਹੈ।

ਉਸ ਨੇ ਚੰਗੇਜ਼ ਖਾਂ ਦੇ ਪਰਿਵਾਰ ਵਿਚ ਵਿਆਹ ਕਰਕੇ ਆਪਣਾ ਨਾਂ ਤੈਮੂਰ ਗੁਰਕਾਨੀ ਰੱਖ ਲਿਆ ਤੇ 'ਮਹਾਨ' ਚੰਗੇਜ਼ ਪਰੰਪਰਾ ਦਾ ਪੇਸ਼ਵਾ ਬਣ ਬੈਠਾ। ਮੰਗੋਲ ਭਾਸ਼ਾ ਦੇ 'ਗੁਰਕਾਨੀ' ਸ਼ਬਦ ਦਾ ਮਤਲਬ ਹੈ ਜਵਾਈ। ਤੈਮੂਰ ਬਚਪਨ ਤੋਂ ਹੀ ਬੇਹੱਦ ਬਹਾਦਰ, ਬੁੱਧੀਵਾਨ, ਪੜ੍ਹਿਆ-ਲਿਖਿਆ ਅਤੇ ਸੁਨੱਖਾ ਸੀ। ਉਸ ਵਿਚ ਮਾਰ-ਧਾੜ ਕਰਨ ਅਤੇ ਇਲਾਕੇ ਜਿੱਤਣ ਦੀ ਅਮੁੱਕ ਲਾਲਸਾ ਸੀ। ਫੌਜੀ ਜਿੱਤਾਂ ਹਾਸਿਲ ਕਰਦਿਆਂ ਉਸ ਨੇ ਚੰਗੇਜ਼ ਖਾਂ ਦੇ ਪੁੱਤਰ ਚਗਤਾਈ ਖਾਂ ਦੇ ਇਲਾਕੇ 'ਤੇ ਅਧਿਕਾਰ ਜਮਾ ਲਿਆ। 'ਚਗਤਾਈ' ਇਸ ਇਲਾਕੇ ਦੇ ਇੱਕ ਕਬੀਲੇ ਅਤੇ ਭਾਸ਼ਾ ਦਾ ਨਾਂ ਵੀ ਹੈ। ਪੰਜਾਬੀ ਵਿਚ ਇਨ੍ਹਾਂ ਨੂੰ 'ਚੁਗੱਤੇ' ਕਿਹਾ ਜਾਂਦਾ ਹੈ। ਇਨ੍ਹਾਂ ਬਾਰੇ ਇਕ ਕਹਾਵਤ ਸੁਣੋ, 'ਖਸਮ ਕੀਤਾ ਚੁਗੱਤਾ, ਉਹੀ ਚੱਕੀ ਉਹੀ ਪੀਠਾ'; ਪੋਠੋਹਾਰ ਵਿਚ ਇਸ ਕਬੀਲੇ ਦੇ ਕਈ ਲੋਕ ਰਹਿੰਦੇ ਹਨ।

1398 ਵਿਚ ਤੈਮੂਰ ਨੇ ਭਾਰਤ ਵੱਲ ਰੁਜੂਹ ਕੀਤਾ। ਉਦੋਂ ਭਾਰਤ ਵਿਚ ਨਿਘਾਰ ਨੂੰ ਪੁੱਜਾ ਸੁਲਤਾਨ ਤੁਗਲਕ ਦਾ ਰਾਜ ਸੀ। ਤੈਮੂਰ ਦੀਆ ਫੌਜਾਂ ਨੇ ਜ਼ਬਰਦਸਤ ਕਤਲੋ-ਗਾਰਦ ਕਰਕੇ ਤੁਲਾਂਬਾ ਤੇ ਮੁਲਤਾਨ ਦੇ ਇਲਾਕੇ ਹਥਿਆਏ ਤੇ ਫਿਰ ਦਿੱਲੀ 'ਤੇ ਹਮਲਾ ਕੀਤਾ। ਤੁਗਲਕ ਦੇ ਹਾਥੀਆਂ ਦਾ ਮੁਕਾਬਲਾ ਕਰਨ ਲਈ ਤੈਮੂਰ ਨੇ ਆਪਣੇ ਊਠਾਂ 'ਤੇ ਲੱਕੜੀਆਂ ਲਦਵਾ ਕੇ ਉਨ੍ਹਾਂ ਨੂੰ ਅੱਗ ਲਵਾ ਦਿੱਤੀ ਜਿਸ ਕਾਰਨ ਤੁਗਲਕ ਦੇ ਹਾਥੀ ਡਰ ਕੇ ਪਿੱਛੇ ਭੱਜ ਗਏ ਤੇ ਆਪਣੀ ਸੈਨਾ ਨੂੰ ਹੀ ਮਾਰਨ ਦਾ ਕਾਰਨ ਬਣੇ। ਉਹ ਏਨਾ ਕਰੂਰ ਸੀ ਕਿ ਉਸ ਨੇ ਲਗਭਗ ਸਾਰੀ ਦਿੱਲੀ ਤਬਾਹ ਕਰ ਦਿੱਤੀ, ਬਾਸ਼ਿੰਦੇ ਮਾਰ ਸੁੱਟੇ ਤੇ ਖੂਬ ਮਾਲ ਲੁੱਟਿਆ। ਉਸ ਨੇ ਇਸ ਮੁਹਿੰਮ ਦੌਰਾਨ ਬਣਾਏ ਇੱਕ ਲੱਖ ਗੁਲਾਮਾਂ ਨੂੰ ਇਸ ਡਰੋਂ ਮਾਰ ਮੁਕਾਇਆ ਕਿ ਉਹ ਬਗਾਵਤ ਨਾ ਕਰ ਦੇਣ। ਤੈਮੂਰ ਦੀਆਂ ਕਈ ਸਿਫਤਾਂ ਵੀ ਸਨ। ਉਹ ਮੌਲਿਕ ਰਣਨੀਤੀਕਾਰ, ਬੇਹੱਦ ਕਲਾਪ੍ਰੇਮੀ ਤੇ ਦਾਨਿਸ਼ਮੰਦਾਂ ਦਾ ਕਦਰਦਾਨ ਸੀ। ਉਹ ਲੜਾਈ ਦੌਰਾਨ ਪ੍ਰਤਿਭਾਸ਼ਾਲੀ ਲੋਕਾਂ ਨੂੰ ਆਪਣੇ ਨਾਲ ਲੈ ਜਾਂਦਾ ਸੀ। ਉਸ ਨੇ ਆਪਣੀ ਰਾਜਧਾਨੀ ਅਜੋਕੇ ਉਜ਼ਬੇਕਿਸਤਾਨ ਦੇ ਸ਼ਹਿਰ ਸਮਰਕੰਦ ਵਿਚ ਅਲੀਸ਼ਾਨ ਇਮਾਰਤਾਂ ਬਣਵਾਈਆਂ। ਤੈਮੂਰ ਪਿਛੋਂ ਉਸ ਦੇ ਸਭ ਤੋਂ ਛੋਟੇ ਪੁੱਤਰ ਸ਼ਾਹ ਰੁਖ ਨੇ ਰਾਜ ਸੰਭਾਲਿਆ। ਇਸ ਨਾਂ ਦਾ ਅਰਥ ਹੈ ਸ਼ਾਹੀ ਚਿਹਰਾ। ਉਜ਼ਬੇਕਿਸਤਾਨ ਵਿਚ ਦੋਨਾਂ ਪਿਉ ਪੁੱਤਰਾਂ ਦੀ ਖੂਬ ਮਾਨਤਾ ਹੈ। ਉਜ਼ਬੇਕਿਸਤਾਨ ਦੀ ਸੈਰ ਕਰਨ ਪਿੱਛੋਂ ਮੇਰੇ ਇੱਕ ਰਿਸ਼ਤੇਦਾਰ ਨੇ ਦੱਸਿਆ ਕਿ ਉਥੇ ਸਾਡੇ ਫਿਲਮੀ ਐਕਟਰ ਸ਼ਾਹ ਰੁਖ ਖਾਨ ਪ੍ਰਤੀ ਬੇਹੱਦ ਸ਼ਰਧਾ ਹੈ। ਮੈਂ ਉਸ ਨੂੰ ਦੱਸਿਆ ਕਿ ਤੁਹਾਨੂੰ ਭੁਲੇਖਾ ਲੱਗਾ ਹੋਵੇਗਾ, ਤੈਮੂਰ ਦਾ ਬੇਟਾ ਸ਼ਾਹ ਰੁਖ ਉਥੋਂ ਦਾ ਹਾਕਿਮ ਰਿਹਾ ਹੈ, ਸ਼ਰਧਾ ਉਸ ਪ੍ਰਤੀ ਹੈ। ਦੱਸ ਦੇਈਏ ਕਿ 'ਤੈਮੂਰ' ਮੁੱਢਲੇ ਤੌਰ 'ਤੇ ਅਲਤਾਇਕ ਭਾਸ਼ਾ ਪਰਿਵਾਰ ਦੀ ਤੁਰਕ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮਤਲਬ ਹੈ ਲੋਹਾ ਤੇ ਨਾਂ ਵਜੋਂ ਅਰਥ ਹੋਇਆ ਲੋਹੇ ਜਿੰਨਾ ਸ਼ਕਤੀਸ਼ਾਲੀ, ਬਹਾਦਰ; ਜਿਵੇਂ ਸਾਡਾ ਤੇਗ ਬਹਾਦਰ। ਬਹੁਤ ਸਾਰੇ ਸ੍ਰੋਤ ਇਸ ਨੂੰ ਫਾਰਸੀ ਜਾਂ ਅਰਬੀ ਸ਼ਬਦ ਦੱਸਦੇ ਹਨ ਪਰ ਅਜਿਹਾ ਨਹੀਂ ਹੈ। ਹਾਂ ਕਈ ਮੁਸਲਮਾਨੀ ਦੇਸ਼ਾਂ ਵਿਚ ਲੋਕ ਇਹ ਨਾਂ ਅੱਜ ਵੀ ਰੱਖਦੇ ਹਨ।

ਇਤਿਹਾਸਕਾਰਾਂ ਨੇ ਤੈਮੂਰ ਨੂੰ 'ਇਸਲਾਮ ਦੀ ਤਲਵਾਰ' ਕਿਹਾ ਹੈ ਕਿਉਂਕਿ ਉਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਏਸ਼ੀਆ ਭਰ ਵਿਚ ਇਸਲਾਮ ਫੈਲਾਉਣ ਲਈ ਤਲਵਾਰ ਉਠਾਈ। ਇਹ ਗੱਲ ਅਰਧ-ਸੱਚ ਕਹੀ ਜਾ ਸਕਦੀ ਹੈ। ਰਾਜਾਸ਼ਾਹੀ ਯੁੱਗ ਵਿਚ ਸਭ ਦੇਸ਼ਾਂ ਵਿਚ ਸਭ ਧਰਮਾਂ ਦੇ ਰਾਜਿਆਂ ਦਾ ਮੁੱਖ ਮਨੋਰਥ ਰਾਜ ਵਿਸਤਾਰ ਹੁੰਦਾ ਸੀ ਜਿਸ ਦੀ ਲੋਕ ਪ੍ਰਵਾਨਗੀ ਲਈ ਉਹ ਧਰਮ ਦਾ ਸਹਾਰਾ ਲੈਂਦੇ ਸਨ। ਤੈਮੂਰ ਨੇ ਦਿੱਲੀ ਸਮੇਤ ਅਨੇਕਾਂ ਥਾਵਾਂ 'ਤੇ ਮੁਸਲਮਾਨ ਰਾਜਿਆਂ ਨੂੰ ਹੀ ਹਰਾਇਆ। ਇਤਿਹਾਸਕਾਰ ਮੰਨਦੇ ਹਨ ਕਿ ਨਿੰਜੀ ਤੌਰ 'ਤੇ ਉਹ ਧਰਮ ਪੱਖੋਂ ਉਦਾਰਵਾਦੀ ਸੀ। ਭਾਰਤ ਵਿਚ ਉਸ ਦੇ ਖਿਲਾਫ਼ ਨਫ਼ਰਤ ਵਧੇਰੇ ਕਰਕੇ ਉਸ ਦੇ ਮੁਸਲਮਾਨ ਹੋਣ ਕਰਕੇ ਹੀ ਹੈ।

ਭਾਵੇਂ ਆਪਣੇ ਬੱਚੇ ਦਾ ਨਾਂ ਰੱਖਣਾ ਹਰ ਇੱਕ ਦਾ ਨਿੰਜੀ ਫੈਸਲਾ ਹੈ ਫਿਰ ਵੀ ਮੈਂ ਕਹਾਂਗਾ ਕਿ ਸੈਫ਼ ਅਲੀ ਨੂੰ ਘੱਟੋ-ਘੱਟ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਸੀ ਕਿ ਦੇਸ਼ ਵਿਚ ਜ਼ਬਰਦਸਤ ਤੁਅੱਸਬੀ ਮਾਹੌਲ ਦੇ ਹੁੰਦਿਆਂ ਅੰਧ ਭਗਤ ਲੋਕਾਂ ਵਲੋਂ ਕਿਸ ਤਰ੍ਹਾਂ ਦਾ ਪ੍ਰਤਿਕਰਮ ਹੋ ਸਕਦਾ ਹੈ ਜਿਸ ਦਾ ਖਮਿਆਜ਼ਾ ਉਸ ਨੂੰ ਖੁਦ ਤੇ ਉਸ ਦੇ ਬੱਚੇ ਨੂੰ ਵੀ ਭੁਗਤਣਾ ਪੈ ਸਕਦਾ ਹੈ। ਉਸ ਦੀ ਪਤਨੀ ਕਰੀਨਾ ਕਪੂਰ ਨੇ ਦੱਸਿਆ ਕਿ ਸੈਫ਼ ਅਲੀ ਇਤਿਹਾਸ ਦਾ ਖੂਬ ਜਾਣਕਾਰ ਹੈ ਪਰ ਉਸ ਨੇ ਇਹ ਨਾਂ ਇਸ ਲਈ ਰੱਖਿਆ ਕਿ ਇਸ ਦੀ ਧੁਨੀ ਬਹੁਤ ਮੋਹਕ ਹੈ ਤੇ ਅਰਥ ਤਾਂ ਸ਼ਕਤੀਸ਼ਾਲੀ ਹੈ ਹੀ। ਸੈਫ਼ ਅਲੀ ਨੇ ਏਥੇ ਬੇਸਮਝੀ ਦਾ ਹੀ ਵਿਖਾਵਾ ਕੀਤਾ ਹੈ।

# ਜ਼ਿੰਦਗੀ ਜਿਊਣਾ ਵੀ ਇੱਕ ਕਲਾ ਹੈ



ਸੰਜੀਵ ਸਿੰਘ ਸੈਣੀ
ਫੋਨ: 78889-66168

ਜ਼ਿੰਦਗੀ ਖ਼ੂਬਸੂਰਤ ਹੈ। ਸਾਨੂੰ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮੰਨਣਾ ਚਾਹੀਦਾ ਹੈ। ਅਕਸਰ ਜਦੋਂ ਅਸੀਂ ਕਿੱਥੇ ਜਾਂਦੇ ਹਾਂ ਜਾਂ ਦੋਸਤਾਂ ਮਿੱਤਰਾਂ ਨੂੰ ਮਿਲਦੇ ਹਾਂ ਤਾਂ ਅਸੀਂ ਪੁੱਛਦੇ ਹਾਂ ਕਿ ਹਾਂਜੀ ਭਾਈ ਸਾਹਿਬ! ਕੀ ਹਾਲ ਚਾਲ ਹੈ ਤੁਹਾਡਾ? ਹੋਰ ਕਿਵੇਂ ਚੱਲ ਰਹੀ ਹੈ ਜ਼ਿੰਦਗੀ? ਅਕਸਰ ਸਾਹਮਣੇ ਤੋਂ ਇਹੀ ਜਵਾਬ ਮਿਲਦਾ ਹੈ ਕਿ ਬਸ ਕੱਟ ਰਹੇ ਹਾਂ, ਇੰਜ ਪ੍ਰਤੀਤ ਹੁੰਦਾ ਹੈ ਕਿ ਅਜਿਹੇ ਲੋਕ ਜ਼ਿੰਦਗੀ ਨੂੰ ਆਨੰਦਮਈ ਬਤੀਤ ਨਹੀਂ ਕਰ ਰਹੇ ਹੁੰਦੇ, ਸਗੋਂ ਬੋਝ ਸਮਝ ਕੇ ਕੱਟ ਰਹੇ ਹੁੰਦੇ ਹਨ। ਦੇਖੋ ਸੁੱਖ ਦੁੱਖ ਜ਼ਿੰਦਗੀ ਦੇ ਪਰਛਾਵੇ ਹਨ। ਹਰ ਇਨਸਾਨ ਦੀ ਜ਼ਿੰਦਗੀ ਵਿਚ ਇਹਨਾਂ ਨੇ ਆ ਕੇ ਜਾਣਾ ਹੈ। ਜੇ ਸਾਰੀ ਜ਼ਿੰਦਗੀ ਵਧੀਆ ਹੀ ਚਲਦੀ ਰਹੇ ਤਾਂ ਪਤਾ ਹੀ ਨਹੀਂ ਚੱਲਦਾ। ਕਹਿਣ ਦਾ ਮਤਲਬ ਹੈ ਕਿ ਇੱਕ ਤਰ੍ਹਾਂ ਨਾਲ ਤੁਹਾਡੇ ਅੰਦਰ ਵਿਸ਼ਵਾਸ ਹੀ ਪੈਦਾ ਨਹੀਂ ਹੁੰਦਾ। ਸਗੋਂ ਦੁੱਖ ਵਿਚ ਤੁਸੀਂ ਆਪਣਾ ਅੰਦਰਲਾ ਮਜਬੂਤ ਕਰਕੇ ਸਮੱਸਿਆਵਾਂ ਦਾ ਹੌਸਲੇ ਨਾਲ ਟੱਕਰਾ ਕਰਦੇ ਹੋ। ਤੁਹਾਡੇ ਅੰਦਰ ਹੋਰ ਵਿਸ਼ਵਾਸ ਪੈਦਾ ਹੁੰਦਾ ਹੈ। ਜ਼ਿੰਦਗੀ ਜਿਊਣ ਲਈ ਜ਼ਿੰਦਾਦਿਲੀ ਦੀ ਲੋੜ ਹੈ।

ਇਹ ਜੋ ਜ਼ਿੰਦਗੀ ਹੈ ਇਹ ਖ਼ੂਬਸੂਰਤ ਖਜ਼ਾਨਾ ਹੈ। ਜਨਮ ਤੋਂ ਲੈ ਕੇ ਆਖ਼ਰੀ ਸਾਹਾਂ ਤੱਕ ਬੰਦੇ ਨੂੰ ਕਿੰਨੇ ਹੀ ਤਰ੍ਹਾਂ ਦੇ ਸੁੱਖ, ਦੁੱਖ ਮਿਲਦੇ ਹਨ । ਜਦੋਂ ਸੁੱਖ ਮਿਲਦੇ ਹਨ ਤਾਂ ਬੰਦਾ ਪਰਮਾਤਮਾ ਦਾ ਸ਼ੁਕਰਗੁਜ਼ਾਰ ਕਰਦਾ ਹੈ ਕਿ ਮੇਰੇ ਵਰਗਾ ਮੈਨੂੰ ਇੰਜ ਪ੍ਰਤੀਤ ਹੁੰਦਾ ਹੈ ਕਿ ਕੋਈ ਕਰਮਾਂ ਵਾਲਾ ਨਹੀਂ ਹੈ। ਤੁਸੀਂ ਮੈਨੂੰ ਇੰਨੇ ਸੁੱਖ ਦਿੱਤੇ। ਜਦੋਂ ਸਾਡੇ ਉੱਤੇ ਮਾੜਾ ਸਮਾਂ ਆ ਜਾਂਦਾ ਹੈ ਫਿਰ ਅਸੀਂ ਉਸੇ ਹੀ ਪਰਮਾਤਮਾ ਨੂੰ ਕੋਸਣ ਲੱਗ ਜਾਂਦੇ ਹਨ। ਅਸੀਂ ਕਹਿੰਦੇ ਹਨ ਕਿ ਮੇਰੀ ਕਿਸਮਤ ਬਹੁਤ ਮਾੜੀ ਹੈ , ਪ੍ਰਮਾਤਮਾ ਤੂੰ ਮੇਰੇ ਨਾਲ ਇੰਜ ਕਿਉਂ ਕੀਤਾ? ਅਸੀਂ ਆਪਣੇ ਵੱਖ ਵੱਖ ਕਿਰਦਾਰ ਨਿਭਾ ਕੇ ਇਥੋਂ ਚਲੇ ਜਾਂਦੇ ਹਨ। ਖੁਸ਼ੀ ਨੇ ਵੀ ਸਦਾ ਨਹੀਂ ਰਹਿਣਾ ਹੈ। ਅਸੀਂ ਕੁੱਝ ਹੀ ਪਲ ਦਾ ਆਨੰਦ ਮਾਣਦੇ ਹਾਂ। ਜਦੋਂ ਦੁੱਖ ਪੈ ਜਾਂਦਾ ਇਹ ਹੁਣ ਸਾਡੇ ਉੱਤੇ ਨਿਰਭਰ ਕਰਦਾ ਕਿ ਅਸੀਂ ਦੁੱਖ ਵਿਚੋਂ ਕਿਸ ਤਰ੍ਹਾਂ ਨਿਕਲਣਾ ਹੈ। ਕਈ ਚੰਗੇ ਇਨਸਾਨ ਦੁੱਖ ਨੂੰ ਵੀ ਸਹਿਣਸ਼ੀਲ, ਨਿਮਰ, ਆਪਣੇ ਤੇ ਵਿਸ਼ਵਾਸ ਰੱਖ ਕੇ ਹੀ ਕੱਢ ਲੈਂਦੇ ਹਨ। ਮਾੜਾ ਸਮਾਂ ਵੀ ਸਾਨੂੰ ਕੁੱਝ ਨਾ ਕੁੱਝ ਸਿਖਾ ਕੇ ਜਾਂਦਾ ਹੈ।ਕਈ ਅਜਿਹੇ ਵਿਰਲੇ ਵੀ ਹੁੰਦੇ ਨੇ ਜਿਹੜੇ ਦੁੱਖਾਂ ਦਾ ਸਾਹਮਣਾ ਨਾ ਕਰਦੇ ਹੋਏ ਆਤਮ ਹੱਤਿਆਵਾਂ ਵੀ ਕਰ ਲੈਂਦੇ ਹਨ। ਕਿਉਂਕਿ ਉਹਨਾਂ ਦੇ ਅੰਦਰ ਨਕਰਾਤਮਕ ਵਿਚਾਰ ਆ ਜਾਂਦੇ ਹਨ। ਵਿਚਾਰ ਕਰਨ ਵਾਲੀ ਗੱਲ ਹੈ ਜੋ ਸੜਕ ਹੁੰਦੀ ਹੈ ਉਹ ਕਦੇ ਵੀ ਸਿੱਧੀ ਨਹੀਂ ਹੁੰਦੀ, ਉਸ ਵਿਚ ਟੇਡੇ ਮੇਡੇ ਮੋੜ ਵੀ ਆਉਂਦੇ ਹਨ। ਕਈ ਥਾਵਾਂ ਤੇ ਟੋਏ ਵੀ ਪਏ ਹੁੰਦੇ ਹਨ, ਕਈ ਥਾਵਾਂ ਤੇ ਗਟਕਾ ਵੀ ਪਿਆ ਹੁੰਦਾ ਹੈ।ਕਈ ਥਾਵਾਂ ਤੇ ਮਿੱਟੀ ਵੀ ਪਈ ਹੁੰਦੀ ਹੈ। ਕਹਿਣ ਦਾ ਮਤਲਬ ਹੈ ਕਿ ਸੜਕ ਸਾਫ ਸੁਥਰੀ ਨਹੀਂ ਹੁੰਦੀ ਹੈ। ਇਸੇ ਤਰ੍ਹਾਂ ਹੀ ਸਾਡੀ ਜ਼ਿੰਦਗੀ ਹੈ।



ਜੋ ਅੱਜ ਦਾ ਇਨਸਾਨ ਹੈ ਉਹ ਵਰਤਮਾਨ ਵਿਚ ਨਹੀਂ ਵਿਚਰ ਰਿਹਾ ਹੈ ।ਉਸ ਨੂੰ ਆਉਣ ਵਾਲੇ ਭਵਿੱਖ ਦੀ ਚਿੰਤਾ ਹੈ। ਭਵਿੱਖ ਦੀ ਚਿੰਤਾ ਕਰਨ ਅੱਜ ਦਾ ਇਨਸਾਨ ਤਰ੍ਹਾਂ-ਤਰ੍ਹਾਂ ਦੀ ਬਿਮਾਰੀਆਂ ਨਾਲ ਘਿਰ ਗਿਆ ਹੈ। ਵਰਤਮਾਨ ਵਿਚ ਜਿਊਣਾ ਉਸਨੇ ਭੁਲਾ ਦਿੱਤਾ ਹੈ। ਜੋ ਅੱਜ ਕੱਲ ਦੀ ਜ਼ਿੰਦਗੀ ਹੈ ਉਹ ਤਾਂ ਵੈਸੇ ਹੀ ਬਹੁਤ ਛੋਟੀ ਹੈ। ਪਤਾ ਹੀ ਨਹੀਂ ਚੱਲਦਾ ਕਿ ਕਦੋਂ ਇਨਸਾਨ ਇਸ ਸੰਸਾਰ ਤੋਂ ਚਲਾ ਜਾਂਦਾ ਹੈ, ਰਾਤ ਨੂੰ ਭਲਾ ਚੰਗਾ ਸੌਂਦਾ। ਸਵੇਰੇ ਮੈਸੇਜ ਹੀ ਪੜ੍ਹਦੇ ਹਨ ਕਿ ਫਲਾਣਾ ਇਨਸਾਨ ਚਲਾ ਗਿਆ। ਦੇਖੋ !ਜੋ ਸਮਾਂ ਬੀਤ ਗਿਆ, ਉਸਨੇ ਮੁੜ ਨਹੀਂ ਆਉਣਾ। ਬਿਹਤਰੀਨ ਹੈ ਕਿ ਤੁਸੀਂ ਬੀਤੇ ਹੋਏ ਸਮੇਂ ਦੀਆਂ ਗਲਤੀਆਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰੋ। ਕਈ ਵਾਰ ਅਸੀਂ ਕਹਿ ਦਿੰਦੇ ਹਾਂ ਕਿ ਯਾਰ ਜੇ ਮੈਂ ਇਹ ਕਰ ਦਿੰਦਾ, ਤਾਂ ਇੰਝ ਹੋ ਜਾਣਾ ਸੀ। ਜੋ ਇਨਸਾਨ ਹੈ ਉਹ ਗਲਤੀਆਂ ਦਾ ਪੁਤਲਾ ਹੈ। ਹਰ ਇਨਸਾਨ ਵਿਚ ਚੰਗੇ ਗੁਣ ਵੀ ਹੁੰਦੇ ਹਨ, ਮਾੜੇ ਗੁਣ ਵੀ ਹੁੰਦੇ ਹਨ। ਸਾਡੇ ਸਾਹਮਣੇ ਕਈ ਅਜਿਹੀਆਂ ਮਿਸਾਲਾਂ ਵੀ ਹੁੰਦੀਆਂ ਹਨ ਜੋ ਹਮੇਸ਼ਾ ਖੁਸ਼ਹਾਲ ਜ਼ਿੰਦਗੀ ਜਿਊਂਦੇ ਹੋਏ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਣਦੀਆਂ ਹਨ। ਸਾਨੂੰ ਛੋਟੀ ਛੋਟੀ ਖੁਸ਼ੀਆਂ ਨੂੰ ਮਾਨਣਾ ਆਉਣਾ ਚਾਹੀਦਾ ਹੈ। ਹਮੇਸ਼ਾ ਹਾਂ-ਪੱਖੀ ਸੋਚ ਨੂੰ ਅਪਣਾਈਏ, ਨਾਂਹ-ਪੱਖੀ ਵਿਚਾਰਾਂ ਵਾਲੇ ਲੋਕਾਂ ਤੋਂ ਦੂਰ ਰਹੀਏ। ਕਦੇ ਵੀ ਕਿਸੇ ਚੀਜ਼ ਭਾਵ ਪੈਸੇ, ਮਹਿਲ ਮਾੜੀਆਂ, ਧੀਆਂ, ਪੁੱਤਾਂ ਦਾ ਹੰਕਾਰ ਨਾ ਕਰੀਏ। ਆਪਣੇ ਰੁਤਬੇ ਦਾ ਅਹਿਮ ਨਾ ਕਰੀਏ। ਜਿੰਨਾ ਹੋ ਸਕੇ ਲੋੜਵੰਦਾਂ ਦੀ ਮਦਦ ਕਰੀਏ। ਮੌਤ ਇੱਕ ਸੱਚਾਈ ਹੈ ,ਹਰ ਇਨਸਾਨ ਨੇ ਇੱਕ ਦਿਨ ਇਥੋਂ ਜਾਣਾ ਹੈ। ਜਿਹੜੀ ਚੀਜ਼ ਨਾਲ ਨਹੀਂ ਜਾਣੀ, ਇਨਸਾਨ ਉਹੀ ਇਕੱਠੀ ਕਰਨ ਤੇ ਲੱਗਾ ਹੋਇਆ ਹੈ। ਨਿਮਰਤਾ, ਪ੍ਰੀਤ, ਪਿਆਰ, ਸਹਿਣਸ਼ੀਲਤਾ ਨਾਲ ਅਸੀਂ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਣ ਸਕਦੇ ਹਾਂ। ਅਸੀਂ ਜ਼ਿੰਦਗੀ ਨੂੰ ਜ਼ਿੰਦਾਦਿਲੀ ਨਾਲ ਜੀ ਸਕਦੇ ਹਾਂ।

# ਮੇਰੇ ਚੇਤਿਆਂ ਵਾਲਾ ਬਲਬੀਰ

ਬਲਬੀਰ ਮਾਧੋਪੁਰੀ 'ਛਾਂਗਿਆ ਰੁੱਖ' ਕਰਕੇ ਰਾਸ਼ਟਰੀ ਹੀ ਨਹੀਂ, ਸਗੋਂ ਅੰਤਰ-ਰਾਸ਼ਟਰੀ ਪਛਾਣ ਦਾ ਸੰਵੇਦਨਸ਼ੀਲ ਸਾਹਿਤਕਾਰ ਹੈ। ਉਸ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਨਵਯੁੱਗ ਪਬਲਿਸ਼ਰਜ ਦਿੱਲੀ ਤੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਵੱਲੋਂ 24 ਵਾਰ ਛਪਣ ਕਰਕੇ ਉਹ ਪੰਜਾਬੀ ਸਾਹਿਤ ਤੇ ਬਾਹਰਲੇ ਮੁਲਕਾਂ ਵਿਚ ਚਰਚਾ ਵਾਲੀ ਸ਼ਖਸੀਅਤ ਬਣ ਗਿਆ। ਪਹਿਲੀ ਵਾਰ ਇਸ ਪੁਸਤਕ ਵਿਚ ਦੱਬੇ-ਕੁਚਲੇ ਦਲਿਤ ਵਰਗ ਨਾਲ ਹੋਈ ਬੇਇਨਸਾਫ਼ੀ ਨੂੰ ਇੱਕ ਅਸਲੋਂ ਨਵੇਂ ਬਿਰਤਾਂਤ ਰਾਹੀਂ ਪੇਸ਼ ਕਰਕੇ ਉਨ੍ਹਾਂ ਸਰੋਕਾਰਾਂ ਦੀ ਪਛਾਣਦੇਹੀ ਹੋਈ ਹੈ, ਜੋ ਪੁਰਾਤਨ ਸਮੇਂ ਤੋਂ ਮਨੂੰਵਾਦੀ ਸੋਚ ਰਾਹੀਂ ਪੈਦਾ ਹੋਏ ਸਨ।



**ਡਾ. ਸੁਰਿੰਦਰ ਸਿੰਘ ਕੈਥਲ**
**ਫੋਨ: 94160-73122**

'ਛਾਂਗਿਆ ਰੁੱਖ' ਤੱਕ ਪੁੱਜਦੇ ਬਲਬੀਰ ਦਾ ਸਫ਼ਰ ਕੋਈ ਸੁਖਾਵਾਂ ਨਹੀਂ ਸੀ ਸਗੋਂ ਕੰਡਿਆਂ ਵਾਲਾ, ਸ਼ੋਸ਼ਣ ਵਾਲਾ ਤੇ ਜ਼ੁਲਮਾਂ ਵਾਲਾ ਸੀ। ਇਹ ਸਫ਼ਰ ਉੱਚ ਸ਼੍ਰੇਣੀ ਵਲੋਂ ਅਣ-ਕਿਆਸੇ ਅਸਹਿ ਤੇ ਅਕਹਿ ਦੁੱਖਾਂ ਵਾਲਾ ਸੀ, ਭਾਵੇਂ ਕਿ ਉਸਦੇ ਆਪਣਿਆਂ ਵੱਲੋਂ ਵੀ ਉਸਦੇ ਦੁੱਖਾਂ ਵਿਚ ਵਾਧਾ ਕੀਤਾ ਗਿਆ। ਅੱਜ ਦਾ ਬਲਬੀਰ ਜਦੋਂ ਵਿਚਾਰਧਾਰਕ ਤੌਰ 'ਤੇ ਲੋਕਾਂ ਵਿਚ ਵਿਚਰਦਾ ਹੈ ਤਾਂ ਉਹ ਛਾਂਗੇ ਹੋਏ ਰੁੱਖ ਵਾਂਗ ਨਹੀਂ ਹੈ।

ਅਸਲ ਵਿਚ ਜਦੋਂ ਅਸੀਂ ਕਿਸੇ ਰੁੱਖ ਨੂੰ ਛਾਂਗਦੇ ਹਾਂ ਤਾਂ ਉਸ ਵੇਲੇ ਛਾਂਗੇ ਹੋਏ ਰੁੱਖ ਦੀ ਕਹਾਣੀ ਹੋਰ ਹੁੰਦੀ ਹੈ, ਤੇ ਫਿਰ ਜਦੋਂ ਨਵੀਆਂ ਕੋਪਲਾਂ ਫੁੱਟਦੀਆਂ ਹਨ ਤਾਂ ਫਿਰ ਉਸ ਰੁੱਖ ਤੋਂ ਹੋਰ ਆਸ ਉਮੀਦ ਬੱਝਦੀ ਹੈ। ਪੱਤੇ ਵੱਡੇ ਹੁੰਦੇ ਹਨ ਤਾਂ ਫਿਰ ਉਸ ਵਿਚ ਨਵਾਂ ਬਿਰਤਾਂਤ ਜਨਮ ਲੈਂਦਾ ਹੈ। ਜਦੋਂ ਛਾਂਗਿਆ ਰੁੱਖ ਵੱਡੇ ਸਾਰੇ ਬੋਹੜ ਦੇ ਦਰਖਤ ਵਾਂਗ ਫੈਲ ਜਾਂਦਾ ਹੈ ਤਾਂ ਉਸਦੀ ਕਹਾਣੀ ਹੋਰ ਹੋ ਜਾਂਦੀ ਹੈ। ਬਲਬੀਰ ਵੀ ਆਪਣੇ ਸਮੇਂ ਵਿਚ ਨਿਰੰਤਰ ਸੰਘਰਸ਼ ਦਾ ਇਹੋ-ਜਿਹਾ ਸਫ਼ਰ ਕਰਦਾ ਰਿਹਾ। ਅੱਜ ਉਹ 'ਛਾਂਗਿਆ ਰੁੱਖ' ਦੇ ਰੂਪਕ ਵਾਂਗ ਨਹੀਂ, ਉਸ ਰੁੱਖ ਉਤੇ ਹੁਣ ਨਵੀ ਸੋਚ ਵਾਲੀਆਂ ਪੱਤੀਆਂ ਹਨ। ਅਜੋਕੀ ਨਵੀਂ ਜਾਗ੍ਰਿਤੀ ਵਿਚ ਉਸਦੀ ਸੋਚ ਬਹੁਪੱਖੀ ਹੋ ਕੇ ਕਈ ਵਿਧਾਵਾਂ ਵਿਚ ਸਾਹਿਤ-ਸਿਰਜਣਾ ਕਰਦੀ ਨਵੀਂਆਂ ਪੁਲਾਂਘਾਂ ਪੁੱਟ ਰਹੀ ਹੈ।

ਬਲਬੀਰ ਮੇਰਾ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦਾ ਸਹਿਪਾਠੀ ਸੀ। ਸਰਕਾਰੀ ਮਿਡਲ ਸਕੂਲ ਗੀਗਨਵਾਲ (ਜਲੰਧਰ) ਵਿਚ ਲਾਗੇ ਦੇ ਪਿੰਡਾਂ ਤੋਂ ਵਿਦਿਆਰਥੀ ਆਉਂਦੇ। ਸੁਚੇਤ ਪੱਧਰ 'ਤੇ ਭਾਵੇਂ ਮੈਂ ਇਸਦੀ ਪਛਾਣ ਜਾਂ ਸੁਭਾਅ ਬਾਰੇ ਬਹੁਤਾ ਕਦੇ ਗੌਲਿਆ ਨਹੀਂ ਸੀ, ਪਰ ਜਮਾਤ ਦਾ ਮੋਨੀਟਰ ਹੋਣ ਕਰਕੇ ਉਹ ਮੇਰੇ ਧਿਆਨ ਵਿਚ ਰਹਿੰਦਾ ਸੀ, ਐਨਾ ਕੁ ਯਾਦ ਹੈ। ਸੋਵੀਅਤ ਦਾ ਸਮਾਂ ਸੀ। ਮੇਰੀ ਸਾਹਿਤ-ਸਿਰਜਣਾ ਦਾ ਇਹ ਸੁਭਾਵਿਕ ਮੁੱਢਲਾ ਸਮਾਂ ਸੀ। ਸਕੂਲ ਵਿਚ ਇੱਕ ਝੋਲੇ ਵਾਲਾ ਬੰਦਾ—ਸੋਵੀਅਤ ਪ੍ਰਤਿਕਾ, ਬਾਲ ਸੰਦੇਸ਼, ਪ੍ਰੀਤਲੜੀ ਵਰਗੇ ਮੈਗਜ਼ੀਨ ਲੈ ਕੇ ਆਉਂਦਾ। ਖਰੀਦਣ ਤੇ ਪੜ੍ਹਨ ਵਾਲਿਆਂ ਵਿਚ ਮੈਂ ਮੋਹਰੀ ਹੁੰਦਾ ਸੀ। ਬਲਬੀਰ ਮੇਰੇ ਸੈਕਸ਼ਨ ਦੇ 25-30 ਸਹਿਪਾਠੀਆਂ ਵਿਚੋਂ ਸੀ। ਬਹੁਤੀ ਵਾਰ ਸਾਡੀ ਕਲਾਸ ਸਕੂਲ ਦੇ ਖੁੱਲ੍ਹੇ ਵਿਹੜੇ ਵਿਚ ਛਾਂਦਾਰ ਦਰਖਤਾਂ ਹੇਠ ਲੱਗਦੀ। ਉਹ ਆਪਣੇ ਭਰਾ 'ਰੌਣਕੀ ਰਾਮ' ਨਾਲ ਚੁੱਪ-ਚਾਪ ਕਲਾਸ ਵਿਚ ਬੈਠ ਜਾਂਦਾ। ਬਹੁਤੀ ਵਾਰੀ ਇਹ ਲੇਟ-ਕਮਰਾਂ ਵਿਚੋਂ ਹੁੰਦਾ ਸੀ। ਪਤਾ ਨਹੀਂ ਕਿਉਂ? ਕਈ-ਕਈ ਦਿਨ ਉਹ ਤੇ ਰੌਣਕੀ ਕਲਾਸ ਤੋਂ ਗੈਰ ਹਾਜ਼ਰ ਵੀ ਰਹਿੰਦੇ। ਪ੍ਰਾਰਥਨਾ ਸਭਾ ਸਮੇਂ ਵੀ ਇਹ ਦੋਵੇਂ ਬਹੁਤੀ ਵਾਰ ਦਿਖਾਈ ਨਾ ਦਿੰਦੇ। ਇੰਨਾ ਕੁ ਮੈਨੂੰ ਯਾਦ ਹੈ ਸਾਡੇ ਪਿੰਡੋਂ ਗੇਹਲੜਾਂ, ਭੂੰਦੀਆਂ, ਜੰਡੀਰਾਂ, ਬਹਿਰਾਮ, ਗੀਗਨਵਾਲ, ਸੋਹਲਪੁਰ, ਮਾਨਕ ਢੇਰੀ, ਤਲਵੰਡੀ ਤੇ ਮਾਧੋਪੁਰ ਤੋਂ ਕਲਾਸ ਵਿਚ ਜਿੰਨੇ ਮੁੰਡੇ-ਕੁੜੀਆਂ ਆਉਂਦੇ, ਉਨ੍ਹਾਂ ਵਿਚ ਸਭ ਤੋਂ ਚੁੱਪ ਰਹਿਣ ਵਾਲਾ ਬਲਬੀਰ ਸੀ। ਨਾ ਮੈਂ ਉਸਦੀ ਚੁੱਪ ਦਾ ਕਦੇ ਨੋਟਿਸ ਲਿਆ, ਕਿਉਂਕਿ ਸਾਡੀ ਉਮਰ ਹੀ ਐਦਾਂ ਦੀ ਸੀ।

ਮੇਰੇ ਧਿਆਨ ਵਿਚ ਉਹ ਉਦੋਂ ਆਇਆ, ਜਦੋਂ ਇੱਕ ਦਿਨ ਕਲਾਸ ਵਿਚ ਬੈਠੇ ਅਧਿਆਪਕ ਰਾਮਚੰਦ ਜੀ ਡਰਾਇੰਗ ਦਾ ਮਾਡਲ ਦੇ ਕੇ ਕੰਮ ਕਰਵਾ ਰਹੇ ਸਨ। ਲੱਗੀ ਕਲਾਸ ਵਿਚ ਗੀਗਨਵਾਲ ਵਾਲੇ ਕਸਤੂਰੀ ਦੀ ਮਾਂ ਗੰਦੀਆਂ ਗਾਲਾਂ ਕੱਢਦੀ ਪਤਾ ਨਹੀਂ ਕਿਸਨੂੰ ਰੋੜੇ ਵਗਾਹ-ਵਗਾਹ ਮਾਰਦੀ ਲਾਲ ਅੱਖਾਂ ਤੇ ਖਿਲਰੇ ਰੁਖੇ ਵਾਲਾਂ ਨਾਲ ਡਰਾਉਣੀ ਸ਼ਕਲ ਵਿਚ ਚੀਕਾਂ ਮਾਰ ਰਹੀ ਸੀ। ਭਰੀ ਕਲਾਸ ਚੋਂ ਕਸਤੂਰੀ ਉੱਠਿਆ, ਉਸਨੇ ਮਾਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਜੱਫ਼ੀ ਪਾ ਕੇ ਪਿਆਰ ਕੀਤਾ ਚੁੰਮਿਆ ਤੇ ਅੱਖਾਂ ਭਰੀਆਂ ਨਾਲ ਕਿਹਾ—

ਆ ਮਾਂ! ਘਰ ਚਲੀਏ।

ਮੈਂ ਦੇਖ ਰਿਹਾ ਸੀ ਕਿ ਬਲਬੀਰ ਦੀਆਂ ਅੱਖਾਂ ਨਮ ਸਨ ਤੇ ਅੰਦਰੋਂ ਜਿਵੇਂ ਹਟਕੋਰੇ ਲੈਂਦਾ ਹੋਵੇ। ਉਸਦੇ ਹੱਥਾਂ ਦੀਆਂ ਉਂਗਲਾਂ ਮੈਨੂੰ ਅੱਜ ਵੀ ਯਾਦ ਹੈ ਧਰਤੀ 'ਤੇ ਲੀਕਾਂ ਪਾ ਰਹੀਆਂ ਸਨ। ਉਸ ਦਿਨ ਮੈਨੂੰ ਪਤਾ ਲੱਗਾ ਕਿ ਬਲਬੀਰ ਆਪਣੇ ਬਾਲ ਮਨ ਅੰਦਰ ਕੋਈ ਡੂੰਘੀ ਇਬਾਰਤ ਲੁਕਾਈ ਬੈਠਾ ਹੈ।

ਦੂਜੀ ਘਟਨਾ ਸ਼ਾਇਦ ਸੱਤਵੀਂ ਜਾਂ ਅੱਠਵੀਂ ਕਲਾਸ ਦੀ ਹੈ, ਜਦੋਂ ਅੱਧੀ ਛੁੱਟੀ ਦੁਪਹਿਰਾਂ ਨੂੰ ਗੋਲ ਗੱਪਿਆਂ ਵਾਲਾ ਮਾਧੋਪੁਰੀਆ ਦੀਵਾਨ ਆਪਣੇ ਪੁੱਤਰ ਪਾਸ਼ੂ ਨੂੰ ਨਾਲ ਲੈ ਕੇ ਆਪਣੀ ਵਹਿੰਗੀ ਤੇ ਗੋਲ ਗੱਪੇ ਬੱਚਿਆਂ ਨੂੰ ਦੇ ਰਿਹਾ ਸੀ। ਬਲਬੀਰ ਆਪਣੇ ਭਰਾ ਰੌਣਕੀ ਰਾਮ ਨਾਲ ਮਿੱਟੀ ਦੀ ਢੇਰੀ 'ਤੇ ਬੈਠਾ ਕਦੇ ਬੱਚਿਆਂ ਵੱਲ ਅਤੇ ਕਦੇ ਨੇੜੇ ਭੱਠੇ ਤੇ ਮਿੱਟੀ ਦੀਆਂ ਕੱਚੀਆਂ ਇੱਟਾਂ ਢੋਹ ਰਹੀਆਂ ਔਰਤਾਂ ਵੱਲ ਇੱਕ ਟੱਕ ਦੇਖ ਰਿਹਾ ਸੀ। ਪੁੱਛਿਆ—ਕੀ ਗੱਲ? 'ਕੁਛ ਨਹੀਂ' ਦਾ ਉੱਤਰ ਬਸ। ਮੈਨੂੰ ਨਹੀਂ ਸੀ ਪਤਾ ਇਸ ਜੀਊਂਦੇ ਰੁੱਖ ਦੇ ਅੰਗ-ਪੱਤੇ ਕਿੰਨਾ ਦਰਦ ਸਹਿ ਰਹੇ ਸਨ। ਚੁੱਪ-ਚੁੱਪ ਰਹਿਣ ਵਾਲੇ ਬਲਬੀਰ ਦਾ ਅੰਤਰਮੁਖੀ ਬਾਲ-ਮਨ ਅੰਦਰੋਂ-ਅੰਦਰੀ ਪਤਾ ਨਹੀਂ ਸਮਾਜ ਦੀ ਕਿੰਨੀ ਬੇਰੁਖੀ ਤੇ ਆਪਣੇ ਪਰਿਵਾਰਕ ਮੈਂਬਰਾਂ ਦੀ ਤਲਖੀ ਭੋਗੀ ਜਾ ਰਿਹਾ ਸੀ। ਸ਼ਬਦ ਤੇ ਸੰਵਾਦ ਸਦੈਵ ਅਮਰ ਹੁੰਦੇ ਯਾਤਰਾ ਕਰਦੇ, ਪਰ ਉਦੋਂ ਬਲਬੀਰ ਦੀ ਚੁੱਪ ਵਿਚੋਂ ਦੋਵੇਂ ਗਾਇਬ ਸਨ।

ਗੀਗਨਵਾਲ ਸਕੂਲ ਵਿਚ ਉਹ ਇੱਕ ਮੈਲਾ ਝੱਗਾ ਤੇ ਖਾਕੀ ਉੱਚਾ ਖੁੱਲ੍ਹਾ ਜਿਹਾ ਪਜਾਮਾ ਪਾਏ ਡਰੂ ਡਰੂ ਕਰਦਾ ਮੈਨੂੰ ਇੰਝ ਲਗਦਾ ਜਿਵੇਂ ਇਸਦਾ ਭਰਾ ਰੌਣਕੀ ਇਸ ਮਾੜਕੂ ਜਿਹੇ ਦਾ ਬਾਡੀਗਾਰਡ ਹੋਵੇ, ਕਿਉਂਕਿ ਰੌਣਕੀ ਬੇਬਾਕ ਤੇ ਨਿਡਰ ਸੀ। ਬਲਬੀਰ ਨੇ ਕਦੇ ਸਕੂਲ ਗਤੀਵਿਧੀਆਂ ਵਿਚ ਭਾਗ ਨਹੀਂ ਸੀ ਲਿਆ। ਸ਼ਨੀਵਾਰ ਬਾਲ ਸਭਾ ਹੁੰਦੀ ਮੈਂ ਹਰ ਵਾਰ ਕੋਈ ਬਾਤ ਜਾਂ ਚੇਤੇ ਕੀਤੀ ਹੋਈ ਕਵਿਤਾ ਜਾਂ ਪ੍ਰਸੰਗ ਸੁਣਾਉਂਦਾ। ਇਹ ਪਿੱਛੇ ਪੈਰਾਂ ਭਾਰ ਬੈਠਾ ਦੋਵੇਂ ਹੱਥ ਜੋੜ ਕੇ ਸਭ ਸੁਣਦਾ ਰਹਿੰਦਾ। ਮੈਨੂੰ ਕਦੇ-ਕਦੇ ਉਸ ਵੱਲ ਵੇਖਿਆਂ ਉਸ ਦਾ ਕਿਰਦਾਰ ਵੱਡਾ ਵੱਡਾ ਲੱਗਦਾ, ਕਦੇ ਲਾਚਾਰ, ਕਦੇ ਬੇਵਸ, ਕਦੇ ਮਾਨਵੀ ਕਦਰਾਂ ਕੀਮਤਾਂ ਵਾਲਾ। ਮੈਂ ਅੱਠਵੀਂ ਕਲਾਸ ਦੀ ਪ੍ਰੀਖਿਆ ਪਾਸ ਕੀਤੀ ਤੇ ਨਾਲ ਹੀ ਮੇਰੇ ਮਨ ਦੇ ਚਿਤਰ-ਪਟ 'ਤੋਂ ਬਲਬੀਰ ਅਲੋਪ ਹੋ ਗਿਆ।

ਟਾਂਡੇ (ਹੁਸ਼ਿਆਰਪੁਰ) ਸਰਕਾਰੀ ਕਾਲਜ ਵਿਚ ਬੀ. ਏ. ਕਰਦਿਆਂ ਉਹ ਪੰਜਾਬੀ ਸਾਹਿਤ ਸਭਾ ਦਾ ਮੈਂਬਰ ਬਣ ਕੇ ਕਵਿਤਾਵਾਂ ਸੁਣਾਉਂਦਾ। ਇੱਥੇ ਹੀ ਉਸਦੀ ਸੰਗਤ ਮਿਸਰਦੀਪ ਭਾਟੀਆ, ਰਵੇਲ ਸਿੰਘ, ਰਣਜੀਤ ਮਾਧੋਪੁਰੀ ਤੇ ਕੁਲਦੀਪ ਸਿੰਘ ਵਰਗੇ ਹੋਰ ਸਾਥੀਆਂ ਨਾਲ ਹੋਈ। ਇਥੋਂ ਹੀ ਉਹ ਖੱਬੇ ਪੱਖੀ ਸੋਚ ਦੇ ਟੈਂਪੂ 'ਤੇ ਸਵਾਰ ਹੋ ਕੇ ਬਾਹਰ ਨਿਕਲਿਆ। ਲਾਇਲਪੁਰ ਖਾਲਸਾ ਕਾਲਜ ਜਲੰਧਰ, ਜੋ ਸਾਹਿਤਕ ਸਰਗਰਮੀਆਂ ਤੇ ਰਾਜਨੀਤਿਕ ਗਤੀਵਿਧੀਆਂ ਲਈ ਪ੍ਰਸਿੱਧ ਸੀ, ਉੱਥੇ ਐਮ.ਏ.ਪੰਜਾਬੀ ਕਰਦਿਆਂ ਉਸਦੀ ਸੋਚ ਵਿਕਾਸ ਕਰਦੀ-ਕਰਦੀ ਪ੍ਰੌੜ੍ਹ ਹੁੰਦੀ ਗਈ। ਕਿੰਨੇ ਸਾਲ ਬਲਬੀਰ ਨਾਲ ਮੇਰਾ ਸੰਪਰਕ ਨਾ ਹੋ ਸਕਿਆ। ਇਨਾ ਪਤਾ ਲੱਗਦਾ ਕਿ ਉਹ ਦਿੱਲੀ ਭਾਰਤ ਸਰਕਾਰ ਵਿਚ ਕਿਸੇ ਮਹਿਕਮੇ ਵਿਚ ਨੌਕਰੀ ਕਰਦਾ ਹੈ। ਦਿੱਲੀ ਪਹੁੰਚੇ ਬਲਬੀਰ ਦਾ ਦੋਸਤ ਮਿਸਰਦੀਪ ਭਾਟੀਆ ਨੈਸ਼ਨਲ ਬੁੱਕ ਟਰਸਟ ਦਾ ਪ੍ਰਚਾਰ ਇੰਚਾਰਜ ਬਣ ਕੇ ਚੰਡੀਗੜ੍ਹ, ਕਰਨਾਲ, ਪਟਿਆਲੇ ਆਉਂਦਾ। ਉਹ ਮੇਰਾ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਐਮ.ਏ (ਪੰਜਾਬੀ) ਦਾ ਸਹਿਪਾਠੀ ਸੀ। ਉਸਤੋਂ ਪਤਾ ਲੱਗਿਆ ਕਿ ਬਲਬੀਰ ਭਾਰਤ ਸਰਕਾਰ ਦੇ ਸੂਚਨਾ ਵਿਭਾਗ ਵਿਚ ਗਜ਼ਟਡ ਔਹਦੇ 'ਤੇ ਹੈ, ਤੈਨੂੰ ਬਹੁਤ ਯਾਦ ਕਰਦਾ ਹੈ।

ਮੈਂ ਰੋਟੀ-ਰੋਜ਼ੀ ਕਮਾਉਣ ਲਈ ਸਰਕਾਰੀ ਕਾਲਜ ਕਰਨਾਲ ਵਿਚ ਬਤੌਰ ਪੰਜਾਬੀ ਪਰਾਧਿਆਪਕ ਸੇਵਾ ਕਰ ਰਿਹਾ ਸੀ। ਉੱਥੋਂ ਮੈਂ ਮਿਸਰਦੀਪ ਭਾਟੀਆ ਰਾਹੀਂ ਬਲਬੀਰ ਨੂੰ ਮਿਲਣ ਦਾ ਪ੍ਰੋਗਰਾਮ ਦਿੱਲੀ ਪੁਸਤਕ ਮੇਲੇ ਵਿਚ ਬਣਾਇਆ। ਦਿੱਲੀ ਪੁਸਤਕ ਮੇਲੇ ਵਿਚ ਪਹੁੰਚ ਕੇ ਮੈਂ ਬਲਬੀਰ ਨਾਲ ਫੋਨ ਰਾਹੀਂ ਸੰਪਰਕ ਕੀਤਾ ਤਾਂ ਉਸ ਨੇ ਕਿਹਾ, ਮੈਂ ਬੇਸਬਰੀ ਨਾਲ ਉਡੀਕ ਰਿਹਾ ਹਾਂ, ਤੁਸੀਂ ਮਨਪ੍ਰੀਤ ਪ੍ਰਕਾਸ਼ਨ ਵਾਲੇ ਸਟਾਲ ਤੇ ਆ ਜਾਇਓ। ਮੇਲੇ ਵਿਚ ਕਿੰਨਾ ਚਿਰ ਗਲਵੱਕੜੀ ਪਾਈ ਉਹ ਮੈਨੂੰ ਦੋਹਾਂ ਮੋਢਿਆਂ ਤੋਂ ਫੜ ਕੇ ਨਿਹਾਰਦਾ ਰਿਹਾ, ਮੇਰੇ ਚਿਹਰੇ ਵੱਲ ਇਕ ਟੱਕ ਦੇਖਦਾ ਰਿਹਾ। ਕਹਿੰਦਾ ਤੂੰ ਕਿੰਨਾ ਵੱਡਾ ਹੋ ਗਿਆ ਸੁਰਿੰਦਰ! ਚੱਲ ਅੱਜ ਸਾਰਾ ਦਿਨ ਤੇਰੇ ਨਾਮ 'ਤੇ, ਸ਼ਾਮ ਨੂੰ ਆਪਣੇ ਮਿੱਤਰ ਕਵੀਆਂ ਨਾਲ ਬੈਠਾਂਗੇ, ਗੱਲਾਂ ਕਰਾਂਗੇ। ਸਰਦੀਆਂ ਦੀ ਰੁੱਤੇ ਛੇ



ਕੁ ਵਜੇ ਅਸੀਂ ਮੇਲੇ ਵਿਚਕਾਰ ਬਣੇ ਮਖਮਲੀ ਘਾਹ 'ਤੇ ਬੈਠੇ ਪੁਰਾਣੀਆਂ ਗੱਲਾਂ ਬਾਤਾਂ ਕਰਦੇ ਰਹੇ। ਹੌਲੀ-ਹੌਲੀ ਉੱਥੇ ਮੋਹਨ ਜੀਤ, ਡਾ.ਬਲਦੇਵ ਬੱਧਨ ਨੈਸ਼ਨਲ ਬੁੱਕ ਟਰਸਟ ਵਾਲੇ, ਡਾ.ਅਸ਼ੋਕ ਭਾਟੀਆ ਸਰਕਾਰੀ ਕਾਲਜ ਕਰਨਾਲ ਵਾਲੇ, ਮਿਸਰਦੀਪ ਭਾਟੀਆ ਤੇ ਹੋਰ ਸਥਾਨਕ ਕਵੀ ਆਪਣੀਆਂ ਨਜ਼ਮਾਂ ਰਾਹੀਂ ਹਾਜ਼ਰੀ ਲਵਾਉਣ ਲੱਗੇ।

ਘੰਟਾ ਕੁ ਮਹਿਫ਼ਲ ਗਰਮ ਰਹੀ। ਮੈਂ ਫਿਰ ਮਿਲਣ ਦਾ ਵਾਅਦਾ ਕਰਕੇ ਬਲਬੀਰ ਤੋਂ ਵਿਦਾ ਲਈ। ਕੈਥਲ ਰਹਿੰਦਿਆਂ ਸਮੇਂ-ਸਮੇਂ ਬਲਬੀਰ ਨਾਲ ਫੋਨ ਰਾਹੀਂ ਸੰਪਰਕ ਹੁੰਦਾ ਰਿਹਾ। ਜ਼ਿੰਦਗੀ ਦੀਆਂ ਧੁੱਪਾਂ-ਛਾਵਾਂ ਮੈਂ ਉਸ ਨਾਲ ਸਾਂਝੀਆਂ ਕਰਦਾ ਰਿਹਾ। ਮੈਨੂੰ ਦੇਰ ਬਾਅਦ ਪਤਾ ਲੱਗਿਆ ਕਿ ਬਲਬੀਰ ਅੰਦਰ ਸੰਵੇਦਨਾਵਾਂ ਦੀਆਂ ਡੂੰਘੀਆਂ ਪਰਤਾਂ ਹਨ, ਜਿਨ੍ਹਾਂ ਨੂੰ ਉਹ ਆਪਣੇ ਸਿਰਜਨਾਤਮਕ ਸੰਸਾਰ ਰਾਹੀਂ ਦੇਸ-ਪ੍ਰਦੇਸ ਵਿਚ ਸੰਚਾਰਿਤ ਕਰ ਰਿਹਾ ਹੈ।

ਜਦੋਂ ਪਹਿਲੀ ਵਾਰ 2002 ਵਿਚ ਬਲਬੀਰ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਆਈ ਤਾਂ ਪਾਠਕਾਂ ਵਿਚ ਕਾਫ਼ੀ ਚਰਚਾ ਹੋਈ। ਸਵੈ-ਜੀਵਨੀ ਦੇ ਦ੍ਰਿਸ਼ਟੀਮੂਲਕ ਪਾਸਾਰਾਂ ਰਾਹੀਂ ਪਤਾ ਲੱਗਿਆ ਕਿ ਬਲਬੀਰ ਬਚਪਨ ਤੋਂ ਆਪਣੇ ਸਮਾਜਿਕ ਆਲੇ-ਦੁਆਲੇ ਵਿਚ ਨੰਗੇ ਧੜ ਸੰਘਰਸ਼ ਕਰਦਾ ਰਿਹਾ। ਉਹ ਹਾਰਿਆ ਨਹੀਂ, ਸਗੋਂ ਮੱਠੀ-ਮੱਠੀ ਤੋਰ ਤੁਰਦਾ ਅੱਜ ਬਹੁਤ ਵੱਡੇ ਮੁਕਾਮ 'ਤੇ ਪੁੱਜਾ ਹੈ। ਸਮਾਜ ਦੇ ਤੱਪਦੇ ਮਾਰੂਥਲਾਂ ਵਿਚ ਨੰਗੇ ਜ਼ਖ਼ਮੀ ਪੈਰਾਂ ਨਾਲ ਦਿਲ ਅੰਦਰ ਵਿਚਾਰਾਂ ਦੀ ਜਗਦੀ ਜੋਤ ਲੈ ਕੇ ਨਿਰੰਤਰ ਆਪਣੇ ਟੀਚੇ ਵੱਲ ਵੱਧਦਾ ਰਿਹਾ। ਉਸ ਦੀ ਸਵੈ-ਜੀਵਨੀ ਦੀ ਪ੍ਰਸਿੱਧੀ ਦਾ ਅੰਦਾਜਾ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਕਈ ਐਡੀਸ਼ਨਾਂ ਵਿਚ ਛਪੀ ਇਹ ਕਿਤਾਬ ਅਨੇਕਾਂ ਭਾਰਤੀ ਤੇ ਵਿਦੇਸ਼ੀ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਕਈ ਵੱਡੇ ਮਾਨ-ਸਨਮਾਨ ਲੈ ਚੁੱਕੀ ਹੈ।

ਬਲਬੀਰ ਦਾ ਰਚਨਾਤਮਕ ਸੰਸਾਰ ਉਸ ਨੂੰ ਬਹੁਪੱਖੀ ਸਾਹਿਤਕਾਰ ਬਣਾਉਂਦਾ ਹੈ। ਕਾਲਜ ਵਿਚ ਪੜ੍ਹਦਿਆਂ ਕਵਿਤਾ ਤੋਂ ਆਪਣਾ ਸਫ਼ਰ ਸ਼ੁਰੂ ਕੀਤਾ, ਫਿਰ ਸਵੈ-ਜੀਵਨੀ, ਸਫ਼ਰਨਾਮਾ ਤੇ ਕਈ ਰੇਖਾ-ਚਿੱਤਰ ਉਸ ਨੇ ਦਿੱਲੀ ਰਹਿੰਦਿਆਂ ਰਚੇ। ਭਾਰਤ ਦੇ ਪ੍ਰੈੱਸ ਤੇ ਸੂਚਨਾ ਵਿਭਾਗ ਵਿਚ ਰਹਿੰਦਿਆਂ ਉਸਨੇ ਸੰਸਾਰ ਪ੍ਰਸਿੱਧ ਇਨਕਲਾਬੀ ਸਾਹਿਤਕਾਰਾਂ ਦੀਆਂ ਪੁਸਤਕਾਂ ਦਾ ਅਨੁਵਾਦ ਕੀਤਾ। ਲਗਭਗ ਚਾਲੀ ਤੋਂ ਵੱਧ ਪੁਸਤਕਾਂ ਦੀ ਸੰਪਾਦਨਾ ਕਰਕੇ ਉਹ ਇੱਕ ਸਫ਼ਲ ਸੰਪਾਦਕ ਵਜੋਂ ਆਪਣੀ ਪਹਿਚਾਣ ਬਣਾ ਚੁੱਕਾ ਹੈ। ਪੰਜਾਬੀ ਸਾਹਿਤ ਸਭਾ ਦਿੱਲੀ ਰਾਹੀਂ ਨਿਕਲਦੇ 'ਤ੍ਰੈ ਮਾਸਿਕ 'ਸਮਕਾਲੀ ਸਾਹਿਤ' ਦਾ ਸੰਪਾਦਕ ਬਣਨਾ ਉਸ ਦੀ ਵਿਲੱਖਣ ਪ੍ਰਾਪਤੀ ਹੈ।

ਰਹੀ ਗੱਲ ਉਸ ਦੇ ਮਨ ਵਿਚ ਦਲਿਤ-ਚੇਤਨਾ ਦੀ। ਦੱਬੇ-ਕੁਚਲੇ ਦਲਿਤ ਵਰਗ ਦੇ ਲੋਕਾਂ ਨਾਲ ਹੋ ਰਹੇ ਜੁਲਮ, ਬੇਇਨਸਾਫ਼ੀ, ਸ਼ੋਸ਼ਣ ਤੇ ਤ੍ਰਿਸਕਾਰ ਦੀ ਸੋਝੀ ਉਸ ਨੂੰ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਐਮ.ਏ ਪੰਜਾਬੀ ਕਰਦਿਆਂ ਹੋਈ। ਐਫ. ਸੀ. ਆਈ. ਵਿਚ ਪੰਜ ਸਾਲਾਂ ਦੇ ਸੇਵਾ ਕਾਲ (1978 ਤੋਂ 83) ਦੌਰਾਨ ਉਸਨੇ ਸਮਾਜਿਕ ਸਿਸਟਮ ਨੂੰ ਮਾਰਕਸਵਾਦੀ ਵਿਚਾਰਧਾਰਾ ਨਾਲ ਤੋਲਿਆ ਨਾਪਿਆ। ਸਿੱਟੇ ਵਜੋਂ ਉਸ ਦੇ ਮਨ ਵਿਚ ਦਲਿਤ ਵਰਗ ਦੇ ਸ਼ੋਸ਼ਣ ਤੇ ਤ੍ਰਿਸਕਾਰ ਕਰਕੇ ਇੱਕ ਤੀਬਰ ਵਿਦਰੋਹ ਨੇ ਜਨਮ ਲਿਆ। ਉਦੋਂ ਹੀ ਜੂਨ 1983 ਤੋਂ ਮਾਰਚ 1987 ਤੱਕ ਪ੍ਰੈਸ ਇਨਫੋਰਮੇਸ਼ਨ ਬਿਊਰੋ ਜਲੰਧਰ ਵਿਖੇ ਕਲਾਸ-2 (ਛੀਂ) ਜੋ ਮਿਨਿਸਟਰੀ ਆਫ਼ ਇਨਫੋਰਮੇਸ਼ਨ ਐਂਡ ਬ੍ਰਾਡਕਾਸਟਿੰਗ ਦਾ ਅਦਾਰਾ ਹੈ, ਵਿਚ ਕੰਮ ਕਰਦਿਆਂ ਉਸ ਦੀਆਂ ਸਾਹਿਤਕ ਰੁਚੀਆਂ ਤੇ ਵਿਚਾਰਧਾਰਾ ਨੇ ਵਿਕਾਸ ਕੀਤਾ। ਸਿੱਟੇ ਵਜੋਂ ਦਲਿਤਾਂ ਨਾਲ ਸੰਬੰਧਿਤ ਉਨ੍ਹਾਂ ਨੇ ਕਈ ਮੈਗਜ਼ੀਨਾਂ ਵਿਚ ਆਪਣੀਆਂ ਰਚਨਾਵਾਂ ਰਾਹੀਂ ਪਾਠਕਾਂ ਨੂੰ ਇਸ ਜੀਵੰਤ ਸਮੱਸਿਆ ਬਾਰੇ ਜਾਗ੍ਰਿਤ ਕੀਤਾ। ਨਾਲ ਹੀ ਉਸ ਨੇ ਸੰਸਾਰ ਪੱਧਰ ਦੀਆਂ ਅਜਿਹੀਆਂ ਰਚਨਾਵਾਂ ਦਾ ਅਨੁਵਾਦ ਕਰਕੇ ਵਿਭਿੰਨ ਰਸਾਲਿਆਂ ਵਿਚ ਆਪਣਾ ਯੋਗਦਾਨ ਪਾਇਆ।

ਬਲਬੀਰ ਆਪਣੀ ਸਵੈ-ਜੀਵਨੀ 'ਛਾਂਗਿਆ ਰੁੱਖ' ਨਾਲ ਪਹਿਲੀ ਵਾਰ ਨਵੇਂ ਹਸਤਾਖ਼ਰ ਦੇ ਰੂਪ ਵਿਚ ਸਾਹਿਤਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ। ਕਾਰਨ ਉਸਦੀ ਸਵੈ-ਜੀਵਨੀ ਜਿੱਥੇ ਦਲਿਤ ਵਰਗ ਦੇ ਸ਼ੋਸ਼ਣ, ਅਨਿਆਂ, ਕਰੂਰਤਾ ਦਾ ਸਮਾਜਿਕ-ਯਥਾਰਥ ਪੇਸ਼ ਕਰਦੀ ਹੈ। ਉੱਥੇ ਪੁਰਾਣੇ ਸਮੇਂ ਤੋਂ ਮਨੂੰਵਾਦੀ ਸੋਚ ਨਾਲ ਅਛੂਤਾਂ-ਦਲਿਤਾਂ ਨਾਲ ਹੋ ਰਹੇ ਵਿਤਕਰੇ ਦਾ ਇਤਿਹਾਸਿਕ ਦਸਤਾਵੇਜ਼ ਵੀ ਬਣਦੀ ਹੈ। ਬਲਬੀਰ ਆਪਣੇ ਪਿੰਡ ਮਾਧੋਪੁਰ ਦੇ ਭੂਗੋਲਿਕ ਵੇਰਵਿਆਂ ਨਾਲ ਆਪਣੇ ਪਿੰਡ ਦੀ ਸਮਾਜਿਕ ਵਿਵਸਥਾ ਨੂੰ ਰੂਪਮਾਨ ਕਰਦਾ ਆਪਣੇ ਪੁਰਖਿਆਂ ਦੇ ਵੇਲੇ ਦੀ ਸਮਾਜਿਕ-ਸੰਰਚਨਾ ਵਿਚ ਦਲਿਤਾਂ ਨਾਲ ਹੋ ਰਹੇ ਵਿਤਕਰੇ ਨੂੰ ਯਥਾਰਥਮਈ ਸ਼ੈਲੀ ਰਾਹੀਂ ਉਲੀਕਦਾ ਹੈ।

ਕਿਤਾਬ ਦੇ ਬਾਈ ਅਧਿਆਇਆਂ ਵਿਚ ਉਹ ਆਪਣੇ ਬਚਪਨ ਤੋਂ ਲੈ ਕੇ ਦਿੱਲੀ ਪਹੁੰਚਣ ਤੱਕ ਉੱਚ ਵਰਗ ਵੱਲੋਂ ਹੋ ਰਹੇ ਵਿਤਕਰੇ ਤ੍ਰਿਸਕਾਰ ਤੇ ਅਮਾਨਵੀ ਵਿਵਹਾਰ ਨੂੰ ਤੀਬਰ ਰੋਹਮਈ ਸ਼ੈਲੀ ਵਿਚ ਬਿਆਨਦਾ ਹੈ। ਉਸ ਦਾ ਪਿਤਾ ਸਵੈ-ਜੀਵਨੀ ਵਿਚ ਇੱਕ ਸੂਤਰਧਾਰ ਵਜੋਂ ਰੂਪਮਾਨ ਹੋਇਆ ਹੈ, ਜਿੱਥੇ ਸਾਨੂੰ ਲੱਗਦਾ ਹੈ ਕਿ ਉਹ 'ਸੰਘਰਸ਼ ਅਜੇ ਜਾਰੀ ਹੈ' ਦੀ ਬਾਤ ਪਾਉਂਦਾ ਹੈ। ਕਿਉਂਕਿ ਮੈਂ ਉਸਦੇ ਸਕੂਲ ਦੀਆਂ ਮੁੱਢਲੀਆਂ ਕਲਾਸਾਂ ਤੋਂ ਵਾਕਫ਼ ਸਾਂ। ਬਚਪਨ ਵਿਚ ਮੈਨੂੰ ਉਸਦੀ ਚੁੱਪ ਵਿਚ ਕਦੇ ਆਕ੍ਰੋਸ਼ ਦੀ ਸੁਰ ਨਜ਼ਰ ਨਹੀਂ ਸੀ ਆਈ। ਦਿੱਲੀ ਪਹੁੰਚਣ ਤੱਕ ਉਸ ਨਾਲ ਕਈ ਤਰ੍ਹਾਂ ਦਾ ਵਿਤਕਰਾ ਹੁੰਦਾ ਰਿਹਾ, ਸਿੱਟੇ ਵਜੋਂ ਉਸਦਾ ਕਿਰਦਾਰ ਹੋਰ ਵੀ ਚਮਕ ਨਾਲ ਸਾਹਮਣੇ ਆਇਆ।

ਪੰਜਾਬੀ ਸਾਹਿਤ ਵਿਚ ਸਵੈ-ਜੀਵਨੀਆਂ ਤਾਂ ਬਹੁਤ ਲਿਖੀਆਂ ਗਈਆਂ ਪਰ ਦਲਿਤ ਯਥਾਰਥ ਦੇ ਨੰਗੇ ਸੱਚ ਨੂੰ ਉਘਾੜਨ ਵਾਲੀ ਬਲਬੀਰ ਦੀ ਇਹ ਸਵੈ-ਜੀਵਨੀ ਪੰਜਾਬੀ ਸਵੈ-ਜੀਵਨੀ ਇਤਿਹਾਸ ਵਿਚ ਇਕ ਵੱਖਰਾ ਮੁਕਾਮ ਹਾਸਿਲ ਕਰਦੀ ਹੈ। ਇਸ ਵਿਚਲੇ ਵੇਰਵੇ ਰੂਹ ਨੂੰ ਝੰਜੋੜਨ ਵਾਲੇ ਹਨ। ਦੁਨੀਆਂ ਵਿਚ ਜਦੋਂ ਇਸ ਸਵੈ-ਜੀਵਨੀ ਨੂੰ ਅਨੁਵਾਦ ਕਰਕੇ ਪਾਠਕਾਂ ਵਿਚ ਲਿਆਂਦਾ ਗਿਆ ਤਾਂ ਉਸਦਾ ਰੁਤਬਾ ਰਾਸ਼ਟਰੀ ਨਾ ਹੋ ਕੇ ਅੰਤਰਰਾਸ਼ਟਰੀ ਹੋ ਗਿਆ। ਵੱਡੇ ਮਾਨ-ਸਨਮਾਨ ਨਾਲ ਉਸਨੂੰ ਸਨਮਾਨਿਆ ਗਿਆ। ਮੇਰੀ ਜਾਚੇ ਇਹ ਸਵੈ-ਜੀਵਨੀ ਪੰਜਾਬ ਵਿਚ ਜਾਤੀ ਪਾਤੀ ਦਾ ਦਰਦ ਹੰਡਾਉਂਦੇ ਦਲਿਤ ਲੋਕਾਂ ਦੀ ਇੱਕ ਵਿਲੱਖਣ ਰਚਨਾ ਹੋ ਨਿਬੜੀ ਹੈ।

2020 ਵਿਚ ਬਲਬੀਰ ਦਾ ਪਹਿਲਾ ਸਵੈ-ਜੀਵਨੀਮੂਲਕ ਨਾਵਲ 'ਮਿੱਟੀ ਬੋਲ ਪਈ' ਚਰਚਾ ਵਿਚ ਆਇਆ। ਜਿਸ ਵਿਚ 'ਮਿੱਟੀ' ਉਹ ਮੈਟਾਫਰ ਹੈ, ਜੋ ਦੱਬੇ-ਕੁਚਲੇ ਦਲਿਤ ਵਰਗ ਦੀ ਤਰਜ਼ਮਾਨੀ ਕਰਦੀ ਹੈ। ਇਹ ਮਿੱਟੀ ਜਦੋਂ ਬੋਲਦੀ ਹੈ ਤਾਂ ਜੀਵੰਤ ਰੂਪ ਵਿਚ ਸ਼ਕਤੀਸ਼ਾਲੀ ਹੋ ਕੇ ਦਲਿਤਾਂ ਅੰਦਰ ਸਦੀਆਂ ਤੋਂ ਹੁੰਦੇ ਵਿਤਕਰੇ ਲੁੱਟ-ਖਸੁੱਟ ਤੇ ਮਨੁੱਖੀ ਅਧਿਕਾਰਾਂ ਦੀ ਜਾਗ੍ਰਿਤੀ ਦਾ ਸਬੱਬ ਬਣਦੀ ਹੈ। ਇਸ ਗੁੰਨੀ ਹੋਈ ਮਿੱਟੀ ਦੇ ਸੂਤਰਧਾਰ ਗੋਰਾ (ਬਲਬੀਰ) ਤੇ ਉਸਦਾ ਬਾਬਾ ਹਨ, ਜੋਂ ਅਣਥੱਕ ਜੋਧਿਆਂ ਵਾਂਗ ਮਿੱਟੀ ਵਿਚੋਂ ਸੰਘਰਸ਼ ਦੀ ਫ਼ਸਲ ਨੂੰ ਪਕਾ ਕੇ ਇੱਕ ਨਵੀਂ ਇਬਾਰਤ ਨੂੰ ਜਨਮ ਦਿੰਦੇ ਹਨ। ਬਲਬੀਰ ਗੋਰੇ ਦੇ ਰੂਪ ਵਿਚ ਆਦਿ ਵਾਸੀਆਂ ਦੇ ਨੇਤਾ ਮੰਗੂ ਰਾਮ ਦੇ ਸੰਘਰਸ਼ ਨੂੰ ਰੂਪਮਾਨ ਕਰਦਾ ਹੈ, ਜਿਸ ਨਾਲ ਸਾਨੂੰ ਉਸ ਸਮੇਂ ਦੀ ਸਮਕਾਲੀ ਸਮਾਜਿਕ ਚੇਤਨਾ ਵਿਚੋਂ ਇਤਿਹਾਸਿਕ, ਰਾਜਨੀਤਿਕ ਤੇ ਆਰਥਿਕ ਤੱਥਾਂ ਦਾ ਪਤਾ ਲੱਗਦਾ ਹੈ। ਇਸ ਨਾਵਲ ਦਾ ਔਰਾ ਹੁਸ਼ਿਆਰਪੁਰ ਦੇ ਆਲੇ-ਦੁਆਲੇ ਦਾ ਹੈ। ਦੁਆਬੇ ਦੀ ਆਂਚਲਿਕਤਾ ਰਾਹੀਂ ਸਾਨੂੰ ਉਸ ਵੇਲੇ ਦੇ ਕਰੂਰ ਸਮਾਜਿਕ ਯਥਾਰਥ ਦੇ ਵੇਰਵਿਆਂ ਦਾ ਵਚਿਤਰ ਬਿਰਤਾਂਤ ਦੇਖਣ ਨੂੰ ਮਿਲਦਾ ਹੈ। ਉਸਦਾ ਇਹ ਨਾਵਲ ਅੰਗਰੇਜ਼ੀ ਵਿਚ ਉਲਥਾਇਆ ਜਾ ਰਿਹਾ ਹੈ। ਸੰਸਾਰ ਵਿਚ ਇਸ ਦਾ ਥੀਮਕ ਪਾਸਾਰ ਦਲਿਤ ਵਰਗ ਦੇ ਸੰਘਰਸ਼ ਨੂੰ ਕਿੱਥੇ ਤੱਕ ਲੈ ਜਾਏਗਾ, ਇਹ ਆਉਣ ਵਾਲਾ ਸਮਾਂ ਦੱਸੇਗਾ।

ਅੱਜ ਵੀ ਮੇਰਾ ਬਲਵੀਰ ਨਾਲ ਫ਼ੋਨ ਰਾਹੀਂ ਸੰਪਰਕ ਬਣਿਆ ਹੋਇਆ ਹੈ। ਹਫ਼ਤੇ ਵਿਚ ਫ਼ੋਨ ਰਾਹੀਂ ਅਸੀਂ ਆਪੋ-ਆਪਣੀ ਹਾਜ਼ਰੀ ਲਵਾਉਂਦੇ ਦੁੱਖਾਂ-ਸੁੱਖਾਂ ਦੀਆਂ ਬਾਤਾਂ ਸਾਂਝੀਆਂ ਕਰਦੇ ਹਾਂ। ਮੇਰੇ ਔਖਿਆਂ ਸਮਿਆਂ ਵਿਚ ਉਹ ਮੈਨੂੰ ਨਿਰੰਤਰ ਹੌਸਲਾ ਦਿੰਦਾ, ਚੜ੍ਹਦੀ ਕਲਾ ਵਿਚ ਰਹਿਣ ਲਈ ਊਰਜਾ ਭਰਦਾ। ਸੰਵੇਦਨਸ਼ੀਲ ਬੰਦੇ ਨੂੰ ਹੀ ਸਰੀਰਕ ਤੇ ਮਾਨਸਿਕ ਭਾਰੀ ਦੁੱਖਾਂ ਦਾ ਅਹਿਸਾਸ ਹੁੰਦਾ ਹੈ। ਉਹਦੇ ਦੂਰ ਬੈਠਿਆਂ ਮੈਨੂੰ ਲੱਗਦਾ ਉਹ ਮੇਰੇ ਕੋਲ ਹੈ। ਇਹੋ ਜਿਹੀ ਸ਼ਖ਼ਸੀਅਤ ਹੈ ਬਲਬੀਰ ਮਾਧੋਪੁਰੀ। ਬਹੁਤ ਪਹਿਲਾਂ ਤੋਂ ਉਹਦੇ ਬਾਰੇ ਲਿਖਣਾ ਚਾਹੁੰਦਾ ਸਾਂ। ਪਰ ਮੈਂ ਅੱਜ ਸਾਂਤ ਤੇ ਸੰਤੁਸ਼ਟ ਹਾਂ, ਉਸਦੀਆਂ ਬਾਤਾਂ ਕਰਕੇ। ਸਲਾਮ ਉਸਦੀਆਂ ਰਚਨਾਵਾਂ ਨੂੰ ਤੇ ਉਸ ਦੀ ਬਹੁਪੱਖੀ ਸ਼ਖਸੀਅਤ ਨੂੰ।

## 'ਮੇਰਾ ਪਿੰਡ' ਵਾਲੇ ਗਿਆਨੀ ਗੁਰਦਿੱਤ ਸਿੰਘ

*(ਸਫਾ 17 ਦਾ ਬਾਕੀ)*

ਸ਼੍ਰੋਮਣੀ ਕਮੇਟੀ ਨੂੰ ਉਪਲਬਧ ਕੀਤੀਆਂ। ਉਨ੍ਹਾਂ ਨੇ ਇਨ੍ਹਾਂ ਪੁਸਤਕਾਂ ਨੂੰ ਸੰਪਾਦਿਤ ਵੀ ਕੀਤਾ ਅਤੇ ਹਰ ਪੁਸਤਕ ਦੀ ਲੰਮੀ ਸਾਰਥਿਕ ਭੂਮਿਕਾ ਵੀ ਲਿਖੀ।

ਉਨ੍ਹਾਂ ਰਿਆਸਤ ਪਟਿਆਲਾ ਵਿਚ ਪੰਜਾਬੀ ਮਹਿਕਮਾ ਸਥਾਪਤ ਕਰਨ ਵਿਚ ਯੋਗਦਾਨ ਪਾਇਆ, ਜੋ ਬਾਅਦ ਵਿਚ ਪੰਜਾਬ ਸਰਕਾਰ ਦਾ ਭਾਸ਼ਾ ਵਿਭਾਗ ਬਣਿਆ।

ਇਕ ਥਾਂ ਸਵਰਗੀ ਲੇਖਕ ਭੂਸ਼ਨ ਨੇ ਲਿਖਿਐ 'ਉਂਜ 'ਮੇਰਾ ਪਿੰਡ' ਤੋਂ ਇਲਾਵਾ ਗਿਆਨੀ ਗੁਰਦਿੱਤ ਸਿੰਘ ਨੂੰ ਦੋ ਹੋਰ ਕਾਰਨਾਮਿਆਂ ਕਰਕੇ ਵੀ ਯਾਦ ਰੱਖਿਆ ਜਾਵੇਗਾ। ਇਕ ਤਾਂ ਇਹ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਕਾਇਮੀ ਲਈ ਸਭ ਤੋਂ ਪਹਿਲਾ ਮਤਾ ਪੇਸ਼ ਕਰਨ ਵਾਲੀ ਸ਼ਖ਼ਸੀਅਤ ਇਹੋ ਸੀ ਅਤੇ ਦੂਜਾ ਸਾਡਾ ਪੰਜਵਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਹੋਂਦ ਵਿਚ ਆਉਣ ਦਾ ਆਧਾਰ ਵੀ ਗਿਆਨੀ ਗੁਰਦਿੱਤ ਸਿੰਘ ਦੀ ਖੋਜ ਹੀ ਮੰਨੀ ਜਾਂਦੀ ਹੈ। ਜਿਉਂ-ਜਿਉਂ ਸਮਾਂ ਬੀਤੇਗਾ, ਬਹੁਤ ਕੁਝ ਪਤਾ ਲੱਗੇਗਾ। ਘਰ ਦੇ ਜੋਗੀ ਨੂੰ ਅਸੀਂ 'ਜੋਗੜਾ' ਹੀ ਸਮਝਦੇ ਰਹਿੰਦੇ ਹਾਂ। 'ਮੇਰਾ ਦਾਗ਼ਿਸਤਾਨ' ਆਉਣ ਤੇ ਸਾਨੂੰ ਹੋਸ਼ ਆਈ ਕਿ ਸਾਡੇ ਕੋਲ ਪਹਿਲਾਂ 'ਮੇਰਾ ਪਿੰਡ' ਵੀ ਹੈ। ਮਹਾਤਮਾ ਗਾਂਧੀ ਦਾ ਕਥਨ ਸੀ ਕਿ ਭਾਰਤ ਪਿੰਡਾਂ ਵਿਚ ਵਸਦਾ ਹੈ। ਮੇਰਾ ਦਾਅਵਾ ਹੈ ਕਿ ਪਿੰਡ ਗਿਆਨੀ ਗੁਰਦਿੱਤ ਸਿੰਘ ਵਿਚ ਵਸਦਾ ਹੈ।''

ਇਸ ਲੰਬੇ ਪੈਂਡੇ ਵਿਚ ਇਨ੍ਹਾਂ ਦੇ ਵਿਦਵਾਨ ਤੇ ਸੁਯੋਗ ਜੀਵਨ ਸਾਥਣ ਬੀਬੀ ਇੰਦਰਜੀਤ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਬੀਬੀ ਜੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਅਤੇ ਸਟਾਫ਼ ਸਿਲੈਕਸ਼ਨ ਕਮਿਸ਼ਨ, ਨਵੀਂ ਦਿੱਲੀ ਦੇ ਚੇਅਰਪਰਸਨ (ਮੁਖੀ) ਰਹੇ। ਬੀਬੀ ਜੀ ਨੂੰ ਜਿੱਥੇ ਉੱਤਰੀ ਭਾਰਤ ਦੀਆਂ ਯੂਨੀਵਰਸਿਟੀਆਂ ਵਿਚੋਂ ਪਹਿਲੇ ਇਸਤਰੀ ਮੁਖੀ ਹੋਣ ਦਾ ਮਾਣ ਹਾਸਲ ਹੈ, ਉੱਥੇ ਸਟਾਫ਼ ਸਿਲੈਕਸ਼ਨ ਕਮਿਸ਼ਨ ਦੇ ਵੀ ਉਹ ਪਹਿਲੇ ਇਸਤਰੀ ਮੁਖੀ ਸਨ। ਗਿਆਨੀ ਜੀ ਇਸ ਗੱਲੋਂ ਖ਼ੁਸ਼ਕਿਸਮਤ ਸਨ ਕਿ ਜਿੱਥੇ ਬੀਬੀ ਜੀ ਨੇ ਉਨ੍ਹਾਂ ਨੂੰ ਘਰੇਲੂ ਜ਼ਿੰਮੇਵਾਰੀਆਂ ਤੋਂ ਬੇਫ਼ਿਕਰ ਕੀਤਾ ਸੀ, ਉੱਥੇ ਉਹ ਸਮੇਂ-ਸਮੇਂ ਉਨ੍ਹਾਂ ਦੀਆਂ ਲਿਖਤਾਂ ਤੇ ਖੋਜ ਕਾਰਜਾਂ ਵਿਚ ਵੀ ਸਹਾਇਤਾ ਕਰਦੇ ਰਹਿੰਦੇ ਸਨ। ਨਵੰਬਰ, 2006 ਵਿਚ ਭਾਸ਼ਾ ਵਿਭਾਗ ਪੰਜਾਬ ਨੇ ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ ਨਾਲ ਗਿਆਨੀ ਜੀ ਨੂੰ ਸਨਮਾਨਿਤ ਕੀਤਾ ਸੀ। ਮਾਣ-ਸਨਮਾਨਾਂ ਤੋਂ ਇਲਾਵਾ ਗਿਆਨੀ ਜੀ ਦੇ ਕਾਰਜ, ਸ਼ਖ਼ਸੀਅਤ ਅਤੇ ਲਿਖਤਾਂ ਉਨ੍ਹਾਂ ਨੂੰ ਸਦਾ ਪੰਜਾਬੀਆਂ ਦੇ ਮਨਾਂ ਵਿਚ ਜੀਵਤ ਰੱਖਣਗੀਆਂ।

# ਬਿਰਹਾ ਕੱਤਦੀ ਰਿਸ਼ਮ ਪਰਮਜੀਤ ਦਿਓਲ ਦਾ ਕਾਵਿ

## ਪੁਸਤਕ ਚਰਚਾ

ਮਲਵਿੰਦਰ

ਪਰਮਜੀਤ ਦਿਓਲ ਕਵਿਤਾ ਕੋਲ਼ ਆ ਕੇ ਦਿਓਲ ਪਰਮਜੀਤ ਹੋ ਜਾਂਦੀ ਹੈ। ਉਂਝ ਉਹ ਜਦੋਂ ਵੀ ਮਿਲਦੀ ਹੈ, ਛੋਟੀ ਭੈਣ ਨੂੰ ਮਿਲਣ ਵਰਗਾ ਅਹਿਸਾਸ ਹੁੰਦਾ ਹੈ। ਉਹ ਕਵਿੱਤਰੀ ਤਾਂ ਹੈ ਈ, ਕਲਾਕਾਰ ਵੀ ਹੈ। ਨਾਟਕਾਂ 'ਚ ਆਪਣੇ ਸੁਭਾਅ ਵਰਗੀ ਭੂਮਿਕਾ ਨਿਭਾਉਂਦੀ ਕੁਝ ਪੰਜਾਬੀ ਫਿਲਮਾਂ ਵਿਚ ਵੀ ਦਿਖਾਈ ਦਿੱਤੀ ਹੈ। ਬੱਚੇ ਵੀ ਕਲਾਕਾਰ ਹਨ। ਘਰ ਦਾ ਮਾਹੌਲ ਕਾਵਿਕ ਹੈ। ਰੰਗਮੰਚ ਨਾ਼ਲ ਜੁੜੀ ਉਹ ਨਾਟਕਕਾਰਾਂ ਦਾ ਸਤਿਕਾਰ ਤੇ ਸਨਮਾਨ ਕਰਨਾ ਵੀ ਜਾਣਦੀ ਹੈ। ਪੰਜਾਬ ਤੋਂ ਬਰੈਂਪਟਨ ਆਏ ਨਾਟਕਕਾਰਾਂ ਦਾ ਸਵਾਗਤ ਉਹ ਅੱਗ਼ਲਵਾਂਢੇ ਹੋ ਕੇ ਕਰਦੀ ਹੈ। ਕਵਿੱਤਰੀ ਹੋਣ ਦੇ ਨਾਲ ਨਾਲ ਉਹ ਕਾਵਿ ਸੰਸਾਰ ਨਾ਼ਲ ਸਾਂਝ ਗੰਢਣੀ ਵੀ ਜਾਣਦੀ ਹੈ। ਉਂਝ ਇਹ ਹੁਨਰ ਕਈ ਹੋਰਾਂ ਕੋ਼ਲ ਵੀ ਹੈ, ਪਰ ਉਨ੍ਹਾਂ ਕੋ਼ਲ ਕਵਿਤਾ ਨਹੀਂ ਹੈ। ਇਥੇ ਬਰੈਂਪਟਨ (ਕੈਨੇਡਾ) ਵਿਚ ਆਪਣੀ ਹੋਂਦ ਦੀ ਪਛਾਣ ਬਣਾਈ ਰੱਖਣ ਲਈ ਇੱਕ ਪੰਜਾਬੀ ਲੇਖਕ ਨੂੰ ਤਰੱਦਦ ਕਰਨਾ ਪੈਂਦਾ ਹੈ। ਪਰਮਜੀਤ ਨੇ ਆਪਣੀ ਪਛਾਣ ਬਣਾਈ ਹੈ ਤੇ ਉਸਦੀ ਕਵਿਤਾ ਨੇ ਵੀ। ਉਸਦੀ ਪਹਿਲੀ ਕਾਵਿ-ਪੋਥੀ ਸਾਹਾਂ ਦੀ ਪੱਤਰੀ ਤੋਂ ਬਾਅਦ 'ਮੈਂ ਇੱਕ ਰਿਸ਼ਮ' ਸੰਨ 2015 ਵਿਚ ਛਪਦੀ ਹੈ। ਛੋਟੀਆਂ ਕਵਿਤਾਵਾਂ ਵਾਲੀ ਇਸ ਪੁਸਤਕ ਵਿਚ ਵੱਡੇ ਤੇ ਗਹਿਰੇ ਖ਼ਿਆਲ ਹਨ। ਇਨ੍ਹਾਂ ਕਵਿਤਾਵਾਂ ਵਿਚ ਕਣ ਹੈ, ਦਾਰਸ਼ਨਿਕਤਾ ਹੈ, ਭਾਵ ਹੈ ਤੇ ਸਰਲ ਭਾਸ਼ਾ 'ਚ ਗਹਿਰੇ ਵਿਚਾਰ ਹਨ। ਇਹ ਕਵਿਤਾਵਾਂ ਪਾਠਕ ਨੂੰ ਆਪਣੇ ਕੋ਼ਲ ਰੋਕਦੀਆਂ ਹਨ, ਸੰਵਾਦ ਰਚਾਉਂਦੀਆਂ ਹਨ ਤੇ ਪਾਠਕ ਦੇ ਮੂੰਹੋਂ ਆਪ-ਮੁਹਾਰੇ ਵਾਹ ਨਿਕਲਦੀ ਹੈ। ਉਹ ਆਪਣੇ ਆਪ ਨਾ਼ਲ ਸੰਵਾਦ ਰਚਾਉਂਦੀ ਆਪਣੀ ਮੈਂ ਤੋਂ ਮੁਕਤ ਹੋਣਾ ਲੋਚਦੀ ਹੈ:

ਮੈਂ ਕੁਝ ਵੀ ਨਹੀਂ ਹਾਂ
ਬੱਸ ਖੋਲਦੇ ਸਮੁੰਦਰ ਦੇ ਪਾਣੀਆਂ 'ਚ
ਨਿੱਕੀ ਜਿਹੀ ਮੱਛਲੀ ਹਾਂ
ਮੈਂ 'ਮੈਂ' ਤੋਂ ਮੁਕਤ ਹੋਣਾ ਲੋਚਦੀ...।

ਕਵਿਤਾ ਦੀ ਸਿਰਜਣਾ ਉਸ ਲਈ ਨਵ-ਜਨਮਿਆ ਬਾਲ ਹੈ ਜਿਸ ਦਾ ਅਹਿਸਾਸ ਉਸਨੂੰ ਮਾਂ ਬਣੀ ਔਰਤ ਦੇ ਅਹਿਸਾਸ ਤੱਕ ਲੈ ਜਾਂਦਾ ਹੈ। 'ਕੁੱਖ ਹਰੀ ਹੁੰਦੀ ਤਾਂ ਕਿੰਨਾ ਚਾਅ ਹੁੰਦਾ ਮਾਂ...ਨੂੰ'। ਉਸ ਦੀਆਂ ਕਵਿਤਾਵਾਂ ਮਹਿਬੂਬ ਦੀ ਯਾਦ ਦੇ ਮੱਠੇ ਮੱਠੇ ਸੇਕ 'ਤੇ ਪੱਕਦੀਆਂ ਹਨ। ਇਨ੍ਹਾਂ ਵਿਚਲੀ ਵਿਚਾਰਸ਼ੀਲਤਾ ਬਹੁ-ਪਰਤੀ ਹੈ। ਉਸ ਦੀ ਕਵਿਤਾ ਅੰਬਰ ਤੇ ਧਰਤ ਦੀ ਬੁੱਕਲ ਵਿਚ ਬੈਠੀ ਤਰਲਤਾ ਹੈ। ਮੁਹੱਬਤ ਦਾ ਅਹਿਸਾਸ ਉਸ ਕੋ਼ਲ ਸੂਖ਼ਮ ਬਿੰਬਾਂ 'ਚ ਪਰੋਇਆ ਮਹੀਨ ਕਾਵਿ ਬਣ ਆਉਂਦਾ ਹੈ:

ਤੇਰੀਆਂ ਲਹਿਰਾਂ ਨੇ ਛੋਹ ਲਿਆ
ਕਿਨਾਰਿਆਂ 'ਤੇ ਵਿਛੀ ਰੇਤ ਨੂੰ
ਤੇ ਮੈਂ ਜਿਉਣ ਜੋਗੀ ਹੋ ਗਈ।

ਮੁਹੱਬਤ ਦੇ ਅਹਿਸਾਸ ਨੂੰ ਸਿਰਜਦੀਆਂ ਬਹੁਤ ਸਾਰੀਆਂ ਨਜ਼ਮਾਂ ਹਨ ਇਸ ਪੁਸਤਕ ਵਿਚ। ਪਰ ਹਰ ਨਜ਼ਮ ਵੱਖਰਾ ਦ੍ਰਿਸ਼ ਸਿਰਜਦੀ ਹੈ, ਵੱਖਰੇ ਅਨੁਭਵ ਦੀ ਬਾਤ ਪਾਉਂਦੀ ਅਸਲੋਂ ਵੱਖਰੀਆਂ ਪੈੜਾਂ ਦੇ ਨਕਸ਼ ਉਲੀਕਦੀ ਹੈ। ਇਹ ਕਵਿਤਾਵਾਂ ਫੁਰਨਿਆਂ ਵਰਗੀਆਂ ਹਨ, ਜ਼ਿੰਦਗੀ ਦੇ ਕਿਸੇ ਵੀ ਛਿਣ ਹੋਏ ਇਲਹਾਮ ਨੂੰ ਸ਼ਬਦਾਂ ਵਿਚ ਸਾਂਭਿਆ ਖਿਆਲ। ਇਹ ਨਜ਼ਮਾਂ ਘੜੀਆਂ ਨਹੀਂ ਗਈਆਂ, ਸਿਰਜੀਆਂ ਗਈਆਂ ਹਨ। ਕਵਿਤਾ, ਤਰਲਤਾ, ਜੀਵਨ, ਝੌ਼ਲਾ, ਖਿੱਚ, ਬਦਲਾਵ, ਯਾਦ, ਆਹਟ, ਇੰਤਜ਼ਾਰ, ਭੇਦ, ਝੀਲ ਵਰਗੀ, ਚੁੱਪ, ਰੰਗ ਆਦਿ ਇਸ ਅਨੁਭਵ ਦੀਆਂ ਕਵਿਤਾਵਾਂ ਹਨ। ਕੁਝ ਕਵਿਤਾਵਾਂ ਵਿਚ ਸਦੀਵੀ ਸੱਚ ਸਿਰਜਦੀਆਂ ਸਤਰਾਂ ਵੀ ਪੜ੍ਹਨ ਨੂੰ ਮਿਲਦੀਆਂ ਹਨ:

ਢਲਦੇ ਸੂਰਜ ਨੂੰ ਸਿਰ ਨਿਵਾਇਆ
ਉਸ ਚੜ੍ਹਦੇ ਸੂਰਜ ਵਰਗੀ ਅਸੀਸ ਦਿੱਤੀ
ਪੈਰ ਦੀ ਜੁੱਤੀ ਦੀ ਆਪਣੀ ਸਪੇਸ ਹੁੰਦੀ
ਤੂੰ ਮੁਸਾਫ਼ਰ ਤਾਂ ਬਣ, ਮੈਂ ਰਸਤਾ ਬਣ ਜਾਵਾਂਗੀ
ਮੈਂ ਅੱਜ ਵੀ ਉਹਦੇ ਬੁੱਲਾਂ 'ਚੋਂ ਕਿਰਦੀ
ਨਜ਼ਮ ਦੀ ਉਡੀਕ 'ਚ ਹਾਂ।

ਮਾਂ, ਝਰੋਖਾ, ਰੀਝ, ਮਾਂ ਬਾਰੇ ਕਵਿਤਾਵਾਂ ਹਨ। ਇਨ੍ਹਾਂ ਕਵਿਤਾਵਾਂ ਵਿਚ ਮਾਂ ਸਾਹਮਣੇ ਚੌਂਕੇ 'ਚ ਬੈਠੀ ਹੈ ਤੇ ਚੌਂਕਾ ਕਵੀ ਦੇ ਅੰਦਰ। ਇਸੇ ਕਰਕੇ ਇਹ ਦੁਨੀਆ ਦੀ ਹਰ ਮਾਂ ਦੀ ਗੱਲ ਕਰਦੀਆਂ ਕਵਿਤਾਵਾਂ ਹਨ। ਇਸ ਕਿਤਾਬ ਦੇ ਟਾਈਟਲ ਵਾ਼ਲੀ ਕਵਿਤਾ 'ਮੈਂ ਇੱਕ ਰਿਸ਼ਮ' ਅਤੇ ਇਸ ਤੋਂ ਬਾਅਦ ਵਾਲੀਆਂ ਕਵਿਤਾਵਾਂ ਦੀ ਸੁਰ ਵੱਖਰੀ ਹੈ। ਇਹ ਪ੍ਰਗਤੀਵਾਦੀ ਦੌਰ ਦੀਆਂ ਕਵਿਤਾਵਾਂ ਦੇ ਨੇੜੇ ਜਾ ਖਲੋਂਦੀਆਂ ਹਨ। ਮੈਂ ਇੱਕ ਰਿਸ਼ਮ ਕਵਿਤਾ ਦੀ ਪਹਿਲੀ ਸਤਰ ਕਿ 'ਮੈਂ ਬਹੁਤ ਕੁਝ ਕਰ ਸਕਦੀ ਹਾਂ', ਸੱਤਾ ਨਾ਼ਲ ਟਕਰਾਉਂਦੇ ਇਰਾਦੇ ਦੀ ਦੱਸ ਪਾਉਂਦੀ ਹੈ।




ਸਵੈ ਸੰਵਾਦ ਜਿਨ੍ਹਾਂ ਦੋ ਪਾਤਰਾਂ ਵਿਚਕਾਰ ਹੈ, ਉਹ ਇਕੋ ਪਾਤਰ ਦੇ ਅੰਦਰ ਤੇ ਬਾਹਰ ਨਾ਼ਲ ਸੰਵਾਦ ਹੈ। ਖ਼ੈਰ 'ਮਾਹੀ' ਕਵਿਤਾ ਵਿਚ ਉਡਦੇ ਬਾਜ਼ਾਂ ਦਾ ਜ਼ਿਕਰ ਪਾਸ਼ ਕਾਵਿ ਤੱਕ ਜਾਂਦਾ ਹੈ। ਰਾਜੇ ਸ਼ੀਂਹ, ਜ਼ਰੂਰੀ ਨਹੀਂ ਹੁੰਦਾ, ਜ਼ੁਲਮ, ਸੱਚ-ਝੂਠ, ਤਾਂਘ, ਲਾ-ਪਤਾ, ਪਰਛਾਵੇਂ ਆਦਿ ਕਵਿਤਾਵਾਂ ਇਸੇ ਸੁਰ ਦੀਆਂ ਹਨ। ਜਿੱਥੋਂ ਤੱਕ ਪਰਮਜੀਤ ਦਿਓਲ ਦੀ ਸਿਰਜਣ ਪ੍ਰਕਿਰਿਆ ਦਾ ਸਬੰਧ ਹੈ, ਉਸਦੀ ਗੱਲ 'ਭਾਲ' ਕਵਿਤਾ ਖੁੱਲ੍ਹ ਕੇ ਕਰਦੀ ਹੈ

ਮੇਰੇ ਕੋ਼ਲ ਖ਼ਿਆਲ ਹੈ ਤੇ ਅੱਖਰ ਉਸਨੂੰ ਲਿਖ ਦਿੰਦੇ
ਮੈਂ ਕਵਿਤਾ ਨਹੀਂ ਲਿਖਦੀ, ਮੈਂ ਤਾਂ ਸ਼ਬਦਾਂ ਨੂੰ
ਕੁੱਛੜ ਚੁੱਕ ਖਿਡਾਉਂਦੀ ਫਿਰਦੀ ਹਾਂ

ਤੇ ਜੇ ਦਿਓਲ ਦੀ ਸਿਰਜਣਾ ਬਾਰੇ ਹੋਰ ਗੱਲ ਕਰਨੀ ਹੋਵੇ ਤਾਂ ਇਸ ਸੰਗ੍ਰਹਿ ਦੀ ਆਖ਼ਰੀ ਨਜ਼ਮ ਪੜ੍ਹ ਸਕਦੇ ਹਾਂ

ਆਹ ਲੈ ਫੜ ਮੇਰੀਆਂ ਨਜ਼ਮਾਂ
ਐਵੇਂ ਨਾ ਖ਼ਰਲ-ਖੂੰਜੇ ਸੁੱਟੀਂ
ਕਿਤੇ ਸਲਾਭਿਆਂ ਦੀ ਮਾਰ ਨਾ਼ਲ ਗ਼ਲ ਸੜ ਜਾਣ
ਜਾਂ ਅਲਮਾਰੀਆਂ 'ਚ ਪਈਆਂ ਦੰਮ ਤੋੜ ਜਾਣ
ਨਜ਼ਮਾਂ ਸੰਵਾਦ ਰਚਾਉਣਾ ਹੈ ਤੇਰੇ ਨਾ਼ਲ।

ਇਸ ਪੁਸਤਕ ਵਿਚ ਕੁਝ ਹੋਰ ਜ਼ਿਕਰਯੋਗ ਕਵਿਤਾਵਾਂ ਵੀ ਹਨ ਜਿਨ੍ਹਾਂ ਵਿਚ ਮਾਨਵੀ ਕਦਰਾਂ-ਕੀਮਤਾਂ ਦੀ ਗੱਲ ਕਰਦੇ ਹੋਰ ਵੀ ਬਹੁਤ ਸਾਰੇ ਵਿਸ਼ੇ ਛੋਹੇ ਗਏ ਹਨ। ਸਮਿਆਂ ਦੇ ਹਾਣੀ, ਵੰਗਾਂ, ਰਜਾਈ, ਆਵਾਗਮਨ, ਪਲ, ਡਰ, ਚੰਗਿਆੜੀ, ਘਰ, ਚਿੜੀ, ਲੂਣ, ਬੂਹੇ, ਉਡਾਣ, ਸ਼ਬਦ, ਕਿਰਸਾਣੀ, ਧੂੰਆਂ, ਭਰਮ, ਕੁਦਰਤ, ਜੰਗਲ, ਦੇਵਦਾਸੀ, ਦਸਤੂਰ, ਕੁੜੀ, ਕੰਧਾਂ, ਸਮਾਧੀ, ਚਾਨਣ, ਚੁੱਪ, ਆਵਾਜ਼ਾਂ,ਰਿਜਕ, ਸਿਰਜਣਾ ਨਜ਼ਰੀਆਂ, ਸੰਪੂਰਣਤਾ ਆਦਿ ਕਵਿਤਾਵਾਂ ਸ਼ਾਮਲ ਹਨ। ਇੰਝ ਅਸੀਂ ਕਹਿ ਸਕਦੇ ਹਾਂ ਕਿ ਮੈਂ ਇੱਕ ਰਿਸ਼ਮ ਦੇ ਕਲਾਵੇ ਵਿਚ ਵਿਸ਼ਿਆਂ ਦੀ ਭਰਮਾਰ ਹੈ। ਮੈਂ ਇੱਕ ਰਿਸ਼ਮ ਵਿਚਲੀਆਂ ਖੁੱਲ੍ਹੀਆਂ ਕਵਿਤਾਵਾਂ ਵਿਚਲੇ ਖੁੱਲ੍ਹੇ ਵਿਚਾਰਾਂ ਦੀ ਕਾਵਿਕਾਰੀ ਤੋਂ ਬਾਅਦ ਪਰਮਜੀਤ ਦਿਓਲ ਛੰਦਬੱਧ ਕਵਿਤਾ ਲਿਖਣ ਵੱਲ ਰੁਚਿਤ ਹੁੰਦੀ ਹੈ ਤੇ ਉਸਦੀ ਅਗਲੀ ਕਿਤਾਬ 'ਤੂੰ ਕੱਤ ਬਿਰਹਾ' ਹੋਂਦ ਵਿਚ ਆਉਂਦੀ ਹੈ।

'ਤੂੰ ਕੱਤ ਬਿਰਹਾ': ਇਸ ਸੰਗ੍ਰਹਿ ਵਿਚ ਗੀਤ, ਗ਼ਜ਼ਲਾਂ ਅਤੇ ਕਵਿਤਾਵਾਂ ਸ਼ਾਮਲ ਹਨ। ਇਸ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਪਰਮਜੀਤ ਦਿਓਲ ਨੂੰ ਜ਼ਬਾਨੀ ਯਾਦ ਹਨ। ਪੰਜਾਬੀ ਵਿਚ ਕਵਿਤਾ ਲਿਖਣ ਵਾਲੇ ਅਜਿਹੇ ਉਂਗਲਾਂ 'ਤੇ ਗਿਣਨ ਜੋਗੇ ਲੋਕ ਹਨ ਜਿਨ੍ਹਾਂ ਨੂੰ ਆਪਣੀਆਂ ਕਵਿਤਾਵਾਂ ਜ਼ਬਾਨੀ ਯਾਦ ਹਨ। ਮੈਨੂੰ ਲੱਗਦਾ ਹੁੰਦਾ ਕਿ ਕਵਿਤਾਵਾਂ ਇਨ੍ਹਾਂ ਦੇ ਅੰਦਰ ਵੱਸਦੀਆਂ ਹਨ, ਇਨ੍ਹਾਂ ਦੇ ਸਾਹਾਂ ਵਿਚ ਸ਼ਾਮਲ ਹਨ। ਇਹ ਲੋਕ ਹਰ ਛਿਣ ਆਪਣੀ ਕਵਿਤਾ ਜਿਉਂਦੇ ਹਨ। ਇਹ ਕਵੀ ਤੇ ਕਵਿਤਾ ਦੋਹਾਂ ਦੀ ਵਡੱਤਣ ਹੈ। 'ਤੂੰ ਕੱਤ ਬਿਰਹਾ' ਵਿਚ ਸੂਫ਼ੀ ਕਾਵਿ ਦਾ ਝਲਕਾਰਾ ਹੈ। ਸ਼ਿਵ ਕੁਮਾਰ ਬਟਾਲਵੀ ਨੂੰ ਬਿਰਹਾ ਦਾ ਸੁਲਤਾਨ ਕਿਹਾ ਗਿਆ ਹੈ। ਸ਼ੇਖ ਫਰੀਦ ਨੇ ਕਿਹਾ ਸੀ 'ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ'। ਪਰਮਜੀਤ ਦਿਓਲ ਲਿਖਦੀ ਹੈ 'ਬਿਰਹਾ ਕਿਹੜਾ ਸੌਖਿਆਂ ਕੱਤਿਆ ਜਾਂਦਾ। ਰੀਝਾਂ ਦੀ ਬੋਲੀ ਲਾਈ ਜਾਂਦੀ ਤੇ ਚਾਵਾਂ ਨੂੰ ਗਹਿਣੇ ਧਰਿਆ ਜਾਂਦੈ'। ਇਹ ਔਰਤ ਦੀ ਹੋਣੀ ਵੱਲ ਸੰਕੇਤ ਹੈ। ਇਸ ਹੋਣੀ ਨੂੰ ਕਵਿਤਾ ਅੰਦਰ ਅਨੁਵਾਦ ਕਰਦਿਆਂ ਕਵਿੱਤਰੀ ਦਾ ਮਨ ਲੋਕ ਮਨ ਦੇ ਨੇੜੇ ਜਾ ਢੁੱਕਦਾ ਹੈ ਅਤੇ ਉਸਦੇ ਕਾਵਿਕ ਬੋਲਾਂ 'ਚ ਲੋਕ ਗੀਤਾਂ ਦੀ ਰੂਹ ਸਾਹ ਲੈਂਦੀ ਜਾਪਦੀ ਹੈ:

ਲਾਹ ਲਾਹ ਗਲੋਟੇ ਪੱਛੀ ਧਰ ਲਏ
ਗੁੱਛੇ ਕਰਕੇ ਸੰਦੂਕੀ ਧਰ ਲਏ
ਹੁਣ ਆਵੇ ਨਾ ਸੰਦੂਕੜੀ ਨੂੰ ਸਾਹ
ਨੀ ਤੂੰ ਕੱਤ ਬਿਰਹਾ ਤੈਨੂੰ ਬਿਰਹਾ...।

ਇਨ੍ਹਾਂ ਕਵਿਤਾਵਾਂ ਵਿਚ ਪੰਜਾਬ ਦੇ ਪੇਂਡੂ ਕਲਚਰ ਵਿਚਲੇ ਠੇਠ ਸ਼ਬਦਾਂ ਦੀ ਵਰਤੋਂ ਇਨ੍ਹਾਂ ਨੂੰ ਹੋਰ ਵੀ ਭਾਵਪੂਰਤ ਬਣਾਉਂਦੇ ਹਨ। ਇਹ ਉਹ ਸ਼ਬਦ ਹਨ ਜਿਹੜੇ ਹੌਲੀ-ਹੌਲੀ ਸਾਡੇ ਸ਼ਬਦਕੋਸ਼ ਵਿਚੋਂ ਅਲੋਪ ਹੋ ਰਹੇ ਹਨ। ਅਜਿਹੇ ਬਹੁਤ ਸਾਰੇ ਸ਼ਬਦਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਕੁਝ ਸ਼ਬਦ ਪੜ੍ਹਦੇ ਹਾਂ ਜਿਵੇਂ ਗਲੋਟੇ, ਪੱਛੀ, ਗੁੱਛੇ, ਸੰਦੂਕੜੀ, ਬੱਤੀ, ਕੰਧਾਂ-ਕੌਲਿਆਂ, ਚਿਤਵਣੀ, ਬੋਹਲ, ਲਿਪਣਾ, ਦਸੂਤੀ, ਕੂਚੀ, ਕਾਹੀ ਆਦਿ:

ਵਿਚ ਤ੍ਰਿਝਣਾਂ ਕੱਢਾਂ ਦਸੂਤੀ
ਪੰਜਾਂ ਨੂੰ ਫੜ੍ਹ ਲਾਹ ਦਾਂ ਕੂਚੀ
ਜੋ ਪਾ ਬੈਠੇ ਗਾਹ
ਨੀ ਮੈਨੂੰ ਪੀਆ ਮਿਲਣ ਦਾ ਚਾਅ/ ਪੀਆ..

ਇਹ ਮੁਹੱਬਤ ਦੇ ਗੀਤ ਨਹੀਂ ਹਨ। ਇਹ ਇੱਕ ਪੰਜਾਬੀ ਨਾਰ ਦੇ ਜਜ਼ਬਾਤ ਹਨ। ਉਸ ਦੀਆਂ ਭਾਵਨਾਵਾਂ ਦਾ ਕਾਵਿਕ ਇਜ਼ਹਾਰ ਹੈ। ਇਹ ਉਹ ਗੀਤ ਹਨ ਜੋ ਘਰ ਦੇ ਕੰਮਾਂ ਕਾਰਾਂ ਵਿਚ ਰੁੱਝੀ ਮੁਟਿਆਰ ਦਿਆਂ ਫੁਰਨਿਆਂ ਵਿਚ ਅੰਗੜਾਈਆਂ ਲੈਂਦੇ ਰਹਿੰਦੇ ਹਨ। ਜਦ ਇਹ ਅੰਗੜਾਈਆਂ ਵਰਕਿਆਂ 'ਤੇ ਆਕਾਰ ਗ੍ਰਹਿਣ ਕਰਦੀਆਂ ਹਨ ਤਾਂ ਗੀਤ ਦਾ ਜਨਮ ਹੁੰਦਾ ਹੈ। ਗੀਤ, ਨਜ਼ਮ, ਗ਼ਜ਼ਲ ਕਿਸ ਵਿਧਾ ਦਾ ਸਰੂਪ ਸਿਰਜਿਆ ਜਾਣਾ ਹੈ, ਇਹ ਫੁਰਨਾ ਆਪਣੇ ਨਾ਼ਲ ਲੈ ਕੇ ਆਉਂਦਾ ਹੈ। ਇਹ ਗੀਤ ਸੁੱਤੇ-ਸਿਧ ਹੀ ਸਮਾਜਿਕ, ਰਾਜਨੀਤਕ ਅਤੇ ਭੂਗੋਲਿਕ ਸਰੋਕਾਰਾਂ ਨੂੰ ਮੁਖ਼ਾਤਬ ਹੋ ਜਾਂਦੇ ਹਨ:

ਧਰਮ ਦੇ ਨਾਂ 'ਤੇ ਵਧਦਾ ਪਾੜਾ
ਦੇਖਿਆ ਮੈਂ ਅਖ਼ਬਾਰਾਂ 'ਤੇ
ਸ਼ਰਮ ਹਯਾ ਤੇ ਕੂਚੀ ਫੇਰੀ
ਨਾ਼ਲ ਬਣੇ ਸੰਸਕਾਰਾਂ ਦੇ
ਉਹੀ ਘੜੇ ਅੱਜ ਡੁੱਲ੍ਹਦੇ ਵੇਖੇ
ਜੋ ਸੰਸਕਾਰਾਂ ਨਾ਼ਲ ਭਰੇ
ਮੈਂ ਉਸ ਗਰੀਬ ਦਾ ਵਿਰਸਾ
ਜਿਹਦੇ ਗ਼ਲ ਪੈਂਦੀ ਫਾਹੀ
ਮੈਂ ਧਰਤੀ ਪੰਜ ਦਰਿਆਵਾਂ ਦੀ
ਜੋ ਮੁੱਦਤਾਂ ਤੋਂ ਤ੍ਰਿਹਾਈ।

'ਤੂੰ ਕੱਤ ਬਿਰਹਾ' ਵਿਚਲੀਆਂ ਰਚਨਾਵਾਂ ਉਨ੍ਹਾਂ ਚੁੱਲ੍ਹਿਆਂ ਦੀ ਗੱਲ ਵੀ ਕਰਦੀਆਂ ਹਨ ਜਿਨ੍ਹਾਂ ਵਿਚ ਘਾਹ ਉੱਗ ਆਉਂਦਾ ਹੈ। ਘਾਹ ਉਨ੍ਹਾਂ ਘਰਾਂ ਦੇ ਚੁੱਲ੍ਹਿਆਂ ਵਿਚ ਹੀ ਉੱਗਦਾ ਹੈ ਜਿਨ੍ਹਾਂ ਦੇ ਆਟੇ ਵਾਲੇ ਪੀਪੇ ਖ਼ਾਲੀ ਹੁੰਦੇ ਹਨ। ਇਨ੍ਹਾਂ ਰਚਨਾਵਾਂ ਕੋ਼ਲ ਦੂਸ਼ਿਤ ਹਵਾ ਦਾ ਫਿਕਰ ਵੀ ਹੈ ਤੇ ਨਸ਼ਿਆਂ ਲੇਖੇ ਲੱਗ ਰਹੀ ਜਵਾਨੀ ਦਾ ਵੀ। ਮੁਰਝਾਈਆਂ ਰੁੱਤਾਂ ਦਾ ਸੱਚ ਵੀ ਤੇ ਖੂਹ ਵਿਚੋਂ ਖ਼ਾਲੀ ਮੁੜੀਆਂ ਟਿੰਡਾਂ ਦਾ ਵੀ। ਦਿਓਲ ਆਪਣੀ ਸ਼ਾਇਰੀ ਵਿਚ ਕੁਦਰਤ ਦੇ ਬਿੰਬਾਂ ਦੀ ਵਰਤੋਂ ਬੜੇ ਸਲੀਕੇ ਨਾ਼ਲ ਕਰਦੀ ਹੈ। ਪੰਛੀ ਆਪਣੇ ਗਰਾਂ ਨੂੰ ਮੁੜ ਗਏ, ਮੋਰ ਪਰਖਦੇ ਘਟਾ ਅਦਾਵਾਂ, ਤੋਤੇ ਅੰਬੀਆਂ ਟੁੱਕਣ ਲੱਗੇ, ਕੋਇਲ ਦਾ ਸਿਰਨਾਵਾਂ ਲੱਭਦੇ ਆਦਿ ਬਹੁਤ ਸਾਰੇ ਹਵਾਲੇ ਦਿੱਤੇ ਜਾ ਸਕਦੇ ਹਨ। ਉਹ ਵਿਹੜੇ ਦੇ ਰੁੱਖ ਨਾ਼ਲ ਵੀ ਸੰਵਾਦ ਰਚਾਉਂਦੀ ਹੈ। ਪਰਵਾਸੀ ਜੀਵਨ ਹੰਢਾ ਰਹੀ ਉਹ ਵਤਨਾਂ ਨੂੰ ਜਾਣ ਵਾ਼ਲੇ ਦੇ ਹੱਥ ਮਾਂ-ਬਾਪ, ਵੀਰ ਤੇ ਭਾਬੀ ਲਈ ਸੁਨੇਹਾ ਭੇਜਦੀ ਹੈ:

ਵਤਨਾਂ ਨੂੰ ਜਾਣ ਵਾਲਿਆ
ਲੈ ਜਾ ਇੱਕ ਸੁਨੇਹਾ ਮੇਰਾ
ਮਾਂ ਦੀਆਂ ਅੱਖੀਆਂ ਵਿਚੋਂ
ਵੇਖੀ ਜਾ ਮੇਰਾ ਚਿਹਰਾ
ਫੋਨ 'ਤੇ ਮਾਂ ਦੱਸਦੀ ਸੀ
ਗੋਡਿਆਂ 'ਚ ਦਰਦ ਬੜਾ ਏ
ਬਾਪੂ ਵੀ ਦੱਸਦਾ ਸੀਗਾ
ਨਿਗ੍ਹਾ ਹੁਣ ਘਟਗੀ ਮੇਰੀ।

ਗਿੱਧੇ ਵਿਚ, ਸੁਣ ਵੇ ਰੁੱਖਾ, ਖਿੱਲਰੇ ਹੋਏ ਹਉਕੇ, ਬਲਦੀ ਸ਼ਮਾਂ, ਚਾਨਣੀ ਵਿਚ, ਰੁੱਤ ਬਸੰਤੀ, ਰੰਗ ਸਰਾਪੇ, ਰੀਝਾਂ, ਪੀੜ ਮੇਰੀ ਇੱਕ ਕਹਾਣੀ, ਸਾਹਾਂ ਦੀ ਚੋਰੀ ਤੇ ਚੁੱਪ ਅਜਿਹੀਆਂ ਰਚਨਾਵਾਂ ਹਨ ਜਿਨ੍ਹਾਂ ਨੂੰ ਅਣਗੌਲਿਆਂ ਨਹੀਂ ਕਰ ਸਕਦੇ। ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਕਿ ਇਹ ਰਚਨਾਵਾਂ ਪੇਤਲੇ ਜਿਹੇ ਇਸ਼ਕ ਦੀ ਤਰਜ਼ਮਾਨੀ ਕਰਦੀਆਂ ਚਿਪਚਿਪੀਆਂ ਕਵਿਤਾਵਾਂ ਨਹੀਂ ਹਨ। ਇਹ ਇੱਕ ਮੁਟਿਆਰ ਦੀਆਂ ਭਾਵਨਾਵਾਂ, ਖ਼ਾਹਿਸ਼ਾਂ, ਇੱਛਾਵਾਂ ਅਤੇ ਜਜ਼ਬਾਤਾਂ ਦੀ ਸੂਖ਼ਮ ਪੇਸ਼ਕਾਰੀ ਹਨ। ਇਨ੍ਹਾਂ ਵਿਚ ਕਵਿੱਤਰੀ ਦੇ ਹੰਢੇ ਵਰਤੇ ਅਨੁਭਵ ਦੀ ਝਲਕ ਪੈਂਦੀ ਹੈ। ਪਰਮਜੀਤ ਦਿਓਲ ਦੀ ਇਹ ਕਾਵਿ-ਸਾਧਨਾ ਉਸ ਦੀ ਸਿਰਜਣਾ ਨੂੰ ਅਗਲੇ ਪੜਾਅ 'ਤੇ ਲੈ ਕੇ ਜਾਣ ਦੀ ਦੱਸ ਪਾਉਂਦੀ ਹੈ। ਅਗਲੀ ਕਿਸੇ ਕਾਵਿ-ਪੋਥੀ ਦੀ ਉਡੀਕ ਕਰਦੇ ਅਸੀਂ ਦਿਓਲ ਨੂੰ ਹੁਣ ਤੱਕ ਕੀਤੇ ਕਾਰਜ ਲਈ ਸ਼ਾਬਾਸ਼ ਦਿੰਦੇ ਹਾਂ।

# ਮਾਂ ਦੇ ਪੇਟ ਵਿਚ ਬੱਚੇ ਦੀ ਸਥਿਤੀ ਤੇ ਹਾਲਾਤ -2

## ਸਿਹਤ ਵਿਗਿਆਨ



ਗੁਰਦੀਪ ਸਿੰਘ ਸੰਧੂ
ਫੋਨ: 408-687-1899

ਇਸ ਤੋਂ ਅੱਗੇ ਸਮਾਂ ਦਸ ਲੂਨਰ ਮਹੀਨੇ ਯਾਨੀ ਚੰਦ ਦੇ ਹਿਸਾਬ ਚੌਦਾਂ ਦਿਨਾਂ ਬਾਅਦ ਮੱਸਿਆ ਤੇ ਚੌਦਾਂ ਦਿਨਾਂ ਬਾਅਦ ਪੁੰਨਿਆ ਭਾਵ ਇਕ ਸਰਕਲ ਚੰਦ ਦਾ ਅਠਾਈ ਦਿਨਾਂ ਵਿਚ ਪੂਰਾ ਹੋ ਜਾਂਦਾ ਹੈ। ਇਕ ਚੰਦ ਮਹੀਨਾ ਅਠਾਈ ਦਿਨ ਦਾ ਗਿਣਿਆ ਜਾਂਦਾ ਹੈ ਭਾਵ ਇਸ ਹਿਸਾਬ ਨਾਲ 280 ਦਿਨਾਂ ਬਾਅਦ ਬੱਚਾ ਇਸ ਕੈਦ 'ਚੋਂ ਆਜ਼ਾਦ ਹੁੰਦਾ ਹੈ। ਬੱਚੇ ਦੇ ਜਨਮ ਬਾਅਦ ਪਲਸੈਂਟਾ ਦੇ ਬੱਚੇਦਾਨੀ ਨਾ਼ਲੋਂ ਅਲੱਗ ਹੋਣ ਨਾਲ ਜੋ ਜ਼ਖ਼ਮ ਬਣਦਾ ਹੈ ਉਸ ਨੂੰ ਠੀਕ ਹੋਣ ਲਈ ਦੋ-ਤਿੰਨ ਹਫ਼ਤੇ ਲੱਗ ਜਾਂਦੇ ਹਨ। ਇਸ ਲਈ ਇਨ੍ਹਾਂ ਦਿਨਾਂ ਵਿਚ ਸਖ਼ਤ ਮਿਹਨਤ ਦੀ ਮਨਾਹੀ ਕੀਤੀ ਜਾਂਦੀ ਹੈ। ਪਰ ਖ਼ੂਨ ਤੇ ਰਹਿੰਦ ਖੂੰਹਦ ਦੀ ਪੂਰੀ ਤਰ੍ਹਾਂ ਸਫਾਈ ਨੂੰ ਤਕਰੀਬਨ ਛੇ ਹਫ਼ਤੇ ਦਾ ਸਮਾਂ ਲੱਗ ਜਾਂਦਾ ਹੈ ਜਿਸ ਨੂੰ ਪੁਰਪੇਰੀਅਲ ਪੀਰੀਅਡ ਯਾਨੀ ਪੋਸਟ ਪਾਰਟਮ ਪੀਰੀਅਡ ਕਹਿੰਦੇ ਹਨ। ਇਸ ਤੋਂ ਬਾਅਦ ਆਮ ਸਿਹਤਮੰਦ ਔਰਤਾਂ ਵਿਚ ਦੁਬਾਰਾ ਮਾਸਿਕ ਧਰਮ ਸ਼ੁਰੂ ਹੋ ਸਕਦਾ ਹੈ ਪਰ ਆਮ ਤੌਰ 'ਤੇ ਕਈ ਵੇਰ ਅਸੰਤੁਲਿਤ ਹੋਇਆ ਹਾਰਮੋਨਜ਼ ਦਾ ਚੱਕਰ ਛੇ ਮਹੀਨੇ ਤੱਕ ਦਾ ਸਮਾਂ ਇਸ ਨੂੰ ਪੂਰੀ ਤਰ੍ਹਾਂ ਰੈਗੂਲੇਟ ਕਰਨ ਵਿਚ ਲੈ ਲੈਂਦਾ ਹੈ।

ਇਹ ਸਵਾਲ ਆਮ ਪੁੱਛਿਆ ਜਾਂਦਾ ਹੈ ਕਿ ਕੀ ਡਲਿਵਰੀ ਤੋਂ ਤੁਰੰਤ ਬਾਅਦ ਫਿਰ ਔਰਤ ਪਰੈਗਨੈਂਟ ਹੋ ਸਕਦੀ ਹੈ। ਤਾਂ ਇਸ ਦਾ ਜਵਾਬ ਹੈ ਹਾਂ ਪੁਰਪੇਰੀਅਲ ਪੀਰੀਅਡ (ਭਾਵ ਡਲਿਵਰੀ ਹੋ ਜਾਣ ਤੋਂ ਬਾਅਦ ਦਾ ਛੇ ਕੁ ਹਫ਼ਤਿਆਂ ਦਾ ਸਮਾਂ ਜਿਸਨੂੰ ਅੰਗਰੇਜ਼ੀ ਵਿਚ ਪੋਸਟ ਪਾਰਟਮ ਪੀਰੀਅਡ ਕਹਿੰਦੇ ਹਨ) ਤੋਂ ਬਾਅਦ ਔਰਤ ਪਰੈਗਨੈਂਟ ਹੋ ਸਕਦੀ ਹੈ।

ਪੁਰਪੇਰੀਅਲ ਪੀਰੀਅਡ ਸਮੇਂ ਈਸਟਰੋਜਿਨ ਹਾਰਮੋਨਜ਼ ਦਾ ਲੈਵਲ ਇਕਦਮ ਹੇਠਲੇ ਪੱਧਰ 'ਤੇ ਪਹੁੰਚ ਜਾਂਦਾ ਹੈ, ਜਿਸ ਨਾਲ ਬਰੇਨ ਵਿਚੋਂ ਨਿਕਲਦੇ ਫੌਲੀਕੁਲਰ ਸਟਿਮੂਲੇਟਿੰਗ ਹਾਰਮੋਨ ਅਤੇ ਐਲ ਐਚ ਹਾਰਮੋਨ ਦਾ ਵਧਣਾ ਸ਼ੁਰੂ ਹੁੰਦਾ ਹੈ ਪਰ ਹੁਣ ਡਲਿਵਰੀ ਹੋਣ ਤੋਂ ਬਾਅਦ ਇਹ ਐਲ ਐਚ ਹਾਰਮੋਨ ਲੈਕਟੇਸ਼ਨ ਯਾਨੀ ਦੁੱਧ ਬਣਾਉਣ ਦੇ ਕੰਮ ਆਉਂਦਾ ਹੈ ਜਿਸ ਅਨੁਸਾਰ ਐਲ ਐਚ ਹਾਰਮੋਨ ਕਦੀ ਵੀ ਪੀਕ 'ਤੇ ਨਹੀਂ ਪਹੁੰਚਦਾ ਤੇ ਨਤੀਜੇ ਵਜੋਂ ਫੌਲੀਕੁਲਰ ਹਾਰਮੋਨ ਪੂਰੀ ਤਰ੍ਹਾਂ ਨਹੀਂ ਬਣਦਾ। ਸੋ ਐਲ ਐਚ ਹਾਰਮੋਨਜ਼ ਤੋ ਬਾਅਦ ਫੌਲੀਕੁਲਰ ਹਾਰਮੋਨ ਜੋ ਐਲ ਐਚ ਹਾਰਮੋਨ ਦੇ ਖ਼ੂਨ ਵਿਚ ਪੀਕ 'ਤੇ ਪਹੁੰਚਣ ਸਮੇਂ ਪੈਦਾ ਹੋਣਾ ਸ਼ੁਰੂ ਹੁੰਦਾ ਹੈ ਉਹ ਪੂਰੀ ਤਰ੍ਹਾਂ ਪੈਦਾ ਨਹੀਂ ਹੁੰਦਾ ਜਿਸ ਦੇ ਅਸਰ ਹੇਠ ਓਵਰੀ ਵਿਚ ਓਵਮ ਦੀ ਤਿਆਰੀ ਸ਼ੁਰੂ ਹੋ ਕੇ ਓਵੂਲੇਸ਼ਨ ਤੱਕ ਪਹੁੰਚਦੀ ਸੀ। ਅਤੇ ਦੂਸਰੀ ਕਿਰਿਆ ਕਿ ਫੌਲੀਕੁਲਰ ਹਾਰਮੋਨਜ਼ ਦੀ ਕਮੀ ਕਰਕੇ ਓਵੂਲੇਸ਼ਨ ਲਈ ਓਵਰੀ ਤਿਆਰ ਹੀ ਨਹੀਂ ਹੁੰਦੀ ਤੇ ਨਾ ਹੀ ਬੱਚੇਦਾਨੀ ਦੇ ਅੰਦਰਲੇ ਪਰਦੇ ਇੰਡੋਮੈਟਰੀਅਲ ਵਿਚ ਡਿਵੈਲਪਮੈਂਟ ਹੀ ਸ਼ੁਰੂ ਹੁੰਦੀ ਹੈ ਜਿਸ ਕਰਕੇ ਪੋਸਟ ਪਾਰਟਮ ਪੀਰੀਅਡ ਵਿਚ ਪਰੈਗਨੈਂਸੀ ਦੇ ਚਾਂਸ ਬਹੁਤ ਘੱਟ ਹੁੰਦੇ ਹਨ। ਪਰ ਅਜਿਹਾ ਨਹੀਂ ਕਿ ਪਰੈਗਨੈਂਸੀ ਹੋ ਨਹੀਂ ਸਕਦੀ। ਕੁਝ ਤੰਦਰੁਸਤ ਔਰਤਾਂ ਦੇ ਹਾਲਤਾਂ ਵਿਚ ਡਲਿਵਰੀ ਤੋਂ ਤੁਰੰਤ ਬਾਅਦ ਜੇ ਨਵੇਂ ਜੋੜਿਆਂ ਵਿਚ ਸੈਕਸ ਪ੍ਰਕਿਰਿਆ ਚਾਲੂ ਕੀਤੀ ਜਾਂਦੀ ਹੈ ਅਤੇ ਨਾਰਮਲ ਹਾਰਮੋਨਲ ਸਰਕਲ ਡਲਿਵਰੀ ਦੇ ਬਾਅਦ ਤੁਰੰਤ ਚਾਲੂ ਹੈ ਤਾਂ ਨਵੀਂ ਪਰੈਗਨੈਂਸੀ ਪਹਿਲੀ ਪਰੈਗਨੈਂਸੀ ਦੇ ਡਲਿਵਰ ਹੋਣ ਦੇ ਤੁਰੰਤ ਬਾਅਦ ਸ਼ੁਰੂ ਹੋ ਸਕਦੀ ਹੈ।

ਪਰੈਗਨੈਂਸੀ ਦੇ ਦੌਰਾਨ ਐਲ ਐਚ ਹਾਰਮੋਨ ਦੀ ਲੈਕਟੋਜੈਨਿਕ ਐਕਟੀਵਿਟੀ ਕਰਕੇ ਛਾਤੀਆਂ ਦੁੱਧ ਨਾਲ ਭਰਨ ਲੱਗਦੀਆਂ ਹਨ। ਬਰੈਸਟ ਦੇ ਨਿਪਲ ਦੁਆਲੇ ਜੋ ਕਾਲਾ ਘੇਰਾ ਜਿਸਨੂੰ ਏਰੀਓਲਾ ਕਹਿੰਦੇ ਹਨ ਪਰੈਗਨੈਂਸੀ ਦੌਰਾਨ ਬਹੁਤ ਕਾਲਾ ਹੋ ਗਿਆ ਸੀ ਇਹ ਡਲਿਵਰੀ ਤੋਂ ਬਾਅਦ ਜਦ ਦੁੱਧ ਬਣ ਕੇ ਬਾਹਰ ਨਿਕਲਣਾ ਸ਼ੁਰੂ ਹੁੰਦਾ ਹੈ ਤਾਂ ਹਲਕੇ ਰੰਗ ਦਾ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਦੇ ਨਾਲ ਹੀ ਇਸ ਏਰੀਓਲਾ ਵਿਚ ਪਿੰਪਲਜ ਟਾਈਪ ਜਿਨ੍ਹਾਂ ਨੂੰ ਪਿਗਮੈਨਟੇਸ਼ਨ ਜਾਂ ਮੋਨਟਗੋਮਰੀ ਗਲੈਂਡਜ਼ ਵੀ ਕਹਿੰਦੇ ਹਨ; ਗਿਲਟੀਆਂ ਵੀ ਬਣਦੀਆਂ ਹਨ ਤੇ ਪਰੈਗਨੈਂਸੀ ਦੌਰਾਨ ਵੱਡੀਆਂ ਹੋ ਜਾਂਦੀਆਂ ਹਨ ਪਰ ਲੈਕਟੇਸ਼ਨ ਪੀਰੀਅਡ ਨਾਰਮਲ ਹਾਲਾਤ ਵਿਚ ਸ਼ੁਰੂ ਹੋਣ ਨਾਲ ਬਿਲਕੁਲ ਖਤਮ ਹੋ ਜਾਂਦੀਆਂ ਹਨੈ। ਦੂਸਰਾ ਸਵਾਲ ਜੋ ਆਮ ਪੁੱਛਿਆ ਜਾਂਦਾ ਹੈ ਕਿ ਕੀ ਡਲਿਵਰੀ ਤੋਂ ਬਾਅਦ ਬੱਚੇਦਾਨੀ ਪੂਰੀ ਤਰ੍ਹਾਂ ਆਪਣੀ ਨਾਰਮਲ ਹਾਲਤ ਵਿਚ ਆ ਜਾਂਦੀ ਹੈ? ਇਸ ਦਾ ਜਵਾਬ ਹਾਂ ਵੀ ਹੈ ਤੇ ਨਾਂਹ ਵੀ ਹੈ। ਹਾਂ ਇਸ ਲਈ ਕਿ ਡਲਿਵਰੀ ਦੌਰਾਨ ਜਿਹੜੇ ਕੰਟਰੈਕਸ਼ਨ ਬੱਚੇਦਾਨੀ ਵਿਚ ਪਿਟੋਸਿਨ ਹਾਰਮੋਨ ਜੋ ਪਿਚਰੋਟਰੀ ਗਲੈਂਡ ਦਾ ਹੀ ਹਾਰਮੋਨ ਹੈ ਜੋ ਦਰਦਾਂ ਨੂੰ ਡਲਿਵਰੀ ਦੇ ਸਮੇਂ ਕੁਦਰਤੀ ਤੌਰ 'ਤੇ ਪੈਦਾ ਹੋ ਕੇ ਦਰਦ ਸ਼ੁਰੂ ਵੀ ਕਰਦਾ ਹੈ ਤੇ ਤੇਜ਼ ਕਰਕੇ ਬੱਚੇ ਦੀ ਡਲਿਵਰੀ ਜਲਦੀ ਤੇ ਸਮੇਂ ਸਿਰ ਕਰਨ ਦੇ ਕੰਮ ਆਉਂਦਾ ਹੈ ਉਹਦੇ ਅਸਰ ਕਰਕੇ ਜਾਂ ਬਾਹਰੋਂ ਦਿੱਤੇ ਗਏ ਪਿਟੋਸਿਨ ਹਾਰਮੋਨ ਦੇ ਟੀਕਿਆਂ ਕਰਕੇ ਡਲਿਵਰੀ ਸਮੇਂ ਜਿਹੜੇ ਦਰਦ ਬੜੇ ਤੇਜ਼ ਤੇ ਜਲਦੀ ਜਲਦੀ ਹੋ ਰਹੇ ਸਨ ਉਹ ਹੁਣ ਬਰੇਨ ਵਿਚ ਆਟੋਮੈਟਿਕ ਤੌਰ 'ਤੇ ਡਲਿਵਰੀ ਹੋ ਜਾਣ ਬਾਅਦ ਘੱਟ ਹੋਣੇ ਸ਼ੁਰੂ ਹੋ ਜਾਂਦੇ ਹਨ ਤੇ ਤਕਰੀਬਨ 48 ਘੰਟਿਆਂ ਵਿਚ ਨਾਰਮਲ ਹਾਲਾਤ ਵਿਚ ਪਹੁੰਚ ਜਾਂਦੇ ਹਨ। ਤਦ ਤੱਕ ਬਾਹਰੋਂ ਟੀਕਿਆਂ ਰਾਹੀਂ ਦਿੱਤਾ ਹਾਰਮੋਨਜ਼ ਦਾ ਅਸਰ ਵੀ ਆਪਣਾ ਸਮਾਂ ਪੂਰਾ ਕਰ ਕੇ ਸਰੀਰ ਵਿਚੋਂ ਖ਼ੂਨ ਰਾਹੀਂ ਪੇਸ਼ਾਬ ਰਾਹੀਂ ਖਤਮ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਸ ਕਰਕੇ ਬੱਚੇਦਾਨੀ ਦੇ ਕੰਟਰੈਕਸ਼ਨ ਘਟਣ ਲੱਗਦੇ ਹਨ ਤੇ ਰੀਜਨਰੇਟਿਵ ਕਿਰਿਆ ਭਾਵ ਅੰਦਰ ਬਾਹਰ ਸਰੀਰ ਦੀ ਡਲਿਵਰੀ ਦੌਰਾਨ ਹੋਈ ਟੁੱਟ-ਭੱਜ ਠੀਕ ਹੋਣੀ ਸ਼ੁਰੂ ਹੋ ਜਾਂਦੀ ਹੈ। ਇਕੱਲੀ ਬੱਚੇਦਾਨੀ ਹੀ ਨਹੀਂ ਪੂਰੇ ਸਰੀਰ ਦਾ ਪਰੈਗਨੈਂਸੀ ਦੌਰਾਨ ਵਧਿਆ ਭਾਰ ਵੀ ਘਟਦਾ ਹੈ। ਜੋ ਆਮ ਤੌਰ 'ਤੇ ਨਾਰਮਲ ਪਰੈਗਨੈਂਸੀ ਦੇ ਹਾਲਾਤਾਂ ਵਿਚ ਅਠਾਈ ਪੌਂਡ ਤੱਕ ਪਰੈਗਨੈਂਸੀ ਦੇ ਚਾਲੀ ਹਫ਼ਤਿਆਂ ਵਿਚ ਵਧਦਾ ਹੈ ਉਹ ਆਪਣੇ ਨਾਰਮਲ ਰੂਪ ਵਿਚ ਆ ਜਾਂਦਾ ਹੈ। ਕੁਝ ਹਾਲਾਤਾਂ ਵਿਚ ਇਹ ਭਾਰ ਵੱਧ ਜਾਂ ਘੱਟ ਵੀ ਹੁੰਦਾ ਹੈ। ਡਲਿਵਰੀ ਦੌਰਾਨ ਪੈਦਾ ਹੋਈਆਂ ਕੰਟਰੈਕਸ਼ਨਜ਼ ਜਾਂ ਡਲਿਵਰੀ ਸਮੇਂ ਬਾਹਰੀ ਦਵਾਈਆਂ ਨਾਲ ਪੈਦਾ ਕੀਤੀਆਂ ਕੰਟਰੈਕਸ਼ਨ ਤਾਂ ਡਲਿਵਰੀ ਤੋਂ ਬਾਅਦ ਅਠਤਾਲੀ ਘੰਟਿਆਂ ਵਿਚ ਆਪਣੀ ਨਾਰਮਲ ਹਾਲਤ ਵਿਚ ਆ ਜਾਂਦੀਆਂ ਹਨ ਪਰ ਇਹ ਕਹਿਣ ਦਾ ਇਹ ਮਤਲਬ ਨਹੀਂ ਕਿ ਬਿਲਕੁਲ ਖਤਮ ਹੋ ਜਾਂਦੀਆਂ ਹਨ। ਕਿਉਂਕਿ ਬੱਚੇਦਾਨੀ ਵਿਚ ਪਿਉਬਰਟੀ ਤੋਂ ਬਾਅਦ ਇਹ ਕੰਟਰੈਕਸ਼ਨਜ਼ ਹਾਰਮੋਨਲ ਵੇਗ ਕਰਕੇ ਇਕ ਸਧਾਰਨ ਤੀਬਰਤਾ ਨਾਲ ਚਾਲੂ ਹੁੰਦੇ ਹਨ ਜਿਨ੍ਹਾਂ ਨੂੰ ਯੂਟੇਰਾਈਨ ਸਫਲ ਕਹਿੰਦੇ ਹਨ। ਇਹ ਯੂਟੇਰਾਈਨ ਸਫਲ ਮਾਸਕ ਧਰਮ ਨੇੜੇ ਕੁਝ ਤੇਜ਼ ਹੋ ਜਾਂਦੀਆਂ ਹਨ ਤੇ ਕਰੈਂਪਿੰਗ ਦਰਦਾਂ ਵਾਂਗ ਮਹਿਸੂਸ ਹੁੰਦੀਆਂ ਹਨ। ਪਰ ਸਧਾਰਨ ਹਾਲਾਤ ਵਿਚ ਇਹ ਮਹਿਸੂਸ ਨਹੀਂ ਹੁੰਦੀਆਂ। ਸੋ ਡਲਿਵਰੀ ਤੋਂ ਬਾਅਦ ਅਠਤਾਲੀ ਘੰਟਿਆਂ ਵਿਚ ਵਧੀਆਂ ਹੋਈਆਂ ਕੰਟਰੈਕਸ਼ਨਜ਼ ਠੀਕ ਹੋ ਕੇ ਨਾਰਮਲ ਚਾਲ ਵਿਚ ਆ ਜਾਂਦੀਆਂ ਹਨ।

# ਟਰੰਪ ਦੀ ਟੀਮ 'ਚ ਪੰਜ ਭਾਰਤੀ ਅਮਰੀਕਨਾਂ ਦੀ ਬੱਲੇ-ਬੱਲੇ

ਅਮਰੀਕਾ ਦੇ ਨਵੇਂ ਚੁਣੇ ਗਏ 47ਵੇਂ ਰਾਸ਼ਟਰਪਤੀ ਡੋਨਾਲਡ ਟਰੰਪ 20 ਜਨਵਰੀ ਨੂੰ ਦੂਜੀ ਵਾਰ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕਣ ਜਾ ਰਹੇ ਹਨ। ਉਨ੍ਹਾਂ ਦੀ ਟੀਮ ਵਿਚ



ਫਿਲਹਾਲ 5 ਭਾਰਤੀ ਮੂਲ ਦੇ ਅਮਰੀਕੀਆਂ ਲੈਫ਼.ਕਰਨਲ ਤੁਲਸੀ ਗਵਾਰਡ, ਵਿਵੇਕ ਗਨਪਥੀ ਰਾਮਾਸਵਾਮੀ, ਸ੍ਰੀ ਰਾਮ ਕ੍ਰਿਸ਼ਨਨ, ਜੈ (ਜਯੰਤ) ਭੱਟਾਚਾਰੀਆ

**ਉਜਾਗਰ ਸਿੰਘ**

ਅਤੇ ਹਰਮੀਤ ਕੌਰ ਢਿਲੋਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਪੰਜਾਂ ਵਿਚ ਦੋ ਇਸਤਰੀਆਂ ਤੁਲਸੀ ਗਵਾਰਡ ਅਤੇ ਹਰਮੀਤ ਕੌਰ ਢਿਲੋਂ ਹਨ। ਭਾਰਤੀ ਮੂਲ ਦੇ ਅਮਰੀਕਨ ਕਯਸ਼ਪ ਪ੍ਰਮੋਦ ਵਿਨੋਦ ਪਟੇਲ ਜੋ ਅਮਰੀਕਾ ਵਿਚ ਕੈਸ਼ ਪਟੇਲ ਦੇ ਨਾਮ ਨਾਲ ਜਾਣੇ ਜਾਂਦੇ ਹਨ, ਉਨ੍ਹਾਂ ਨੂੰ ਫ਼ੈਡਰਲ ਬਿਓਰੋ ਆਫ਼ ਇਨਵੈਸਟੀਗੇਸ਼ਨ (ਐਫ਼.ਬੀ.ਆਈ.) ਦਾ ਡਾਇਰੈਕਟਰ ਨਿਯੁਕਤ ਕੀਤਾ ਹੈ। ਅਮਰੀਕਾ ਦੇ ਪ੍ਰਬੰਧਕੀ ਢਾਂਚੇ ਵਿਚ ਇਹ ਸਭ ਤੋਂ ਉਚਾ ਅਹੁਦਾ ਹੈ। ਕੈਸ਼ ਪਟੇਲ ਦਾ ਕੈਰੀਅਰ ਵਿਲੱਖਣ ਹੈ। ਉਹ



ਸ਼ਾਨਦਾਰ ਵਕੀਲ, ਜਾਂਚ ਕਰਤਾ ਅਤੇ ਅਮਰੀਕਾ ਦਾ ਫਸਟ ਯੋਧਾ ਹੈ। ਉਸਨੇ ਭਰਿਸ਼ਟਾਚਾਰ ਵਿਰੋਧੀ ਰੂਸ ਦੀ ਧੋਖੇਬਾਜ਼ੀ ਦਾ ਪਰਦਾ ਫਾਸ਼ ਕਰਨ ਵਿਚ ਮੁੱਖ ਭੂਮਿਕਾ ਨਿਭਾਈ ਸੀ। ਉਸ ਦੇ ਮਾਪੇ 1970 ਵਿਚ ਅਫ਼ਰੀਕਾ ਤੋਂ ਕੈਨੇਡਾ ਫਿਰ ਅਮਰੀਕਾ ਆਏ ਸਨ। 44 ਸਾਲਾ ਕੈਸ਼ ਪਟੇਲ ਦਾ ਜਨਮ 25 ਫਰਵਰੀ 1980 ਨੂੰ ਅਮਰੀਕਾ ਦੇ ਗਾਰਡਨ ਸ਼ਹਿਰ ਨਿਊਯਾਰਕ ਵਿਚ ਭਾਰਤੀ ਗੁਜਰਾਤੀ ਇਮੀਗਰੈਂਟਸ ਮਾਪਿਆਂ ਦੇ ਘਰ ਹੋਇਆ, ਜਿਸਨੂੰ ਲਿਟਲ ਇੰਡੀਆ (ਕੁਈਨਜ਼ ਨਿਊਯਾਰਕ) ਕਿਹਾ ਜਾਂਦਾ ਹੈ। ਡੋਨਾਲਡ ਟਰੰਪ ਦੀ ਪਹਿਲੀ ਟਰਮ ਵਿਚ ਉਹ 2017 ਵਿਚ ਅਮਰੀਕੀ ਰੱਖਿਆ ਸਕੱਤਰ ਦੇ ਨੈਸ਼ਨਲ ਸੀਨੀਅਰ ਡਿਪਟੀ ਡਾਇਰੈਕਟਰ ਰੱਖਿਆ ਵਿਚ ਚੀਫ਼ ਆਫ਼ ਸਟਾਫ਼ ਨਿਯੁਕਤ ਸੀ। ਕੈਸ਼ ਪਟੇਲ ਨੇ ਗਾਰਡਨ ਸਿਟੀ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ। ਇਸ ਤੋਂ ਬਾਅਦ 2002 ਵਿਚ ਰਿਚਮੰਡ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਡਿਗਰੀ ਹਿਸਟਰੀ ਅਤੇ ਇਨ ਕਰਿਮੀਨਲ ਜਸਟਿਸ ਵਿਚ ਪਾਸ ਕੀਤੀਆਂ। 2004 ਵਿਚ ਯੂਨੀਵਰਸਿਟੀ ਕਾਲਜ ਲੰਡਨ ਤੋਂ ਸਰਟੀਫ਼ੀਕੇਟ ਆਫ਼ ਇੰਟਰਨੈਸ਼ਨਲ ਲਾਅ ਪ੍ਰਾਪਤ ਕੀਤਾ। ਉਸਨੇ ਕਾਨੂੰਨ ਦੀ ਡਿਗਰੀ ਪੇਸ ਯੂਨੀਵਰਸਿਟੀ ਸਕੂਲ ਆਫ਼ ਲਾਅ ਨਿਊਯਾਰਕ ਤੋਂ ਪਾਸ ਕੀਤੀ। ਡੋਨਾਲਡ ਟਰੰਪ ਨੇ 43 ਸਾਲਾ ਤੁਲਸੀ ਗਵਾਰਡ ਨੂੰ ਨੈਸ਼ਨਲ ਇਨਟੈਲੀਜੈਂਸ ਦਾ ਡਾਇਰੈਕਟਰ ਬਣਾਕੇ ਮਹੱਤਵਪੂਰਨ ਕੰਮ ਦਿੱਤਾ ਹੈ। ਤੁਲਸੀ ਗਵਾਰਡ ਦਾ ਪਿਛੋਕੜ ਆਰਮੀ ਦਾ ਹੈ। ਉਹ ਅਮਰੀਕਾ ਵਿਚ 9/11 ਦੇ ਹੋਏ ਹਮਲੇ ਤੋਂ ਬਾਅਦ ਆਰਮੀ ਨੈਸ਼ਨਲ ਗਾਰਡ ਵਿਚ ਸ਼ਾਮਲ ਹੋ ਗਈ ਸੀ। ਉਹ ਪਲਾਟੂਨ ਲੀਡਰ ਵਜੋਂ ਮੱਧ ਪੂਰਵ ਵਿਚ ਤਾਇਨਾਤ ਰਹੀ ਹੈ। ਉਸਨੇ ਆਪਣਾ ਸਿਆਸੀ ਕੈਰੀਅਰ 2006 ਵਿਚ ਸੈਨੇਟਰ ਵੈਟਰਨ ਅਫ਼ੇਅਰ ਕਮੇਟੀ ਦੇ ਉਸ ਸਮੇਂ ਦੇ ਚੇਅਰਮੈਨ ਸੈਨੇਟਰ ਡੇਨੀਅਲ ਅਕਾਕਾ ਲਈ ਇੱਕ ਵਿਧਾਨਿਕ ਸਹਾਇਕ ਵਜੋਂ ਕੰਮ ਕਰਕਦਿਆਂ ਸ਼ੁਰੂ ਕੀਤਾ ਸੀ। ਤੁਲਸੀ ਗਵਾਰਡ ਪਹਿਲੀ ਵਾਰ ਮਹਿਜ 21 ਸਾਲ ਦੀ ਉਮਰ ਵਿਚ ਹਵਾਈ ਹਾਊਸ ਆਫ਼ ਰਿਪ੍ਰਜੈਂਟੇਟਿਵ (ਪ੍ਰਤੀਨਿਧੀ ਸਭਾ) ਲਈ ਚੁਣੀ ਗਈ ਸੀ। ਉਹ 2013 ਤੋਂ 2021 ਤੱਕ ਹਵਾਈ ਦੇ ਦੂਜੇ ਜ਼ਿਲ੍ਹੇ ਦੀ ਕਾਂਗਰਸ ਮੈਂਬਰ ਰਹੀ ਹੈ। ਉਹ ਅਮਰੀਕੀ ਕਾਂਗਰਸ ਦੀ ਪਹਿਲੀ ਹਿੰਦੂ ਮੈਂਬਰ ਹੈ, ਜੋ ਚਾਰ ਵਾਰ ਵਿਮੈਨ ਕਾਂਗਰਸ ਰਹੀ ਹੈ। ਤੁਲਸੀ ਗਵਾਰਡ ਦਾ ਜਨਮ ਅਮਰੀਕੀ ਸਮੋਆ ਵਿਚ ਹੋਇਆ ਸੀ। ਉਸਦਾ ਪਾਲਣ ਪੋਸ਼ਣ ਹਵਾਈ ਵਿਚ ਹੋਇਆ ਪ੍ਰੰਤੂ ਉਸਨੇ ਆਪਣਾ ਬਚਪਨ ਫਿਲਪੀਨ ਵਿਚ ਬਿਤਾਇਆ। ਉਹ ਪਹਿਲਾਂ ਡੈਮੋਕਰੈਟਿਕ ਪਾਰਟੀ ਵਿਚ ਕੰਮ ਕਰਦੀ ਸੀ। ਉਸਨੇ 2020 ਵਿਚ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਨਾਮਜ਼ਦਗੀ ਦਾਖ਼ਲ ਕੀਤੀ ਸੀ ਪ੍ਰੰਤੂ ਫਿਰ ਉਹ ਜੋ ਬਾਇਡਨ ਦੇ ਹੱਕ ਵਿਚ ਵਿਦਡਰਾਅ ਕਰ ਗਈ ਸੀ। ਪਿਛਲੇ ਸਾਲ ਉਸਨੇ ਡੈਮੋਕਰੈਟਿਕ ਪਾਰਟੀ ਤੋਂ ਅਸਤੀਫ਼ਾ ਦੇ ਕੇ ਰਿਪਬਲਿਕਨ ਪਾਰਟੀ ਜਾਇਨ ਕਰ ਲਈ ਸੀ। ਤੁਲਸੀ ਗਵਾਰਡ ਭਗਵਦ ਗੀਤਾ ਨੂੰ ਆਪਣਾ ਅਧਿਆਤਮਿਕ ਮਾਰਗ ਦਰਸ਼ਕ ਮੰਨਦੀ ਹੈ। ਉਸਨੇ 2013 ਵਿਚ ਭਗਵਦ ਗੀਤਾ ਗ੍ਰੰਥ 'ਤੇ



ਹੱਥ ਰੱਖਕੇ ਸਹੁੰ ਚੁੱਕੀ ਸੀ ਤੇ 2014 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਉਹ ਅਮਰੀਕਾ ਦੇ ਦੌਰੇ 'ਤੇ ਗਏ ਸਨ, ਉਨ੍ਹਾਂ ਨੂੰ ਭਗਵਦ ਗੀਤਾ ਭੇਂਟ ਕੀਤੀ ਸੀ।

ਡਾ. ਜੈ (ਜਯੰਤ) ਭੱਟਾਚਾਰੀਆ ਭਾਰਤੀ ਮੂਲ ਦੇ ਅਮਰੀਕੀ ਵਿਗਿਆਨੀ ਨੂੰ ਦੇਸ਼ ਦੀ ਚੋਟੀ ਦੀ ਸੰਸਥਾ ਦਾ ਡਾਇਰੈਕਟਰ ਨੈਸ਼ਨਲ ਇਨਸਟੀਚਿਊਟ ਆਫ਼ ਹੈਲਥ ਨਿਯੁਕਤ ਕੀਤਾ ਹੈ। ਜੈ ਭੱਟਾਚਾਰੀਆਂ ਇੱਕ ਮੰਨੇ ਪ੍ਰਮੰਨੇ ਵਿਗਿਆਨੀ ਹਨ, ਉਨ੍ਹਾਂ ਨੇ ਕਰੋਨਾ ਕਾਲ ਵਿਚ ਮਹੱਤਵਪੂਰਨ ਕੰਮ ਕੀਤਾ ਸੀ। ਉਹ ਅਮਰੀਕਾ ਦੀ ਕੋਵਿਡ ਪਾਲਿਸੀ ਦਾ ਕਰਿਟਿਕ ਰਿਹਾ ਹੈ। ਜੈ ਭੱਟਾਚਾਰੀਆ ਨੈਸ਼ਨਲ ਬਿਓਰੋ ਆਫ਼ ਇਕਨਾਮਿਕਸ ਰਿਸਰਚ ਐਂਡ ਐਨ ਇਨਸਟੀਚਿਊਟ ਆਫ਼ ਹੈਲਥ ਕੈਪੀਟੋਲ ਦਾ ਪ੍ਰੋਫ਼ੈਸਰ ਅਤੇ ਰਿਸਰਚ ਐਸੋਸੀਏਟ ਰਿਹਾ ਹੈ। ਉਹ ਪ੍ਰਾਇਮਰੀ ਯੂ.ਐਸ.ਪਬਲਿਕ ਫ਼ੰਡ ਮੈਡੀਕਲ ਰਿਸਰਚ ਲਈ 47.3 ਬਿਲੀਅਨ ਬਜਟ ਵਾਲੇ ਕੰਮ ਦੀ ਸੁਪਰਵੀਜਨ ਕਰਨਗੇ। ਇਸ ਸੰਸਥਾ ਦੀਆਂ 27 ਇਨਸਟੀਚਿਊਟ ਹਨ। ਉਨ੍ਹਾਂ ਆਰਟਸ ਵਿਚ ਬੀ.ਏ.ਆਨਰਜ਼ ਤੇ ਐਮ.ਏ ਪਾਸ ਕੀਤੀਆਂ, ਫਿਰ 1997 ਵਿਚ ਸਟੈਨਫ਼ੋਰਡ ਯੂਨੀਵਰਸਿਟੀ ਦੇ ਸਕੂਲ ਆਫ਼ ਮੈਡੀਸਨ ਤੋਂ ਡਿਗਰੀ ਕੀਤੀ। 2000 ਵਿਚ ਇਕਨਾਮਿਕਸ ਵਿਚ ਡਾਕਟਰੇਟ ਕੀਤੀ ਸੀ। ਜਯੰਤ ਭੱਟਾਚਾਰੀਆ ਦਾ ਜਨਮ 1968 ਵਿਚ ਕਲਕੱਤਾ ਵਿਖੇ ਹੋਇਆ। ਉਸਨੇ ਮੁੱਢਲੀ ਪੜ੍ਹਾਈ ਕਲਕੱਤਾ ਵਿਚੋਂ ਪ੍ਰਾਪਤ ਕੀਤੀ। ਉਸਨੇ ਆਪਣਾ ਕੈਰੀਅਰ 1998 ਵਿਚ ਆਰਥ ਸ਼ਾਸਤਰੀ ਦੇ ਤੌਰ ਤੇ ਸ਼ੁਰੂ ਕੀਤਾ। ਉਹ 2006 ਤੋਂ 2008 ਤੱਕ ਰਿਸਰਚ ਫ਼ੈਲੋ ਰਹੇ।



ਡੋਨਾਲਡ ਟਰੰਪ ਫੈਡਰਲ ਸਰਕਾਰ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਚਿੰਤਾਤੁਰ ਹਨ। ਇਸ ਲਈ ਉਨ੍ਹਾਂ ਨੇ ਵਿਵੇਕ ਰਾਮਾ ਸਵਾਮੀ ਨੂੰ ਗਵਰਨਮੈਂਟ ਐਫ਼ੀਸ਼ੈਂਸੀ, ਸਰਕਾਰੀ ਖ਼ਰਚੇ ਘਟਾਉਣ ਵਾਲਾ (ਰੀਕਨਸਟਰਕਸ਼ਨ ਆਫ਼ ਫ਼ੈਡਰਲ ਏਜੰਸੀਜ਼) ਮਹੱਤਪੂਰਨ ਵਿਭਾਗ ਦਾ ਕੰਮ ਸੌਂਪਿਆ ਹੈ। ਉਹ ਐਲਨ ਮਸਕ ਦੇ ਨਾਲ ਕੰਮ ਕਰਨਗੇ।

> **ਡੋਨਲਡ ਟਰੰਪ ਫੈਡਰਲ ਸਰਕਾਰ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਚਿੰਤਾਤੁਰ ਹਨ। ਇਸ ਲਈ ਉਨ੍ਹਾਂ ਨੇ ਵਿਵੇਕ ਰਾਮਾ ਸਵਾਮੀ ਨੂੰ ਗਵਰਨਮੈਂਟ ਐਫ਼ੀਸ਼ੈਂਸੀ, ਸਰਕਾਰੀ ਖ਼ਰਚੇ ਘਟਾਉਣ ਵਾਲਾ (ਰੀਕੰਸਟਰੱਕਸ਼ਨ ਆਫ਼ ਫ਼ੈਡਰਲ ਏਜੰਸੀਜ਼) ਮਹੱਤਪੂਰਨ ਵਿਭਾਗ ਦਾ ਕੰਮ ਸੌਂਪਿਆ ਹੈ। ਉਹ ਐਲਨ ਮਸਕ ਦੇ ਨਾਲ ਕੰਮ ਕਰਨਗੇ।**

39 ਸਾਲਾ ਵਿਵੇਕ ਰਾਮਾ ਸਵਾਮੀ ਅਮਰੀਕਾ ਦਾ ਵੱਡਾ ਉਦਮੀ ਹੈ, ਜਿਹੜਾ ਅਮਰੀਕਾ ਦੇ 2024 ਦੀ 100 ਅਮੀਰ ਵਿਅਕਤੀਆਂ ਦੀ ਸੂਚੀ ਵਿਚ ਸ਼ਾਮਲ ਹੈ। ਉਸਨੇ 2014 ਵਿਚ 'ਰੋਇਵਾਂਟ ਸਾਇੰਸਜ਼ ਲਿਮਟਿਡ' ਮਲਟੀਨੈਸ਼ਨਲ ਹੈਲਥ ਕੇਅਰ ਕੰਪਨੀ ਬਣਾਈ ਸੀ। ਇਸ ਕੰਪਨੀ ਦਾ ਮੁੱਖ ਦਫ਼ਤਰ ਨਿਊਯਾਰਕ ਵਿਚ ਹੈ। ਇਸ ਖੇਤਰ ਦਾ ਉਹ ਵੱਡਾ ਕਾਰੋਬਾਰੀ ਹੈ। ਉਸਦਾ ਸਮੁੱਚਾ ਬਾਇਓਟੈਕ ਅਤੇ ਵਿਤੀ ਕਾਰੋਬਾਰ 960 ਮਿਲੀਅਨ ਦਾ ਹੈ। ਇਸ ਲਈ ਡੋਨਾਲਡ ਟਰੰਪ ਨੇ ਉਸਦੀ ਕਾਬਲੀਅਤ ਦਾ ਲਾਭ ਉਠਾਉਣ ਲਈ ਇਹ ਜ਼ਿੰਮੇਵਾਰੀ ਦਿੱਤੀ ਹੈ। ਫ਼ੈਡਰਲ ਸਰਕਾਰ ਦੀ ਆਰਥਿਕ ਹਾਲਤ ਮਜ਼ਬੂਤ ਕਰਨ ਦੀ ਜ਼ਿੰਮੇਵਾਰੀ ਵਿਵੇਕ ਰਾਮਾਸਵਾਮੀ ਨੇ ਸਵੈ-ਇੱਛਾ ਨਾਲ ਲਈ ਹੈ। ਫਰਵਰੀ 2023 ਵਿਚ ਉਸਨੇ 2024 ਦੀ ਰਾਸ਼ਟਰਪਤੀ ਚੋਣ ਲਈ ਨਾਮਜ਼ਦਗੀ ਦਾਖਲ ਕੀਤੀ ਸੀ, ਪ੍ਰੰਤੂ ਜਨਵਰੀ 2024 ਵਿਚ ਵਿਦਡਰਾਅ ਕਰ ਗਿਆ ਸੀ। ਉਹ ਹਾਰਵਰਡ ਯੂਨੀਵਰਸਿਟੀ ਦੀ ਪੌਲੀਟੀਕਲ ਯੂਨੀਅਨ ਦਾ ਪ੍ਰਧਾਨ ਵੀ ਰਿਹਾ ਹੈ। ਵਿਵੇਕ ਰਾਮਾ ਸਵਾਮੀ ਦਾ ਜਨਮ 9 ਅਗਸਤ 1985 ਨੂੰ ਭਾਰਤੀ ਇਮੀਗਰੈਂਟਸ ਮਾਪਿਆਂ ਮਾਤਾ ਗੀਥਾ ਰਾਮਾ ਸਵਾਮੀ ਅਤੇ ਪਿਤਾ ਵੀ.ਜੀ.ਰਾਮਾ ਸਵਾਮੀ ਦੇ ਘਰ ਹੋਇਆ। ਉਸਦਾ ਪਰਿਵਾਰ ਕੇਰਲਾ ਰਾਜ ਦੇ ਤਾਮਿਲ ਸਾਈਕਿੰਗ ਬ੍ਰਾਹਮਣ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਉਹ ਹਾਰਡਰਡ ਯੂਨੀਵਰਸਿਟੀ ਵਿਚ ਪੜ੍ਹਿਆ ਹੈ। ਵਿਵੇਕ ਰਾਮਾ ਸਵਾਮੀ ਨੇ ਬੀ.ਏ.ਬਾਇਆਲੋਜੀ ਵਿਸ਼ੇ ਵਿਚ ਅਤੇ ਲਾਅ ਯੇਲ ਯੂਨੀਵਰਸਿਟੀ ਤੋਂ ਪਾਸ ਕੀਤੀ। ਉਸਦਾ ਵਿਆਹ ਅਪੂਰਵਾ.ਟੀ.ਰਾਮਾਸਵਾਮੀ ਨਾਲ ਹੋਇਆ। ਇਸ ਸਮੇਂ ਉਹ ਓਹੀਓ ਰਾਜ ਦੇ ਸਿਨਸਿਨਾਟੀ ਸ਼ਹਿਰ ਵਿਚ ਰਹਿੰਦੇ ਹਨ।



ਇਸੇ ਤਰ੍ਹਾਂ ਭਾਰਤੀ ਮੂਲ ਦੇ ਅਮਰੀਕੀ ਸ੍ਰੀ ਰਾਮ ਕ੍ਰਿਸ਼ਨਨ ਨੂੰ ਆਰਟੀਫ਼ੀਸ਼ੀਅਲ ਇਨਟੈਲੀਜੈਂਸ ਬਾਰੇ ਵਾਈਟ ਹਾਊਸ ਦਾ ਸੀਨੀਅਰ ਨੀਤੀ ਸਲਾਹਕਾਰ ਨਿਯੁਕਤ ਕੀਤਾ ਹੈ। ਉਹ ਵਾਈਟ ਹਾਊਸ ਆਫਿਸ ਆਫ਼ ਸਾਇੰਸ ਐਂਡ ਟੈਕਨਾਲੋਜੀ ਪਾਲਿਸੀ ਵਿਚ ਆਫ਼ੀਸ਼ੀਅਲ ਇਨਟੈਲੀਜੈਂਸ ਲਈ ਸੀਨੀਅਰ ਨੀਤੀ ਸਲਾਹਕਾਰ ਵਜੋਂ ਜੋ ਡੇਵਿਡ.ਓ .ਸਾਕਸ ਨਾਲ ਕੰਮ ਕਰਨਗੇ। ਉਹ ਪੌਡਕਾਸਟਰ, ਲੇਖਕ ਅਤੇ ਪ੍ਰੋਡਕਟ ਮੈਨੇਜਰ ਵੀ ਰਹੇ ਹਨ। ਉਹ ਪਹਿਲਾਂ ਮਾਈਕ੍ਰੋਸਾਫਟ, ਟਵਿਟਰ, ਯਾਹੂ, ਫੇਸ ਬੁੱਕ ਤੇ ਸਨੈਪ ਉਤਪਾਦ ਟੀਮਾਂ ਦੀ ਅਗਵਾਈ ਕਰ ਚੁੱਕੇ ਹਨ। ਸ੍ਰੀ ਰਾਮ ਕ੍ਰਿਸ਼ਨਨ ਆਂਦਰੇਸੇਨ ਹੋਰੋਵਿਟਜ਼ ਕੰਪਨੀ ਵਿਚ 2021 ਵਿਚ ਸ਼ਾਮਲ ਹੋਏ। ਉਸ ਨੇ ਆਪਣੀ ਪਤਨੀ ਆਰਤੀ ਰਾਮ ਮੂਰਥੀ ਨਾਲ ਰਲਕੇ 'ਕਲੱਬ ਟਾਕ ਸ਼ੋ' ਸ਼ੁਰੂ ਕੀਤਾ ਸੀ, ਜਿਹੜਾ ਬਹੁਤ ਹੀ ਹਰਮਨ ਪਿਆਰਾ ਬਣ ਗਿਆ। ਸਾਲ 2023 ਵਿਚ ਉਸਨੂੰ ਕੰਪਨੀ ਦੇ ਲੰਦਨ ਦਫ਼ਤਰ ਦਾ ਇਨਚਾਰਜ ਲਗਾਇਆ ਗਿਆ। ਉਹ ਸਾਫ਼ਟਵੇਅਰ ਇੰਜਿਨੀਅਰ ਹਨ ਅਤੇ ਸਿਲੀਕੋਨ ਵੈਲੀ ਵਿਚ ਜਾਣਿਆਂ ਪਛਾਣਿਆਂ ਨਾਮ ਹੈ।

ਉਸਦਾ 1984 ਵਿਚ ਚਨਈ ਤਾਮਿਲਨਾਡੂ ਵਿਚ ਜਨਮ ਹੋਇਆ। ਉਹ ਮਧ ਵਰਗ ਦੇ ਪਰਿਵਾਰ ਵਿਚੋਂ ਹੈ। ਉਸਨੇ 1990 ਵਿਚ ਆਪਣੇ ਪਿਤਾ ਨੂੰ ਕੰਪਿਊਟਰ ਖ੍ਰੀਦਣ ਲਈ ਮਨਾਇਆ, ਉਸ ਕੋਲ ਇੰਟਰਨੈਟ ਨਹੀਂ ਸੀ ਪ੍ਰੰਤੂ ਉਹ ਕੋਡਿੰਗ ਪੁਸਤਕਾਂ ਲੈ ਕੇ ਸਿੱਖਦਾ ਰਿਹਾ। ਇਥੇ ਹੀ ਉਸਦਾ ਆਰਤੀ ਨਾਲ ਮੇਲ ਹੋਇਆ, ਜੋ ਵਿਆਹ ਵਿਚ ਬਦਲ ਗਿਆ। ਉਸਨੇ 2001 ਤੋਂ 2005 ਤੱਕ ਐਸ.ਆਰ.ਐਮ.ਯੂਨੀਵਰਸਿਟੀ ਤੋਂ ਬੀ.ਟੈਕ ਦੀ ਡਿਗਰੀ ਕੀਤੀ ਤੇ ਫਿਰ ਅਮਰੀਕਾ ਆ ਗਿਆ। 2007 ਵਿਚ ਉਸਨੇ ਆਪਣਾ ਕੈਰੀਅਰ ਮਾਈਕਰੋਸਾਫਟ ਵਿਚ ਬਤੌਰ ਪ੍ਰੋਗਰਾਮ ਮੈਨੇਜਰ ਵਿਸ਼ਾਲ ਸਟੂਡੀਓ ਤੋਂ ਸ਼ੁਰੂ ਕਰਕੇ ਇੰਟਰਨੈਟ ਨੂੰ ਆਪਣਾ ਕੈਰੀਅਰ ਬਣਾਇਆ। ਫਰਵਰੀ 2021 ਵਿਚ ਉਹ ਅਮਰੀਕਨ ਵੈਂਚਰ ਕੈਪੀਟਲ ਫਰਮ 'ਐਂਡਰਸਨ ਹੋਰਵਿਟਜ' ਵਿਚ ਜਨਰਲ ਪਾਟਨਰ ਨਿਯੁਕਤ ਹੋ ਗਿਆ। ਉਹ ਆਪਣੀ ਪਤਨੀ ਆਰਤੀ ਰਾਮਮੂਰਥੀ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਨੇ 'ਦਾ ਆਰਤੀ ਤੇ ਸ੍ਰੀਰਾਮ ਸ਼ੋਅ 'ਦੀ ਮੇਜ਼ਬਾਨੀ ਕੀਤੀ।



ਹਰਮੀਤ ਕੌਰ ਢਿਲੋਂ ਨੂੰ ਨਿਆਂ ਵਿਭਾਗ ਵਿਚ ਸਿਵਲ ਰਾਈਟਸ ਲਈ ਸਹਾਇਕ ਅਟਾਰਨੀ ਜਨਰਲ ਨਿਯੁਕਤ ਕੀਤਾ ਗਿਆ ਹੈ। ਹਰਮੀਤ ਕੌਰ ਢਿਲੋਂ ਪੰਜਾਬਣ/ਜੱਟ ਸਿੱਖ ਭਾਈਚਾਰੇ ਨਾਲ ਸੰਬੰਧ ਰੱਖਦੀ ਹੈ। ਜੁਲਾਈ 2024 ਵਿਚ ਜਦੋਂ ਡੋਨਾਲਡ ਟਰੰਪ 'ਤੇ ਇੱਕ ਚੋਣ ਜਲਸੇ ਵਿਚ ਹਮਲਾ ਹੋਇਆ ਸੀ, ਉਸ ਤੋਂ ਬਾਅਦ ਹਰਮੀਤ ਕੌਰ ਢਿਲੋਂ ਨੇ ਇੱਕ ਹੋਰ ਜਲਸੇ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸਿੱਖ ਪਰੰਪਰਾਵਾਂ ਅਨੁਸਾਰ ਉਸਦੀ ਸਿਹਤਯਾਬੀ, ਜਿੱਤ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਸੀ। ਉਸਨੇ ਆਪਣਾ ਕੈਰੀਅਰ ਸੰਵਿਧਾਨਿਕ ਅਹੁਦਿਆਂ ਤੋਂ ਸ਼ੁਰੂ ਕੀਤਾ ਸੀ। ਉਹ ਡੋਨਾਲਡ ਟਰੰਪ ਲਈ ਕਾਨੂੰਨੀ ਵੋਟਾਂ ਦੀ ਗਿਣਤੀ ਨੂੰ ਯਕੀਨੀ ਬਣਾਉਣ ਲਈ ਲੜ ਰਹੀ ਸੀ। ਉਹ ਵਰਜੀਨੀਆ ਸਟੇਟ ਦੇ ਡਾਰਮਾਊਥ ਕਾਲਜ ਅਤੇ ਲਾਅ ਸਕੂਲ ਯੂਨੀਵਰਸਿਟੀ ਦੀ ਗ੍ਰੈਜੂਏਟ ਹੈ। ਉਹ ਯੂ.ਐਸ.ਫੋਰਥ ਸਰਕਟ ਕੋਰਟ ਆਫ਼ ਅਪੀਲਜ਼ ਵਿਚ ਕਲਰਕ ਰਹੀ ਹੈ। ਉਹ ਰਿਪਬਲਿਕਨ ਪਾਰਟੀ ਦੀ ਪ੍ਰਧਾਨਗੀ ਦੀ ਚੋਣ ਵੀ ਲੜੀ ਪ੍ਰੰਤੂ ਅਸਫਲ ਰਹੀ ਸੀ। ਉਹ ਸਿਵਲ ਰਾਈਟਸ ਕਾਰਕੁਨ ਅਤੇ ਫਰੀ ਸਪੀਚ ਦੀ ਆਜ਼ਾਦੀ ਦੀ ਸਪੋਰਟਰ ਹੈ। ਕੋਵਿਡ ਦੌਰਾਨ ਇਸਾਈਆਂ ਦੀਆਂ ਪ੍ਰੇਅਰ ਮੀਟਿੰਗਾਂ ਤੇ ਲਗਾਈਆਂ ਪਾਬੰਦੀਆਂ ਵਿਰੁਧ ਉਨ੍ਹਾਂ ਦੀ ਵਕੀਲ ਸੀ। ਉਹ 'ਢਿਲੋਂ ਲਾਅ ਗਰੁਪ' ਦੀ ਇੱਕ ਸੰਸਥਾਪਕ ਅਤੇ ਸੀਨੀਅਰ ਪਾਰਟਨਰ ਹੈ।

> **ਹਰਮੀਤ ਕੌਰ ਢਿਲੋਂ ਨੂੰ ਨਿਆਂ ਵਿਭਾਗ ਵਿਚ ਸਿਵਲ ਰਾਈਟਸ ਲਈ ਸਹਾਇਕ ਅਟਾਰਨੀ ਜਨਰਲ ਨਿਯੁਕਤ ਕੀਤਾ ਗਿਆ ਹੈ। ਹਰਮੀਤ ਕੌਰ ਢਿਲੋਂ ਪੰਜਾਬਣ/ਜੱਟ ਸਿੱਖ ਭਾਈਚਾਰੇ ਨਾਲ ਸੰਬੰਧ ਰੱਖਦੀ ਹੈ।**

ਹਰਮੀਤ ਕੌਰ ਦਾ ਜਨਮ 2 ਅਪ੍ਰੈਲ 1969 ਨੂੰ ਪਿਤਾ ਤੇਜਪਾਲ ਸਿੰਘ ਦੇ ਘਰ ਚੰਡੀਗੜ੍ਹ ਵਿਚ ਹੋਇਆ ਸੀ। ਉਸਦਾ ਪਰਿਵਾਰ ਧਾਰਮਿਕ ਖਿਆਲਾਂ ਵਾਲਾ ਸੀ ਤੇ ਉਹ ਕੀਰਤਨ ਕਰਨ ਜਾਣਦੀ ਹੈ। ਉਸਦਾ ਵਿਆਹ ਸਰਵਜੀਤ ਸਿੰਘ ਨਾਲ ਰੰਧਾਵਾ ਨਾਲ ਹੋਇਆ ਸੀ, ਜੋ ਸਵਰਗਵਾਸ ਹੋ ਚੁੱਕੇ ਹਨ।

**-ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ**
**ਮੋਬਾਈਲ-94178 13072**

# ਜਜ਼ਬਾਤੀ ਤੇ ਸਿਰੜੀ ਲੇਖਕ - ਨਵਦੀਪ ਗਿੱਲ

ਨਵਦੀਪ ਸਿੰਘ ਗਿੱਲ। ਕੌਣ ਹੈ ਇਹ? ਇਸਦਾ ਇੱਥੇ ਜ਼ਿਕਰ ਕਿਉਂ ਹੋ ਰਿਹਾ ਹੈ। ਫਿਲਹਾਲ ਰੁਕੋ। ਇਸ ਬਾਰੇ ਬਾਅਦ 'ਚ ਗੱਲ ਕਰਦੇ ਹਾਂ। ਪਹਿਲਾਂ ਉਸਦੇ ਵਿਅਕਤਿਤਵ ਬਾਰੇ ਗੱਲ ਕਰਦੇ ਹਾਂ। ਨਵਦੀਪ ਗਿੱਲ ਨੂੰ ਦੇਖ ਕੇ ਚਾਅ ਚੜ੍ਹ ਜਾਂਦਾ ਹੈ। ਉਸਨੂੰ ਮਿਲ ਕੇ, ਗੱਲਾਂ ਕਰਕੇ ਉਦਾਸੀ ਪਲਾਂ ਵਿਚ ਹੀ ਖੇਤੇ, ਖੁਸ਼ੀ 'ਚ ਬਦਲ ਜਾਂਦੀ ਹੈ। ਆਲੇ-ਦੁਆਲੇ ਰੌਣਕ ਲੱਗ ਜਾਂਦੀ ਹੈ। ਉਸਦਾ ਹੱਸਣਾ ਖਿੜੀ ਦੁਪਹਿਰ ਵਰਗਾ ਹੈ। ਉਸਦਾ ਮੂੰਹ ਹੀ ਨਹੀਂ, ਉਸ ਦਾ ਸਾਰਾ ਸਰੀਰ ਗੱਲਾਂ ਕਰਦਾ ਹੈ। ਗੱਲਾਂ ਕਰਦਾ-ਕਰਦਾ ਉਹ ਏਨਾ ਖੋ ਜਾਂਦਾ ਹੈ ਕਿ ਉਸ ਨੂੰ ਸਮੇਂ ਦਾ ਚਿੱਤ-ਚੇਤਾ ਨਹੀਂ ਰਹਿੰਦਾ। ਉਸਦੇ ਅੰਦਰ ਬੇਥਾਹ ਐਨਰਜੀ ਹੈ ਤੇ ਡੁੱਲ੍ਹ-ਡੁੱਲ੍ਹ ਪੈਂਦਾ ਜਜ਼ਬਾ। ਉਸਨੇ ਹੁਣ ਤੱਕ ਆਪਣੇ ਅੰਦਰ ਏਨਾ ਕੁਝ ਸਮੋ



**ਸਰਬਜੀਤ ਧਾਲੀਵਾਲ**
**ਫੋਨ: 98141-23338**

ਲਿਆ ਹੈ ਕਿ ਉਸਦਾ ਦੁਬਾਰਾ ਸ਼ੁਰੂ ਕੀਤਾ ਬਿਰਤਾਂਤ ਮੁਕਣ 'ਚ ਹੀ ਨਹੀਂ ਆਉਂਦਾ।

ਕੌਣ ਹੈ ਇਹ ਨਵਦੀਪ ਗਿੱਲ? ਉਹ ਖੇਡ ਸੰਸਾਰ 'ਚ ਵਿਚਰਣ ਵਾਲਾ ਬਹੁਤ ਹੀ ਜਜ਼ਬਾਤੀ ਤੇ ਸਿਰੜੀ ਲੇਖਕ ਹੈ। ਉਸਨੂੰ ਨਾਮੀ ਖਿਡਾਰੀਆਂ ਨੂੰ ਮਿਲ ਕੇ, ਗੱਲਾਂ ਕਰਕੇ ਤੇ ਉਨ੍ਹਾਂ ਬਾਰੇ ਲਿਖ ਕੇ ਮਾਣ ਮਹਿਸੂਸ ਹੁੰਦਾ ਹੈ। ਉਸਨੂੰ ਅਦਬੀ ਲੋਕਾਂ ਦੀ ਸੰਗਤ ਕਰਨ ਦਾ ਭੁਸ ਵੀ ਹੈ। ਬਤੌਰ ਖੇਡ ਲਿਖਾਰੀ ਉਹ ਪ੍ਰਿੰਸੀਪਲ ਸਰਵਣ ਸਿੰਘ ਦਾ ਸੁਲਝਿਆ ਤੇ ਨਿਖਰਿਆ ਹੋਇਆ ਵਾਰਿਸ ਹੈ। ਭਾਵੇਂ ਪ੍ਰਿੰਸੀਪਲ ਨੇ ਹੋਰ ਵੀ ਬਹੁਤ ਕੁਝ ਹੀਰੇ-ਮੋਤੀਆਂ ਜੜ੍ਹਿਆ ਲਿਖਿਆ ਹੈ ਪਰ ਮੂਲ ਰੂਪ ਵਿਚ ਉਹ ਖੇਡ ਲਿਖਾਰੀ ਦੇ ਤੌਰ 'ਤੇ ਹੀ ਟੀਸੀ ਦਾ ਬੇਰ ਬਣਿਆ ਹੈ। ਨਵਦੀਪ ਗਿੱਲ ਪ੍ਰਿੰਸੀਪਲ ਸਾਹਿਬ ਦਾ ਚੇਲਾ ਹੈ। ਇਹ ਗੱਲ ਉਨ੍ਹਾਂ ਲਿਖੀ ਵੀ ਹੈ। ਨਵਦੀਪ ਗਿੱਲ ਹੁਣ ਤਕ ਦਰਜਨ ਤੋਂ ਵੱਧ ਖੇਡਾਂ ਤੇ ਖਿਡਾਰੀਆਂ ਬਾਰੇ ਪੁਸਤਕਾਂ ਪੰਜਾਬੀਆਂ ਦੀ ਝੋਲੀ ਪਾ ਚੁੱਕਿਆ ਹੈ। ਇਨ੍ਹਾਂ ਕਿਤਾਬਾਂ 'ਚ- ਖੇਡ ਅੰਬਰ ਦੇ ਪੰਜਾਬੀ ਸਿਤਾਰੇ; ਮੈਂ ਇਵੇਂ ਵੇਖੀਆਂ ਏਸ਼ਿਆਈ ਖੇਡਾਂ; ਅੱਖੀਂ ਵੇਖੀਆਂ ਓਲੰਪਿਕ ਖੇਡਾਂ; ਨੌਂ-ਲੱਖਾ ਬਾਗ; ਉਡਣਾ ਬਾਜ਼; ਫਰਾਟਾ ਕਿੰਗ ਉਸੈਨ ਬੋਲਟ; ਗੋਲਡਨ ਬੋਏ ਨੀਰਜ ਚੋਪੜਾ; ਹਾਕੀ ਦਾ ਜਾਦੂਗਰ ਧਿਆਨ ਚੰਦ ਅਤੇ ਟੋਕਿਓ ਓਲੰਪਿਕਸ ਦੇ ਸਾਰੇ ਹਾਕੀ ਸਿਤਾਰੇ ਸ਼ਾਮਿਲ ਹਨ।

ਇਥੇ ਨਵਦੀਪ ਗਿੱਲ ਦਾ ਜ਼ਿਕਰ ਉਸਦੀ ਨਵੀਂ ਕਿਤਾਬ ਨੂੰ ਲੈ ਕੇ ਹੋ ਰਿਹਾ ਹੈ। ਕਿਤਾਬਾਂ ਛਪਦੀਆਂ ਰਹਿੰਦੀਆਂ ਨੇ। ਕੁੱਝ ਪੜ੍ਹੀਆਂ ਜਾਣ ਵਾਲੀਆਂ ਹੁੰਦੀਆਂ ਨੇ ਤੇ ਕੁੱਝ ਸਿਰਫ ਲਾਇਬ੍ਰੇਰੀਆਂ ਦੇ ਖਾਨਿਆਂ ਚ ਰੁਦਨ ਕਰਨ ਲਈ ਹੁੰਦੀਆਂ ਹਨ। ਨਵਦੀਪ ਦੀ ਨਵੀਂ ਕਿਤਾਬ ਪੜ੍ਹੀ ਜਾਣ ਵਾਲੀ ਹੈ। ਇਸ ਦੀ ਵਿਲੱਖਣਤਾ ਇਹ ਹੈ ਕੇ ਇਹ ਗੁਰਮੁਖੀ ਦੇ ਨਾਲ ਸ਼ਾਹਮੁਖੀ ਵਿਚ ਵੀ ਛਪੀ ਹੈ। ਸਪਸ਼ਟ ਹੈ ਕਿ ਇਸ ਵਿਚ ਲਹਿੰਦੇ ਪੰਜਾਬ ਬਾਰੇ ਵੀ ਕੁੱਝ ਦਿਲਚਸਪ ਹੋਵੇਗਾ। ਕਿਤਾਬ ਦਾ ਨਾਂ ਹੈ: 'ਪੰਜ-ਆਬ ਦੇ ਸ਼ਾਹ ਅਸਵਾਰ' ਕਿਤਾਬ ਖੇਡ ਸੰਸਾਰ 'ਚ ਚਮਕ ਚੁਕੇ ਤੇ ਚਮਕ ਰਹੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਖੇਡ ਸਿਤਾਰਿਆਂ ਬਾਰੇ ਹੈ। ਸ਼ਾਹਮੁਖੀ ਐਡੀਸ਼ਨ 'ਤੋਂ ਪਰਦਾ ਲਾਹੌਰ 'ਚ ਪੰਜਾਬੀ ਲੇਖਕਾਂ ਦੇ ਇਕੱਠ 'ਚ ਹਟਾਇਆ ਗਿਆ ਹੈ। ਨਵਦੀਪ ਵੀ ਲਾਹੌਰ ਪਹੁੰਚਿਆ ਹੋਇਆ ਹੈ।


ਖੇਡਾਂ ਤੇ ਖੇਡ ਸੰਸਾਰ ਦੇ ਨਾਇਕਾਂ ਨਾਲ ਮੋਹ ਰੱਖਣ ਵਾਲਿਆਂ ਦਾ ਇਹ ਕਿਤਾਬ ਪੜ੍ਹ ਕੇ ਮਨ ਖੇਡ ਜਗਤ ਦੇ ਡੂੰਘੇ ਸਮੁੰਦਰਾਂ 'ਚ ਤਾਰੀਆਂ ਲਾਉਣ ਲਗੇਗਾ। ਇਹ ਮੇਰੀ ਧਾਰਨਾ ਹੈ। ਜੋ ਵੱਡੀ ਉਮਰ ਦੇ ਨੇ ਉਨ੍ਹਾਂ ਨੂੰ ਬਹੁਤ ਕੁਝ ਜਵਾਨੀ ਦੇ ਦਿਨਾਂ ਦਾ ਯਾਦ ਆਵੇਗਾ। ਜਦੋਂ ਨਵਦੀਪ ਆਪਣੀ ਕਿਤਾਬ 'ਚ ਸਮੀਉਲਾ ਦਾ ਜ਼ਿਕਰ ਕਰਦਾ ਹੈ, ਉਦੋਂ ਮੇਰੇ ਦਿਮਾਗ 'ਚ ਚਲ ਰਹੀ ਘੜੀ ਕੋਈ 50 ਸਾਲ ਪਿਛੇ ਵਲ ਪਟਿਆਲੇ ਦੇ ਯਾਦਵਿੰਦਰਾ ਪਬਲਿਕ ਸਕੂਲ ਦੇ ਸਟੇਡੀਅਮ ਵਿਚ ਆ ਰੁਕਦੀ ਹੈ। ਇਥੇ ਭਾਰਤ ਤੇ ਪਾਕਿਸਤਾਨ ਦੇ ਚੋਟੀ ਦੇ ਹਾਕੀ ਖਿਡਾਰੀਆਂ ਤੋਂ ਇਲਾਵਾ ਇਕ-ਦੋ ਹੋਰ ਦੇਸ਼ਾਂ ਦੇ ਖਿਡਾਰੀਆਂ ਨੂੰ ਲੈ ਕੇ ਤੇਹਰਾਨ ਏਸ਼ਿਆਈ ਗੇਮਜ਼ ਤੋਂ ਬਾਅਦ ਬਣੀ ਆਲ ਏਸ਼ੀਅਨ ਸਟਾਰ ਟੀਮ ਦਾ ਪ੍ਰਦਰਸ਼ਨੀ ਮੈਚਾਂ ਦੀ ਲੜੀ ਤਹਿਤ ਮੈਚ ਹੋਣਾ ਸੀ। ਸਾਡੇ ਕਾਲਜ ਦੇ ਡੀ.ਪੀ.ਈ. ਸ. ਮੱਘਰ ਸਿੰਘ ਸਾਨੂੰ ਇਹ ਮੈਚ ਦਿਖਾਉਣ ਲਈ ਲੈ ਕੇ ਆਏ। ਸਟੇਡੀਅਮ ਵਿਚ ਤਿਲ ਸੁੱਟਣ ਨੂੰ ਥਾਂ ਨਹੀਂ ਸੀ। ਲੋਹੜੇ ਦੀ ਭੀੜ। ਜਿਥੇ ਕਿਤੇ ਕਿਸੇ ਦਾ ਪੈਰ ਅਟਕਦਾ, ਉਥੇ ਹੀ ਫਸਾ ਕੇ ਖੜ ਜਾਂਦਾ। ਇਸ ਵਿਚ ਏਸ਼ੀਅਨ ਸਟਾਰ ਟੀਮ ਵਲੋਂ ਭਾਰਤ ਤੇ ਪਾਕਿਸਤਾਨ ਦੇ ਅੰਤਰਰਾਸ਼ਟਰੀ ਪੱਧਰ 'ਤੇ ਸਿੱਕਾ ਜਮਾ ਚੁਕੇ ਖਿਡਾਰੀਆਂ ਨੇ ਖੇਡਣਾ ਸੀ। ਇਨ੍ਹਾਂ ਖਿਡਾਰੀਆਂ ਚ ਸਮੀਉਲਾ (ਸਮੀ) ਤੇ ਇਸਲਾਉਦੀਨ, ਫਿਲਿਪਸ, ਗਣੇਸ਼, ਰਸ਼ੀਦ, ਅਖਤਰ ਰਸੂਲ ਅਤੇ ਅਸ਼ੋਕ ਕੁਮਾਰ ਵੀ ਸ਼ਾਮਿਲ ਸੀ। ਮੈਚ ਸ਼ੁਰੂ ਹੋਇਆ ਤੇ ਚੁੱਪ ਵਰਤ ਗਈ। ਲੋਕ ਇਸ ਮੈਚ ਦਾ ਪਲ-ਪਲ ਮਾਨਣ ਲਈ ਆਏ ਸਨ। ਸਮੀਉਲਾ ਤੇ ਇਸਲਾਉਦੀਨ ਨੂੰ ਖੇਡਦੇ ਵੇਖ ਕੇ ਸਰੀਰ 'ਚ ਲੋਰ ਉੱਠਦੀ ਸੀ ਤੇ ਨਸ਼ੇ ਵਾਂਗ ਚੜ੍ਹ ਜਾਂਦੀ ਸੀ।

ਸਮੀ ਦਾ ਸਟਿੱਕ ਵਰਕ, ਉਸਦੀ ਸਪੀਡ ਤੇ ਬਾਲ ਕੰਟਰੋਲ, ਬਸ ਤੌਬਾ-ਤੌਬਾ। ਜਦੋਂ ਬਾਲ ਸਮੀ ਜਾਂ ਇਸਲਾਉਦੀਨ ਕੋਲ ਆਉਂਦੀ ਤਾਂ ਹਜ਼ਾਰਾਂ ਸਿਰ ਉਧਰ ਹੀ ਘੁੰਮ ਜਾਂਦੇ। ਕਿਤਾਬ ਪੜ੍ਹ ਕੇ ਪਤਾ ਲਗਦਾ ਹੈ ਕਿ ਲਹਿੰਦੇ ਪੰਜਾਬ 'ਚ ਹਾਕੀ ਪਿਤਾ-ਪੁਰਖੀ ਵਰਤਾਰਾ ਹੈ। ਸਮੀ ਨੂੰ ਹਾਕੀ ਦੀ ਗੁੜ੍ਹਤੀ ਆਪਣੇ ਚਾਚੇ ਮੋਤੀਉਲ੍ਹਾ ਤੋਂ ਮਿਲੀ, ਜੋ ਲਗਾਤਾਰ ਤਿੰਨ ਓਲੰਪਿਕਾਂ ਖੇਡਿਆ ਤੇ 1960 ਵਿਚ ਰੋਮ ਓਲੰਪਿਕ ਵਿਚ ਸੋਨੇ ਦਾ ਤਗਮਾ ਜਿਤਿਆ ਤੇ ਦੋ ਓਲੰਪਿਕਾਂ ਵਿਚ ਚਾਂਦੀ ਦਾ। ਸਮੀ ਨੇ ਹਾਕੀ ਖੇਡ ਸੰਸਾਰ 'ਚ ਜੋ ਧੂਮਾਂ ਪਾਈਆਂ, ਕਿਤਾਬ ਪੜ੍ਹ ਕੇ ਹੀ ਪਤਾ ਲੱਗਦਾ ਹੈ। ਨਵਦੀਪ ਲਿਖਦਾ ਹੈ ਕਿ ਸਮੀ ਉਸ ਹਾਕੀ ਟੀਮ ਦਾ ਕਪਤਾਨ ਸੀ, ਜਿਸ ਨੇ 1982 ਵਿਚ ਨਵੀਂ ਦਿੱਲੀ 'ਚ ਹੋਈਆਂ ਏਸ਼ੀਆਈ ਖੇਡਾਂ 'ਚ ਭਾਰਤ ਨੂੰ 7-1 ਗੋਲਾਂ ਨਾਲ ਹਰਾਇਆ। ਇਸ ਮੁਕਾਬਲੇ ਨੂੰ ਦੇਖਣ ਲਈ ਤਤਕਾਲੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸਟੇਡੀਅਮ 'ਚ ਹਾਜ਼ਰ ਸਨ। ਸਮੀ ਅਣਖੀ ਮਿਜ਼ਾਜ ਦਾ ਖਿਡਾਰੀ ਸੀ ਤੇ ਇਸ ਕਰਕੇ ਉਸਦੀ ਆਪਣੇ ਦੇਸ਼ ਦੀ ਹਾਕੀ ਫੈਡਰੇਸ਼ਨ ਨਾਲ ਖੜਕਦੀ ਰਹਿੰਦੀ ਸੀ।

ਸਮੀ ਦਾ ਭਰਾ ਕਾਲੀਮਉਲ੍ਹਾ ਵੀ ਆਪਣੇ ਦੇਸ਼ ਵਲੋਂ ਹਾਕੀ ਖੇਡਿਆ। ਇਕ ਸਮਾਂ ਇਹੋ ਜਿਹਾ ਵੀ ਸੀ ਕਿ ਦੋਨੋ ਭਰਾ ਹੀ ਪਾਕਿਸਤਾਨ ਦੀ ਟੀਮ ਵਿਚ ਇਕੱਠੇ ਖੇਡੇ। ਸਮੀ ਫਾਰਵਰਡ ਕਤਾਰ ਦੀ ਤੇਜ਼-ਤਰਾਰ ਖੇਡ ਖੇਡਦਾ ਸੀ। ਕਿਤਾਬ 'ਚ ਅਖਤਰ ਰਸੂਲ ਦਾ ਵੀ ਜ਼ਿਕਰ ਹੈ। ਰਸੂਲ ਨੂੰ ਵੀ ਹਾਕੀ ਖੇਡ ਵਿਰਸੇ 'ਚ ਮਿਲੀ ਸੀ। ਰਸੂਲ ਦਾ ਜ਼ਿਕਰ ਪੜ੍ਹਦੇ ਹੀ ਹਾਕੀ ਕਮੈਂਟਰੀ ਦਾ ਸਹਿਨਸ਼ਾਹ ਸਵਰਗੀ ਜਸਦੇਵ ਸਿੰਘ ਯਾਦ ਆ ਜਾਂਦਾ ਹੈ। ਉਹ ਕੁਮੈਂਟਰੀ ਕਰਦਾ ਰੰਗ ਬੰਨ੍ਹ ਦਿੰਦਾ ਸੀ। ਜਦੋਂ ਕਹਿੰਦਾ ਕਿ ਹੁਣ ਬਾਲ ਪਾਕਿਸਤਾਨ ਦੇ ਬਹੁਤ ਹੀ ਖ਼ਤਰਨਾਕ ਖਿਡਾਰੀ ਅਖਤਰ ਰਸੂਲ ਕੋਲ ਹੈ ਤਾਂ ਘਬਰਾਹਟ ਹੋਣ ਲੱਗਦੀ। ਅਸਲ ਵਿਚ ਜਸਦੇਵ ਸਿੰਘ ਦੀ ਕੁਮੈਂਟਰੀ ਕਰਕੇ ਹੀ ਬਹੁਤ ਵੱਡੇ ਹਾਕੀ ਖਿਡਾਰੀ ਦੀਆਂ ਯਾਦਾਂ ਤੇ ਨਾਂਅ, ਜਿਨ੍ਹਾਂ ਨੂੰ ਅਸੀਂ ਖੇਡਦੇ ਨਹੀਂ ਦੇਖਿਆ, ਅੱਜ ਤਕ ਸਾਡੇ ਮਨ-ਮੰਦਿਰ 'ਚ ਵਸੇ ਹੋਏ ਨੇ।

ਕਿਤਾਬ ਵਿਚ ਅਜੀਤਪਾਲ ਸਿੰਘ ਬਾਰੇ ਵੱਡਾ ਲੇਖ ਹੈ। ਅਜੀਤਪਾਲ ਹਾਕੀ ਖੇਡ ਜਗਤ ਦਾ ਧਰੂ-ਤਾਰਾ ਰਿਹਾ ਹੈ। ਉਸਦੀ ਅਗਵਾਈ 'ਚ ਭਾਰਤ ਨੇ ਪਹਿਲੀ ਵਾਰ 1975 'ਚ ਕੁਆਲਾਲੰਪੁਰ ਵਿਖੇ ਵਰਲਡ ਕਪ ਜਿਤਿਆ ਸੀ। ਅਜੀਤਪਾਲ ਵਰਗਾ ਸੈਂਟਰ ਹਾਫ ਅਜੇ ਤਕ ਮੁੜ ਕੇ ਪੈਦਾ ਨਹੀਂ ਹੋਇਆ। ਖੇਡ 'ਚ ਲੋਹੜੇ ਦੀ ਫਰਤੀ ਤੇ ਸੁਭਾਅ 'ਚ ਲੋਹੜੇ ਦੀ ਜੀਰਾਂਦ ਅਜੀਤਪਾਲ ਦੇ ਮੁਢਲੇ ਗੁਣਾਂ 'ਚੋਂ ਸਨ। ਉਸਦੇ ਕੋਲ ਦੀ ਬਾਲ ਲੈ ਕੇ ਲੰਘਣਾ ਸੂਈ ਦੇ ਨੱਕੇ ਵਿਚ ਦੀ ਨਿਕਲਣ ਵਾਲੀ ਗੱਲ ਸੀ। ਆਪਣੀ ਖੇਡ ਸਦਕਾ ਉਸਨੂੰ ਏਸ਼ੀਅਨ ਆਲ ਸਟਾਰ ਟੀਮ ਦੀ ਕਪਤਾਨੀ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਅਜੀਤਪਾਲ ਦਾ ਜਨਮ ਸੰਸਾਰਪੁਰ ਪਿੰਡ 'ਚ ਹੋਇਆ। ਉਸ ਪਿੰਡ 'ਚ ਜਨਮ ਲੈਣ ਵਾਲੇ ਨੂੰ ਗੁੜਤੀ ਹੀ ਹਾਕੀ ਦੀ ਦਿਤੀ ਜਾਂਦੀ ਹੈ। ਕਿਤਾਬ 'ਚ ਜ਼ਿਕਰ ਹੈ ਕਿ ਇਸ ਪਿੰਡ ਨੇ ਦੇਸ਼ ਨੂੰ 14 ਓਲੰਪੀਅਨ ਖਿਡਾਰੀ ਸਮੇਤ ਸੈਂਕੜੇ ਹੋਰ ਕੌਮੀ ਹਾਕੀ ਖਿਡਾਰੀ ਦਿੱਤੇ ਹਨ। ਜਿਸ ਸਾਲ ਅਜੀਤਪਾਲ ਸਿੰਘ ਦੀ ਅਗਵਾਈ 'ਚ ਭਾਰਤ ਨੇ ਆਲਮੀ ਹਾਕੀ ਕਪ ਜਿਤਿਆ, ਉਸ ਸਮੇਂ ਭਾਰਤੀ ਹਾਕੀ ਟੀਮ ਦੀ ਪੂਰੀ ਚੜ੍ਹਾਈ ਸੀ। ਹਾਫ ਲਾਇਨ ਤੇ ਅਜੀਤਪਾਲ ਨਾਲ ਹਰਮੀਕ ਸਿੰਘ ਤੇ ਵਰਿੰਦਰ ਸਿੰਘ ਵਰਗੇ ਖਿਡਾਰੀ ਸਨ।

ਕਿਤਾਬ 'ਚ ਇਕ ਚੈਪਟਰ ਗਾਮੇ ਬਾਰੇ ਹੈ। ਉਹ ਗਾਮਾ ਜੋ ਸਾਡੇ ਲੋਕ-ਸਾਹਿਤ ਤੇ ਸਾਡੀ ਲੋਕ ਬਾਣੀ 'ਚ ਇਕ ਮੈਟਾਫਰ ਬਣ ਚੁਕਿਆ ਹੈ। ਸਮੇਂ ਦੇ ਨਾਲ ਉਸ ਨਾਲ ਜੁੜੀਆਂ ਮਿਥਾਂ ਵੀ ਲੋਕ ਸਚਾਈਆਂ ਬਣ ਗਈਆਂ ਹਨ। ਗਾਮਾ ਮੂਲ ਰੂਪ ਵਿਚ ਅੰਮ੍ਰਿਤਸਰੀ ਮਝੈਲ ਸੀ। ਪਰ ਉਸਦੀ ਪਰਵਰਿਸ਼ ਮੱਧ ਪ੍ਰਦੇਸ਼ 'ਚ ਹੋਈ ਤੇ ਉਸਦੇ ਮਾਮੇ ਨੇ ਹੀ ਉਸਨੂੰ ਘੁਲਣ ਦੀ ਚਿਣਗ ਲਾਈ। ਨਵਦੀਪ ਲਿਖਦਾ ਹੈ ਕਿ ਸਹੀ ਮਾਅਨਿਆਂ 'ਚ ਗਾਮਾ ਸਾਂਝੇ ਪੰਜਾਬ ਦੀ ਕੁਸ਼ਤੀ ਦਾ ਹੀਰਾ ਹਰਨ ਹੈ। ਵੰਡ ਤੋਂ ਪਹਿਲਾਂ ਉਹ ਪਟਿਆਲੇ ਰਹਿੰਦਾ ਸੀ ਪਰ ਬਾਅਦ ਵਿਚ ਪਾਕਿਸਤਾਨ ਚਲਾ ਗਿਆ। ਪਟਿਆਲਾ ਰਿਆਸਤ ਵਿਚ ਉਹ ਸ਼ਾਹੀ ਪਹਿਲਵਾਨ ਸੀ ਤੇ ਮੋਤੀ ਬਾਗ 'ਚ ਉਸਨੂੰ ਕੋਠੀ ਤੇ ਤਿੰਨ ਰੋਸਈਏ ਮਿਲੇ ਹੋਏ ਸਨ। ਗਾਮੇ ਦੇ ਚਲੇ ਜਾਣ ਤੋਂ ਬਾਅਦ ਪਹਿਲਵਾਨੀ ਦਾ ਗੁਰਜ ਪਟਿਆਲੇ 'ਚ ਚੀਮਾ



ਪਰਿਵਾਰ ਦੇ ਕੋਲ ਚਲਾ ਗਿਆ ਤੇ ਇਸ ਪਰਿਵਾਰ 'ਚ ਪਹਿਲਾਂ ਕੇਸਰ ਪਹਿਲਵਾਨ ਤੇ ਫਿਰ ਸੁਖਚੈਨ ਤੇ ਪਲਵਿੰਦਰ ਨਾਮੀ ਪਹਿਲਵਾਨ ਬਣੇ।

ਗਾਮੇ ਦੇ ਨਾਲ ਇਕ ਚੈਪਟਰ ਦਾਰਾ ਸਿੰਘ ਬਾਰੇ ਵੀ ਹੈ। ਨਵਦੀਪ ਨੇ ਦਾਰੇ ਨੂੰ ਪੰਜਾਬੀਆਂ ਦੀ ਤਾਕਤ ਦਾ ਪ੍ਰਤੀਕ ਦੱਸਿਆ ਹੈ। ਦਾਰੇ ਨੇ ਹਰ ਮੁਲਕ ਵਿਚ ਕੁਸ਼ਤੀ ਲੜੀ ਤੇ ਜਿੱਤੀ। ਉਹ ਫ੍ਰੀ ਸਟਾਈਲ ਪਹਿਲਵਾਨ ਸੀ ਤੇ ਉਸਨੂੰ ਇਸ ਵਿਚ ਸੰਸਾਰ ਚੈਂਪੀਅਨ ਬਣਨ ਦਾ ਮਾਣ ਹਾਸਲ ਹੋਇਆ। ਦਾਰਾ ਵੀ ਮਝੈਲ ਸੀ। ਉਸਦਾ ਪਿੰਡ ਧਰਮੂਚੱਕ ਅੰਮ੍ਰਿਤਸਰ ਤੋਂ ਕੁਝ ਦੂਰੀ 'ਤੇ ਹੈ। ਇਸ ਦਾਰੇ ਤੋਂ ਪਹਿਲਾਂ ਵੀ ਇਕ ਹੋਰ ਦਾਰਾ ਹੋਇਆ ਪਰ ਜਿੰਨਾ ਮਾਣ ਇਸ ਦਾਰੇ ਨੂੰ ਮਿਲਿਆ, ਉਹ ਸ਼ਾਇਦ ਹੀ ਕਿਸੇ ਨੂੰ ਮਿਲੇ। ਦਾਰੇ ਨੇ ਬਹੁਤ ਸਾਰੀਆਂ ਫਿਲਮਾਂ 'ਚ ਵੀ ਕੰਮ ਕੀਤਾ ਤੇ ਕਾਮਯਾਬੀ ਹਾਸਲ ਕੀਤੀ। ਉਸਨੇ ਰਾਮਾਇਣ ਟੀ ਵੀ ਸੀਰੀਅਲ 'ਚ ਜੋ ਹਨੂੰਮਾਨ ਦਾ ਕਿਰਦਾਰ ਨਿਭਾਇਆ, ਇਸਨੇ ਉਸਨੂੰ ਹੋਰ ਵੀ ਵੱਡਾ ਮਾਣ ਦਿਵਾਇਆ। ਜਿਉਂਦੇ-ਜੀਅ ਵੱਡੇ ਰੁਸਤਮੇ-ਹਿੰਦ ਵਰਗੇ ਖਿਤਾਬ ਮਿਲੇ ਪਰ ਸਭ ਤੋਂ ਵੱਡਾ ਖਿਤਾਬ ਕਿ ਉਹ ਪੰਜਾਬੀ ਸੱਭਿਆਚਾਰ ਦੇ ਲੋਕ ਮੁਹਾਵਰੇ ਵਿਚ ਸ਼ਕਤੀ ਦਾ ਪ੍ਰਤੀਕ ਬਣ ਗਿਆ ਹੈ। ਕਿਸੇ ਵੇਲੇ ਤਾਕਤ ਘੋੜਿਆਂ ਦੀ ਤਾਕਤ ਨਾਲ ਮਿਣੀ ਜਾਂਦੀ ਸੀ। ਕਿਹਾ ਜਾਂਦਾ ਸੀ ਇਹ ਮੋਟਰ ਇੰਨੇ ਹੌਰਸ ਪਾਵਰ ਦੀ ਹੈ। ਪੰਜਾਬੀ ਹੁਣ ਆਪਣੀ ਜਿਸਮਾਨੀ ਤਾਕਤ ਦਾਰੇ ਨਾਲ ਤੁਲਨਾ ਕਰਕੇ ਅੰਗਦੇ ਨੇ। ਜੇ ਕਿਸਨੂੰ ਮੇਹਣਾ ਮਾਰਨਾ ਹੋਵੇ ਤੇ ਕਿਹਾ ਜਾਂਦਾ, 'ਜਾਣਦਾ ਮੈਂ ਤੈਨੂੰ ਵੱਡੇ ਦਾਰੇ ਨੂੰ।'

ਦਾਰੇ ਵਰਗੇ ਪੁੱਤ ਪੰਜਾਬੀ ਮਾਂਵਾਂ ਨੇ ਹਜ਼ਾਰਾਂ ਹੀ ਪੈਦਾ ਕੀਤੇ ਨੇ, ਜਿਨ੍ਹਾਂ ਨੂੰ ਵੇਖ ਭੁੱਖ ਲਹਿੰਦੀ ਹੈ। ਪਰ ਲੋਕ-ਮਾਣ ਸਿਰਫ ਕੁਝ ਦੇ ਹਿੱਸੇ ਹੀ ਆਇਆ ਹੈ। ਅਜੇ ਕੁਝ ਸਾਲ ਪਹਿਲਾਂ ਦੀਆਂ ਗੱਲਾਂ ਨੇ, ਪੰਜਾਬ ਦੇ ਖੇਡ ਮੇਲਿਆਂ 'ਚ ਦਾਰੇ ਵਰਗੀਆਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਦੇ ਦਰਸ਼ਨ ਹੋ ਜਾਂਦੇ ਸਨ। ਮੈਨੂੰ ਸੰਗਰੂਰ 'ਚ ਹੋਈਆਂ ਪੰਜਾਬ ਅਥਲੈਟਿਕ ਮੀਟ ਅੱਜ ਤਕ ਯਾਦ ਹੈ। ਇਸ ਵਿਚ ਭਾਗ ਲੈਣ ਲਈ ਪ੍ਰਵੀਨ ਕੁਮਾਰ, ਅਜਮੇਰ ਸਿੰਘ, ਗੁਰਦੀਪ ਬਾਬੇ ਵਰਗੇ ਆਏ ਹੋਏ ਸੀ। ਪ੍ਰਵੀਨ ਕੁਮਾਰ, ਜਿਸਨੇ ਮਹਾਂ ਭਾਰਤ ਸੀਰੀਅਲ ਚ ਭੀਮ ਦਾ ਰੋਲ ਅਦਾ ਕੀਤਾ ਸੀ, ਨੂੰ ਵੇਖ ਕੇ ਬੰਦੇ ਦੀਆਂ ਅੱਖਾਂ ਖੜੀਆਂ ਹੀ ਰਹਿ ਜਾਂਦੀਆਂ ਸਨ। ਯਕੀਨ ਹੀ ਨਹੀਂ ਸੀ ਹੁੰਦਾ ਕਿ ਇਸ ਤਰ੍ਹਾਂ ਦੇ ਬੰਦੇ ਵੀ ਹੁੰਦੇ ਨੇ। ਉਹ ਲੰਬੇ-ਚੌੜੇ ਪਿੱਪਲ ਦੇ ਮੁੱਢ ਵਰਗਾ ਗੱਭਰੂ ਸੀ। ਉਸਦਾ ਕਦ-ਕਾਠ ਵੇਖ ਕੇ ਲੱਗਦਾ ਕਿ ਇਸਦਾ ਆਕਾਰ ਕਿਵੇਂ ਨਾਪਦੇ ਹੋਣਗੇ। ਉਸਦੀ ਲੰਬਾਈ ਮਿਣਨ ਲਈ ਪੌੜੀ ਲਾਉਣ ਦੀ ਜ਼ਰੂਰਤ ਜ਼ਰੂਰ ਪੈਂਦੀ ਹੋਵੇਗੀ। ਜਵਾਨੀ 'ਚ ਉਹ ਹੈਮਰ ਸੁਟਦਾ ਸੀ। ਉਸਦੀਆਂ ਏਸ਼ੀਆ 'ਚ ਧੂੰਮਾਂ ਸਨ। ਸੰਗਰੂਰ ਵਾਰ ਹੀਰੋ ਸਟੇਡੀਅਮ 'ਚ ਜਿਸ ਪਾਸੇ ਦੀ ਪਰਵੀਨ ਕੁਮਾਰ, ਉਸਦਾ ਭਰਾ ਵੀਰੀ, ਅਜਮੇਰ ਸਿੰਘ ਤੇ ਗੁਰਦੀਪ ਬਾਬਾ ਲੰਘਦੇ, ਲੋਕ ਉਨ੍ਹਾਂ ਦੇ ਪਿੱਛੇ ਲੱਗ ਤੁਰਦੇ। ਇਸ ਤਰ੍ਹਾਂ ਹੀ ਮੈਨੂੰ ਸਰ ਛੋਟੂ ਰਾਮ ਸਟੇਡੀਅਮ, ਫਾਜ਼ਿਲਕਾ 'ਚ ਹੋਈ ਪੰਜਾਬ ਅਥਲੈਟਿਕ ਮੀਟ ਯਾਦ ਆ ਰਹੀ ਹੈ। ਹਰਡਲ ਦੌੜ 'ਚ ਲਹਿੰਬਰ ਸਿੰਘ ਮੰਡੇਰ ਵਰਗੇ ਅਥਲੀਟਾਂ ਦੀ ਉਸ ਸਮੇਂ ਚੜਾਈ ਸੀ। ਰਾਮਪੁਰੇ ਫੂਲ ਵਾਲਾ ਬਸੰਤ ਵੀ ਉਸਦੀ ਪੈੜ 'ਚ ਪੈੜ ਧਰਦਾ ਸੀ। ਪੰਜਾਬ ਦੀ ਅਥਲੈਟਿਕ ਮੀਟ ਉਸ ਸਮੇਂ ਅਸਲ ਵਿਚ ਨੈਸ਼ਨਲ ਅਥਲੈਟਿਕ ਮੀਟ ਹੀ ਹੁੰਦੀ ਸੀ। ਜੋ ਪੰਜਾਬ 'ਚ ਮੈਡਲ ਜਿੱਤ ਜਾਂਦੇ ਸੀ, ਉਹ ਨੈਸ਼ਨਲ ਪੱਧਰ 'ਤੇ ਕੋਈ ਨਾ ਕੋਈ ਮੈਡਲ ਜ਼ਰੂਰ ਜਿੱਤ ਜਾਂਦੇ ਸੀ। ਸਾਲਾਂਬੱਧੀ ਪੰਜਾਬ ਅਥਲੈਟਿਕ ਮੁਕਾਬਲਿਆਂ 'ਚ ਕੌਮੀ ਚੈਂਪੀਅਨ ਰਿਹਾ ਹੈ। ਥਰੋਆਂ 'ਚ ਪੰਜਾਬ ਦੇ ਮੈਡਲ ਪੱਕੇ ਹੀ ਗਿਣੇ ਜਾਂਦੇ ਸੀ। ਪੰਜਾਬ ਦਾ ਜ਼ਿਆਦਾ ਮੁਕਾਬਲਾ ਕੇਰਲਾ ਨਾਲ ਹੁੰਦਾ ਸੀ। ਉਹ ਸੂਬਾ ਖੇਡਾਂ 'ਚ ਖ਼ਾਸ ਕਰਕੇ ਅਥਲੈਟਿਕ ਵਿਚ ਕਾਫੀ ਉਪਰ ਸੀ।

ਗੱਲ ਫਾਜ਼ਿਲਕਾ ਮੀਟ ਦੀ ਚੱਲ ਰਹੀ ਸੀ, ਵਾਪਿਸ ਉਥੇ ਹੀ ਆਉਂਦੇ ਹਾਂ। ਉਥੇ ਇਕ ਮੁਕਾਬਲਾ ਇਸ ਤਰ੍ਹਾਂ ਹੋਇਆ, ਜਿਵੇਂ ਪਿੰਡਾਂ 'ਚ ਸਾਨ੍ਹਾਂ ਦਾ ਭੇੜ ਹੁੰਦਾ ਹੈ ਤੇ ਪਿੰਡਾਂ ਦੇ ਪਿੰਡ ਇਹ ਭੇੜ ਵੇਖਣ ਲਈ ਇਕੱਠੇ ਹੋ ਜਾਂਦੇ ਨੇ। ਮੁਕਾਬਲਾ ਹੈਮਰ ਥਰੋ ਦਾ ਸੀ। ਇਸ ਦੇ ਮੁੱਖ ਪਾਤਰ ਸਨ ਬਹਾਲਾ ਤੇ ਸੁਖਵੰਤ। ਬਹਾਲਾ ਉਸ ਸਮੇਂ ਕਾਲਜ 'ਚ ਸੀ ਤੇ ਸੁਖਵੰਤ ਸ਼ਾਇਦ ਰੇਲਵੇ 'ਚ ਨੌਕਰੀ ਕਰਦਾ ਸੀ। ਬਹਾਲਾ ਵੀ ਪ੍ਰਵੀਨ ਵਾਂਗ ਦਰਸ਼ਨੀ ਜਵਾਨ ਸੀ, ਭਾਵੇ ਕੱਦ ਪ੍ਰਵੀਨ ਤੋਂ ਕੁਝ ਘੱਟ ਸੀ। ਸੁਖਵੰਤ ਵੀ ਬਹੁਤ ਸੋਹਣੀ ਡੀਲ-ਡੌਲ ਵਾਲਾ ਸੀ। ਦੁਪਹਿਰ ਤੋਂ ਬਾਅਦ ਮੁਕਾਬਲਾ ਸ਼ੁਰੂ ਹੋਇਆ। ਸਾਰਾ ਸਟੇਡੀਅਮ ਉਧਰ ਨੂੰ ਉਲਰ ਗਿਆ। ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਹਜ਼ਾਰਾਂ ਦੀ ਗਿਣਤੀ 'ਚ ਖੇਡਾਂ ਦੇਖਣ ਆਏ ਹੋਏ ਸੀ। ਹੈਮਰ ਦਾ ਮੁਕਾਬਲਾ ਕਾਫੀ ਦੇਰ ਚਲਦਾ ਹੈ। ਮੁਕਾਬਲਾ ਪਹਿਲੇ ਰਾਊਂਡ 'ਚ ਹੀ ਏਨਾ ਗਰਮ ਹੋ ਗਿਆ ਕਿ ਲਾਲਾ-ਲਾਲਾ ਹੋ'ਗੀ। ਕਦੇ ਬਹਾਲਾ ਅੱਗੇ ਤੇ ਕਦੇ ਸੁਖਵੰਤ। ਲੋਕ ਲਲਕਾਰੇ ਮਾਰਨ। ਇਕੱਠ ਜ਼ਿਆਦਾ ਬਹਾਲੇ ਵੱਲ ਝੁਕ ਗਿਆ ਸੀ। ਜਦੋਂ ਉਹ ਹੈਮਰ ਚੁੱਕਦਾ ਤਾਂ ਲੋਕ ਆਵਾਜ਼ਾਂ ਦਿੰਦੇ: ਚੱਲ ਉਏ ਸ਼ੇਰਾ ਚੱਕਦੇ, ਚੱਲ ਉਏ ਸ਼ੇਰਾ ਲਾ ਦੇ ਸਿਰੇ। ਇਕੱਠ ਘੰਟਾ ਭਰ ਮੁਕਾਬਲਾ ਮੁੱਕਣ 'ਤੋਂ ਬਾਅਦ ਵੀ ਬਹਾਲੇ ਨੂੰ ਘੇਰਾ ਪਾਈ ਖੜਾ ਰਿਹਾ। ਕੋਈ ਪੁੱਛੇ ਤੇਰਾ ਕਿਹੜਾ ਪਿੰਡ ਸ਼ੇਰਾ, ਕੋਈ ਕਹੇ ਸ਼ੇਰਾ ਦੁੱਧ ਲੈ ਕੇ ਆਉਂਦੇ ਆਂ, ਥੋੜਾ ਰੁਕੀਂ।

ਨਵਦੀਪ ਨੇ ਪ੍ਰਿਥੀਪਾਲ ਸਿੰਘ ਬਾਰੇ ਵੀ ਲਿਖਿਆ ਹੈ। ਉਸਨੂੰ ਆਪਣੇ ਸਮੇਂ 'ਚ ਪੈਨਲਟੀ ਕਾਰਨਰ ਦਾ ਕਿੰਗ ਕਿਹਾ ਜਾਂਦਾ ਸੀ। ਪ੍ਰਿਥੀਪਾਲ ਦਾ ਜਨਮ ਬਾਬੇ ਨਾਨਕ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਹੋਇਆ ਸੀ। ਹਾਕੀ ਉਹ ਉਥੇ ਹੀ ਖੇਡਣ ਲੱਗ ਪਿਆ ਸੀ। ਨਵਦੀਪ ਲਿਖਦਾ ਹੈ, 1964 ਦੀਆਂ ਟੋਕੀਓ ਓਲੰਪਿਕ ਖੇਡਾਂ ਵਿਚ ਭਾਰਤ ਨੇ ਹਾਕੀ 'ਚ ਸੋਨੇ ਦਾ ਤਗਮਾ ਪ੍ਰਿਥੀਪਾਲ ਸਿੰਘ ਸਦਕਾ ਹੀ ਜਿਤਿਆ ਸੀ। ਉਸ ਟੂਰਨਾਮੈਂਟ ਵਿਚ ਭਾਰਤ ਨੇ 22 ਗੋਲ ਕੀਤੇ ਤੇ ਇਸ ਵਿੱਚੋ 11 ਗੋਲ ਪ੍ਰਿਥੀਪਾਲ ਸਿੰਘ ਨੇ ਕੀਤੇ ਸਨ। ਉਹ ਪੰਜਾਬ ਐਗਰੀਕਲਚਰ ਯੂਨੀਵਰਸਿਟੀ 'ਚ ਡਾਇਰੈਕਟਰ ਖੇਡ ਤੇ ਡੀਨ, ਵਿਦਿਆਰਥੀ ਭਲਾਈ ਬਣੇ। ਉਥੇ ਉਸਦਾ ਵਿਦਿਆਰਥੀਆਂ ਦੇ ਇਕ ਧੜੇ ਨਾਲ ਟਕਰਾ ਹੋ ਗਿਆ ਤੇ ਨਤੀਜਾ ਇਹ ਨਿਕਲਿਆ ਕਿ ਉਸਦਾ 20 ਮਈ 1983 ਨੂੰ ਕਤਲ ਹੋ ਗਿਆ। ਯੂਨੀਵਰਸਿਟੀ ਦੀ ਗਰਮ ਤੇ ਤਿੱਖੀ ਵਿਚਾਰਧਾਰਕ ਵਿਦਿਆਰਥੀ ਸਿਆਸਤ ਕਰਕੇ ਉਥੇ ਦੋ-ਤਿੰਨ ਕਤਲ ਹੋਏ। ਪੰਜਾਬ ਸਟੂਡੈਂਟ ਯੂਨੀਅਨ (ਪੀ ਐਸ ਯੂ) ਦੇ ਵਿਦਿਆਰਥੀ ਆਗੂ ਪ੍ਰਿਥੀਪਾਲ ਸਿੰਘ ਰੰਧਾਵੇ ਦਾ ਕਤਲ ਵੀ ਉਨ੍ਹਾਂ 'ਚੋਂ ਇਕ ਸੀ।

ਕਿਤਾਬ 'ਚ ਤੁਹਾਨੂੰ ਮਾਲੀ ਦੀ ਬੇਟੀ ਤੇ ਪ੍ਰਸਿੱਧ ਹਾਕੀ ਖਿਡਾਰਣ ਰੂਪਾ ਸੈਣੀ; ਫੁਟਬਾਲ ਦੇ ਜਾਦੂਗਰ ਜਰਨੈਲ ਸਿੰਘ ਬਾਰੇ ਪੜ੍ਹ ਕੇ ਆਨੰਦ ਆਏਗਾ ਤੇ ਭਰਭੂਰ ਜਾਣਕਾਰੀ ਮਿਲੇਗੀ। ਰੂਪਾ ਸੈਣੀ ਦਾ ਪਿਤਾ ਫਰੀਦਕੋਟ ਬਰਜਿੰਦਰਾ ਕਾਲਜ 'ਚ ਨੌਕਰੀ ਕਰਦਾ ਸੀ ਤੇ ਉਸਨੂੰ ਹਾਕੀ ਦੇ ਗਰਾਊਂਡ ਦੇ ਨਾਲ ਹੀ ਘਰ ਮਿਲਿਆ ਹੋਇਆ ਸੀ। ਰੂਪਾ ਤੇ ਉਸ ਦੀਆਂ ਭੈਣਾਂ ਨੇ ਉਸ ਗਰਾਊਂਡ 'ਚ ਹੀ ਪ੍ਰੈਕਟਿਸ ਕੀਤੀ ਤੇ ਖੇਡ ਜਗਤ 'ਚ ਸੈਣੀ ਸਿਸਟਰਜ ਦੇ ਤੌਰ 'ਤੇ ਵੱਡਾ ਮਾਣ ਪਾਇਆ। ਪਾਕਿਸਤਾਨ ਦੇ ਅਥਲੈਟਿਕ ਜਗਤ ਦੀ ਸੁਨਹਿਰੀ ਅੱਖਰਾਂ 'ਚ ਇਬਾਰਤ ਲਿਖਣ ਵਾਲੇ ਅਰਸ਼ਦ ਨਦੀਮ ਬਾਰੇ ਜ਼ਿਕਰ ਹੈ ਕਿ ਪਾਕਿਸਤਾਨ ਦੇ ਇਤਿਹਾਸ ਵਿਚ ਨਦੀਮ ਪਹਿਲਾ ਖਿਡਾਰੀ ਹੈ, ਜਿਸ ਨੇ ਓਲੰਪਿਕ ਅਥਲੈਟਿਕ ਵਿਚ ਸੋਨੇ ਦਾ ਮੈਡਲ ਜਿਤਿਆ ਹੈ।

ਕਿਤਾਬ 'ਚ ਅਬਦੁਲ ਖ਼ਾਲਿਕ, ਜਿਸ ਕਰਕੇ ਸਰਦਾਰ ਮਿਲਖਾ ਸਿੰਘ ਨੂੰ ਫਲਾਇੰਗ ਸਿੱਖ ਦਾ ਖਿਤਾਬ ਮਿਲਿਆ, ਬਾਰੇ ਵੀ ਲੇਖ ਹੈ। ਉਸ ਸਮੇ ਭਾਰਤ ਨੂੰ ਮਿਲਖਾ ਸਿੰਘ ਤੇ ਪਾਕਿਸਤਾਨ ਨੂੰ ਖ਼ਾਲਿਕ 'ਤੇ ਵੱਡਾ ਮਾਣ ਸੀ। ਇਨ੍ਹਾਂ ਦੋਨਾਂ ਦੇ ਮੁਕਾਬਲੇ 'ਚ ਏਸ਼ੀਆ ਤੇ ਖ਼ਾਸ ਕਰਕੇ ਭਾਰਤ ਤੇ ਪਾਕਿਸਤਾਨ ਦੇ ਲੋਕ ਗਹਿਰੀ ਦਿਲਚਸਪੀ ਰੱਖਦੇ। ਨਵਦੀਪ ਨੇ ਬੜੀਆਂ ਬਾਰੀਕ ਤੇ ਦਿਲਚਸਪ ਜਾਣਕਾਰੀਆਂ ਖਿਡਾਰੀਆਂ ਬਾਰੇ ਦਿਤੀਆਂ ਨੇ। ਉਸਨੂੰ ਵੱਡੇ ਖੇਡ ਮੇਲੇ ਦੇਖਣ ਦਾ ਸ਼ੌਕ ਹੈ। ਉਸਦਾ ਪਤਾ ਨਹੀਂ ਲੱਗਦਾ ਕਿ ਕਿਹੜੇ ਵੇਲੇ ਉਹ ਉਸੈਨ ਬੋਲਟ ਨਾਲ ਫੋਟੋ ਖਿਚਵਾ ਰਿਹਾ ਹੋਵੇ ਤੇ ਕਿਹੜੇ ਵੇਲੇ ਉਹ ਨੀਰਜ ਚੋਪੜਾ ਨੂੰ ਮਿਲ ਕੇ ਉਸ ਨਾਲ ਗੁਫ਼ਤਗੂ ਕਰ ਰਿਹਾ ਹੋਵੇ। ਕਹਿੰਦੇ ਨੇ, ਸ਼ੌਂਕ ਦਾ ਕੋਈ ਮੁੱਲ ਨਹੀਂ ਹੁੰਦਾ। ਇਹ ਗੱਲ ਬਰਨਾਲੇ ਦੇ ਕੋਲ ਸ਼ਹਿਣੇ 'ਚ ਜਨਮੇਂ ਤੇ ਪੰਜਾਬੀ ਸਾਹਿਤ ਸੱਭ ਤੋਂ ਵੱਧ ਪੜ੍ਹਨ ਵਾਲੇ ਸ਼ਹਿਰ ਬਰਨਾਲੇ ਦੇ ਐਸ ਡੀ ਕਾਲਜ 'ਚ ਪੜ੍ਹੇ ਨਵਦੀਪ ਗਿੱਲ ਤੇ ਪੂਰੀ ਤਰ੍ਹਾਂ ਢੁਕਦੀ ਹੈ। ਉਸਦੀ ਪ੍ਰਾਪਤੀ ਇਹ ਹੈ ਕਿ ਉਸਨੇ ਇਸ ਸ਼ੌਂਕ ਨੂੰ ਸਿਰਫ ਖੇਡਾਂ ਦੇਖਣ ਤੇ ਖਿਡਾਰੀਆਂ ਨੂੰ ਮਿਲਣ ਤਕ ਮਹਿਦੂਦ ਨਹੀਂ ਰੱਖਿਆ। ਉਸਨੇ ਆਪਣੀਆਂ ਮੁਲਾਕਾਤਾਂ ਨੂੰ ਅੱਖਰਾਂ ਰਾਹੀਂ ਕਿਤਾਬਾਂ 'ਚ ਉਤਾਰਿਆ ਤੇ ਲੋਕਾਂ ਦੀ ਝੋਲੀ ਪਾਇਆ ਹੈ। ਉਸਦੇ ਗੁਰੂ ਸਰਵਣ ਸਿੰਘ ਦਾ ਮੰਨਣਾ ਹੈ ਕਿ ਸ਼ਾਹਸਵਾਰਾਂ ਵਾਂਗ ਧੂੜਾਂ ਪੁਟੀ ਆ ਰਿਹਾ ਨਵਦੀਪ ਗਿੱਲ ਜਲਦੀ ਹੀ ਮੇਰਾ ਖੇਡਾਂ ਤੇ ਖਿਡਾਰੀਆਂ ਬਾਰੇ 27 ਕਿਤਾਬਾਂ ਲਿਖਣ ਦੇ ਰਿਕਾਰਡ ਨੂੰ ਮਾਤ ਪਾ ਦੇਵੇਗਾ।

ਕਿਤਾਬ 'ਚ ਜਿਨ੍ਹਾਂ ਹੋਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਖਿਡਾਰੀਆਂ ਬਾਰੇ ਲੰਬੇ ਲੇਖ ਹਨ, ਉਨ੍ਹਾਂ ਵਿਚ ਪਾਕਿਸਤਾਨ ਦੀ ਮਹਿਲਾ ਖਿਡਾਰੀ ਉਸ਼ਨਾ ਸੁਹੇਲ, ਕ੍ਰਿਕਟਰ ਇੰਜ਼ਮਾਮ ਉਲ ਹੱਕ; ਵਸੀਮ ਅਕਰਮ, ਸ਼ੋਏਬ ਅਖ਼ਤਰ; ਬਾਬਰ; ਵਕਾਰ ਯੂਨਿਸ; ਯੁਵਰਾਜ ਸਿੰਘ; ਹਾਕੀ ਖਿਡਾਰੀ ਸ਼ਾਹਬਾਜ ਸੀਨੀਅਰ; ਚੌਧਰੀ ਗੁਲਾਮ ਰਸੂਲ; ਸ਼ੂਟਰ ਅਵਨੀਤ ਕੌਰ ਸਿੱਧੂ; ਅਭਿਨਵ ਬਿੰਦਰਾ; ਹਾਕੀ ਖਿਡਾਰੀ ਰੂਪ ਸੈਣੀ; ਬਲਬੀਰ ਸੀਨੀਅਰ; ਹਰਮਨਪ੍ਰੀਤ ਸਿੰਘ; ਕਰਤਾਰ ਭਲਵਾਨ; ਤੇਜ ਰਫਤਾਰ ਦੌੜਾਕ ਗੁਰਬਚਨ ਰੰਧਾਵਾ; ਅਥਲੀਟ ਮੋਹਿੰਦਰ ਸਿੰਘ ਗਿੱਲ ਤੇ ਮਨਜੀਤ ਕੌਰ ਸ਼ਾਮਿਲ ਹਨ।

## ਚਿੜੀਆਂ ਦੀ ਮੌਤ ਗੰਵਾਰਾ ਦਾ ਹਾਸਾ

ਬਰਾਤ ਦੋ ਦਿਨਾਂ ਨੂੰ ਚੜ੍ਹਨੀ ਸੀ...ਜਾਗੋ ਕੱਢਦਿਆਂ ਅੱਧੀ ਰਾਤ ਹੋ ਗਈ...ਘਰੇ ਮੁੜੀਆਂ ਤਾਂ ਆਖਣ ਲੱਗੀਆਂ ਹੁਣ ਗਿੱਧਾ-ਭੰਗੜਾ ਵੀ ਪਾਉਣੈ...ਢੋਲੀ ਨਾ ਲੱਭੇ...ਕਿਧਰੋਂ ਇੱਕ ਬਾਬਾ ਜੀ ਨੂੰ ਲੱਭ ਕੇ ਆਂਦਾ...!

ਸੱਠ ਕੁ ਸਾਲ ਦਾ...ਨੀਂਦਰ ਵਿਚੋਂ ਉੱਠ ਕੇ ਆਇਆ ਸੀ...ਢੋਲ ਵਜਾਉਂਦਿਆਂ ਉਂਘਲਾਈ ਜਾਵੇ...ਤੜਕੇ ਦੇ ਤਿੰਨ ਵੱਜ ਗਏ...ਤਾਂ ਵੀ ਲਗਾਤਾਰ ਵਜਾਈ ਗਿਆ...ਮੁੜਕੇ ਪਾਣੀ ਦਾ ਗਲਾਸ ਮੰਗਿਆ...!

ਚਾਰ ਵਜੇ ਥੱਕੇ-ਟੁੱਟੇ ਸੌਣ ਨੂੰ ਤੁਰ ਪਏ...ਢੋਲੀ ਬਾਬਾ ਬਣਦੇ ਦੋ ਸੌ ਰੁਪਈਆਂ ਖਾਤਿਰ ਹਰੇਕ ਨੂੰ ਆਖੀ ਜਾਵੇ...ਅੱਗਿਓਂ ਦੰਦ ਕੱਢੀ ਜਾਣ...ਕਦੇ ਫੁੱਫੜ ਵੱਲ ਘੱਲ ਦੇਣ ਤੇ ਕਦੇ ਮਾਸੜ ਵੱਲ...ਉਨ੍ਹਾਂ ਅੱਗਿਓਂ ਮੁੰਡੇ ਦੀ ਮਾਂ ਵੱਲ ਤੋਰ ਦਿੱਤਾ...ਮਾਂ ਗਲ਼ ਪੈ ਗਈ...ਅਖੇ ਮੈਨੂੰ ਪੰਜਾਹ ਕੰਮ...ਭਲਕੇ ਆਵੀਂ...ਬਥੇਰੀਆਂ ਵੇਲਾਂ ਹੋ ਗਈਆਂ!

ਹਾਰ ਕੇ ਉਥੇ ਨੁੱਕਰ ਵਿਚ ਹੀ ਇੱਕ ਬੰਮਲੇ ਦੀ ਢੋਅ ਲਾ ਕੇ ਪੈ ਗਿਆ...ਸਵੇਰੇ ਵੇਖਿਆ ਤਾਂ ਮਰਿਆ ਪਿਆ ਸੀ...ਢੋਲ ਓਸੇ ਤਰ੍ਹਾਂ ਹੀ ਗਲ਼ ਵਿਚ...ਸਾਰੇ ਆਖਣ ਬਦਸ਼ਗਨੀ ਹੋ ਗਈ...ਪਰ ਇੱਕ ਜਾਗਦੀ ਜ਼ਮੀਰ ਵਾਲਾ ਆਖਣ ਲੱਗਾ, ਬਦਸ਼ਗਨੀ ਨਹੀਂ ਤੁਹਾਥੋਂ ਕਤਲ ਹੋ ਗਿਆ...!

ਸੋ, ਕੁਝ ਕਤਲ ਸ਼ਰ੍ਹੇਆਮ ਹੁੰਦੇ...ਕਾਤਲ ਵੀ ਤੇ ਗਵਾਹ ਵੀ ਓਥੇ ਹੀ ਮੌਜੂਦ ਹੁੰਦੇ...ਵਰਤਿਆ ਸੰਦ ਵੀ ਕੋਲ ਹੀ ਪਿਆ ਹੁੰਦਾ ਪਰ ਕਿਸੇ ਠਾਣੇ ਰਿਪੋਰਟ ਦਰਜ ਨਹੀਂ ਹੁੰਦੀ...ਕਿਉਂਕਿ ਚਿੜੀਆਂ ਦੀ ਮੌਤ ਗੰਵਾਰਾਂ ਦਾ ਹਾਸਾ ਹੁੰਦਾ...ਉਹ ਚਿੜੀਆਂ ਜਿਨ੍ਹਾਂ ਨੂੰ ਅਖੀਰ ਤੀਕਰ ਗਲ਼ ਪਿਆ ਢੋਲ ਵਜਾਉਣਾ ਹੀ ਪੈਂਦਾ!

*-ਹਰਪ੍ਰੀਤ ਸਿੰਘ ਜਵੰਦਾ*

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 106 Coralflower Ln, San Ramon, CA 94582
2. 305 ਠੋਸਚਅਨਅ ੱਐ ,ੌਅਰਦ ਛਓ 94545
3. 247 Dixon rd Milpitas ca 95035
4. 6388 Broadway Ave Newark CA 94560
5. 985 Silver Birch Ln Hayward CA 94544
6. 1672 Northgate Manteca CA 95336
7. 819 Saint Rufina Lane Unit 19 Morgan Hill CA 95037
8. 26676 Campeche St Hayward CA 94545
9. 1777 Osage Ave Hayward CA 94545
10. 2249 moody ave Hayward ca 94545
11. 9714 Fall Valley Way Sacramento CA 95829
12. 259 N Capitol Ave UNIT 156 San Jose, CA, 95127
13. 3551 Santiago Ave Merced, CA, 95348
14. 15740 Via Castana Morgan Hill CA 95037
15. 3104 Salisbury court CA 94555
16. 475 Hermosa St Lathrop Ca 95330

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20